PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

24th - 31st July 2025 • Issue No. 3090

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

### ਈਰਥ ਵੂਲਿਚ ਕਬੱਡੀ ਟੂਰਨਾਮੈਂਟ 2025: ਸੰਦੀਪ ਨੰਗਲ ਅੰਬੀਆਂ ਟੈਲਫੋਰਡ ਦੀ ਟੀਮ ਨੇ ਜਿੱਤਿਆ ਕੱਪ ਅਤੇ ਗ੍ਰੇਵਜ਼ੈਂਡ/ਬਾਰਕਿੰਗ ਰਹੀ ਰਨਰ ਅੱਪ

# ਰਾਜਵੀਰ ਸਿੰਘ ਮਾਣਕ, ਸੁਰਿੰਦਰ ਸਿੰਘ ਮਾਣਕ ਭਰਾਵਾਂ ਅਤੇ ਜਰਨੈਲ ਸਿੰਘ ਜ਼ੈਲਾ ਵੱਲੋਂ ਪ੍ਰਸਿੱਧ ਕਬੱਡੀ ਖਿਡਾਰੀ ਬਿੰਦਰ ਫਿਰੋਜ਼ਪੁਰੀਏ ਦਾ ਸੋਨੇ ਦੇ ਤਗਮੇਂ ਨਾਲ ਸਨਮਾਨ




























ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅਤੇ ਹੋਰ ਤਸਵੀਰਾਂ ਅੰਦਰ ਦੇਖੋ



# ਈਰਥ ਵੂਲਿਚ ਕਬੱਡੀ ਟੂਰਨਾਮੈਂਟ 2025: ਸੰਦੀਪ ਨੰਗਲ ਅੰਬੀਆਂ ਟੈਲਫੋਰਡ ਟੀਮ ਨੇ ਜਿੱਤਿਆ ਕੱਪ ਤੇ ਗ੍ਰੇਵਜ਼ੈਂਡ/ਬਾਰਕਿੰਗ ਰਨਰ ਅੱਪ ਰਹੀ

## ਬੂਰੀਆ ਸ਼ੇਸ਼ਰ ਸਰਬੋਤਮ ਧਾਵੀ ਅਤੇ ਲੰਬੜ ਮੱਲੀਆਂ ਸਰਬੋਤਮ ਜਾਫੀ ਬਣਿਆਂ

### ਰਾਜਵੀਰ ਸਿੰਘ ਮਾਣਕ, ਸੁਰਿੰਦਰ ਸਿੰਘ ਮਾਣਕ ਭਰਾਵਾਂ ਅਤੇ ਜਰਨੈਲ ਸਿੰਘ ਜ਼ੈਲਾ ਵੱਲੋਂ ਪ੍ਰਸਿੱਧ ਕਬੱਡੀ ਖਿਡਾਰੀ ਬਿੰਦਰ ਫਿਰੋਜ਼ਪੁਰੀਏ ਦਾ ਸੋਨੇ ਦੇ ਤਗਮੇਂ ਨਾਲ ਸਨਮਾਨ



**ਜਾਰੀ ਕਰਤਾ : ਈਰਥ ਵੂਲਿਚ ਕਬੱਡੀ ਕਲੱਬ ਅਤੇ ਸਮੂਹ ਸਹਿਯੋਗੀ ਸੱਜਣ**

# ਦਰਬਾਰ ਸਾਹਿਬ ਨੂੰ ਆਰ.ਡੀ.ਐਕਸ ਨਾਲ ਉਡਾਉਣ ਦੀ ਧਮਕੀ ਡੂੰਘੀ ਅਪਰਾਧੀ ਸਾਜਿਸ਼

**✪ ਭਗਵੇਂ ਅੱਤਵਾਦੀ ਸ਼ੁਭਮ ਦੁਬੇ ਦੀ ਗ੍ਰਿਫਤਾਰੀ, ਫਿਰ ਵੀ ਜਾਰੀ ਨੇ ਧਮਕੀਆਂ ✪ ਭਗਵੇਂ ਅੱਤਵਾਦੀਆਂ ਵਲੋਂ ਤਕਨੀਕੀ ਮੁਹਾਰਤ ਨਾਲ ਛੁਪਾਈ ਜਾ ਰਹੀ ਹੈ ਪਛਾਣ ✪ ਸਿੱਖ ਪੰਥ ਬਾਰੇ ਨਫਰਤ ਦੀ ਸਿਆਸਤ ਸਰਗਰਮ: ਸੰਗਤ ਵਿੱਚ ਸਹਿਮ ਪੈਦਾ ਕਰਨ ਦੀ ਕੋਸ਼ਿਸ਼ ✪ ਸ੍ਰੀ ਦਰਬਾਰ ਸਾਹਿਬ ਪਹੁੰਚੇ ਮੁਖ ਮੰਤਰੀ ਮਾਨ, ਸੁਰੱਖਿਆ ਦਾ ਵੀ ਲਿਆ ਜਾਇਜ਼ਾ**

## ਨਿਊਜ ਸਟੋਰੀ

ਬਘੇਲ ਸਿੰਘ ਧਾਲੀਵਾਲ
99142-58142





ਜਦੋਂ ਸੁਨਹਿਰੀ ਚਮਕ ਵਾਲਾ ਸ੍ਰੀ ਦਰਬਾਰ ਸਾਹਿਬ, ਸਿੱਖ ਪੰਥ ਦਾ ਸਰਬਉੱਚ ਅਸਥਾਨ, ਦੁਨੀਆਂ ਭਰ ਦੀਆਂ ਨਿਗਾਹਾਂ ਦਾ ਕੇਂਦਰ, ਇਸ ਨੂੰ ਬੰਬਾਂ ਨਾਲ ਉਡਾਉਣ ਦੀਆਂ ਧਮਕੀਆਂ ਮਿਲਣ ਲੱਗ ਜਾਣ, ਤਾਂ ਇਹ ਸਿਰਫ ਇੱਕ ਰੂਹਾਨੀ ਅਸਥਾਨ ’ਤੇ ਹਮਲੇ ਦੀ ਗੱਲ ਨਹੀਂ, ਸਗੋਂ ਸਿੱਖ ਪੰਥ ਦੀ ਰੂਹ ’ਤੇ ਵਾਰ ਕਰਨ ਦੀ ਸਾਜਿਸ਼ ਹੈ। ਪਿਛਲੇ ਕੁਝ ਦਿਨਾਂ ਤੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਈ-ਮੇਲਾਂ ਰਾਹੀਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਇਹ ਧਮਕੀਆਂ ਕੋਈ ਆਮ ਸ਼ਰਾਰਤ ਨਹੀਂ, ਸਗੋਂ ਇੱਕ ਗੂੜ੍ਹੀ ਅਪਰਾਧਿਕ ਸਾਜਿਸ਼ ਦਾ ਹਿੱਸਾ ਜਾਪਦੀਆਂ ਹਨ, ਜਿਸ ਦਾ ਮਕਸਦ ਸਿੱਖ ਸੰਗਤ ਵਿੱਚ ਦਹਿਸ਼ਤ ਪੈਦਾ ਕਰਨਾ, ਸ੍ਰੀ ਦਰਬਾਰ ਸਾਹਿਬ ਦੀ ਮਹਿਮਾ ਨੂੰ ਢਾਹ ਲਾਉਣਾ ਅਤੇ ਸਿੱਖ ਪੰਥ ਨੂੰ ਜ਼ਲੀਲ ਕਰਨਾ ਹੈ।

ਸਿੱਖ ਪੰਥ ਨੇ ਸਦੀਆਂ ਤੋਂ ਦੇਸ਼ ਦੀ ਆਜ਼ਾਦੀ, ਸਾਂਤ ਅਤੇ ਸਰਬੱਤ ਦੇ ਭਲੇ ਲਈ ਅਣਗਿਣਤ ਕੁਰਬਾਨੀਆਂ ਦਿੱਤੀਆਂ ਹਨ। ਜਦੋਂ ਮੁੰਬਈ, ਹਿਮਾਚਲ ਤੇ ਕੇਰਲ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ, ਤਾਂ ਸਿੱਖ ਸੰਗਤ ਨੇ ਹੀ ਸਭ ਤੋਂ ਪਹਿਲਾਂ ਲੰਗਰ ਲਾਏ ਅਤੇ ਪੀੜਤਾਂ ਦੀ ਮਦਦ ਕੀਤੀ। ਪਰ ਅਫਸੋਸ ਦੀ ਗੱਲ ਹੈ ਕਿ ਅਜਿਹਾ ਧਰਮ, ਜੋ ਸਰਬੱਤ ਦੇ ਭਲੇ ਦਾ ਸਿਧਾਂਤ ਨਿਭਾਉਂਦਾ ਹੈ, ਨੂੰ ਵਾਰ-ਵਾਰ ਨਫਰਤ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਜਿਹਾ ਕਿਉਂ ?

### ਧਮਕੀਆਂ ਦਾ ਸੰਘਣਾ ਜਾਲ

ਆਰ.ਡੀ.ਐਕਸ ਦੀ ਧਮਕੀ ਤੋਂ ਬਦਲਦੇ ਆਈ.ਪੀ. ਐਡਰੈਸ-ਹੁਣ ਤੱਕ ਅੱਠ ਵਾਰ ਈ-ਮੇਲਾਂ ਰਾਹੀਂ ਸ੍ਰੀ ਦਰਬਾਰ ਸਾਹਿਬ ਨੂੰ ਆਰ.ਡੀ.ਐਕਸ ਨਾਲ ਉਡਾਉਣ ਦੀਆਂ ਧਮਕੀਆਂ ਆ ਚੁੱਕੀਆਂ ਹਨ। ਇਹਨਾਂ ਵਿੱਚ ਇੱਕ ਧਮਕੀ ਤਾਂ ਇੰਨੀ ਗੰਭੀਰ ਸੀ ਕਿ ਪਾਈਪਾਂ ਵਿੱਚ ਆਰ.ਡੀ.ਐਕਸ ਭਰਕੇ ਧਮਾਕੇ ਕਰਨ ਦੀ ਗੱਲ ਕੀਤੀ ਗਈ। ਇਹਨਾਂ ਧਮਕੀਆਂ ਦੇਣ ਵਾਲਿਆਂ ਦੀ ਤਕਨੀਕੀ ਮੁਹਾਰਤ ਵੀ ਸਪੱਸ਼ਟ ਹੈ। ਇਹਨਾਂ ਨੇ ਆਈ.ਪੀ. ਐਡਰੈਸ ਨੂੰ ਵਾਰ-ਵਾਰ ਬਦਲਣ ਦੀ ਤਕਨੀਕ ਅਪਣਾਈ, ਜਿਸ ਨਾਲ ਇਹਨਾਂ ਦੀ ਲੋਕੇਸ਼ਨ ਦਾ ਪਤਾ ਲਾਉਣਾ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਲਈ ਟੇਢੀ ਖੀਰ ਸਾਬਤ ਹੋ ਰਿਹਾ ਹੈ। ਕਦੇ ਇਹ ਆਈ.ਪੀ. ਐਡਰੈਸ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮਿਲਦੇ ਹਨ, ਤੇ ਕਦੇ ਵਿਦੇਸ਼ਾਂ ਵਿੱਚ। ਇਹ ਸਭ ਸਿੱਖ ਪੰਥ ਵਿਰੁੱਧ ਨਸਲਵਾਦੀ ਸਾਜਿਸ਼ ਦਾ ਹਿੱਸਾ ਜਾਪਦਾ ਹੈ।

### ਗ੍ਰਿਫਤਾਰੀਆਂ ਦਾ ਅਧੂਰਾ ਸਫਰ

ਹਾਲਾਂਕਿ ਪੁਲਿਸ ਨੇ ਇੱਕ ਮੁਲਜ਼ਮ, ਸ਼ੁਭਮ ਦੂਬੇ ਸਾਫਟਵੇਅਰ ਇੰਜਨੀਅਰ, ਨੂੰ ਹਰਿਆਣਾ ਦੇ ਫਰੀਦਾਬਾਦ ਤੋਂ ਗ੍ਰਿਫਤਾਰ ਕਰ ਲਿਆ ਹੈ। ਉਸ ਦੀ ਤਕਨੀਕੀ ਮੁਹਾਰਤ, ਜਿਵੇਂ ਕਿ ਆਈ.ਪੀ. ਐਡਰੈਸ ਬਦਲਣਾ ਅਤੇ ਪਛਾਣ ਛੁਪਾਉਣ ਦੀ ਸਮਰੱਥਾ, ਇਸ ਮਾਮਲੇ ਦੀ ਗੰਭੀਰਤਾ ਨੂੰ ਹੋਰ ਵਧਾਉਂਦੀ ਹੈ। ਖਬਰਾਂ ਮੁਤਾਬਕ, ਸ਼ੁਭਮ ਦਾ ਸਬੰਧ ਤਾਮਿਲਨਾਡੂ ਨਾਲ ਹੋਣ ਦੀ ਸੰਭਾਵਨਾ ਹੈ, ਅਤੇ ਦੋ ਹੋਰ ਮੁਲਜ਼ਮਾਂ, ਜਿਨ੍ਹਾਂ ਵਿੱਚ ਇੱਕ ਵਿਦਿਆਰਥਣ ਵੀ ਸ਼ਾਮਲ ਹੈ, ਦਾ ਵੀ ਤਾਮਿਲਨਾਡੂ ਨਾਲ ਸਬੰਧ ਜੋੜਿਆ ਜਾ ਰਿਹਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸ਼ੁਭਮ ਦੀ ਗ੍ਰਿਫਤਾਰੀ ਦੇ ਬਾਵਜੂਦ, ਧਮਕੀਆਂ ਦਾ ਸਿਲਸਿਲਾ ਨਹੀਂ ਰੁਕਿਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਇੱਕ ਸੰਗਠਿਤ ਸਾਜਿਸ਼ ਹੈ। ਪੁਲਿਸ ਨੇ ਸ਼ੁਭਮ ਦੇ ਮੋਬਾਈਲ ਅਤੇ ਲੈਪਟਾਪ ਤੋਂ ਡਾਟਾ ਇਕੱਠਾ ਕੀਤਾ, ਪਰ ਹੁਣ ਤੱਕ ਕੋਈ ਵੱਡੀ ਸਫਲਤਾ ਹਾਸਲ ਨਹੀਂ ਹੋਈ। ਪਰ ਸ਼ੋਸ਼ਲ ਮੀਡੀਆ ਵਿਚ ਆਮ ਸਿੱਖਾਂ ਦੇ ਵਿਚਾਰ ਇਹ ਹੈ ਕਿ ਜਦ ਗੁਰੂ ਦੀ ਬੇਅਦਬੀਆਂ ਦਾ ਇਨਸਾਫ ਨਹੀਂ ਮਿਲਿਆ ਤਾਂ ਦਰਬਾਰ ਸਾਹਿਬ ਵਿਰੁਧ ਅਪਰਾਧੀ ਸਾਜਿਸ਼ ਦਾ ਇਨਸਾਫ ਕਿਵੇਂ ਮਿਲ ਜਾਵੇਗਾ ?

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਦਾ ਕਹਿਣਾ ਹੈ ਕਿ ਦਰਬਾਰ ਸਾਹਿਬ ਨੂੰ ਅੱਤਵਾਦੀ ਸ਼ੁਭਮ ਦੂਬੇ ਨੇ ਉਡਾਣ ਦੀ ਧਮਕੀ ਕਿਓਂ ਦਿੱਤੀ ? ਕਿਸੇ ਜਥੇਬੰਦੀ ਨਾਲ ਜੁੜਿਆ ਹੈ ਜਾਂ ਮਾਨਸਕ ਰੋਗੀ ਹੈ ? ਪੁਲਿਸ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ। ਸਿੱਖ ਮਰ ਗਏ ਹਨ ਕਿ ਦਰਬਾਰ ਸਾਹਿਬ ਦੀ ਹਿਫ਼ਾਜ਼ਤ ਸਰਕਾਰ ਕਰੇਗੀ ? ਬਲੂਸਟਾਰ ਤੋਂ ਬਾਅਦ ਸਿੱਖਾਂ ਦੀ ਚੈਕਿੰਗ ਕਰਕੇ ਦਰਬਾਰ ਸਾਹਿਬ ਜਾਣ ਦਿੱਤਾ ਜਾਂਦਾ ਸੀ। ਗੁੱਸਾ ਵੀ ਆਂਦਾ ਸੀ ਤੇ ਜ਼ਲੀਲ ਹੋਇਆ ਮਹਿਸੂਸ ਹੁੰਦਾ ਸੀ। ਕੀ ਉਹੀ ਮਾਹੌਲ ਫੇਰ ਸਿਰਜਣਾ ਹੈ ਸਿਆਸੀ ਪਾਰਟੀਆਂ ਨੇ ? ਗੁਰਦੁਆਰੇ ਨੂੰ ਗੁਰਦਵਾਰਾ ਹੀ ਰਹਿਣ ਦਿਓ ਆਪਣੀ ਸਿਆਸਤ ਬਾਹਰ ਰੱਖੋ।

### ਸੁਰੱਖਿਆ ਦੇ ਪ੍ਰਬੰਧ ਅਤੇ ਸਰਕਾਰ ਦੀ ਚੁੱਪ

ਇਸ ਸਾਰੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ, ਅੰਮ੍ਰਿਤਸਰ ਪੁਲਿਸ ਅਤੇ ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਨੂੰ ਹੋਰ ਸਖਤ ਕਰ ਦਿੱਤਾ ਹੈ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਬੰਬ ਨਿਰੋਧਕ ਦਸਤੇ ਅਤੇ ਡਾਗ ਸਕੁਐਡ ਨੂੰ ਤਾਇਨਾਤ ਕੀਤਾ ਗਿਆ ਹੈ, ਅਤੇ ਡੀ.ਜੀ.ਪੀ. ਖੁਦ ਇਸ ਮਾਮਲੇ ’ਤੇ ਨਿਗਰਾਨੀ ਰੱਖ ਰਹੇ ਹਨ। ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਦਾ ਜਾਲ ਵਿਛਾਇਆ ਗਿਆ ਹੈ, ਅਤੇ ਸ਼ੱਕੀ ਵਿਅਕਤੀਆਂ ’ਤੇ ਨਜ਼ਰ ਰੱਖੀ ਜਾ ਰਹੀ ਹੈ। ਪਰ ਸਵਾਲ ਇਹ ਹੈ ਕਿ ਜਦੋਂ ਧਮਕੀਆਂ ਦਾ ਸਿਲਸਿਲਾ ਨਹੀਂ ਰੁਕ ਰਿਹਾ, ਤਾਂ ਕੀ ਇਹ ਸੁਰੱਖਿਆ ਪ੍ਰਬੰਧ ਕਾਫੀ ਹਨ ? ਅਸਲ ਦੋਸ਼ੀ ਕਿਉਂ ਗ੍ਰਿਫਤਾਰ ਨਹੀਂ ਹੋਏ ? ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸਰਕਾਰ ਦੀ ਇਸ ਲਾਪਰਵਾਹੀ ’ਤੇ ਸਖਤ ਰੋਸ ਪ੍ਰਗਟਾਇਆ ਹੈ।

### ਦਰਬਾਰ ਸਾਹਿਬ ਵਿਖੇ ਸੂਹੀਏ ਤੈਨਾਤ

ਬੀਤੇ ਦਿਨਾਂ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਲਗਾਤਾਰ ਈ-ਮੇਲ ਰਾਹੀਂ ਆ ਰਹੀਆਂ ਧਮਕੀਆਂ ਦਰਮਿਆਨ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚ ਕੇ ਜਿਥੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ, ਉਥੇ ਹੀ ਇਸ ਬਾਬਤ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇਣ ਦਾ ਭਰੋਸਾ ਵੀ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਇਸ ਬਾਰੇ ਕਈ ਮਹੱਤਵਪੂਰਨ ਸੁਰਾਗ ਮਿਲੇ ਹਨ। ਫਿਲਹਾਲ ਜ਼ਿਆਦਾ ਵੇਰਵੇ ਸਾਂਝੇ ਤਾਂ ਨਹੀਂ ਕਰ ਸਕਦੇ ਪਰ ਹੁਣ ਤੱਕ ਦੀ ਜਾਂਚ ਮੁਤਾਬਕ ਉਹ ਦੋਸ਼ੀਆਂ ਦੇ ਬਿਲਕੁਲ ਨੇੜੇ ਪਹੁੰਚ ਚੁੱਕੇ ਹਨ ਅਤੇ ਮਾਮਲੇ ਨੂੰ ਛੇਤੀ ਹੀ ਹੱਲ ਕਰ ਲਿਆ ਜਾਵੇਗਾ, ਕਿਉਂਕਿ ਪੰਜਾਬ ਪੁਲਿਸ ਪਹਿਲਾਂ ਹੀ ਦੋਸ਼ੀਆਂ ਦੀ ਸ਼ਨਾਖਤ ਕਰ ਚੁੱਕੀ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਨਾਂਅ ’ਤੇ ਵੀ ਕਈ ਈ. ਮੇਲ ਆਈਆਂ ਹਨ ਅਤੇ ਇਸ ਦੌਰਾਨ ਉਨ੍ਹਾਂ ਸਾਰੀਆਂ ਈ. ਮੇਲਜ਼ ਵਿਚਲੀ ਸਮਗਰੀ ਦੀ ਜਾਂਚ ਵੀ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਪ੍ਰਤੀ ਹਰ ਵੇਲੇ ਚੌਕਸ ਰਹਿੰਦੀ ਹੈ ਅਤੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਅਤੇ ਬਾਹਰ ਪੁਲਿਸ ਸਿਵਲ ਕੱਪੜਿਆਂ ਵਿਚ ਆਪਣੀ ਡਿਊਟੀ ਜ਼ਿੰਮੇਵਾਰੀ ਨਾਲ ਨਿਭਾ ਰਹੀ ਹੈ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਕਿਸੇ ਮਾੜੀ ਘਟਨਾ ਨੂੰ ਅੰਜਾਮ ਨਾ ਦੇ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਵਿਚ ਸੁਰੱਖਿਆ ਪਹਿਲਾਂ ਹੀ ਵਧਾ ਦਿੱਤੀ ਗਈ ਹੈ, ਜਿਸ ਲਈ ਸ਼ਰਧਾਲੂਆਂ ਨੂੰ ਬਿਲਕੁਲ ਵੀ ਘਬਰਾਉਣ ਦੀ ਲੋੜ ਨਹੀਂ ਹੈ, ਕਿਉਂਕਿ ਪੰਜਾਬ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ ਅਤੇ ਅਜਿਹੇ ਮਾਮਲਿਆਂ ਨਾਲ ਨਜਿੱਠਣ ਦੇ ਸਮਰੱਥ ਹੈ। ਭਗਵੰਤ ਮਾਨ ਨੇ ਕਿਹਾ ਕਿ ਦੋਸ਼ੀ ਚਾਹੇ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਮੌਜੂਦ ਹੋਵੇ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਸੂਬਾ ਸਰਕਾਰ ਉਨ੍ਹਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਏਗੀ।

### ਸਾਜਿਸ਼ ਦਾ ਸੰਘਣਾ ਪਰਦਾ: ਨਫਰਤ ਦੀ ਸਿਆਸਤ

ਪੰਥਕ ਜਥੇਬੰਦੀਆਂ ਅਨੁਸਾਰ ਇਹਨਾਂ ਧਮਕੀਆਂ ਦੇ ਪਿੱਛੇ ਇੱਕ ਵੱਡੀ ਸਾਜਿਸ਼ ਦਾ ਸੰਘਣਾ ਪਰਦਾ ਹੈ। ਇਹ ਸਾਜਿਸ਼ ਸਿੱਖ ਪੰਥ ਨੂੰ ਨੀਵਾਂ ਦਿਖਾਉਣ, ਸੰਗਤ ਦੀ ਗਿਣਤੀ ਘਟਾਉਣ ਅਤੇ ਪੰਜਾਬ ਦੀ ਸਾਂਤ ਫਿਜ਼ਾ ਨੂੰ ਫਿਰਕੂ ਅੱਗ ਵਿੱਚ ਸਾੜਨ ਦੀ ਕੋਸ਼ਿਸ਼ ਹੈ। ਇਹ ਪਹਿਲੀ ਵਾਰ ਨਹੀਂ ਜਦੋਂ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਿਛਲੇ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੀਆਂ ਘਟਨਾਵਾਂ ਨੇ ਵੀ ਸਿੱਖ ਪੰਥ ਦੇ ਦਿਲ ਨੂੰ ਵਿੰਨਿਆ ਸੀ। ਹੁਣ ਇਹ ਧਮਕੀਆਂ ਉਸੇ ਲੜੀ ਦਾ ਹਿੱਸਾ ਜਾਪਦੀਆਂ ਹਨ।

ਬਾਕੀ ਹਿਸਾ ਸਫਾ 50 ਤੇ ਪੜ੍ਹੋ


### ਗੁਰਦੁਆਰਾ ਨਾਨਕ ਝੀਰਾ ਸਾਹਿਬ ’ਤੇ ਵੀ ਧਮਕੀ

ਸ੍ਰੀ ਦਰਬਾਰ ਸਾਹਿਬ ਤੋਂ ਬਾਅਦ ਹੁਣ ਬਿਦਰ (ਕਰਨਾਟਕ) ਵਿੱਚ ਸਥਿਤ ਗੁਰਦੁਆਰਾ ਨਾਨਕ ਝੀਰਾ ਸਾਹਿਬ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਲਬੀਰ ਸਿੰਘ ਨੇ ਇਸ ’ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਸਿੱਖ ਅਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਇਹ ਸਾਜਿਸ਼ ਸੰਗਤ ਵਿੱਚ ਦਹਿਸ਼ਤ ਪੈਦਾ ਕਰਨ ਦੀ ਕੋਸ਼ਿਸ਼ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੀ ਭਾਜਪਾ-ਅਕਾਲੀ ਗਠਜੋੜ ਦੇ ਹੱਕ ਵਿਚ ਸੁਨੀਲ ਜਾਖੜ ਕਿਉਂ ਹਨ ?

## ✪ ਅਕਾਲੀ ਦਲ (ਬਾਦਲ) ਨਾਲ ਸਮਝੌਤਾ ਹੋਵੇਗਾ ਜਾਂ ਨਵੇਂ ਅਕਾਲੀ ਧੜੇ ਨਾਲ ? ਕੀ ਹੈ ਭਾਜਪਾ ਦੀ ਰਣਨੀਤੀ ? ✪ ਕੀ ਇਹ ਸਮਝੌਤਾ ਸਿੱਖ ਭਾਵਨਾਵਾਂ ਅਤੇ ਪੰਜਾਬ ਦੇ ਹਿੱਤ ਹੋਵੇਗਾ ?



## ਇਕਬਾਲ ਸਿੰਘ ਲਾਲਪੁਰਾ ਦੀ ਨੌਵੀਂ ਪਾਤਿਸ਼ਾਹੀ ਦੀ ਸ਼ਹੀਦੀ ਨੂੰ ਸਮਰਪਿਤ ਕਿਤਾਬ 'ਤਿਲਕ ਜੰਞੂ ਕਾ ਰਾਖਾ' ਰਿਲੀਜ਼



ਨਵੀਂ ਦਿੱਲੀ-ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ, ਭਾਰਤੀ ਜਨਤਾ ਪਾਰਟੀ ਦੇ ਸੰਸਦੀ ਬੋਰਡ ਦੇ ਮੈਂਬਰ ਡਾ. ਇਕਬਾਲ ਸਿੰਘ ਲਾਲਪੁਰਾ ਦੁਆਰਾ ਲਿਖੀ ਗਈ 'ਤਿਲਕ ਜੰਞੂ ਕਾ ਰਾਖਾ' (ਜੀਵਨ: ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ) ਕਿਤਾਬ ਦਾ ਲੋਕ ਅਰਪਣ ਸਮਾਰੋਹ ਕੰਸਟੀਚਿਊਸ਼ਨ ਕਲੱਬ ਵਿਖੇ ਕਰਵਾਇਆ ਗਿਆ। ਇਹ ਇਤਿਹਾਸਕ ਕਿਤਾਬ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸਿੱਖਿਆਵਾਂ ਤੇ ਕੁਰਬਾਨੀ ਨੂੰ ਸਮਰਪਿਤ ਹੈ। ਪ੍ਰੋਗਰਾਮ ਦੇ ਮੁੱਖ ਮਹਿਮਾਨ ਭਾਰਤ ਦੇ ਕਾਨੂੰਨ ਮੰਤਰੀ ਸ਼੍ਰੀ ਅਰਜੁਨ ਰਾਮ ਮੇਘਵਾਲ ਤੇ ਕੇਂਦਰੀ ਰਾਜ ਮੰਤਰੀ ਸ਼੍ਰੀ ਹਰਸ਼ ਮਲਹੋਤਰਾ ਸਨ। ਦੋਵਾਂ ਨੇ ਡਾ. ਲਾਲਪੁਰਾ ਦੇ ਸਿੱਖ ਧਰਮ ਪ੍ਰਤੀ ਸਮਰਪਣ ਤੇ ਉਨ੍ਹਾਂ ਦੇ ਅਕਾਦਮਿਕ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਇਹ ਕਿਤਾਬ ਅੱਜ ਦੇ ਸਮੇਂ ਵਿਚ ਇੱਕ ਮਹੱਤਵਪੂਰਨ ਦਸਤਾਵੇਜ਼ ਹੈ ਜੋ ਸਮਾਜ ਨੂੰ ਅਧਿਆਤਮਿਕ ਕਦਰਾਂ-ਕੀਮਤਾਂ ਵੱਲ ਪ੍ਰੇਰਿਤ ਕਰਦੀ ਹੈ। ਕਾਨੂੰਨ ਮੰਤਰੀ ਸ਼੍ਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ 'ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਮਨੁੱਖਤਾ ਦੀ ਰੱਖਿਆ ਲਈ ਸ਼ਹੀਦੀ, ਤਪੱਸਿਆ ਤੇ ਅਡੋਲ ਹਿੰਮਤ ਦਾ ਪ੍ਰਤੀਕ ਹੈ। ਉਨ੍ਹਾਂ ਨੇ ਧਰਮ ਤੇ ਸੱਚ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ ਤੇ ਸਮੁੱਚੀ ਮਨੁੱਖਤਾ ਨੂੰ ਏਕਤਾ, ਸਹਿਣਸ਼ੀਲਤਾ ਦਾ ਸੰਦੇਸ਼ ਦਿੱਤਾ। ਇਕਬਾਲ ਸਿੰਘ ਲਾਲਪੁਰਾ ਨੇ ਇਸ ਕਿਤਾਬ ਵਿਚ ਗੁਰੂ ਸਾਹਿਬ ਦੇ ਜੀਵਨ ਦਰਸ਼ਨ ਨੂੰ ਬਹੁਤ ਹੀ ਖੋਜ ਤੇ ਭਾਵਨਾਤਮਕ ਰੂਪ ਵਿਚ ਪੇਸ਼ ਕੀਤਾ। ਅਜਿਹੀਆਂ ਕਿਤਾਬਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਮਹਾਨ ਗੁਰੂਆਂ ਦੀ ਵਿਰਾਸਤ ਨਾਲ ਜੋੜਦੀਆਂ ਹਨ। ਕੇਂਦਰੀ ਰਾਜ ਮੰਤਰੀ ਸ਼੍ਰੀ ਹਰਸ਼ ਮਲਹੋਤਰਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ ਜ਼ੁਲਮ ਵਿਰੁੱਧ ਖੜ੍ਹੇ ਹੋਣ ਤੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਤੀ ਗਈ ਕੁਰਬਾਨੀ ਪੂਰੀ ਦੁਨੀਆ ਲਈ ਪ੍ਰੇਰਨਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਓਨੀਆਂ ਹੀ ਪ੍ਰਸੰਗਿਕ ਹਨ ਜਿੰਨੀਆਂ ਉਸ ਸਮੇਂ ਸਨ। ਇਕਬਾਲ ਸਿੰਘ ਲਾਲਪੁਰਾ ਨੇ ਆਪਣੀ ਡੂੰਘੀ ਖੋਜ ਅਤੇ ਸਮਰਪਣ ਭਾਵਨਾ ਰਾਹੀਂ 'ਤਿਲਕ ਜੰਞੂ ਕਾ ਰਾਖਾ' ਵਰਗੀ ਮਹੱਤਵਪੂਰਨ ਕਿਤਾਬ ਰਾਹੀਂ ਇਸ ਵਿਰਾਸਤ ਨੂੰ ਸਮਾਜ ਦੇ ਸਾਹਮਣੇ ਪੇਸ਼ ਕੀਤਾ ਹੈ। ਇਹ ਸਮਾਗਮ ਗਲੋਬਲ ਪੰਜਾਬੀ ਐਸੋਸੀਏਸ਼ਨ (ਜੀ.ਪੀ.ਏ.) ਵਲੋਂ ਕਰਵਾਇਆ ਗਿਆ ਸੀ। ਇਸ ਮੌਕੇ। ਡਾ. ਲਾਲਪੁਰਾ ਦੇ ਪੁੱਤਰ, ਭਾਜਪਾ ਜ਼ਿਲ੍ਹਾ ਰੋਪੜ ਦੇ ਪ੍ਰਧਾਨ ਤੇ ਵਰਲਡ ਕੈਂਸਰ ਕੇਅਰ ਇੰਡੀਆ ਦੇ ਡਾਇਰੈਕਟਰ ਅਜੈਵੀਰ ਸਿੰਘ ਲਾਲਪੁਰਾ, ਇਕਬਾਲ ਸਿੰਘ ਲਾਲਪੁਰਾ ਦੀ ਪਤਨੀ ਹਰਦੀਪ ਕੌਰ ਲਾਲਪੁਰਾ, ਜੈਸਮੀਨ ਕੌਰ ਲਾਲਪੁਰਾ, ਜ਼ੇਨੀਆ ਲਾਲਪੁਰਾ ਨੇ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਕਬਾਲ ਸਿੰਘ ਲਾਲਪੁਰਾ ਹੁਣ ਤੱਕ 600 ਤੋਂ ਵੱਧ ਖੋਜ ਲੇਖ ਤੇ 25 ਤੋਂ ਵੱਧ ਕਿਤਾਬਾਂ ਲਿਖ ਚੁੱਕੇ ਹਨ।

ਸੁਨੀਲ ਜਾਖੜ, ਪੰਜਾਬ ਭਾਜਪਾ ਦੇ ਪ੍ਰਧਾਨ, ਨੇ ਇੱਕ ਵਾਰ ਫਿਰ ਭਾਜਪਾ-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਗਠਜੋੜ ਨੂੰ ਜ਼ਰੂਰੀ ਦੱਸਦਿਆਂ ਇਕ ਵਾਰ ਫਿਰ ਬਿਆਨ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ 1996 ਵਰਗੇ ਹਾਲਾਤ ਬਣ ਰਹੇ ਹਨ, ਜਦੋਂ ਇਹ ਗਠਜੋੜ ਸਾਂਝ ਅਤੇ ਸ਼ਾਂਤੀ ਲਈ ਬਣਿਆ ਸੀ। ਜਾਖੜ ਦਾ ਕਹਿਣਾ ਹੈ ਕਿ ਅੱਜ ਵੀ ਪੰਜਾਬ ਨੂੰ ਸਾਂਝ ਅਤੇ ਸਦਭਾਵਨਾ ਦੀ ਲੋੜ ਹੈ, ਜਿਸ ਲਈ ਭਾਜਪਾ ਅਤੇ ਅਕਾਲੀ ਦਲ ਨੂੰ ਮੁੜ ਇਕੱਠੇ ਹੋਣਾ ਚਾਹੀਦਾ। ਪਰ ਇਸ ਗਠਜੋੜ ਨੂੰ ਲੈ ਕੇ ਭਾਜਪਾ ਦੀ ਅੰਦਰੂਨੀ ਸਿਆਸਤ, ਅਕਾਲੀ ਦਲ (ਬਾਦਲ) ਦੀ ਸਥਿਤੀ ਅਤੇ ਪੰਜਾਬ ਦੇ ਸਿੱਖ ਭਾਈਚਾਰੇ ਦੇ ਹਿੱਤਾਂ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਰਹੇ ਹਨ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਅਤੇ ਪੰਜਾਬ ਇਕਾਈ ਵਿੱਚ ਗਠਜੋੜ ਨੂੰ ਲੈ ਕੇ ਇਕਸਾਰਤਾ ਨਹੀਂ ਦਿਖਦੀ। ਜਾਖੜ ਦਾ ਬਿਆਨ ਸੁਝਾਉਂਦਾ ਹੈ ਕਿ ਉਹ ਗਠਜੋੜ ਨੂੰ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਮਜ਼ਬੂਤ ਕਰਨ ਦਾ ਮੌਕਾ ਮੰਨਦੇ ਹਨ। ਪਰ ਭਾਜਪਾ ਦੀ ਹਾਈਕਮਾਨ ਨੇ ਹੁਣ ਤੱਕ ਇਸ ਬਾਰੇ ਸਪਸ਼ਟ ਰੁਖ ਨਹੀਂ ਦਿਖਾਇਆ। ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 18.56% ਵੋਟਾਂ ਮਿਲੀਆਂ, ਜੋ 2022 ਦੀਆਂ ਵਿਧਾਨ ਸਭਾ ਚੋਣਾਂ ਦੇ 6.6% ਦੇ ਮੁਕਾਬਲੇ ਵੱਡੀ ਉਛਾਲ ਸੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਸੁਧਰ ਰਹੀ ਹੈ, ਪਰ ਸੂਬੇ ਦੀ ਸਿਆਸਤ ਵਿੱਚ ਸਿੱਖ ਭਾਵਨਾਵਾਂ ਅਤੇ ਕਿਸਾਨ ਤੇ ਪੰਥਕ ਮੁੱਦੇ ਅਜੇ ਵੀ ਅਹਿਮ ਹਨ।

ਹਾਈਕਮਾਨ ਸੰਭਾਵਤ ਤੌਰ 'ਤੇ ਇਸ ਗਠਜੋੜ ਨੂੰ ਸਿੱਖ ਵੋਟਰਾਂ ਨੂੰ ਜੋੜਨ ਦੀ ਰਣਨੀਤੀ ਵਜੋਂ ਦੇਖ ਸਕਦੀ ਹੈ, ਪਰ ਉਹ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਸਮਝੌਤੇ 'ਤੇ ਸਹਿਮਤੀ ਬਣਾਉਣ ਤੋਂ ਪਹਿਲਾਂ ਸੂਬੇ ਦੀ ਜ਼ਮੀਨੀ ਸਥਿਤੀ ਦਾ ਜਾਇਜ਼ਾ ਲੈਣਾ ਚਾਹੇਗੀ।

ਜਾਖੜ ਦੇ ਬਿਆਨ ਵਿੱਚ ਸਪਸ਼ਟ ਨਹੀਂ ਹੈ ਕਿ ਭਾਜਪਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਸਮਝੌਤਾ ਕਰੇਗੀ ਜਾਂ ਕਿਸੇ ਬਣ ਰਹੇ ਨਵੇਂ ਅਕਾਲੀ ਧੜੇ ਨਾਲ। ਸੁਖਬੀਰ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਪੰਜਾਬ ਦੀ ਸਿਆਸਤ ਵਿੱਚ ਪੰਥਕ ਚਿਹਰਾ ਰਿਹਾ ਹੈ, ਪਰ ਹਾਲ ਦੇ ਸਾਲਾਂ ਵਿੱਚ ਉਸ ਦੀ ਸਾਖ ਨੂੰ ਸੱਟ ਵੱਜੀ ਹੈ। 2020 ਵਿੱਚ ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜਿਆ ਸੀ। ਹੁਣ ਜਦੋਂ ਜਾਖੜ ਗਠਜੋੜ ਦੀ ਵਕਾਲਤ ਕਰ ਰਹੇ ਹਨ, ਤਾਂ ਸੰਭਾਵਨਾ ਹੈ ਕਿ ਭਾਜਪਾ ਸੁਖਬੀਰ ਦੇ ਅਕਾਲੀ ਦਲ ਨਾਲ ਹੀ ਸਮਝੌਤੇ 'ਤੇ ਵਿਚਾਰ ਕਰੇ, ਕਿਉਂਕਿ ਇਹ ਧੜਾ ਸਭ ਤੋਂ ਵੱਡਾ ਅਤੇ ਸੰਗਠਿਤ ਹੈ। ਹੋਰ ਅਕਾਲੀ ਧੜਿਆਂ, ਜਿਵੇਂ ਬਾਦਲ ਤੋਂ ਬਾਗੀ ਧੜਾ ਤੇ ਅੰਮ੍ਰਿਤਪਾਲ ਸਿੰਘ ਦਾ ਸਿਆਸੀ ਧੜਾ, ਦੀ ਅਜੇ ਉਹ ਸੰਗਠਨਾਤਮਕ ਤਾਕਤ ਨਹੀਂ ਹੈ ਜੋ ਭਾਜਪਾ ਨੂੰ ਵੱਡੇ ਪੱਧਰ 'ਤੇ ਲਾਭ ਦੇ ਸਕੇ।

ਹੁਣ, ਜਦੋਂ ਸੁਖਬੀਰ ਬਾਦਲ ਨੂੰ ਪੰਥਕ ਸਿਆਸਤ ਵਿੱਚ ਅੰਮ੍ਰਿਤਪਾਲ ਸਿੰਘ ਵਰਗੇ ਨਵੇਂ ਚਿਹਰਿਆਂ ਤੋਂ ਚੁਣੌਤੀ ਮਿਲ ਰਹੀ ਹੈ, ਤਾਂ ਸੰਭਵ ਹੈ ਕਿ ਅਕਾਲੀ ਦਲ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨ ਲਈ ਭਾਜਪਾ ਨਾਲ ਮੁੜ ਸਮਝੌਤੇ 'ਤੇ ਵਿਚਾਰ ਕਰੇ। ਹਾਲਾਂਕਿ, ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਅਨੁਸਾਰ, ਸੁਖਬੀਰ ਨੂੰ ਪਾਰਟੀ ਦੀ ਪੰਥਕ ਸਾਖ ਨੂੰ ਬਚਾਉਣ ਦਾ ਦਬਾਅ ਹੈ, ਅਤੇ ਭਾਜਪਾ ਨਾਲ ਸਮਝੌਤਾ ਕਰਨ ਨਾਲ ਸਿੱਖ ਵੋਟਰਾਂ ਵਿੱਚ ਨਾਰਾਜ਼ਗੀ ਪੈਦਾ ਹੋ ਸਕਦੀ ਹੈ।

ਸੁਨੀਲ ਜਾਖੜ ਦਾ ਗਠਜੋੜ ਦੀ ਵਕਾਲਤ ਕਰਨ ਦਾ ਮੁੱਖ ਕਾਰਨ ਪੰਜਾਬ ਵਿੱਚ ਭਾਜਪਾ ਦੀ ਸਿਆਸੀ ਜ਼ਮੀਨ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਨਾਲ ਸਮਝੌਤੇ ਨਾਲ ਸਿੱਖ ਅਤੇ ਹਿੰਦੂ ਵੋਟਰਾਂ ਨੂੰ ਇਕੱਠਾ ਕੀਤਾ ਜਾ ਸਕਦਾ ਹੈ, ਜਿਵੇਂ 1996 ਵਿੱਚ ਹੋਇਆ ਸੀ। ਜਾਖੜ ਨੇ ਕਿਹਾ ਕਿ ਪੰਜਾਬ ਸਿਰਫ਼ ਜ਼ਮੀਨ ਦਾ ਟੁਕੜਾ ਨਹੀਂ, ਸਗੋਂ ਸਵੈ-ਮਾਣ ਅਤੇ ਸਿੱਖ ਸਿਧਾਂਤਾਂ ਦਾ ਪ੍ਰਤੀਕ ਹੈ। ਜਾਖੜ ਦਾ ਇਹ ਵੀ ਮੰਨਣਾ ਹੈ ਕਿ ਕਾਂਗਰਸ ਨੇ ਧਰਮ ਦੇ ਨਾਮ 'ਤੇ ਲੋਕਾਂ ਨੂੰ ਵੰਡਿਆ, ਅਤੇ ਭਾਜਪਾ ਨੂੰ ਇਸ ਚੁਣੌਤੀ ਨੂੰ ਪਾਰ ਕਰਨ ਲਈ ਅਕਾਲੀ ਦਲ ਦੀ ਸਹਾਇਤਾ ਚਾਹੀਦੀ ਹੈ।

ਇਕਬਾਲ ਸਿੰਘ ਲਾਲਪੁਰਾ, ਜੋ ਕਿ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਅਤੇ ਭਾਜਪਾ ਦੇ ਸੀਨੀਅਰ ਆਗੂ ਹਨ, ਨੇ ਗਠਜੋੜ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਕਾਲੀ ਦਲ (ਬਾਦਲ) ਨਾਲ ਸਮਝੌਤੇ ਨਾਲ ਭਾਜਪਾ ਦੀ ਸਾਖ ਨੂੰ ਨੁਕਸਾਨ ਹੋ ਸਕਦਾ ਹੈ, ਕਿਉਂਕਿ ਅਕਾਲੀ ਦਲ ਦੀ ਪੰਥਕ ਸਿਆਸਤ ਹੁਣ ਪਹਿਲਾਂ ਵਰਗੀ ਪ੍ਰਭਾਵੀ ਨਹੀਂ ਰਹੀ। ਲਾਲਪੁਰਾ ਸਮਝਦੇ ਹਨ ਕਿ ਭਾਜਪਾ ਨੂੰ ਸਿੱਖ ਵੋਟਰਾਂ ਨੂੰ ਜੋੜਨ ਲਈ ਸੁਤੰਤਰ ਰੂਪ ਵਿੱਚ ਕੰਮ ਕਰਨਾ ਚਾਹੀਦਾ ਹੈ, ਨਾ ਕਿ ਅਕਾਲੀ ਦਲ 'ਤੇ ਨਿਰਭਰ ਕਰਨਾ। ਉਨ੍ਹਾਂ ਦਾ ਵਿਰੋਧ ਸੰਭਵ ਤੌਰ 'ਤੇ ਇਸ ਗੱਲ 'ਤੇ ਵੀ ਅਧਾਰਿਤ ਹੈ ਕਿ 2020 ਦੇ ਕਿਸਾਨ ਅੰਦੋਲਨ ਨੇ ਭਾਜਪਾ ਅਤੇ ਅਕਾਲੀ ਦਲ ਦੀ ਸਾਂਝੀ ਸਾਖ ਨੂੰ ਨੁਕਸਾਨ ਪਹੁੰਚਾਇਆ ਸੀ।

ਇਸ ਗਠਜੋੜ ਦਾ ਸਿੱਖ ਭਾਈਚਾਰੇ ਅਤੇ ਪੰਜਾਬ ਨੂੰ ਫਾਇਦਾ ਹੋਣਾ ਜਾਂ ਨਾ ਹੋਣਾ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ। ਜਾਖੜ ਦਾ ਕਹਿਣਾ ਹੈ ਕਿ ਗਠਜੋੜ ਸਦਭਾਵਨਾ ਅਤੇ ਸ਼ਾਂਤੀ ਲਈ ਜ਼ਰੂਰੀ ਹੈ, ਪਰ ਸਿੱਖ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ, ਭਾਜਪਾ ਨੂੰ ਪੰਜਾਬ ਦੀਆਂ ਅਸਲ ਸਮੱਸਿਆਵਾਂ, ਜਿਵੇਂ ਕਿਸਾਨਾਂ ਦੇ ਮੁੱਦੇ, ਬੰਦੀ ਸਿੱਖਾਂ ਤੋਂ ਇਲਾਵਾ ਪੰਥਕ ਤੇ ਪੰਜਾਬ ਮੁਦੇ, ਨੌਕਰੀਆਂ ਅਤੇ ਵਿਕਾਸ, 'ਤੇ ਧਿਆਨ ਦੇਣਾ ਹੋਵੇਗਾ। ਜਾਖੜ ਨੇ ਨੌਕਰਸ਼ਾਹੀ ਦੀ ਦਖਲਅੰਦਾਜ਼ੀ, ਜਿਵੇਂ ਚੰਡੀਗੜ੍ਹ ਵਿੱਚ ਪੰਜਾਬ-ਹਰਿਆਣਾ ਅਧਿਕਾਰੀਆਂ ਦੇ 60:40 ਅਨੁਪਾਤ ਵਿੱਚ ਛੇੜਛਾੜ ਅਤੇ ਬੀਬੀਐਮਬੀ ਅਹੁਦਿਆਂ ਦੀ ਵੰਡ, ਨੂੰ ਪੰਜਾਬ ਦੇ ਨੁਕਸਾਨ ਦਾ ਕਾਰਨ ਦੱਸਿਆ। ਇਸ ਤਰ੍ਹਾਂ, ਜੇ ਗਠਜੋੜ ਪੰਜਾਬ ਦੇ ਹਿੱਤਾਂ ਨੂੰ ਪਹਿਲ ਦਿੰਦਾ ਹੈ ਅਤੇ ਸਿੱਖ ਸਿਧਾਂਤਾਂ ਦਾ ਸਤਿਕਾਰ ਕਰਦਾ ਹੈ, ਤਾਂ ਇਸ ਨਾਲ ਸਥਿਰਤਾ ਅਤੇ ਵਿਕਾਸ ਦੀ ਸੰਭਾਵਨਾ ਵਧ ਸਕਦੀ ਹੈ। ਪਰ, ਦੂਜੇ ਪਾਸੇ, 2020 ਦੇ ਕਿਸਾਨ ਅੰਦੋਲਨ ਦੀਆਂ ਯਾਦਾਂ ਅਤੇ ਭਾਜਪਾ ਦੀ ਕੇਂਦਰੀ ਨੀਤੀਆਂ ਕਾਰਨ ਸਿੱਖ ਭਾਈਚਾਰੇ ਵਿੱਚ ਅਜੇ ਵੀ ਨਾਰਾਜ਼ਗੀ ਹੈ।

ਪੰਜਾਬ ਟਾਈਮਜ ਅਨੁਸਾਰ ਅਕਾਲੀ ਦਲ ਦੀ ਸਾਖ ਵੀ ਬੇਅਦਬੀ ਮਾਮਲਿਆਂ ਅਤੇ ਪੰਥਕ ਮੁੱਦਿਆਂ 'ਤੇ ਕਮਜ਼ੋਰ ਪ੍ਰਦਰਸ਼ਨ ਕਾਰਨ ਡਗਮਗਾਈ ਹੈ। ਜੇ ਇਹ ਗਠਜੋੜ ਸਿਰਫ਼ ਸਿਆਸੀ ਲਾਭ ਲਈ ਹੋਵੇਗਾ ਅਤੇ ਪੰਜਾਬ ਦੀਆਂ ਅਸਲ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕਰੇਗਾ, ਤਾਂ ਸਿੱਖ ਭਾਈਚਾਰੇ ਵਿੱਚ ਇਸ ਦੇ ਵਿਰੋਧ ਦੀ ਸੰਭਾਵਨਾ ਹੈ। ਪੰਜਾਬ ਅਤੇ ਸਿੱਖਾਂ ਦੇ ਹਿੱਤ ਤਾਂ ਹੀ ਪੂਰੇ ਹੋਣਗੇ, ਜੇ ਇਹ ਗਠਜੋੜ ਸਿਰਫ਼ ਵੋਟਾਂ ਦੀ ਸਿਆਸਤ ਨਹੀਂ, ਸਗੋਂ ਸੂਬੇ ਦੇ ਵਿਕਾਸ ਅਤੇ ਸਿੱਖ ਸਿਧਾਂਤਾਂ ਦੀ ਰਾਖੀ ਲਈ ਕੰਮ ਕਰੇ।

# ਬੇਅਦਬੀ ਬਿੱਲ ਨੂੰ ਲੈਕੇ ਪੰਜਾਬ ਵਿਚ ਸਿਆਸੀ ਤੂਫ਼ਾਨ ਮਚਿਆ

**✪ ਸਪੀਕਰ ਵਲੋਂ ਬਿਲ ਲਈ ਸਿਲੈਕਟ ਕਮੇਟੀ ਹਵਾਲੇ, ਛੇ ਮਹੀਨਿਆਂ ਦਾ ਸਮਾਂ ਦਿੱਤਾ ✪ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਵੱਖਰਾ ਕਾਨੂੰਨ ਬਣਾਉਣ ਦੀ ਮੰਗ, ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਦਾ ਸਖ਼ਤ ਰੁਖ ✪ ਭਾਜਪਾ ਦਾ ਬਿੱਲ ਦੀਆਂ ਕਾਪੀਆਂ ਸਾੜ ਕੇ ਵਿਰੋਧ, ਦਲਿਤ ਸਮਾਜ ਦਾ ਪਤਾ ਖੇਡਣ ਲਗੀ ✪ ਕਾਂਗਰਸ ਵਿਚ ਅੰਦਰੂਨੀ ਕਲੇਸ਼, ਪ੍ਰਗਟ ਸਿੰਘ ਦੇ ਬੇਅਦਬੀ ਬਾਰੇ ਬਿਆਨ 'ਤੇ ਰੰਧਾਵਾ ਦਾ ਪਲਟਵਾਰ**

ਪੰਜਾਬ ਦੀ ਸਿਆਸੀ ਧਰਤੀ 'ਤੇ ਇਕ ਵਾਰ ਫਿਰ ਬੇਅਦਬੀ ਦੇ ਮਸਲੇ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਲਈ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੇ ਗਏ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025' ਨੇ ਸਿਆਸੀ ਤੇ ਸਮਾਜਕ ਗਲਿਆਰਿਆਂ ਵਿਚ ਹੰਗਾਮਾ ਮਚਾ ਦਿੱਤਾ ਹੈ। ਇਸ ਬਿੱਲ ਨੂੰ ਸਿਲੈਕਟ ਕਮੇਟੀ ਹਵਾਲੇ ਕਰਨ ਦੇ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਦੇ ਫੈਸਲੇ ਨੇ ਜਿੱਥੇ ਇਕ ਪਾਸੇ ਸਮਾਜ ਵਿਚ ਨਿਆਂ ਦੀ ਆਸ ਜਗਾਈ ਹੈ, ਉਥੇ ਦੂਜੇ ਪਾਸੇ ਸਿਆਸੀ ਪਾਰਟੀਆਂ, ਪੰਥਕ ਜਥੇਬੰਦੀਆਂ ਤੇ ਧਾਰਮਿਕ ਸਮਾਜਾਂ ਦੇ ਇਤਰਾਜ਼ਾਂ ਨੇ ਮਸਲੇ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ।

### ਸਪੀਕਰ ਵਲੋਂ ਸਿਲੈਕਟ ਕਮੇਟੀ ਦਾ ਗਠਨ

ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਇਸ ਬਿੱਲ ਨੂੰ ਹੋਰ ਸੰਜੀਦਗੀ ਨਾਲ ਜਾਂਚਣ ਲਈ 15 ਮੈਂਬਰੀ ਸਿਲੈਕਟ ਕਮੇਟੀ ਦਾ ਗਠਨ ਕੀਤਾ ਹੈ, ਜਿਸ ਦੀ ਅਗਵਾਈ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਕਰਨਗੇ। ਇਸ ਕਮੇਟੀ 'ਚ ਡਾ. ਅਜੈ ਗੁਪਤਾ, ਡਾ. ਅਮਨਦੀਪ ਕੌਰ ਅਰੋੜਾ, ਇੰਦਰਜੀਤ ਕੌਰ ਮਾਨ, ਜਗਦੀਪ ਕੰਬੋਜ, ਜੰਗੀ ਲਾਲ ਮਹਾਜਨ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਨੀਨਾ ਮਿੱਤਲ, ਪ੍ਰੋ. ਬਲਜਿੰਦਰ ਕੌਰ, ਪ੍ਰਿੰਸੀਪਲ ਬੁੱਧ ਰਾਮ, ਬ੍ਰਹਮ ਸ਼ੰਕਰ ਜਿੰਪਾ, ਬਲਵਿੰਦਰ ਸਿੰਘ ਧਾਲੀਵਾਲ, ਮਦਨ ਲਾਲ ਬੱਗਾ, ਮਨਪ੍ਰੀਤ ਸਿੰਘ ਇਯਾਲੀ ਅਤੇ ਮੁਹੰਮਦ ਜ਼ਮੀਲ ਉਰ ਰਹਿਮਾਨ ਸ਼ਾਮਲ ਹਨ। ਇਸ ਕਮੇਟੀ ਨੂੰ ਛੇ ਮਹੀਨਿਆਂ ਦੇ ਅੰਦਰ ਆਪਣੀ ਰਿਪੋਰਟ ਸੌਂਪਣ ਦਾ ਜ਼ਿੰਮਾ ਸੌਂਪਿਆ ਗਿਆ ਹੈ।

ਸਪੀਕਰ ਸੰਧਵਾਂ ਨੇ ਸਪੱਸ਼ਟ ਕੀਤਾ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸੇ ਇਕ ਧਰਮ ਜਾਂ ਫਿਰਕੇ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ।'' ਗੁਰੂ ਜੀ ਦਾ ਸੰਦੇਸ਼ ਸਮੁੱਚੀ ਲੋਕਾਈ ਲਈ ਹੈ। ਇਸ ਵਿਚ ਸਾਰੇ ਧਰਮਾਂ ਦੇ ਮਹਾਨ ਸੰਤਾਂ ਤੇ ਮਹਾਪੁਰਸ਼ਾਂ ਦੀ ਬਾਣੀ ਸਮਾਈ ਹੋਈ ਹੈ। ਇਸ ਦਾ ਸਤਿਕਾਰ ਸਾਰੇ ਧਰਮਾਂ ਦੇ ਲੋਕ ਕਰਦੇ ਹਨ। ਪਰ ਇਸ ਮਸਲੇ 'ਤੇ ਸਿਆਸਤ ਦੀ ਅੱਗ ਨੂੰ ਹੋਰ ਹਵਾ ਦੇਣ ਦੀ ਕੋਸ਼ਿਸ਼ ਕਰ ਰਹੀਆਂ ਵਿਰੋਧੀ ਪਾਰਟੀਆਂ, ਖਾਸਕਰ ਭਾਜਪਾ, ਨੂੰ ਸਪੀਕਰ ਨੇ ਗੈਰ-ਵਾਜਿਬ ਕਰਾਰ ਦਿੱਤਾ।



**ਇਸ ਬਿੱਲ ਨੇ ਪੰਜਾਬ ਦੀ ਜਨਤਾ ਵਿਚ ਇਕ ਨਵੀਂ ਆਸ ਜਗਾਈ ਹੈ ਕਿ ਪਵਿੱਤਰ ਗ੍ਰੰਥਾਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਬਣੇਗਾ। ਪਰ ਪੰਜਾਬੀ ਗੁਰੂ ਗ੍ਰੰਥ ਸਾਹਿਬ ਨੂੰ ਲਿਵਿੰਗ ਗੁਰੂ ਵਜੋਂ ਮਾਨਤਾ ਦੇਣ ਕਾਰਣ ਵਖਰਾ ਕਨੂੰਨ ਚਾਹੁੰਦੇ ਹਨ। ਪਰ ਆਪ ਸਰਕਾਰ ਨੂੰ ਇਸ ਮੁਦੇ ਉਪਰ ਧਿਆਨ ਦੇਣਾ ਚਾਹੀਦਾ ਹੈ। ਸਿਆਸੀ ਪਾਰਟੀਆਂ ਦੀ ਆਪਸੀ ਖਿੱਚੋਤਾਣ ਅਤੇ ਪੰਥਕ ਜਥੇਬੰਦੀਆਂ ਦੇ ਇਤਰਾਜ਼ਾਂ ਨੇ ਮਸਲੇ ਨੂੰ ਹੋਰ ਉਲਝਾ ਦਿੱਤਾ ਹੈ। ਇਹ ਬਿਲ ਕਿੰਨਾ ਕੁ ਕਾਮਯਾਬ ਹੋਵੇਗਾ ਆਉਣ ਵਾਲਾ ਸਮਾਂ ਦਸੇਗਾ।**

### ਬਿੱਲ ਦੀਆਂ ਮੁੱਖ ਗੱਲਾਂ: ਸਖ਼ਤ ਸਜ਼ਾ ਦੀ ਵਿਵਸਥਾ

ਇਸ ਬਿੱਲ ਵਿਚ ਬੇਅਦਬੀ ਦੇ ਦੋਸ਼ੀਆਂ ਲਈ ਸਖ਼ਤ ਸਜ਼ਾਵਾਂ ਦਾ ਪ੍ਰਸਤਾਵ ਹੈ। ਜੇਕਰ ਕੋਈ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਵਦ ਗੀਤਾ, ਪਵਿੱਤਰ ਬਾਈਬਲ, ਕੁਰਾਨ ਸ਼ਰੀਫ ਜਾਂ ਹੋਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਦਾ ਪਾਇਆ ਜਾਂਦਾ ਹੈ, ਤਾਂ ਉਸ ਨੂੰ ਘੱਟੋ-ਘੱਟ 10 ਸਾਲ ਦੀ ਕੈਦ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਨਾਲ ਹੀ, ਜੁਰਮਾਨੇ ਦੀ ਰਕਮ 5 ਲੱਖ ਤੋਂ ਵਧਾ ਕੇ 10 ਲੱਖ ਰੁਪਏ ਕਰਨ ਦੀ ਤਜਵੀਜ਼ ਹੈ। ਜੇਕਰ ਕੋਈ ਵਿਅਕਤੀ ਬੇਅਦਬੀ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ 3 ਤੋਂ 5 ਸਾਲ ਦੀ ਸਜ਼ਾ ਅਤੇ 3 ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਇਹ ਸਾਰੀਆਂ ਧਾਰਾਵਾਂ ਗੈਰ-ਜ਼ਮਾਨਤੀ ਤੇ ਗੈਰ-ਸਮਝੌਤਾਯੋਗ ਹੋਣਗੀਆਂ ਅਤੇ ਮਾਮਲਿਆਂ ਦੀ ਸੁਣਵਾਈ ਸੈਸ਼ਨ ਕੋਰਟ ਵਿਚ ਹੋਵੇਗੀ। ਇਸ ਬਿੱਲ ਦਾ ਮਕਸਦ ਸਾਰੇ ਧਰਮਾਂ ਨਾਲ ਜੁੜੇ ਪਵਿੱਤਰ ਗ੍ਰੰਥਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ।

### ਸਿੱਖ ਪੰਥ ਵਲੋਂ ਬਿਲ ਦਾ ਵਿਰੋਧ ਕਿਉਂ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਬਿੱਲ 'ਤੇ ਸਖ਼ਤ ਇਤਰਾਜ਼ ਜਤਾਇਆ ਹੈ।

ਜਥੇਦਾਰ ਨੇ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ ਜੋਤਿ ਗੁਰੂ ਹਨ। ਉਨ੍ਹਾਂ ਨੂੰ ਦੂਜੇ ਗ੍ਰੰਥਾਂ ਜਾਂ ਬੁੱਤਾਂ ਨਾਲ ਨਹੀਂ ਮਿਲਾਇਆ ਜਾ ਸਕਦਾ। ਸੂਬਾ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਵੱਖਰਾ ਕਾਨੂੰਨ ਬਣਾਉਣਾ ਚਾਹੀਦਾ ਹੈ।'' ਉਨ੍ਹਾਂ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਇਸ ਮਸਲੇ 'ਤੇ ਸ਼੍ਰੋਮਣੀ ਕਮੇਟੀ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇ।

ਇਸੇ ਤਰ੍ਹਾਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਬਿੱਲ ਨੂੰ 'ਆਪ' ਸਰਕਾਰ ਦੀ 'ਡਰਾਮੇਬਾਜ਼ੀ' ਕਰਾਰ ਦਿੱਤਾ। ਉਨ੍ਹਾਂ ਨੇ ਆਖਿਆ, "ਪਿਛਲੇ ਦਸ ਸਾਲਾਂ ਦੌਰਾਨ ਪੰਜਾਬ ਵਿਚ ਹੋਈਆਂ ਬੇਅਦਬੀਆਂ ਦੀ ਜਾਂਚ ਜੱਜਾਂ ਦੀ ਨਿਗਰਾਨੀ ਵਿਚ ਹੋਣੀ ਚਾਹੀਦੀ। 'ਆਪ' ਸਰਕਾਰ ਦਾ ਇਹ ਬਿੱਲ ਸਿਰਫ਼ ਸਿਆਸੀ ਨਾਟਕ ਹੈ।'' ਸੁਖਬੀਰ ਨੇ ਦੋਸ਼ ਲਗਾਇਆ ਕਿ ਵਿਰੋਧੀ ਪਾਰਟੀਆਂ ਨੇ ਅਕਾਲੀ ਦਲ ਨੂੰ ਬੇਅਦਬੀ ਮਾਮਲਿਆਂ 'ਚ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ, ਜਦਕਿ ਸੱਚਾਈ ਇਹ ਹੈ ਕਿ ਅਕਾਲੀ ਸਰਕਾਰ ਨੇ ਇਨ੍ਹਾਂ ਮਾਮਲਿਆਂ ਦੀ ਜਾਂਚ ਸੀਬੀਆਈ ਨੂੰ ਸੌਂਪੀ ਸੀ।

### ਭਾਜਪਾ ਦਲਿਤ ਪੱਤਾ ਖੇਡਣ ਲੱਗੀ

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵੀ ਇਸ ਬਿੱਲ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਇਸ ਦੀਆਂ ਕਾਪੀਆਂ ਸਾੜ ਕੇ ਵਿਰੋਧ ਜਤਾਇਆ। ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਦੋਸ਼ ਲਗਾਇਆ ਕਿ "ਆਪ ਸਰਕਾਰ ਨੇ ਬਿੱਲ 'ਚ ਰਵਿਦਾਸੀ ਅਤੇ ਵਾਲਮੀਕੀ ਸਮਾਜ ਦੇ ਪਵਿੱਤਰ ਗ੍ਰੰਥਾਂ ਅਤੇ ਮੂਰਤੀਆਂ ਦੀ ਬੇਅਦਬੀ ਲਈ ਕੋਈ ਸਜ਼ਾ ਦਾ ਪ੍ਰਬੰਧ ਨਹੀਂ ਕੀਤਾ।''

ਇਸ ਨਾਲ 'ਆਪ' ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਸਰਕਾਰ ਦਲਿਤ ਸਮਾਜ ਨਾਲ ਨਫ਼ਰਤ ਕਰਦੀ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਬਿੱਲ 'ਚ ਦਲਿਤ ਸਮਾਜ ਦੀਆਂ ਭਾਵਨਾਵਾਂ ਨੂੰ ਸ਼ਾਮਲ ਨਾ ਕੀਤਾ, ਤਾਂ ਭਾਜਪਾ ਸੜਕਾਂ 'ਤੇ ਉਤਰ ਕੇ ਵਿਰੋਧ ਪ੍ਰਦਰਸ਼ਨ ਕਰੇਗੀ।

ਭਾਜਪਾ ਦੇ ਸੂਬਾ ਜਨਰਲ ਸਕੱਤਰ ਡਾ. ਜਗਮੋਹਨ ਸਿੰਘ ਰਾਜੂ ਨੇ ਵੀ ਬਿੱਲ ਨੂੰ 'ਸਮੇਂ ਦੀ ਬਰਬਾਦੀ' ਕਰਾਰ ਦਿੰਦਿਆਂ ਕਿਹਾ, "ਇਸ 'ਚ 'ਬੇਅਦਬੀ' ਦੀ ਪਰਿਭਾਸ਼ਾ ਹੀ ਸਪੱਸ਼ਟ ਨਹੀਂ। ਇਹ ਮਹਿਜ਼ ਸਿਆਸੀ ਸਟੰਟ ਹੈ।''

## ਬੇਅਦਬੀ ਦੇ ਮਾਮਲੇ ਵਿਚ ਕਾਂਗਰਸ ਵਿਚ ਅੰਦਰੂਨੀ ਕਲੇਸ਼: ਪ੍ਰਗਟ ਸਿੰਘ ਤੇ ਰੰਧਾਵਾ ਦੀ ਜੰਗ ਛਿੜੀ

ਕਾਂਗਰਸ ਪਾਰਟੀ ਵਿਚ ਵੀ ਇਸ ਮਸਲੇ ਨੇ ਅੰਦਰੂਨੀ ਕਲੇਸ਼ ਨੂੰ ਜਨਮ ਦਿੱਤਾ ਹੈ। ਕਾਂਗਰਸ ਵਿਧਾਇਕ ਪ੍ਰਗਟ ਸਿੰਘ ਨੇ ਦਾਅਵਾ ਕੀਤਾ ਸੀ ਕਿ ਬੇਅਦਬੀ ਮਾਮਲਿਆਂ 'ਚ ਕਾਂਗਰਸ ਸਰਕਾਰ ਦੋ ਧੜਿਆਂ ਵਿਚ ਵੰਡੀ ਹੋਈ ਸੀ। ਇਕ ਧੜਾ ਸਖ਼ਤ ਕਾਰਵਾਈ ਚਾਹੁੰਦਾ ਸੀ, ਜਦਕਿ ਦੂਜਾ ਧੜਾ ਇਸ ਦੇ ਵਿਰੁੱਧ ਸੀ। ਇਸ ਬਿਆਨ ਨੇ ਕਾਂਗਰਸ ਵਿਚ ਹੰਗਾਮਾ ਮਚਾ ਦਿੱਤਾ ਅਤੇ ਮਾਮਲਾ ਪਾਰਟੀ ਦੀ ਹਾਈਕਮਾਨ ਤੱਕ ਪਹੁੰਚ ਗਿਆ। ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਪ੍ਰਗਟ ਸਿੰਘ ਦੇ ਬਿਆਨ ਨੂੰ ਗਲਤ ਕਰਾਰ ਦਿੱਤਾ। ਅਸਲ ਵਿਚ ਪ੍ਰਗਟ ਸਿੰਘ ਨੇ ਕਾਂਗਰਸ ਵਿਚਲੇ ਭੇਦ ਖੋਲੇ ਸਨ ਜੋ ਇਸ ਬਾਰੇ ਨਿਆਂ ਵਿਚ ਅੜਿਕਾ ਬਣੇ ਹੋਏ ਸਨ। ਹਾਲਾਂ ਕਿ ਉਨ੍ਹਾਂ ਕਿਸੇ ਕਾਂਗਰਸੀ ਦਾ ਨਾਮ ਨਹੀਂ ਲਿਆ ਸੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਤੇ ਸਿੱਖ ਮਸਲੇ ਚੁਕਣ ਕਾਰਣ ਪ੍ਰਗਟ ਸਿੰਘ ਪੰਜਾਬੀਆਂ ਦੇ ਹਰਮਨ ਪਿਆਰੇ ਬਣ ਰਹੇ ਹਨ। ਹਾਈਕਮਾਂਡ ਵਿਚ ਉਨ੍ਹਾਂ ਦੀ ਪਛਾਣ ਬਣੀ ਹੋਈ ਹੈ ਜੋ ਕਾਂਗਰਸ ਦੇ ਸੀਨੀਅਰ ਲੀਡਰਾਂ ਨੂੰ ਔਖਾ ਕਰ ਰਹੀ ਹੈ।



# ਯੂ ਕੇ ਫੇਰੀ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀਰਵਾਰ ਨੂੰ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਨਾਲ ਮੁਕਤ ਵਪਾਰ ਸਮਝੌਤੇ ਨੂੰ ਦੇਣਗੇ ਅੰਤਮ ਛੋਹਾਂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਫੇਰੀ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਤੋਂ ਯੂ ਕੇ ਫੇਰੀ ਤੇ ਆ ਰਹੇ ਹਨ। ਸੂਤਰਾਂ ਅਨੁਸਾਰ ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਵੀਰਵਾਰ ਨੂੰ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮਿਲ ਕੇ 120 ਅਰਬ ਡਾਲਰ ਦੇ ਮੁਕਤ ਵਪਾਰ ਸਮਝੌਤੇ ਨੂੰ ਅੰਤਮ ਛੋਹਾਂ ਦਿੰਦੇ ਹੋਏ ਦਸਤਖ਼ਤ ਕਰਨਗੇ। ਇਸ ਮੌਕੇ ਉਹਨਾਂ ਨਾਲ ਕੇਂਦਰੀ ਮੰਤਰੀ ਪਿਊਸ਼ ਗੋਇਲ ਵੀ ਯੂ ਕੇ ਫੇਰੀ ਤੇ ਆ ਰਹੇ ਹਨ।**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯੂ ਕੇ ਦੌਰੇ ਅਤੇ ਮੁਕਤ ਵਪਾਰ ਸਮਝੌਤੇ (ਐਫ ਟੀ ਏ) 'ਤੇ ਦਸਤਖ਼ਤ ਤੋਂ ਪਹਿਲਾਂ, ਦੇਸ਼ ਦੇ ਪ੍ਰਮੁੱਖ 'ਥਿੰਕ ਟੈਂਕ' ਨੇ ਮੰਗਲਵਾਰ ਨੂੰ ਬਰਤਾਨੀਆਂ ਦੀ ਇੰਡੋ-ਪੈਸੀਫਿਕ ਰਣਨੀਤੀ ਨੂੰ ਮੁੜ ਡਿਜ਼ਾਈਨ ਕਰਨ ਦਾ ਸੱਦਾ ਦਿੱਤਾ। ਥਿੰਕ ਟੈਂਕ ਨੇ ਕਿਹਾ ਕਿ ਇਹ ਰਣਨੀਤੀ ਸਿਰਫ਼ ਵਪਾਰ ਸਮਝੌਤੇ ਤੱਕ ਸੀਮਤ ਨਹੀਂ ਹੋਣੀ ਚਾਹੀਦੀ ਸਗੋਂ ਭਾਰਤ ਨਾਲ ਇੱਕ ਵਿਆਪਕ ਸਾਂਝੇਦਾਰੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

'ਰੋਇਲ ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਅਫੇਅਰਜ਼', ਜਿਸਨੂੰ ਆਮ ਤੌਰ 'ਤੇ 'ਚੈਥਮ ਹਾਊਸ' ਵਜੋਂ ਜਾਣਿਆ ਜਾਂਦਾ ਹੈ, ਨੇ 'ਬਰਤਾਨੀਆਂ ਲਈ ਇੰਡੋ-ਪੈਸੀਫਿਕ ਖੇਤਰ ਨੂੰ ਉੱਚ ਤਰਜੀਹ ਕਿਉਂ ਦਿੱਤੀ ਜਾਣੀ ਚਾਹੀਦੀ ਹੈ' ਸਿਰਲੇਖ ਵਾਲਾ ਇੱਕ ਖੋਜ ਪੱਤਰ ਜਾਰੀ ਕੀਤਾ ਹੈ। ਖੋਜ ਪੱਤਰ ਚੇਤਾਵਨੀ ਦਿੰਦਾ ਹੈ ਕਿ ਜੇਕਰ ਰਣਨੀਤੀ ਸਿਰਫ਼ ਦੁਵੱਲੇ ਸਬੰਧਾਂ 'ਤੇ ਕੇਂਦ੍ਰਿਤ ਰਹਿੰਦੀ ਹੈ ਅਤੇ ਵਿਸ਼ਾਲ ਦੱਖਣੀ ਏਸ਼ੀਆਈ ਖੇਤਰ ਨੂੰ ਨਜ਼ਰਅੰਦਾਜ਼ ਕਰਦੀ ਹੈ, ਜੋ ਕਿ ਭਾਰਤ ਵਾਂਗ ਆਰਥਿਕ ਵਿਕਾਸ ਦੀ ਗਤੀ 'ਤੇ ਨਹੀਂ ਹੈ, ਤਾਂ ਇਹ ਬਰਤਾਨੀਆਂ ਦੇ ਖੇਤਰੀ ਹਿੱਤਾਂ ਲਈ ਸੀਮਤ ਪ੍ਰਭਾਵ ਸਾਬਤ ਹੋ ਸਕਦੀ ਹੈ। ਇਹ ਨਵੀਂ ਭਾਰਤ ਯੂ ਕੇ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਫਰਾਂਸ, ਆਸਟ੍ਰੇਲੀਆ ਅਤੇ ਅਮਰੀਕਾ ਵਰਗੇ ਹੋਰ ਦੇਸ਼ਾਂ ਨੂੰ ਸ਼ਾਮਲ ਕਰਦੇ ਹੋਏ ਹੋਰ ਤਿਕੋਣੀ ਸਹਿਯੋਗ ਦੀ ਵੀ ਮੰਗ ਕਰਦਾ ਹੈ।

ਲੰਡਨ ਸਥਿਤ ਥਿੰਕ ਟੈਂਕ ਦੇ ਵਿਸ਼ਲੇਸ਼ਣ ਵਿੱਚ ਕਿਹਾ ਗਿਆ ਹੈ, "ਦੱਖਣੀ ਏਸ਼ੀਆ ਵਿੱਚ, ਭਾਰਤ ਨਾਲ ਇੱਕ ਸੀਮਤ ਵਪਾਰ ਸਮਝੌਤੇ ਨੂੰ ਸਫਲਤਾਪੂਰਵਕ ਅੰਤਿਮ ਰੂਪ ਦੇਣ ਤੋਂ ਬਾਅਦ, ਯੂ ਕੇ ਨੂੰ ਹੁਣ ਦੋਵਾਂ ਦੇਸ਼ਾਂ ਦੀਆਂ ਵਿਆਪਕ ਵਿਦੇਸ਼ ਨੀਤੀ ਤਰਜੀਹਾਂ (ਜਿਵੇਂ ਕਿ ਅਮਰੀਕਾ ਅਤੇ ਗਲੋਬਲ ਸਾਊਥ ਨਾਲ ਸ਼ਮੂਲੀਅਤ) ਦਾ ਬਿਹਤਰ ਲਾਭ ਉਠਾਉਣ ਲਈ ਦੁਵੱਲੇ ਸਹਿਯੋਗ ਦੇ ਦਾਇਰੇ ਨੂੰ ਵਧਾਉਣਾ ਚਾਹੀਦਾ ਹੈ।"

ਭਾਰਤ ਅਤੇ ਯੂ ਕੇ 6 ਮਈ ਨੂੰ ਇੱਕ ਐਫ ਟੀ ਏ 'ਤੇ ਸਹਿਮਤ ਹੋਏ ਸਨ ਜਿਸਦਾ ਉਦੇਸ਼ 2030 ਤੱਕ ਦੋਵਾਂ ਅਰਥਚਾਰਿਆਂ ਵਿਚਕਾਰ ਵਪਾਰ ਨੂੰ ਦੁੱਗਣਾ ਕਰਕੇ 120 ਬਿਲੀਅਨ ਅਮਰੀਕੀ ਡਾਲਰ ਕਰਨਾ ਹੈ। ਖਰੜਾ ਸਮਝੌਤਾ ਇਸ ਸਮੇਂ ਕਾਨੂੰਨੀ ਸਮੀਖਿਆ ਅਧੀਨ ਹੈ ਅਤੇ


ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਵੀਰਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮੁਲਾਕਾਤ ਦੌਰਾਨ ਰਸਮੀ ਤੌਰ 'ਤੇ ਦਸਤਖ਼ਤ ਕੀਤੇ ਜਾਣ ਦੀ ਉਮੀਦ ਹੈ।

ਦਸਤਾਵੇਜ਼ ਵਿੱਚ ਕਿਹਾ ਗਿਆ ਹੈ, "ਮਈ 2025 ਵਿੱਚ ਭਾਰਤ ਨਾਲ ਇੱਕ ਮੁਕਤ ਵਪਾਰ ਸਮਝੌਤੇ 'ਤੇ ਦਸਤਖ਼ਤ ਕਰਨ ਦਾ ਯੂ ਕੇ ਦਾ ਐਲਾਨ 2021 ਵਿੱਚ ਭਾਰਤ ਨਾਲ ਇੱਕ ਰਣਨੀਤਕ ਭਾਈਵਾਲੀ ਨੂੰ ਅੱਗੇ ਵਧਾਉਣ ਦੇ ਯਤਨਾਂ ਨੂੰ ਪੂਰਾ ਕਰਦਾ ਹੈ।" ਚੈਥਮ ਹਾਊਸ ਦੇ ਪੇਪਰ ਵਿੱਚ ਕਿਹਾ ਗਿਆ ਹੈ, "ਪਰ ਭਾਰਤ ਦੇ ਸੁਰੱਖਿਆਵਾਦੀ ਰੁਝਾਨਾਂ ਨੂੰ ਦੇਖਦੇ ਹੋਏ, ਕਿਸੇ ਵੀ ਅੰਤਿਮ ਸਮਝੌਤੇ ਨਾਲ ਦੁਵੱਲੇ ਆਰਥਿਕ ਸਬੰਧਾਂ ਵਿੱਚ ਕੋਈ ਵੱਡਾ ਬਦਲਾਅ ਆਉਣ ਦੀ ਸੰਭਾਵਨਾ ਨਹੀਂ ਹੈ। ਇਸ ਲਈ ਇਹ ਮਹੱਤਵਪੂਰਨ ਹੈ ਕਿ ਯੂ ਕੇ ਸਰਕਾਰ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਵਧਾਉਣ ਵਾਲੇ ਹੋਰ ਸਾਧਨਾਂ ਦਾ ਵੀ ਸਮਰਥਨ ਕਰੇ, ਜਿਵੇਂ ਕਿ 2024 ਵਿੱਚ ਸ਼ੁਰੂ ਕੀਤੀ ਗਈ ਤਕਨਾਲੋਜੀ ਸੁਰੱਖਿਆ ਪਹਿਲਕਦਮੀ।"

'ਥਿੰਕ ਟੈਂਕ' ਨੇ ਯੂ ਕੇ ਨੂੰ ਭਾਰਤ ਨਾਲ "ਮਹੱਤਵਪੂਰਨ" ਰਾਜਨੀਤਿਕ ਅਤੇ ਆਰਥਿਕ ਸਬੰਧਾਂ ਨੂੰ ਵਿਕਸਤ ਕਰਨਾ ਜਾਰੀ ਰੱਖਣ ਲਈ ਕਿਹਾ ਹੈ, ਪਰ ਨਾਲ ਹੀ ਆਪਣੇ ਆਪ ਨੂੰ ਸਿਰਫ਼ ਦੁਵੱਲੇ ਯੂ ਕੇ-ਭਾਰਤ ਸਬੰਧਾਂ ਤੱਕ ਸੀਮਤ ਰੱਖਣ ਦੀ ਬਜਾਏ ਵਿਆਪਕ ਖੇਤਰੀ ਏਕੀਕਰਨ ਅਤੇ ਵਿਕਾਸ ਨੂੰ ਤਰਜੀਹ ਦੇਣ ਦੀ ਸ਼ਿਫ਼ਾਰਸ਼ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ, "ਯੂ ਕੇ ਨੂੰ ਭਾਰਤ ਨਾਲ ਆਪਣੇ ਸਬੰਧਾਂ ਨੂੰ ਹਾਲ ਹੀ ਵਿੱਚ ਨੇਪਰੇ ਚੜ੍ਹੇ ਵਪਾਰ ਸਮਝੌਤੇ ਤੋਂ ਅੱਗੇ ਲਿਜਾਣਾ ਚਾਹੀਦਾ ਹੈ ਅਤੇ ਫਰਾਂਸ, ਆਸਟ੍ਰੇਲੀਆ ਜਾਂ ਅਮਰੀਕਾ ਵਰਗੇ ਦੇਸ਼ਾਂ ਨੂੰ ਸ਼ਾਮਲ ਕਰਨ ਵਾਲੇ ਸਹਿਯੋਗ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ।" ਇਹ ਪੇਪਰ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਇੰਡੋ-ਪੈਸੀਫਿਕ ਖੇਤਰ ਦੁਨੀਆ ਦੀ ਬਹੁਗਿਣਤੀ ਆਬਾਦੀ ਦਾ ਘਰ ਹੈ ਅਤੇ ਕੁਝ ਅਨੁਮਾਨਾਂ ਅਨੁਸਾਰ 2050 ਤੱਕ ਦੇ ਸਮੇਂ ਵਿੱਚ ਵਿਸ਼ਵ ਵਿਕਾਸ ਵਿੱਚ 50 ਪ੍ਰਤੀਸ਼ਤ ਤੋਂ ਵੱਧ ਯੋਗਦਾਨ ਪਾਵੇਗਾ।

# ਡਰਬੀ ਵਾਸੀ ਰਮਨਦੀਪ ਕੌਰ ਮਾਨ ਨੂੰ ਆਪਣੇ ਪਤੀ ਦੇ ਕਤਲ ਦੇ ਦੋਸ਼ ਵਿੱਚ ਮੌਤ ਦੀ ਸਜ਼ਾ

***ਡਰਬੀ (ਪੰਜਾਬ ਟਾਈਮਜ਼) – ਡਰਬੀ ਵਾਸੀ ਸੁਖਜੀਤ ਸਿੰਘ ਉਮਰ 34 ਸਾਲ ਨੂੰ ਕਤਲ ਕਰਨ ਦੇ ਦੋਸ਼ ਵਿੱਚ ਉਸ ਦੀ ਆਪਣੀ ਹੀ ਪਤਨੀ ਰਮਨਦੀਪ ਕੌਰ ਉਮਰ 37 ਸਾਲ ਨੂੰ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਹੈ । ਉਹਨਾਂ ਦੇ 9 ਸਾਲਾ ਪੁੱਤਰ ਅਰਜਨ ਦੀ ਗਵਾਹੀ ਤੇ ਇਸ ਘਿਨਾਉਣੇ ਜੁਰਮ ਤੋਂ ਪਰਦਾ ਚੁੱਕਿ-ਆ ਗਿਆ ਦੱਸਿਆ ਗਿਆ ਹੈ।***

ਅਦਾਲਤ ਨੂੰ ਦੱਸਿਆ ਗਿਆ ਕਿ ਆਪਣੇ ਬੱਚਿਆਂ ਦੇ ਪਿਓ ਸੁਖਜੀਤ ਸਿੰਘ ਦੇ ਖਾਣੇ ਵਿੱਚ ਡਰੱਗ ਪਾ ਕੇ ਉਸ ਨੂੰ ਗੂੜ੍ਹੀ ਨੀਂਦ ਸੁਲਾਉਣ ਪਿੱਛੋਂ ਉਸ ਦੀ ਧੌਣ ਵੱਢ ਕੇ ਕਤਲ ਕਰ ਦਿੱਤਾ ਗਿਆ ਸੀ, ਜਿਸ ਦੀ ਗਵਾਹੀ ਉਹਨਾਂ ਦੇ 9 ਸਾਲਾ ਬੱਚੇ ਦਿੱਤੀ ।

ਰਮਨਦੀਪ ਕੌਰ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਜਦੋਂ ਉਹ 2016 ਵਿੱਚ ਭਾਰਤ ਵਿੱਚ ਛੁੱਟੀਆਂ ਮਨਾਉਣ ਗਏ ਹੋਏ ਸਨ, ਆਪਣੇ ਪਤੀ ਸੁਖਜੀਤ ਸਿੰਘ ਨੂੰ ਕਤਲ ਕਰ ਦਿੱਤਾ ਸੀ। ਸ਼ਾਹਜਹਾਨ ਪੁਰ ਦੀ ਜ਼ਿਲ੍ਹਾ ਅਦਾਲਤ ਦੇ ਜੱਜ ਨੇ ਫ਼ੈਸਲਾ ਸੁਣਾਇਆ ਕਿ ਰਮਨਦੀਪ ਮਾਨ ਨੇ ਆਪਣੇ ਪ੍ਰੇਮੀ ਗੁਰਪ੍ਰੀਤ ਸਿੰਘ ਦੀ ਮਦਦ ਨਾਲ ਗੂੜ੍ਹੀ ਨੀਂਦ ਵਿੱਚ ਸੁੱਤੇ ਆਪਣੇ ਪਤੀ ਸੁਖਜੀਤ ਦਾ ਗਲ ਵੱਢ ਕੇ ਉਸ ਨੂੰ ਮਾਰ ਦਿੱਤਾ ਸੀ । ਅਦਾਲਤ ਵਿੱਚ ਇਹ ਵੀ ਦੱਸਿਆ ਗਿਆ ਸੀ ਕਿ ਇਸ ਕਤਲ ਪਿੱਛੇ ਪੈਸੇ ਦੀ ਵੱਡੀ ਰਕਮ ਦਾ ਚੱਕਰ ਵੀ ਸੀ । ਸੁਖਜੀਤ ਸਿੰਘ ਨੂੰ ਮਾਰਨ ਤੋਂ ਪਹਿਲਾਂ ਉਸ ਦਾ 2 ਮਿਲੀਅਨ (ਵੀਹ ਲੱਖ) ਪੌਂਡ ਦਾ ਜੀਵਨ ਬੀਮਾ ਵੀ ਕਰਵਾਇਆ ਗਿਆ ਸੀ । ਸੋ ਉਸ ਦੀ ਮੌਤ ਨਾਲ ਇਹ ਰਕਮ ਉਹਨਾਂ ਨੂੰ ਮਿਲਣ ਵਾਲੀ ਸੀ । 2023 ਵਿੱਚ ਰਮਨਦੀਪ ਮਾਨ ਇਸ ਕਤਲ ਦੀ ਸਾਜਿਜ਼ ਰਚਣ ਅਤੇ ਉਸ ਨੂੰ ਮਾਰਨ ਦੀ ਦੋਸ਼ੀ ਐਲਾਨੀ ਗਈ ਸੀ। ਰਮਨਦੀਪ ਦੇ ਵਕੀਲ ਨੇ ਜਿਰਾਹ ਦੌਰਾਨ ਆਪਣੀ ਮੁਵੱਕਲ ਦਾ ਪੱਖ ਪੇਸ਼ ਕਰਦਿਆਂ ਕਿਹਾ ਸੀ ਕਿ ਉਸ ਦੇ ਬੱਚੇ ਨੂੰ ਇਹ ਝੂਠੀ ਗਵਾਹੀ ਦੇਣ ਲਈ ਫੁਸਲਾਇਆ ਗਿਆ ਹੈ ਕਿ ਉਹ ਅਦਾਲਤ ਵਿੱਚ ਚਸ਼ਮਦੀਦ ਵਜੋਂ ਗਵਾਹੀ ਦੇਵੇ।

ਰਮਨਦੀਪ ਮਾਨ ਦੀ ਕਾਨੂੰਨੀ ਟੀਮ ਨੇ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਮਾਨ ਦਾ ਪੁੱਤਰ ਜੋ ਹੁਣ 18 ਸਾਲਾਂ ਦਾ ਹੈ, ਉਸ ਨੂੰ ਉਹਦੀ ਦਾਦੀ, ਜਾਣੀ ਕਿ ਸੁਖਜੀਤ ਸਿੰਘ ਦੀ ਮਾਂ ਬੰਸ ਕੌਰ ਨੇ ਉਕਤ ਚਸ਼ਮਦੀਦ ਗਵਾਹੀ ਦੇਣ ਲਈ ਮਨਾਇਆ ਸੀ । ਡੇਲੀ ਮੇਲ ਦੀ ਖ਼ਬਰ ਅਨੁਸਾਰ ਪੁਲਿਸ ਉਤੇ ਵੀਮਾਨ ਦੀ ਖਿਲਾਫ਼ ਇਹ ਕਹਾਣੀ ਘੜ੍ਹਨ ਦਾ ਦੋਸ਼ ਲਾਇਆ ਗਿਆ । ਰਮਨਦੀਪ ਕੌਰ ਮਾਨ ਲਗਾਤਾਰ ਕਤਲ ਦੇ ਦੋਸ਼ ਤੋਂ ਇਨਕਾਰ ਕਰਦੀ ਆਈ ਹੈ । ਉਸ ਦਾ ਕਹਿਣਾ ਸੀ


ਸੁਖਜੀਤ ਸਿੰਘ ਅਤੇ ਉਸ ਦੀ ਕਾਤਲ ਪਤਨੀ ਰਮਨਦੀਪ ਕੌਰ

ਕਿ ਉਹਦੇ ਪਤੀ ਦੇ ਪਰਿਵਾਰ ਵੱਲੋਂ ਸੁਖਜੀਤ ਦੀ ਭਾਰਤ ਵਿੱਚ ਸਾਰੀ ਜ਼ਮੀਨ ਹਥਿਆਉਣ ਲਈ ਉਸ ਉਤੇ ਕਤਲ ਦੇ ਦੋਸ਼ ਲਗਾਏ ਗਏ ਹਨ । ਇਸ ਮੌਕੇ ਰਮਨਦੀਪ ਮਾਨ ਉੱਤਰ ਪ੍ਰਦੇਸ਼ ਵਿੱਚ ਸ਼ਾਹਜਹਾਨਪੁਰ ਦੀ ਜ਼ਿਲ੍ਹਾ ਜੇਹਲ ਵਿੱਚ ਹੋਰ 55 ਕੈਦੀ ਔਰਤਾਂ ਸਮੇਤ ਬੰਦ ਹੈ ।

ਸੁਖਜੀਤ ਸਿੰਘ ਦੀ ਮਾਂ ਬੰਸ ਕੌਰ ਨੇ ਕਿਹਾ ਕਿ ਰਮਨਦੀਪ ਕੌਰ ਬਹੁਤ ਚਲਾਕ ਔਰਤ ਹੈ, ਉਸ ਜੇਹਲ ਅਧਿਕਾਰੀਆਂ ਪਾਸੋਂ ਕਈ ਤਰ੍ਹਾਂ ਦੀਆਂ ਰਿਆਇਤਾਂ ਹਾਸਲ ਕਰਨਾ ਚਾਹੁੰਦੀ ਹੈ। ਉਸ ਨੇ ਕਿਹਾ ਕਿ ਇਹ ਗਲਤ ਹੈ ਕਿ ਮੈਂ ਆਪਣੇ ਪੋਤੇ ਅਰਜਨ ਨੂੰ ਕੁੱਝ ਸਿਖਾ ਕੇ ਮਾਨ ਦੇ ਵਿਰੁੱਧ ਬਿਆਨ ਦਿਵਾਇਆ ਹੋਵੇ। ਉਸ ਨੇ ਉਹੀ ਕੁੱਝ ਦੱਸਿਆ ਸੀ, ਜੋ ਉਸ ਨੇ ਦੇਖਿਆ ਸੀ । ਇਕ ਛੋਟੇ ਬੱਚੇ ਨੂੰ ਤੁਸੀਂ ਕਿਵੇਂ ਸਿਖਾ ਸਕਦੇ ਹੋ ਕਿ ਅਦਾਲਤ ਵਿੱਚ ਕੀ ਕਹਿਣਾ ਹੈ। ਅਸੀਂ ਉਸ ਦੀ ਅਪੀਲ ਨੂੰ ਅਦਾਲਤ ਵਿੱਚ ਚੈਲੰਜ ਕਰਾਂਗੇ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਹਨੇ ਹੀ ਮੇਰੇ ਪੁੱਤਰ ਨੂੰ ਮਾਰਿਆ ਹੈ। "ਮੈਂ ਆਪਣੇ ਪੁੱਤਰ ਨੂੰ ਇਨਸਾਫ਼ ਦਿਵਾਉਣ ਲਈ ਅੰਤ ਤੱਕ ਲੜਾਈ ਕਰਾਂਗੀ, ਕਿਉਂਕਿ ਇਸ ਔਰਤ ਨੇ ਨਾ-ਮੁਆਫ਼ੀ ਯੋਗ ਗੁਨਾਹ ਕੀਤਾ ਹੈ । ਮੈਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਕਿ ਉਹ ਹੁਣ ਕਿਸ ਤਰ੍ਹਾਂ ਦੀ ਚਿੱਤਰਕਾਰ ਬਣ ਗਈ ਹੈ ਤੇ ਉਹ ਕਿਹੋ ਜਿਹੇ ਚੰਗੀ ਕੈਦਣ ਹੈ, ਇਸ ਦਾ ਹੁਣ ਕੋਈ ਮਤਲਬ ਨਹੀਂ ਹੈ।"

ਆਪਣੀ ਮਾਂ ਨੂੰ ਸਜ਼ਾ ਸੁਣਾਏ ਜਾਣ ਤੇ ਅਰਜਨ ਨੇ ਮੀਡੀਆ ਨੂੰ ਦੱਸਿਆ ਕਿ ਉਸ ਨੂੰ ਇਸ ਦਾ ਕੋਈ ਪਛਤਾਵਾ ਨਹੀਂ ਕਿ ਉਸ ਨੇ ਅਦਾਲਤ ਵਿੱਚ ਮਾਂ ਦੇ ਵਿਰੁੱਧ ਕੀ ਗਵਾਹੀ ਤੇ ਸਬੂਤ ਦਿੱਤੇ ਸਨ, ਉਹ ਉਸ ਨੂੰ ਫਾਂਸੀ ਤੇ ਲਟਕਾਏ ਜਾਣ ਨੂੰ ਖੁਦ ਦੇਖਣਾ ਚਾਹੁੰਦਾ ਹੈ। ਉਸ ਨੇ ਕਿਹਾ ਕਿ ਉਹਨੇ ਆਪਣੀ ਅੱਖੀਂ ਦੇਖਿਆ ਸੀ ਕਿ ਉਹਦੀ ਮਾਂ ਨੇ ਉਸ ਦੇ ਪਿਤਾ ਦੇ ਮੂੰਹ ਉਤੇ ਸਰਾਣਾ ਰੱਖ ਕੇ ਉਸ ਦਾ ਸਾਹ ਬੰਦ ਕੀਤਾ ਤੇ ਉਹਦੇ ਪ੍ਰੇਮੀ ਗੁਰਪ੍ਰੀਤ ਨੇ ਹਥੌੜੇ ਨਾਲ ਉਸ ਦੇ ਸਿਰ ਉੱਤੇ ਵਾਰ ਕੀਤਾ ਸੀ, ਮਾਨ ਨੇ ਆਪਣੇ ਹੀ ਪਤੀ ਦਾ ਕਿਵੇਂ ਗਲਾ ਕੱਟ ਦਿੱਤਾ ਸੀ ।

# ਪੰਜਾਬ ਸਰਕਾਰ ਦੀ ਪਾਲਿਸੀ ਲੈਂਡ ਪੂਲਿੰਗ ਨੀਤੀ ਦਾ ਕਿਸਾਨਾਂ ਵਲੋਂ ਵਿਰੋਧ ਅਤੇ ਅੰਦੋਲਨ ਦਾ ਐਲਾਨ

**✪ ਅੰਦੋਲਨ ਤੋਂ ਡਰਦਿਆ ਪੰਜਾਬ ਸਰਕਾਰ ਦੇ ਨੀਤੀ ਵਿੱਚ ਬਦਲਾਅ : ਕਿਸਾਨਾਂ ਨੂੰ ਦਿੱਤੇ ਨਵੇਂ ਲਾਲਚ ✪ ਸੰਯੁਕਤ ਕਿਸਾਨ ਮੋਰਚਾ ਵਲੋਂ ਦਿੱਲੀ ਦੀ ਤਰਜ਼ 'ਤੇ ਸੰਘਰਸ਼ ਦੀ ਤਿਆਰੀ ✪ ਖੇਤੀਬਾੜੀ ਜ਼ਮੀਨ 'ਤੇ ਖ਼ਤਰਾ : ਕਿਸਾਨਾਂ ਦੀਆਂ ਚਿੰਤਾਵਾਂ ਅਤੇ ਸਰਕਾਰ ਦਾ ਜਵਾਬ**



**ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਪੰਜਾਬ ਵਿੱਚ ਸਰਕਾਰ ਅਤੇ ਕਿਸਾਨਾਂ ਵਿਚਕਾਰ ਟਕਰਾਅ ਵਧਦਾ ਜਾ ਰਿਹਾ ਹੈ। ਸਰਕਾਰ ਜਿੱਥੇ ਇਸ ਨੀਤੀ ਨੂੰ ਵਿਕਾਸ ਦੀ ਚਾਬੀ ਦੱਸ ਰਹੀ ਹੈ, ਉੱਥੇ ਕਿਸਾਨ ਇਸ ਨੂੰ ਆਪਣੀ ਜ਼ਮੀਨ ਅਤੇ ਜੀਵਿਕਾ 'ਤੇ ਹਮਲੇ ਵਜੋਂ ਵੇਖ ਰਹੇ ਹਨ। ਅਗਲੇ ਕੁਝ ਹ਼ਫ਼ਤਿਆਂ ਵਿੱਚ ਟਰੈਕਟਰ ਮਾਰਚ ਅਤੇ ਮਹਾ ਕਾਨ਼ਫ਼ਰੰਸ ਨਾਲ ਇਹ ਅੰਦੋਲਨ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।**

## ਨਿਊਜ਼ ਵਿਸ਼ਲੇਸ਼ਣ

ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਨੂੰ ਲੈ ਕੇ ਸੂਬੇ ਵਿੱਚ ਸਿਆਸੀ ਅਤੇ ਕਿਸਾਨ ਜਥੇਬੰਦੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਨੇ ਇਸ ਨੀਤੀ ਖ਼ਿਲਾ਼ਫ਼ ਦਿੱਲੀ ਦੇ ਕਿਸਾਨ ਅੰਦੋਲਨ ਦੀ ਤਰਜ਼ 'ਤੇ ਸੰਘਰਸ਼ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ, ਸਰਕਾਰ ਨੇ ਕਿਸਾਨਾਂ ਦੀ ਨਾਰਾਜ਼ਗੀ ਨੂੰ ਘਟਾਉਣ ਲਈ ਨੀਤੀ ਵਿੱਚ ਕੁਝ ਬਦਲਾਅ ਕਰਨ ਦਾ ਼ਫ਼ੈਸਲਾ ਵੀ ਕੀਤਾ ਹੈ। ਪਰ ਸਵਾਲ ਇਹ ਹੈ ਕਿ ਕੀ ਸਰਕਾਰ ਦੀਆਂ ਇਹ ਕੋਸ਼ਿਸ਼ਾਂ ਕਿਸਾਨਾਂ ਨੂੰ ਸੰਤੁਸ਼ਟ ਕਰ ਸਕਣਗੀਆਂ ? ਅਤੇ ਕੀ ਇਹ ਨੀਤੀ ਪੰਜਾਬ ਦੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਾਏਗੀ ?

### ਕਿਸਾਨਾਂ ਦੀ ਨਾਰਾਜ਼ਗੀ ਅਤੇ ਅੰਦੋਲਨ ਦਾ ਐਲਾਨ

ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ 'ਕਿਸਾਨ ਵਿਰੋਧੀ' ਅਤੇ 'ਪਿੰਡਾਂ ਨੂੰ ਉਜਾੜਨ ਵਾਲੀ' ਨੀਤੀ ਕਰਾਰ ਦਿੱਤਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਸ ਨੀਤੀ ਤਹਿਤ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ 'ਤੇ 'ਲਾਲ ਐਂਟਰੀ' ਪਾ ਦਿੱਤੀ ਹੈ, ਜਿਸ ਕਾਰਨ ਕਿਸਾਨ ਨਾ ਤਾਂ ਆਪਣੀ ਜ਼ਮੀਨ ਵੇਚ ਸਕਦੇ ਹਨ ਅਤੇ ਨਾ ਹੀ ਇਸ 'ਤੇ ਕਰਜ਼ਾ ਲੈ ਸਕਦੇ ਹਨ। ਕਿਸਾਨ ਆਗੂ ਰਮਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਇਹ ਨੀਤੀ ਪਿੰਡਾਂ ਦੀ ਖੇਤੀਬਾੜੀ ਨੂੰ ਤਬਾਹ ਕਰਨ ਦੀ ਸਾਜ਼ਿਸ਼ ਹੈ ਅਤੇ ਇਸ ਨਾਲ ਰਸੂਖਵਾਨ ਲੋਕਾਂ ਦੇ ਕਾਲੇ ਧਨ ਨੂੰ ਸ਼ਫ਼ੈਦ ਕਰਨ ਦੀ ਤਜਵੀਜ਼ ਸਾਹਮਣੇ ਆਉਂਦੀ ਹੈ।

ਐੱਸਕੇਐੱਮ ਨੇ ਇਸ ਨੀਤੀ ਦੇ ਵਿਰੋਧ ਵਿੱਚ 30 ਜੁਲਾਈ ਨੂੰ ਸੂਬੇ ਭਰ ਵਿੱਚ ਟਰੈਕਟਰ ਮਾਰਚ ਅਤੇ 24 ਅਗਸਤ ਨੂੰ ਮਹਾ ਕਾਨ਼ਫ਼ਰੰਸ ਕਰਨ ਦਾ ਐਲਾਨ ਕੀਤਾ ਹੈ। ਇਹ ਅੰਦੋਲਨ 2020-21 ਦੇ ਦਿੱਲੀ ਕਿਸਾਨ ਅੰਦੋਲਨ ਦੀ ਤਰਜ਼ 'ਤੇ ਹੋਵੇਗਾ, ਜਿਸ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਇਆ ਸੀ।

ਸਰਬ ਪਾਰਟੀ ਮੀਟਿੰਗ ਵਿੱਚ ਦਸ ਸਿਆਸੀ ਪਾਰਟੀਆਂ, ਜਿਨ੍ਹਾਂ ਵਿੱਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਜਪਾ, ਬਹੁਜਨ ਸਮਾਜ ਪਾਰਟੀ ਅਤੇ ਵੱਖ-ਵੱਖ ਵਾਮਪੰਥੀ ਜਥੇਬੰਦੀਆਂ ਸ਼ਾਮਲ ਸਨ, ਨੇ ਐੱਸਕੇਐੱਮ ਦੇ ਅੰਦੋਲਨ ਨੂੰ ਸਮਰਥਨ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਭਾਜਪਾ, ਜੋ ਪਹਿਲਾਂ ਕਿਸਾਨ ਅੰਦੋਲਨ ਦੇ ਵਿਰੋਧ ਵਿੱਚ ਸੀ, ਨੇ ਵੀ ਇਸ ਵਾਰ ਸਮਰਥਨ ਦਾ ਐਲਾਨ ਕੀਤਾ, ਜੋ ਸਿਆਸੀ ਤੌਰ 'ਤੇ ਵੱਡਾ ਸੰਕੇਤ ਹੈ।

ਪਰ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦਾ ਕੋਈ ਨੁਮਾਇੰਦਾ ਇਸ ਮੀਟਿੰਗ ਵਿੱਚ ਨਹੀਂ ਪੁੱਜਿਆ, ਹਾਲਾਂਕਿ ਉਨ੍ਹਾਂ ਨੂੰ ਰਸਮੀ ਸੱਦਾ ਪੱਤਰ ਦਿੱਤਾ ਗਿਆ ਸੀ। ਕਿਸਾਨ ਆਗੂਆਂ ਨੇ 'ਆਪ' ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਕਿਸਾਨਾਂ ਦੇ ਮੁੱਦਿਆਂ ਪ੍ਰਤੀ ਗੰਭੀਰ ਨਹੀਂ ਹੈ ਅਤੇ ਲੋਕਾਂ ਦਾ ਸਾਹਮਣਾ ਕਰਨ ਤੋਂ ਡਰ ਰਹੀ ਹੈ।

### ਸਰਕਾਰ ਦੇ ਬਦਲਾਅ ਅਤੇ ਲਾਲਚ

ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਵਿੱਚ ਕੁਝ ਸੋਧਾਂ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨੀਤੀ ਦਾ ਮਕਸਦ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਾਉਣਾ ਨਹੀਂ, ਸਗੋਂ ਯੋਜਨਾਬੱਧ ਸ਼ਹਿਰੀਕਰਨ ਅਤੇ ਵਿਕਾਸ ਨੂੰ ਉਤਸ਼ਾਹ ਦੇਣਾ ਹੈ। ਸਰਕਾਰ ਨੇ ਼ਫ਼ੈਸਲਾ ਕੀਤਾ ਹੈ ਕਿ ਕਿਸਾਨਾਂ ਨੂੰ ਪ੍ਰਤੀ ਏਕੜ 50,000 ਰੁਪਏ ਸਾਲਾਨਾ ਪੇਸ਼ਗੀ ਰਕਮ ਦਿੱਤੀ ਜਾਵੇਗੀ, ਜੋ ਜ਼ਮੀਨ 'ਤੇ ਵਿਕਾਸ ਕਾਰਜ ਸ਼ੁਰੂ ਹੋਣ ਤੱਕ ਮਿਲਦੀ ਰਹੇਗੀ। ਪਹਿਲਾਂ ਇਹ ਰਕਮ 30,000 ਰੁਪਏ ਸੀ, ਜਿਸ ਨੂੰ ਹੁਣ ਵਧਾਇਆ ਗਿਆ ਹੈ। ਜਦੋਂ ਵਿਕਾਸ ਕੰਮ ਸ਼ੁਰੂ ਹੋਣਗੇ, ਤਾਂ ਇਹ ਰਕਮ ਵਧਾ ਕੇ 1,00,000 ਰੁਪਏ ਪ੍ਰਤੀ ਏਕੜ ਕਰ ਦਿੱਤੀ ਜਾਵੇਗੀ, ਅਤੇ ਹਰ ਸਾਲ 10% ਵਾਧਾ ਵੀ ਕੀਤਾ ਜਾਵੇਗਾ।

ਸਰਕਾਰ ਦਾ ਦਾਅਵਾ ਹੈ ਕਿ ਜਦੋਂ ਤੱਕ ਵਿਕਾਸ ਕੰਮ ਸ਼ੁਰੂ ਨਹੀਂ ਹੁੰਦੇ, ਕਿਸਾਨ ਆਪਣੀ ਜ਼ਮੀਨ 'ਤੇ ਖੇਤੀ ਜਾਰੀ ਰੱਖ ਸਕਣਗੇ। ਇਸ ਤੋਂ ਇਲਾਵਾ, ਸਰਕਾਰ ਨੇ ਵਾਅਦਾ ਕੀਤਾ ਹੈ ਕਿ ਜ਼ਮੀਨ ਮਾਲਕਾਂ ਨੂੰ ਰਿਹਾਇਸ਼ੀ ਅਤੇ ਵਪਾਰਕ ਪਲਾਟ ਦਿੱਤੇ ਜਾਣਗੇ, ਜੋ ਉਨ੍ਹਾਂ ਲਈ ਆਮਦਨ ਦਾ ਸਥਾਈ ਸਰੋਤ ਬਣ ਸਕਣਗੇ। ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਜ਼ਮੀਨ ਮਾ਼ਫ਼ੀਆ ਨੂੰ ਉਤਸ਼ਾਹ ਦੇ ਕੇ ਕਿਸਾਨਾਂ ਨੂੰ ਲੁੱਟਿਆ, ਪਰ 'ਆਪ' ਸਰਕਾਰ ਦੀ ਨੀਤੀ ਕਿਸਾਨਾਂ ਦੇ ਹਿੱਤ ਵਿੱਚ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਜ਼ਮੀਨ ਸਿਰ਼ਫ਼ ਕਿਸਾਨਾਂ ਦੀ ਸਹਿਮਤੀ ਨਾਲ ਹੀ ਲਈ ਜਾਵੇਗੀ ਅਤੇ ਧੱਕੇ ਨਾਲ ਨਹੀਂ।

ਸਰਕਾਰ ਨੇ 164 ਪਿੰਡਾਂ ਦੇ ਕਿਸਾਨਾਂ ਅਤੇ ਵਸਨੀਕਾਂ ਨਾਲ ਚੰਡੀਗੜ੍ਹ ਵਿੱਚ ਮੀਟਿੰਗ ਕਰਕੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਕਿਸਾਨਾਂ ਨੇ ਸਰਕਾਰ ਨੂੰ ਸਵਾਲ ਕੀਤਾ ਕਿ 50,000 ਰੁਪਏ ਦਾ ਠੇਕਾ ਬਹੁਤ ਘੱਟ ਹੈ, ਕਿਉਂਕਿ ਉਹ 70,000 ਤੋਂ 80,000 ਰੁਪਏ ਸਾਲਾਨਾ ਕਮਾ ਲੈਂਦੇ ਹਨ। ਸਰਕਾਰ ਨੇ ਵਾਅਦਾ ਕੀਤਾ ਕਿ ਲੈਟਰ ਆ਼ਫ਼ ਇੰਟੈਂਟ 21 ਦਿਨਾਂ ਦੇ ਅੰਦਰ ਜਾਰੀ ਕੀਤਾ ਜਾਵੇਗਾ ਅਤੇ ਪੇਸ਼ਗੀ ਰਕਮ ਤੁਰੰਤ ਮਿਲਣੀ ਸ਼ੁਰੂ ਹੋ ਜਾਵੇਗੀ।

### ਕੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਹੋਵੇਗਾ ?

ਕਿਸਾਨ ਜਥੇਬੰਦੀਆਂ ਦਾ ਸਪੱਸ਼ਟ ਮੰਨਣਾ ਹੈ ਕਿ ਲੈਂਡ ਪੂਲਿੰਗ ਨੀਤੀ ਪੰਜਾਬ ਦੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਾਏਗੀ। ਪੰਜਾਬ ਦੀ ਅਰਥਚਾਰਾ ਮੁੱਖ ਤੌਰ 'ਤੇ ਖੇਤੀ 'ਤੇ ਨਿਰਭਰ ਹੈ, ਅਤੇ ਜ਼ਮੀਨ ਦੀ ਘਟਦੀ ਉਪਜਾਊ ਸਮਰੱਥਾ ਪਹਿਲਾਂ ਹੀ ਚਿੰਤਾ ਦਾ ਵਿਸ਼ਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਹ ਨੀਤੀ ਜ਼ਮੀਨ ਨੂੰ ਵਪਾਰਕ ਅਤੇ ਰਿਹਾਇਸ਼ੀ ਵਰਤੋਂ ਲਈ ਬਦਲ ਦੇਵੇਗੀ, ਜਿਸ ਨਾਲ ਖੇਤੀਬਾੜੀ ਜ਼ਮੀਨ ਦੀ ਮਾਤਰਾ ਘਟੇਗੀ। ਇਸ ਨਾਲ ਨਾ ਸਿਰ਼ਫ਼ ਖੁਰਾਕੀ ਸੁਰੱਖਿਆ 'ਤੇ ਅਸਰ ਪਵੇਗਾ, ਸਗੋਂ ਪਿੰਡਾਂ ਦੀ ਸਮਾਜਿਕ ਅਤੇ ਸਭਿਆਚਾਰਕ ਬੁਨਿਆਦ ਵੀ ਢਹਿ-ਢੇਰੀ ਹੋ ਸਕਦੀ ਹੈ। ਇਸ ਦੇ ਨਾਲ ਹੀ, ਕਿਸਾਨਾਂ ਨੂੰ ਇਹ ਚਿੰਤਾ ਵੀ ਹੈ ਕਿ ਸਰਕਾਰ ਦੇ ਵਾਅਦੇ ਸਿਰ਼ਫ਼ ਕਾਗਜ਼ੀ ਹਨ। ਪਿਛਲੀਆਂ ਸਰਕਾਰਾਂ ਦੇ ਤਜਰਬਿਆਂ ਨੂੰ ਦੇਖਦਿਆਂ, ਕਿਸਾਨਾਂ ਨੂੰ ਡਰ ਹੈ ਕਿ ਉਨ੍ਹਾਂ ਦੀ ਜ਼ਮੀਨ ਸਸਤੇ ਵਿੱਚ ਲੈ ਕੇ ਵਪਾਰੀਆਂ ਅਤੇ ਰਸੂਖਵਾਨ ਲੋਕਾਂ ਨੂੰ ਼ਫ਼ਾਇਦਾ ਪਹੁੰਚਾਇਆ ਜਾਵੇਗਾ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਪਿੰਡਾਂ ਨੂੰ ਉਜਾੜਨ ਅਤੇ ਕਿਸਾਨਾਂ ਨੂੰ ਮਜ਼ਦੂਰ ਬਣਾਉਣ ਵੱਲ ਲੈ ਜਾਣਗੀਆਂ।

### ਸਰਕਾਰ ਦਾ ਜਵਾਬ ਅਤੇ ਭਵਿੱਖ

ਸਰਕਾਰ ਦਾ ਕਹਿਣਾ ਹੈ ਕਿ ਇਹ ਨੀਤੀ ਕਿਸਾਨਾਂ ਦੇ ਹਿੱਤ ਵਿੱਚ ਹੈ ਅਤੇ ਇਸ ਨਾਲ ਪੰਜਾਬ ਵਿੱਚ ਯੋਜਨਾਬੱਧ ਸ਼ਹਿਰੀਕਰਨ ਨੂੰ ਉਤਸ਼ਾਹ ਮਿਲੇਗਾ। ਸਰਕਾਰ ਦਾ ਦਾਅਵਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਗੈਰ-ਕਾਨੂੰਨੀ ਕਾਲੋਨੀਆਂ ਨੂੰ ਉਤਸ਼ਾਹ ਦਿੱਤਾ, ਜਿਨ੍ਹਾਂ ਵਿੱਚ ਮੁੱਢਲੀਆਂ ਸਹੂਲਤਾਂ ਜਿਵੇਂ ਸੜਕਾਂ, ਸੀਵਰੇਜ ਅਤੇ ਪਾਰਕ ਵੀ ਨਹੀਂ ਸਨ। ਪਰ 'ਆਪ' ਸਰਕਾਰ ਦੀ ਨੀਤੀ ਨਾਲ ਕਿਸਾਨਾਂ ਨੂੰ ਰਿਹਾਇਸ਼ੀ ਅਤੇ ਵਪਾਰਕ ਪਲਾਟ ਮਿਲਣਗੇ, ਜੋ ਉਨ੍ਹਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨਗੇ। ਪਰ ਕਿਸਾਨ ਜਥੇਬੰਦੀਆਂ ਸਰਕਾਰ ਦੇ ਇਨ੍ਹਾਂ ਵਾਅਦਿਆਂ 'ਤੇ ਭਰੋਸਾ ਨਹੀਂ ਕਰ ਰਹੀਆਂ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਇਸ ਨੀਤੀ ਦਾ ਨੋਟੀਫਿਕੇਸ਼ਨ ਪੂਰੀ ਤਰ੍ਹਾਂ ਰੱਦ ਕਰੇ। ਐੱਸਕੇਐੱਮ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ ਸਰਕਾਰ ਇਹ ਨੀਤੀ ਵਾਪਸ ਨਹੀਂ ਲੈਂਦੀ, ਅੰਦੋਲਨ ਜਾਰੀ ਰਹੇਗਾ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਵਿਵਹਾਰ ਉਹ ਸ਼ੀਸ਼ਾ ਹੈ, ਜਿਸ ਵਿਚ ਹਰ ਕਿਸੇ ਦਾ ਪ੍ਰਤੀਬਿੰਬ ਦੇਖਿਆ ਜਾ ਸਕਦਾ ਹੈ। – (ਗੇਟੇ)

# ਸੁਪਰੀਮ ਕੋਰਟ ਸਖਤ : ਈਡੀ ਦੀਆਂ ਹੱਦਾਂ ਤੇ ਸਵਾਲ ਖੜੇ ਕੀਤੇ

ਭਾਰਤ ਦੀ ਸੁਪਰੀਮ ਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀਆਂ ਕਾਰਵਾਈਆਂ 'ਤੇ ਸਖਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਜਾਂਚ ਏਜੰਸੀ "ਸਾਰੀਆਂ ਹੱਦਾਂ ਪਾਰ ਕਰ ਰਹੀ ਹੈ।" ਖਾਸ ਕਰਕੇ, ਵਕੀਲਾਂ ਨੂੰ ਸੰਮਨ ਜਾਰੀ ਕਰਨ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਗੰਭੀਰ ਚਿੰਤਾ ਜਤਾਈ ਹੈ। ਇਹ ਮੁੱਦਾ ਉਦੋਂ ਸਾਹਮਣੇ ਆਇਆ ਜਦੋਂ ਈਡੀ ਨੇ ਸੀਨੀਅਰ ਵਕੀਲਾਂ ਅਰਵਿੰਦ ਦਤਾਰ ਅਤੇ ਪ੍ਰਤਾਪ ਵੇਣੂਗੋਪਾਲ ਨੂੰ ਸੰਮਨ ਜਾਰੀ ਕੀਤੇ। ਚੀਫ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਸੋਮਵਾਰ ਨੂੰ ਸੂ ਮੋਟੋ ਸੁਣਵਾਈ ਦੌਰਾਨ ਇਸ ਮਸਲੇ 'ਤੇ ਡੂੰਘੀ ਨਰਾਜ਼ਗੀ ਜ਼ਾਹਰ ਕੀਤੀ ਅਤੇ ਕਿਹਾ ਕਿ ਵਕੀਲਾਂ ਨੂੰ ਕਾਨੂੰਨੀ ਸਲਾਹ ਦੇਣ ਜਾਂ ਮੁਵੱਕਲ ਦੀ ਨੁਮਾਇੰਦਗੀ ਕਰਨ ਲਈ ਸੰਮਨ ਕਰਨਾ ਕਾਨੂੰਨੀ ਪੇਸ਼ੇ ਦੀ ਸੁਤੰਤਰਤਾ 'ਤੇ ਸਿੱਧਾ ਹਮਲਾ ਹੈ। ਸੁਪਰੀਮ ਕੋਰਟ ਦੀ ਇਹ ਸਖਤੀ ਕਈ ਸਵਾਲ ਖੜ੍ਹੇ ਕਰਦੀ ਹੈ। ਈਡੀ, ਜੋ ਕਿ ਮਨੀ ਲਾਂਡਰਿੰਗ ਅਤੇ ਵਿੱਤੀ ਅਪਰਾਧਾਂ ਦੀ ਜਾਂਚ ਲਈ ਬਣਾਈ ਗਈ ਸੰਸਥਾ ਹੈ, ਨੂੰ ਅਕਸਰ ਸਰਕਾਰ ਦੀ ਕਠਪੁਤਲੀ ਵਜੋਂ ਵੇਖਿਆ ਜਾ ਰਿਹਾ ਹੈ। ਸੁਪਰੀਮ ਕੋਰਟ ਦੀ ਟਿੱਪਣੀ ਅਤੇ ਸਮਾਜ ਵਿੱਚ ਚੱਲ ਰਹੀ ਚਰਚਾ ਇਸ ਵੱਲ ਇਸ਼ਾਰਾ ਕਰਦੀ ਹੈ ਕਿ ਈਡੀ ਦੀਆਂ ਕਾਰਵਾਈਆਂ ਸਿਰਫ਼ ਜਾਂਚ ਦੇ ਨਾਂ 'ਤੇ ਨਹੀਂ, ਸਗੋਂ ਸਿਆਸੀ ਏਜੰਡਿਆਂ ਨੂੰ ਪੂਰਾ ਕਰਨ ਲਈ ਵਰਤੀਆਂ ਜਾ ਰਹੀਆਂ ਹਨ।

ਸੁਪਰੀਮ ਕੋਰਟ ਨੇ ਸਾਫ਼ ਕਿਹਾ ਕਿ ਵਕੀਲ ਅਤੇ ਮੁਵੱਕਲ ਵਿਚਕਾਰ ਗੱਲਬਾਤ ਇੱਕ ਵਿਸ਼ੇਸ਼ ਅਧਿਕਾਰ ਅਧੀਨ ਆਉਂਦੀ ਹੈ। ਅਜਿਹੇ ਵਿੱਚ, ਵਕੀਲਾਂ ਨੂੰ ਸੰਮਨ ਜਾਰੀ ਕਰਨਾ ਨਾ ਸਿਰਫ਼ ਕਾਨੂੰਨੀ ਨਿਯਮਾਂ ਦੀ ਉਲੰਘਣਾ ਹੈ, ਸਗੋਂ ਇਹ ਨਿਆਂ ਪ੍ਰਣਾਲੀ ਦੀ ਨੀਂਹ ਨੂੰ ਵੀ ਹਿਲਾ ਸਕਦਾ ਹੈ। ਚੀਫ ਜਸਟਿਸ ਨੇ ਸਵਾਲ ਚੁੱਕਿਆ, "ਵਕੀਲਾਂ ਨੂੰ ਨੋਟਿਸ ਕਿਵੇਂ ਜਾਰੀ ਕੀਤੇ ਜਾ ਸਕਦੇ ਹਨ?" ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਈਡੀ "ਸਾਰੀਆਂ ਹੱਦਾਂ ਪਾਰ ਕਰ ਰਿਹਾ ਹੈ।" ਇਹ ਟਿੱਪਣੀ ਸਿਰਫ਼ ਵਕੀਲਾਂ ਦੇ ਮਸਲੇ ਤੱਕ ਸੀਮਤ ਨਹੀਂ, ਸਗੋਂ ਇਹ ਜਮਹੂਰੀ ਤੇ ਕਨੂੰਨ ਵਿਰੋਧੀ ਪ੍ਰਵਿਰਤੀ ਵੱਲ ਵੀ ਇਸ਼ਾਰਾ ਕਰਦੀ ਹੈ ਜਿੱਥੇ ਜਾਂਚ ਏਜੰਸੀਆਂ ਦੀ ਸ਼ਕਤੀ ਦੀ ਦੁਰਪਯੋਗਤਾ ਸਾਹਮਣੇ ਆ ਰਹੀ ਹੈ।

ਵਕੀਲਾਂ ਨੂੰ ਸੰਮਨ ਜਾਰੀ ਕਰਨ ਦਾ ਮਸਲਾ ਕੋਈ ਨਵਾਂ ਨਹੀਂ। ਪਿਛਲੇ ਕੁਝ ਸਾਲਾਂ ਵਿੱਚ ਈਡੀ ਦੀਆਂ ਕਾਰਵਾਈਆਂ 'ਤੇ ਸਿਆਸੀ ਰੰਗਤ ਦੇ ਦੋਸ਼ ਲੱਗਦੇ ਰਹੇ ਹਨ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਨੇ ਇਸ ਮੁੱਦੇ 'ਤੇ ਚਿੰਤਾ ਜਤਾਉਂਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਵਕੀਲਾਂ ਨੂੰ ਆਪਣੇ ਪੇਸ਼ੇ ਵਿੱਚ ਸੁਤੰਤਰ ਅਤੇ ਇਮਾਨਦਾਰ ਸਲਾਹ ਦੇਣ ਤੋਂ ਰੋਕ ਸਕਦੀਆਂ ਹਨ। ਜੇ ਵਕੀਲਾਂ ਨੂੰ ਹੀ ਅਜਿਹੇ ਸੰਮਨਾਂ ਦਾ ਸਾਹਮਣਾ ਕਰਨਾ ਪਵੇ, ਤਾਂ ਉਹ ਆਪਣੇ ਮੁਵੱਕਲਾਂ ਦੀ ਪੂਰੀ ਹਿਮਾਇਤ ਕਿਵੇਂ ਕਰ ਸਕਣਗੇ?

ਸ਼ੋਸ਼ਲ ਮੀਡੀਆ ਦੀਆਂ ਪੋਸਟਾਂ ਵਿੱਚ ਕਿਹਾ ਗਿਆ ਕਿ ਈਡੀ ਨੂੰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ, ਜਿਸ ਨਾਲ ਇਸ ਦੀ ਨਿਰਪੱਖਤਾ 'ਤੇ ਸਵਾਲ ਉੱਠਦੇ ਹਨ। ਅਟਾਰਨੀ ਜਨਰਲ ਅਤੇ ਸਾਲਿਸਟਰ ਜਨਰਲ ਨੇ ਵੀ ਸੁਪਰੀਮ ਕੋਰਟ ਦੀਆਂ ਚਿੰਤਾਵਾਂ ਨੂੰ ਸਵੀਕਾਰ ਕੀਤਾ ਹੈ ਅਤੇ ਕਿਹਾ ਹੈ ਕਿ ਵਕੀਲਾਂ ਨੂੰ ਕਾਨੂੰਨੀ ਸਲਾਹ ਦੇਣ ਲਈ ਸੰਮਨ ਨਹੀਂ ਕੀਤਾ ਜਾਣਾ ਚਾਹੀਦਾ।

ਵਕੀਲਾਂ ਨੂੰ ਸੰਮਨ ਜਾਰੀ ਕਰਨ ਦੀ ਪ੍ਰਵਿਰਤੀ ਨਾਲ ਕਾਨੂੰਨੀ ਪੇਸ਼ੇ ਦੀ ਸੁਤੰਤਰਤਾ 'ਤੇ ਗੰਭੀਰ ਅਸਰ ਪੈ ਸਕਦਾ ਹੈ। ਜੇ ਵਕੀਲ ਆਪਣੇ ਮੁਵੱਕਲਾਂ ਨੂੰ ਸੁਤੰਤਰ ਅਤੇ ਬੇਖੌਫ ਸਲਾਹ ਦੇਣ ਤੋਂ ਡਰਨਗੇ, ਤਾਂ ਇਹ ਨਿਆਂ ਪ੍ਰਣਾਲੀ ਦੀ ਸਾਖ ਨੂੰ ਠੇਸ ਪਹੁੰਚਾਏਗਾ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀ ਨੁਮਾਇੰਦਗੀ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ "ਖਤਰਨਾਕ ਮਿਸਾਲ" ਕਾਇਮ ਕਰ ਰਹੀਆਂ ਹਨ। ਜ਼ਿਲ੍ਹਾ ਅਦਾਲਤਾਂ ਦੇ ਵਕੀਲਾਂ ਨੂੰ ਵੀ ਅਜਿਹੀਆਂ ਸੰਮਨਾਂ ਕਾਰਨ ਬੇਲੋੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਕਾਨੂੰਨੀ ਪ੍ਰਕਿਰਿਆ ਨੂੰ ਹੋਰ ਜਟਿਲ ਬਣਾਉਂਦਾ ਹੈ।

ਸੁਪਰੀਮ ਕੋਰਟ ਦੀ ਸਖਤੀ ਦਾ ਸਿੱਧਾ ਸੁਨੇਹਾ ਹੈ ਕਿ ਜਾਂਚ ਏਜੰਸੀਆਂ ਨੂੰ ਆਪਣੀਆਂ ਸੀਮਾਵਾਂ ਵਿੱਚ ਰਹਿਣਾ ਚਾਹੀਦਾ ਹੈ। ਅਦਾਲਤ ਨੇ ਸਾਰੇ ਪੱਖਾਂ ਨੂੰ 29 ਜੁਲਾਈ ਤੱਕ ਇਸ ਮੁੱਦੇ 'ਤੇ ਵਿਆਪਕ ਨੋਟ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਹੈ। ਇਸ ਦੇ ਨਾਲ ਹੀ, ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਇਸ ਮਾਮਲੇ 'ਚ ਸਖਤ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਲੋੜ ਹੈ। ਇਹ ਕਦਮ ਇਹ ਸੁਨਿਸ਼ਚਿਤ ਕਰਨ ਲਈ ਹੈ ਕਿ ਈਡੀ ਵਰਗੀਆਂ ਸੰਸਥਾਵਾਂ ਦੀ ਸ਼ਕਤੀ ਦੀ ਦੁਰਪਯੋਗਤਾ ਨੂੰ ਰੋਕਿਆ ਜਾਵੇ। ਇਥੇ ਜ਼ਿਕਰਯੋਗ ਹੈ ਕਿ ਈਡੀ 'ਤੇ ਸਰਕਾਰ ਦੀ ਕਠਪੁਤਲੀ ਹੋਣ ਦਾ ਦੋਸ਼ ਕਈ ਸਾਲਾਂ ਤੋਂ ਲੱਗਦਾ ਆ ਰਿਹਾ ਹੈ। ਵਿਰੋਧੀ ਪਾਰਟੀਆਂ ਅਤੇ ਸਮਾਜਿਕ ਕਾਰਕੁਨਾਂ ਦਾ ਦਾਅਵਾ ਹੈ ਕਿ ਈਡੀ ਨੂੰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ।

ਸੁਪਰੀਮ ਕੋਰਟ ਦੀ ਇਸ ਸਖਤੀ ਨਾਲ ਸਪੱਸ਼ਟ ਹੁੰਦਾ ਹੈ ਕਿ ਈਡੀ ਦੀਆਂ ਕਾਰਵਾਈਆਂ 'ਤੇ ਨਜ਼ਰ ਰੱਖਣ ਦੀ ਲੋੜ ਹੈ। ਵਕੀਲਾਂ ਨੂੰ ਸੰਮਨ ਜਾਰੀ ਕਰਨ ਵਰਗੀਆਂ ਹਰਕਤਾਂ ਨਾਲ ਨਾ ਸਿਰਫ਼ ਕਾਨੂੰਨੀ ਪੇਸ਼ੇ ਦੀ ਸੁਤੰਤਰਤਾ 'ਤੇ ਅਸਰ ਪੈਂਦਾ ਹੈ, ਸਗੋਂ ਨਿਆਂ ਪ੍ਰਣਾਲੀ ਦੀ ਸਾਖ ਵੀ ਦਾਅ 'ਤੇ ਲੱਗਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਈਡੀ ਵਰਗੀਆਂ ਸੰਸਥਾਵਾਂ ਦੀ ਸੁਤੰਤਰਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਇਆ ਜਾਵੇ। ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ ਇਸ ਦਿਸ਼ਾ ਵਿੱਚ ਇੱਕ ਅਹਿਮ ਕਦਮ ਸਾਬਤ ਹੋ ਸਕਦੇ ਹਨ।

**-ਰਜਿੰਦਰ ਸਿੰਘ ਪੁਰੇਵਾਲ**

## NEWS & VIEWS

# Sikhs Who Follow in the Footsteps of Late Baba Fauja Singh, Raise Global Sikh Profile


Gurmukh Singh OBE

At some point in life, God-gifted individuals like late Baba Fauja Singh discover and develop own hidden talents. There is an inner urge towards a change in life to enable them to discover self. The Sikhi concept of *Mar-Jeevra*, one reborn, is similar.

By own example, those in this category, inspire many others to do the same: to live own lives to the full while extending the limits of human endurance and achievement. These Sikhs touch our lives even from a distance. They do not depend on fame acquired through pursuit of self-centred ambitions, high professions, senior public positions, scholarly credentials or wealth.

Like Bhagat Puran Singh, who decided to dedicate his life to humanitarian and environmental work and established the world-renowned *Pingalwara*, a home for the sick and disabled, they follow own mission in life.

They follow in the footsteps of Guru Amardas Ji, that age is an attitude of mind. Age, young or old, should not stop one from pursuing own natural talents which would then inspire millions more. We are also reminded of the Gurbani Pankti: ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥ The God-centred never grow old; within them is intuitive understanding and spiritual wisdom. (SGGS Ang. 1418). We learn the lesson that there is no age bar for Gursikhs.

Baba Fauja Singh, proved that to the world. In doing so he also raised the global understanding of Sikh ideology of simple living principles and promoted global Sikh image. Such rare individuals have a sense of calling, an urge to re-discover self and follow what to them is their natural path in life, their destiny. Their whole being and energy is channelled into their chosen mission.

In due course, they lose self in *nishkam* (selfless) community *sewa* in humility. They also reflect the values and characteristics of own community. Baba Fauja Singh and others dedicated to own chosen paths excel in their own fields while also showing the simple path of Sikhi living.

It can be argued that those who undergo a complete change in life to pursue a path of community service through own creative dedication and natural talent, produce lasting results which affect many lives. Baba Fauja Singh belonged to this category as do many other Sikhs in our lives.

To name a few will mean missing out dozens more. I shall take that risk by naming some in Baba Fauja Singh category: Harmander Singh of East London, an athlete and community activist himself, spotted the natural potential of Baba ji and trained him.

In the UK, Ravinder Singh (Ravi) of Khalsa Aid is an outstanding example of a man with a mission as is Mohan Singh of Sikh Awareness Society. Bibi Mejinderpal Kaur of United Sikhs, has dedicated her life to community sewa. Often we forget those closest to us. Late Gurbachan Singh Sidhu led the foundation of the Sikh Missionary Society UK as the first *nationwide* Sikh organisation. Locally, the dedication of late Kesar Singh Mand is remembered in Southall. Nearer home, we have Dya Singh of Australia who underwent a complete life change to take the universal Message of Gurbani to mixed global audiences.

Above examples show that, as a Miri-Piri community, the global Sikh nation is blessed by hundreds of selfless *sewadars* at local, national and global levels in a spirit of *Sarbat da Bhalaa*.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਜਲ੍ਹਿਆਂਵਾਲਾ ਬਾਗ ਕਤਲੇਆਮ (1919) ਲਈ ਮੁਆਫ਼ੀ ਮੰਗਣ ਲਈ ਪ੍ਰਧਾਨ ਮੰਤਰੀ ਦਫ਼ਤਰ ਨੂੰ ਪੱਤਰ ਸੌਂਪਿਆ





ਪ੍ਰਧਾਨ ਮੰਤਰੀ ਦਫ਼ਤਰ ਦੇ ਬਾਹਰ ਮੰਗ ਪੱਤਰ ਸੌਂਪਣ ਸਮੇਂ ਸੰਸਦ ਮੈਂਬਰਾਂ ਨਾਲ ਭਾਈਚਾਰਕ ਆਗੂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 13 ਅਪ੍ਰੈਲ 1919 ਨੂੰ ਵਾਪਰੇ ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਲਈ ਸਰਕਾਰੀ ਤੌਰ ਤੇ ਮੁਆਫ਼ੀ ਮੰਗਣ ਲਈ ਇੱਕ ਪੱਤਰ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਦਫ਼ਤਰ ਨੂੰ ਸੌਂਪਿਆ।**

ਐਮ ਪੀ ਜੱਸ ਅਟਵਾਲ ਨੇ ਕਿਹਾ ਇਸ ਸੰਬੰਧੀ ਕਿਹਾ ਕਿ ਜਲ੍ਹਿਆਂਵਾਲਾ ਬਾਗ ਬਰਤਾਨਵੀ ਇਤਿਹਾਸ ਦੇ ਸਭ ਤੋਂ ਵੱਡੇ ਧੱਬਿਆਂ ਵਿੱਚੋਂ ਇੱਕ ਹੈ। ਇੱਕ ਅਧਿਕਾਰਤ ਮੁਆਫ਼ੀ ਜ਼ਖ਼ਮਾਂ ਨੂੰ ਪੂਰੀ ਤਰ੍ਹਾਂ ਨਹੀਂ ਭਰੇਗੀ, ਪਰ ਇਹ ਮੁਆਫ਼ੀ ਇਸ ਭਿਆਨਕ ਗਲਤੀ ਨੂੰ ਠੀਕ ਕਰਨ ਲਈ ਕੁਝ ਹੱਦ ਤੱਕ ਮਦਦ ਕਰੇਗੀ ਜਾਣੀ ਜ਼ਖ਼ਮਾਂ ਤੇ ਮਲ੍ਹਮ ਹੋਵੇਗੀ। ਉਹਨਾਂ ਕਿਹਾ ਕਿ 2019 ਦੇ ਲੇਬਰ ਮੈਨੀਫੈਸਟੋ ਵਿੱਚ ਮੁਆਫ਼ੀ ਮੰਗਣ ਦਾ ਵਾਅਦਾ ਕੀਤਾ ਗਿਆ ਸੀ। ਹੁਣ ਸਰਕਾਰ ਨੂੰ ਇਸਨੂੰ ਪੂਰਾ ਕਰਨਾ ਚਾਹੀਦਾ ਹੈ।

ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਮੰਗ ਕਰ ਰਹੇ ਹਨ ਕਿ ਇਤਿਹਾਸ ਦੇ ਇਹਨਾਂ ਕਾਲੇ ਪੰਨਿਆਂ ਨੂੰ ਭਾਰਤ ਅਤੇ ਖਾਸ ਤੌਰ ਤੇ ਪੰਜਾਬ ਦੇ ਲੋਕ ਭੁੱਲੇ ਨਹੀਂ ਹਨ। ਪੀੜਤ ਪਰਿਵਾਰਾਂ ਦੇ ਦੁੱਖ ਵੰਡਾਉਣ ਲਈ ਮੁਆਫ਼ੀ ਮੰਗਣੀ ਚਾਹੀਦੀ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਯੂ ਕੇ ਦੇ ਜਨਰਲ ਸਕੱਤਰ ਹਰਸੇਵ ਬੈਂਸ ਨੇ ਕਿਹਾ ਕਿ ਜਲ੍ਹਿਆਂਵਾਲੇ ਬਾਗ ਵਿੱਚ ਨਿਰਦੋਸ਼ ਲੋਕਾਂ ਦਾ ਕਤਲ ਕੀਤਾ ਗਿਆ ਸੀ, ਜਿਸ ਨੂੰ ਬਰਤਾਨੀਆ ਦੇ ਪ੍ਰਧਾਨ ਮੰਤਰੀ ਵੀ ਮੰਨ ਚੁੱਕੇ ਹਨ ਪਰ ਅਫ਼ਸੋਸ ਕਿ ਇਸ ਕਤਲੇਆਮ ਦੀ ਜ਼ਿੰਮੇਵਾਰੀ ਲੈਂਦਿਆਂ ਬਰਤਾਨੀਆ ਸਰਕਾਰ ਨੇ ਹੁਣ ਤੱਕ ਮੁਆਫ਼ੀ ਨਹੀਂ ਮੰਗੀ। ਇਸ ਮੌਕੇ ਐਮ ਪੀ ਜੌਹਨ ਮੈਕਡੋਨਲ, ਐਮ ਪੀ ਜਸ ਅਠਵਾਲ, ਬੈਰਨ ਪ੍ਰੇਮ ਸਿੱਕਾ, ਲਾਰਡ ਕੁਲਦੀਪ ਸਿੰਘ ਸਹੋਤਾ, ਜੋਗਿੰਦਰ ਬੈਂਸ, ਸ਼ਹਿਰੀਅਰ ਬਿਨ ਅਲੀ, ਪਰਮਜੀਤ ਸਿੰਘ ਭੋਗਲ, ਗਵੈਨ ਲਿਟਲ, ਸ਼ੌਕਤ ਐਡਮ ਆਦਿ ਹਾਜ਼ਰ ਸਨ।

## ਮੋਦੀ ਦੀ ਇੰਗਲੈਂਡ ਯਾਤਰਾ ਸਮੇਂ 10 ਡਾਊਨਿੰਗ ਸਟ੍ਰੀਟ ਤੇ ਹੋਏਗਾ ਮੁਜ਼ਾਹਰਾ




ਲੰਡਨ (ਪੰਜਾਬ ਟਾਈਮਜ਼) – ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 24 ਜੁਲਾਈ ਨੂੰ ਇੰਗਲੈਂਡ ਦੌਰੇ ਤੇ ਲੰਡਨ ਪਹੁੰਚ ਸਮੇਂ ਜਦੋਂ ਉਹ ਯੂ ਕੇ ਦੇ ਆਗੂਆਂ ਨਾਲ ਮੁਲਾਕਾਤਾਂ ਕਰ ਰਹੇ ਹੋਣਗੇ, ਉਸ ਵਕਤ ਪ੍ਰਧਾਨ ਮੰਤਰੀ ਮੋਦੀ ਦੇ ਵਿਰੁੱਧ ਸਿੱਖਸ ਫਾਰ ਜਸਟਿਸ ਵੱਲੋਂ ਰੋਹ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਸਿੱਖਸ ਫਾਰ ਜਸਟਿਸ ਦੇ ਯੂ ਕੇ ਵਿੱਚ ਆਗੂਆ, ਪਰਮਜੀਤ ਸਿੰਘ ਪੰਮਾ ਅਤੇ ਦੁਪਿੰਦਰ ਸਿੰਘ ਨੇ ਸੋਸ਼ਲ ਮੀਡੀਆ ਰਾਹੀਂ ਯੂ ਕੇ ਦੇ ਸਿੱਖਾਂ ਨੂੰ ਇਸ ਰੋਹ ਮੁਜ਼ਾਹਰੇ ਵਿੱਚ 24 ਜੁਲਾਈ ਦਿਨ ਵੀਰਵਾਰ ਨੂੰ ਸਵੇਰੇ 10 ਵਜੇ 10 ਡਾਊਨਿੰਗ ਸਟ੍ਰੀਟ ਯੂ ਕੇ ਦੇ ਪ੍ਰਧਾਨ ਮੰਤਰੀ ਦੇ ਸਥਾਨ ਤੇ ਪਹੁੰਚਣ ਲਈ ਕਿਹਾ ਹੈ। ਸਿੱਖਸ ਫਾਰ ਜਸਟਿਸ ਦੇ ਆਗੂਆਂ ਦਾ ਕਹਿਣਾ ਹੈ ਕਿ ਖਾਲਿਸਤਾਨੀ ਆਗੂਆਂ ਹਰਦੀਪ ਸਿੰਘ ਨਿੱਝਰ ਕੈਨੇਡਾ ਅਤੇ ਯੂ ਕੇ ਵਾਸੀ ਅਵਤਾਰ ਸਿੰਘ ਕੰਡਾ ਦੇ ਕਤਲਾਂ ਪਿੱਛੇ ਮੋਦੀ ਸਰਕਾਰ ਦਾ ਹੱਥ ਹੈ।

## ਜਤਿੰਦਰ ਸਿੰਘ ਬਾਸੀ ਦੇ ਦਾਦੀ ਜੀ ਸੁਰਗਵਾਸ

### ਨੇਕਾ ਮੈਰੀਪੁਰ ਤੇ ਸਾਥੀਆਂ ਵੱਲੋਂ ਬਾਸੀ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ




ਜਤਿੰਦਰ ਸਿੰਘ ਬਾਸੀ, ਹਰਨੇਕ ਸਿੰਘ ਨੇਕਾ ਮੈਰੀਪੁਰ

ਬ੍ਰਮਿੰਘਮ (ਪੰਜਾਬ ਟਾਈਮਜ਼) – ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਭਾਈ ਜਤਿੰਦਰ ਸਿੰਘ ਬਾਸੀ ਦੇ ਦਾਦੀ ਮਾਤਾ ਜੀ ਬੀਤੇ ਦਿਨੀਂ ਆਪਣੇ ਸਵਾਸਾਂ ਦੀ ਪੂੰਜੀ ਸਮਾਪਤ ਕਰਦੇ ਹੋਏ ਸੁਰਗਵਾਸ ਹੋ ਗਏ ਹਨ।

ਬ੍ਰਮਿੰਘਮ ਕਬੱਡੀ ਕਲੱਬ ਦੇ ਪ੍ਰਧਾਨ ਹਰਨੇਕ ਸਿੰਘ ਨੇਕਾ ਮੈਰੀਪੁਰ, ਸੁਰਜੀਤ ਸਿੰਘ ਪੁਰੇਵਾਲ, ਅਮਰੀਕ ਸਿੰਘ ਮੀਕਾ, ਬਲਵਿੰਦਰ ਸਿੰਘ ਦੂਲੇ, ਸੁਖਦੇਵ ਸਿੰਘ ਸਿੱਧੂ, ਪਿੰਦੂ ਜੌਹਲ ਅਤੇ ਉਹਨਾਂ ਦੇ ਸਾਥੀਆਂ ਨੇ ਜਤਿੰਦਰ ਸਿੰਘ ਬਾਸੀ ਅਤੇ ਉਹਨਾਂ ਦੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਤਾ ਜੀ ਦਾ ਬਹੁਤ ਸਤਿਕਾਰ ਸੀ। ਉਹਨਾਂ ਕਿਹਾ ਅਸੀਂ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਮਾਤਾ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।


## ਲੰਡਨ ਵਿੱਚ ਮਹਾਤਮਾ ਗਾਂਧੀ ਦੀ ਪੇਂਟਿੰਗ 1,52,800 ਪੌਂਡ ਦੀ ਨਿਲਾਮ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਬੋਨਹੈਮਸ ਨਿਲਾਮੀ ਘਰ ਵਿੱਚ ਮਹਾਤਮਾ ਗਾਂਧੀ ਦੀ ਇੱਕ ਦੁਰਲੱਭ ਤੇਲ ਪੇਂਟਿੰਗ 1,52,800 ਪੌਂਡ ਵਿੱਚ ਵਿਕੀ ਹੈ, ਜੋ ਕਿ ਅੰਦਾਜ਼ਨ ਕੀਮਤ ਤੋਂ ਲਗਭਗ ਤਿੰਨ ਗੁਣਾ ਵੱਧ ਹੈ। ਮੰਨਿਆ ਜਾਂਦਾ ਹੈ ਕਿ ਇਹ ਇੱਕੋ ਇੱਕ ਪੇਂਟਿੰਗ ਹੈ ਜਿਸ ਨੂੰ ਮਹਾਤਮਾ ਗਾਂਧੀ ਨੇ ਕਲਾਕਾਰਾ ਸਾਹਮਣੇ ਬੈਠ ਕੇ ਬਣਵਾਇਆ ਸੀ। ਇਹ ਖਾਸ ਪੇਂਟਿੰਗ, ਜੋ ਪਹਿਲਾਂ ਕਦੇ ਨਿਲਾਮੀ ਲਈ ਨਹੀਂ ਰੱਖੀ ਗਈ ਸੀ, ਨੂੰ ਬੋਨਹੈਮਸ ਨਿਲਾਮੀ ਘਰ ਵੱਲੋਂ ਆਨਲਾਈਨ ਨਿਲਾਮੀ ਲਈ ਰੱਖਿਆ ਗਿਆ ਸੀ। ਇਸਦੀ ਕੀਮਤ 50,000 ਤੋਂ 70,000 ਪੌਂਡ ਦੇ ਵਿਚਕਾਰ ਮਿਥੀ ਗਈ ਸੀ। ਇਹ 'ਟ੍ਰੈਵਲ ਐਂਡ ਐਕਸਪਲੋਰੇਸ਼ਨ ਸੇਲ' ਦੀ ਸਭ ਤੋਂ ਉੱਚੀ ਬੋਲੀ ਸੀ, ਜੋ ਬੀਤੇ ਕੱਲ ਮੰਗਲਵਾਰ ਨੂੰ ਖਤਮ ਹੋਈ। ਪੇਂਟਰ ਕਲੇਅਰ ਲੀਟਨ ਮਹਾਤਮਾ ਗਾਂਧੀ ਨੂੰ 1931 ਵਿੱਚ ਉਦੋਂ ਮਿਲੀ, ਜਦੋਂ ਉਹ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਲੰਡਨ ਆਏ ਸਨ। ਨਿਲਾਮੀ ਘਰ 'ਬੋਨਹੈਮਸ' ਦੇ ਵਿਕਰੀ ਵਿਭਾਗ ਦੇ ਮੁਖੀ ਰਿਆਨਨ ਡੇਮਰੀ ਨੇ ਕਿਹਾ, "ਇਹ ਮੰਨਿਆ ਜਾਂਦਾ ਹੈ ਕਿ ਇਹ ਮਹਾਤਮਾ ਗਾਂਧੀ ਦੀ ਇਕਲੌਤੀ ਤੇਲ ਪੇਂਟਿੰਗ ਹੈ ਜੋ ਉਨ੍ਹਾਂ ਨੇ ਕਲਾਕਾਰ ਸਾਹਮਣੇ ਬੈਠ ਕੇ ਬਣਵਾਈ ਸੀ। ਇਹ ਪੇਂਟਿੰਗ 1989 ਵਿੱਚ ਲੀਟਨ ਦੀ ਮੌਤ ਤੱਕ ਕਲਾਕਾਰ ਦੇ ਸੰਗ੍ਰਹਿ ਵਿੱਚ ਰਹੀ। ਡੇਮਰੀ ਨੇ ਕਿਹਾ,"ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਕੰਮ ਨੇ ਦੁਨੀਆ ਭਰ ਵਿੱਚ ਇੰਨੀ ਦਿਲਚਸਪੀ ਜਗਾਈ ਹੈ। ਨਵੰਬਰ 1931 ਵਿੱਚ ਕਲੇਅਰ ਲੀਟਨ ਨੇ ਇਸ ਚਿੱਤਰ ਨੂੰ ਪਹਿਲੀ ਵਾਰ ਲੰਡਨ ਦੀ ਇੱਕ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤਾ ਸੀ।**


ਲੰਡਨ ਵਿੱਚ ਨਿਲਾਮ ਹੋਇਆ ਮਹਾਤਮਾ ਗਾਂਧੀ ਦਾ ਚਿੱਤਰ

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਇੱਕ ਪ੍ਰਾਜੈਕਟ ਦੇ ਫੰਡਾਂ ਦੀ ਦੁਰਵਰਤੋਂ ਹੋਣ ਦਾ ਦਾਅਵਾ



ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

16/07/2025

GURDWARA SRI GURU SINGH SABHA SOUTHALL

**Statement to Sangat following an internal audit**

We wish to inform the members that, following a recent internal audit, evidence has come to light indicating the **historic** misappropriation of charitable funds in one of the Sabha's wider projects.

This discovery was immediately reported to the police and to the Charity Commission and the Sabha is cooperating fully with all relevant authorities.

Our internal financial systems and oversight will be reviewed and strengthened as necessary.

Sri Guru Singh Sabha Southall remains fully committed to the principles of transparency, accountability, and honest stewardship of charitable resources.

We thank the Sangat for its continued support as we address this matter with integrity and resolve. Further information will be provided to members in due course as is legally permissible.

ਅਸੀਂ ਸਾਰੇ ਮੈਂਬਰਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਹੁਣੇ-ਹੁਣੇ ਕੀਤੇ ਗਏ ਇੰਟਰਨਲ ਆਡਿਟ ਤੋਂ ਬਾਅਦ, ਸਭਾ ਦੇ ਇੱਕ ਪ੍ਰੋਜੈਕਟ ਵਿੱਚ ਚੈਰੀਟੇਬਲ ਫੰਡਾਂ ਦੀ ਪੁਰਾਣੇ ਸਮੇਂ ਤੋਂ ਗਲਤ ਵਰਤੋਂ ਦੇ ਸਬੂਤ ਮਿਲੇ ਹਨ।

ਇਹ ਮਾਮਲਾ ਤੁਰੰਤ ਪੁਲਿਸ ਅਤੇ ਚੈਰੀਟੀ ਕਮਿਸ਼ਨ ਨੂੰ ਰਿਪੋਰਟ ਕੀਤਾ ਗਿਆ ਹੈ ਅਤੇ ਸਭਾ ਪੂਰੀ ਤਰ੍ਹਾਂ ਸਾਰੇ ਸੰਬੰਧਿਤ ਅਧਿਕਾਰੀਆਂ ਨਾਲ ਸਹਿਯੋਗ ਕਰ ਰਹੀ ਹੈ, ਤਾਂ ਜੋ ਸਾਰੀ ਸੱਚਾਈ ਅਤੇ ਦੋਸ਼ੀਆਂ ਨੂੰ ਸਾਹਮਣੇ ਲਿਆ ਕੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਸਕੇ।

ਸਾਡੇ ਇੰਟਰਨਲ ਫਾਇਨਾਂਸ਼ਲ ਸਿਸਟਮ ਅਤੇ ਨਿਗਰਾਨੀ ਸਿਸਟਮ ਨੂੰ ਵੀ ਰੀਵਿਊ ਕੀਤਾ ਜਾਵੇਗਾ ਅਤੇ ਲੋੜ ਪੈਣ 'ਤੇ ਇਸ ਨੂੰ ਹੋਰ ਮਜ਼ਬੂਤ ਬਣਾਇਆ ਜਾਵੇਗਾ।

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਟਰਾਂਸਪੇਰੈਂਸੀ, ਜਵਾਬਦੇਹੀ ਅਤੇ ਚੈਰੀਟੇਬਲ ਰਿਸੋਰਸਾਂ ਦੇ ਇਮਾਨਦਾਰ ਪ੍ਰਬੰਧ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਅਸੀਂ ਸੰਗਤ ਦਾ ਧੰਨਵਾਦ ਕਰਦੇ ਹਾਂ ਜੋ ਸਾਡੇ ਨਾਲ ਲਗਾਤਾਰ ਸਹਿਯੋਗ ਤੇ ਅਰਦਾਸ ਕਰ ਰਹੀ ਹੈ, ਕਿਉਂਕਿ ਅਸੀਂ ਇਸ ਮਾਮਲੇ ਨੂੰ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਕਾਨੂੰਨੀ ਤੌਰ 'ਤੇ ਜਿੰਨਾ ਵੀ ਸੰਭਵ ਹੋਵੇਗਾ ਅਸੀਂ ਮੈਂਬਰਾਂ ਨੂੰ ਸਮੇਂ ਸਿਰ ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਪੂਰੀ ਕੋਸ਼ਿਸ਼ ਕਰਾਂਗੇ।

ww.sgsss.org

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਨੂੰ ਲੈ ਕੇ ਇੱਕ ਪਾਸੇ ਪੂਰੀ ਸਰਗਰਮੀ ਚੱਲ ਰਹੀ ਹੈ, ਪਰ ਦੂਜੇ ਪਾਸੇ ਸਭਾ ਦੇ ਇੱਕ ਪ੍ਰਾਜੈਕਟ ਵਿੱਚ ਫੰਡਾਂ ਦੀ ਦੁਰਵਰਤੋਂ ਦੇ ਸਬੂਤ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਪ੍ਰਬੰਧਕ ਕਮੇਟੀ ਵੱਲੋਂ 16 ਜੁਲਾਈ ਨੂੰ ਜਾਰੀ ਇੱਕ ਸੂਚਨਾ ਵਿੱਚ ਕਿਹਾ ਗਿਆ ਹੈ ਕਿ ਸਭਾ ਦੇ ਇੱਕ ਪ੍ਰਾਜੈਕਟ ਦੇ ਫੰਡਾਂ ਦੀ ਗਲਤ ਵਰਤੋਂ ਹੋਣ ਦੇ ਸਬੂਤ ਮਿਲੇ ਹਨ, ਇਹ ਸਬੂਤ ਅੰਦਰੂਨੀ ਆਡਿਟ ਤੋਂ ਬਾਅਦ ਹੁਣੇ ਹੁਣੇ ਸਾਹਮਣੇ ਆਏ ਹਨ।*

ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਇਸ ਮਾਮਲੇ ਸਬੰਧੀ ਪੁਲਿਸ ਅਤੇ ਚੈਰਿਟੀ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਗਈ ਹੈ। ਜਲਦੀ ਹੀ ਦੋਸ਼ੀਆਂ ਨੂੰ ਸਾਹਮਣੇ ਲਿਆਂਦਾ ਜਾਵੇਗਾ ਤਾਂ ਕੇ ਸਖ਼ਤ ਕਾਰਵਾਈ ਕੀਤੀ ਜਾ ਸਕੇ। ਪ੍ਰਬੰਧਕ ਕਮੇਟੀ ਨੇ ਕਿਹਾ ਕਿ ਉਹ ਇਮਾਨਦਾਰੀ ਨਾਲ ਪ੍ਰਬੰਧ ਕਰਨ ਲਈ ਵਚਨਬੱਧ ਹੈ। ਸਭਾ ਦੇ ਅੰਦਰਲੇ ਆਰਥਿਕ ਢਾਂਚੇ ਅਤੇ ਨਿਗਰਾਨ ਢਾਂਚੇ ਦੀ ਵੀ ਸਮੀਖਿਆ ਕੀਤੀ ਜਾਵੇਗੀ। ਕਾਨੂੰਨੀ ਕਾਰਨਾਂ ਕਰਕੇ ਜਾਰੀ ਸੂਚਨਾ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਮ ਜਨਤਕ ਨਹੀਂ ਕੀਤਾ ਗਿਆ। ਹੁਣ ਸਮਾਂ ਹੀ ਦੱਸੇਗਾ ਕਿ ਇਹ ਮਾਮਲਾ ਕੀ ਹੈ?


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਚੱਲ ਰਹੇ ਪੰਜਾਬੀ ਸਕੂਲ ਨੂੰ ਅਧਿਆਪਕਾਂ ਦੀ ਲੋੜ ਹੈ

## VACANCIES for Panjabi Teachers at Sri Guru Singh Sabha Gurdwara Derby

### We're Hiring: Punjabi Language Teachers

**Start date September 2025**

*** Are you passionate about teaching the Punjabi language and Sikh religion?**

* Join our team and make a meaningful impact by inspiring the next generation of Punjabi speakers.

**Sunday**: 11:45 Pre class preparation

12-13:30 Teaching including group assembly or activity

Potential for increased hours as we look to expand our sessions

### We're Looking For:

- Fluent speakers of Punjabi and English
- Experience teaching children or adults (formal or informal settings)
- Strong communication and classroom management skills
- A commitment to preservation of Sikhi and Gurmukhi and student success

### Desirable Qualifications:

- Teaching certification or equivalent experience in teaching Panjabi language
- Familiarity with Punjabi literature & Sikh history- You will receive Curriculum support

### What We Offer:

- A supportive and inclusive work environment
- Curriculum resources and ongoing training
- Opportunities to develop the school and teaching

*** Help us keep Sikhi and Gurmukhi language alive one student at a time.**

***Closing date for applications: Friday 8th August,***

**Successful applicants** - Provisional interview date: Sunday 17th August 2025

**Please Apply: Send your CV and a brief cover letter to:- paramjit.kaur@nhs.net**

**LOCATION: GURDWARA SRI GURU SINGH SABHA, PRINCES STREET, DERBY, DE23 8NT**

## ਪਰਗਟ ਸਿੰਘ ਦਾ ਅਕਾਲੀਆਂ, ਭਾਜਪਾ ਤੇ 'ਆਪ' 'ਤੇ ਵੱਡਾ ਹਮਲਾ

# ਬੇਅਦਬੀ ਮਾਮਲਿਆਂ 'ਚ ਸਜ਼ਾ ਕਿਉਂ ਨਹੀਂ ਮਿਲੀ ?

ਖਾਸ ਖਬਰ

ਜਲੰਧਰ ਦੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਪਿਛਲੇ ਕੁਝ ਦਿਨਾਂ ਤੋਂ ਅਕਾਲੀ ਆਗੂਆਂ ਦੇ ਨਿਸ਼ਾਨੇ 'ਤੇ ਆਉਣ ਮਗਰੋਂ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ (ਆਪ) ਨੂੰ ਤਿੱਖਾ ਜਵਾਬ ਦਿੱਤਾ ਹੈ। ਜਲੰਧਰ ਦੀ ਪ੍ਰੈੱਸ ਕਲੱਬ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਗਟ ਸਿੰਘ ਨੇ ਵੱਡਾ ਇਲਜ਼ਾਮ ਲਾਇਆ ਕਿ ਬੇਅਦਬੀ ਮਾਮਲਿਆਂ ਵਿਚ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਦਾ ਕਾਰਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਦਰਮਿਆਨ ਹੋਇਆ ਸਮਝੌਤਾ ਹੈ।

ਬੇਅਦਬੀ ਦੀ ਜੜ੍ਹ 2007 ਵਿਚੋਂ ਪਰਗਟ ਸਿੰਘ ਨੇ ਕਿਹਾ ਕਿ ਬੇਅਦਬੀ ਮਾਮਲਿਆਂ ਦੀ ਜੜ੍ਹ 2007 'ਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੁਸ਼ਾਕ ਵਰਗੀ ਪੁਸ਼ਾਕ ਪਹਿਨਣ ਵਾਲੀ ਘਟਨਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਦੀ ਸਰਕਾਰ ਨੇ 2009 ਅਤੇ 2012 ਵਿਚ ਡੇਰਾ ਮੁਖੀ ਖ਼ਿਲਾਫ਼ ਦਰਜ ਕੇਸਾਂ ਨੂੰ ਰੱਦ ਕਰਨ ਦੀ ਰਿਪੋਰਟ ਤਿਆਰ ਕੀਤੀ। ਪਰਗਟ ਨੇ ਕਿਹਾ, "ਜੇ ਉਸ ਵਕਤ ਸਹੀ ਕਾਰਵਾਈ ਹੁੰਦੀ ਤਾਂ ਅੱਜ ਇਹ ਨੌਬਤ ਨਾ ਆਉਂਦੀ।"

ਕੈਪਟਨ-ਬਾਦਲ ਸਮਝੌਤੇ ਦਾ ਇਲਜ਼ਾਮ ਪਰਗਟ ਸਿੰਘ ਨੇ ਦੱਸਿਆ ਕਿ 2017 'ਚ ਕਾਂਗਰਸ ਦੀ ਸਰਕਾਰ ਬੇਅਦਬੀ ਅਤੇ ਡਰੱਗ ਮੁੱਦਿਆਂ 'ਤੇ ਬਣੀ ਸੀ। ਸ਼ੁਰੂ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਬੇਅਦਬੀ ਮਾਮਲਿਆਂ ਦੀ ਜਾਂਚ 'ਚ ਤੇਜ਼ੀ ਵਿਖਾਈ, ਪਰ ਬਾਅਦ 'ਚ ਬਾਦਲ ਪਰਿਵਾਰ ਨਾਲ ਸਮਝੌਤੇ ਕਾਰਨ ਮਾਮਲਾ ਠੰਡੇ ਬਸਤੇ 'ਚ ਪੈ ਗਿਆ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਵਿਧਾਨ ਸਭਾ 'ਚ ਇਸ ਮੁੱਦੇ 'ਤੇ ਬਿਆਨ ਦਿੱਤਾ ਤਾਂ ਅਕਾਲੀ ਦਲ ਅਤੇ 'ਆਪ' ਨੇ ਸਿਆਸਤ ਸ਼ੁਰੂ ਕਰ ਦਿੱਤੀ।

'ਆਪ' ਸਰਕਾਰ 'ਤੇ ਵੀ ਸਵਾਲ ਪਰਗਟ ਸਿੰਘ ਨੇ 'ਆਪ' ਸਰਕਾਰ 'ਤੇ ਵੀ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਮਈ 2022 ਵਿਚ ਮੁੱਖ ਮੰਤਰੀ ਭਗਵੰਤ ਮਾਨ ਕੋਲ ਡੇਰਾ ਮੁਖੀ ਖ਼ਿਲਾਫ਼ ਕੇਸ ਚਲਾਉਣ ਦੀ ਪ੍ਰਵਾਨਗੀ ਵਾਲੀ ਫਾਈਲ ਪਹੁੰਚੀ, ਪਰ ਦਸੰਬਰ 2022 'ਚ ਮੁੱਖ ਮੰਤਰੀ ਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਨਾ ਸਿਰਫ਼ ਪ੍ਰਵਾਨਗੀ ਮਿਲੀ, ਸਗੋਂ ਕੇਸ ਪੰਜਾਬ ਤੋਂ ਬਾਹਰ ਤਬਦੀਲ ਹੋ ਗਏ। ਉਨ੍ਹਾਂ 'ਆਪ' ਆਗੂਆਂ ਹਰਪਾਲ ਚੀਮਾ, ਅਮਨ ਅਰੋੜਾ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ 'ਤੇ ਚੋਣਾਂ ਤੋਂ ਪਹਿਲਾਂ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਅਤੇ ਮੌੜ ਬੰਬ ਧਮਾਕੇ 'ਚ ਇਨਸਾਫ਼ ਦੀਆਂ ਗੱਲਾਂ ਕਰਨ ਦਾ ਇਲਜ਼ਾਮ ਲਾਇਆ, ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

ਭਾਜਪਾ 'ਤੇ ਡੇਰਾ ਮੁਖੀ ਨੂੰ ਬਚਾਉਣ ਦਾ ਦੋਸ਼ ਪਰਗਟ ਸਿੰਘ ਨੇ ਭਾਜਪਾ 'ਤੇ ਵੀ ਸਿੱਧਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਭਾਜਪਾ ਹਮੇਸ਼ਾ ਡੇਰਾ ਮੁਖੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਵੀ ਇਨਸਾਫ਼ ਦੀ ਗੱਲ ਚੱਲਦੀ ਹੈ ਜਾਂ ਵੋਟਾਂ ਨੇੜੇ ਹੁੰਦੀਆਂ ਹਨ, ਡੇਰਾ ਮੁਖੀ ਨੂੰ ਪੈਰੋਲ ਮਿਲ ਜਾਂਦੀ ਹੈ। ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਵੀ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਨ੍ਹਾਂ ਨੇ ਬੇਅਦਬੀ ਮਾਮਲਿਆਂ 'ਤੇ ਡੇਰਾ ਮੁਖੀ ਜਾਂ ਭਾਜਪਾ ਖ਼ਿਲਾਫ਼ ਕਦੇ ਬਿਆਨ ਨਹੀਂ ਦਿੱਤਾ। ਪਰਗਟ ਨੇ ਦੋਸ਼ ਲਾਇਆ ਕਿ ਅਕਾਲੀ ਸਰਕਾਰ ਨੇ ਡੇਰਾ ਮੁਖੀ ਨੂੰ ਜਥੇਦਾਰ ਸਾਹਿਬਾਨ ਤੋਂ ਮਾਫ਼ੀ ਦੁਆਈ ਅਤੇ ਬਠਿੰਡਾ ਸੀਟ ਬਚਾਉਣ ਲਈ ਸਿੱਖ ਪੰਥ ਨੂੰ ਦਾਅ 'ਤੇ ਲਗਾ ਦਿੱਤਾ।



### ਕੀ ਪਰਗਟ ਸਿੰਘ ਦੇ ਇਲਜ਼ਾਮਾਂ 'ਚ ਸੱਚਾਈ ?

ਪਰਗਟ ਸਿੰਘ ਦੇ ਇਨ੍ਹਾਂ ਇਲਜ਼ਾਮਾਂ ਨੇ ਪੰਜਾਬ ਦੀ ਸਿਆਸਤ 'ਚ ਹਲਚਲ ਪਾ ਦਿੱਤੀ ਹੈ। ਉਨ੍ਹਾਂ ਦੇ ਦਾਅਵੇ ਕਿ ਕੈਪਟਨ ਅਤੇ ਬਾਦਲ ਪਰਿਵਾਰ ਦੇ ਸਮਝੌਤੇ ਕਾਰਨ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ, ਨੇ ਸਵਾਲ ਖੜ੍ਹੇ ਕੀਤੇ ਹਨ। ਅਕਾਲੀ ਦਲ 'ਤੇ ਡੇਰਾ ਮੁਖੀ ਨੂੰ ਬਚਾਉਣ ਅਤੇ ਮਾਫ਼ੀ ਦੁਆਉਣ ਦੇ ਇਲਜ਼ਾਮ ਪੁਰਾਣੇ ਹਨ, ਪਰ ਪਰਗਟ ਨੇ ਇਸ ਨੂੰ ਮੁੜ ਸੁਰਖੀਆਂ ਵਿਚ ਲਿਆਂਦਾ ਹੈ। ਭਾਜਪਾ 'ਤੇ ਡੇਰਾ ਮੁਖੀ ਨੂੰ ਪੈਰੋਲ ਦੇਣ ਅਤੇ 'ਆਪ' ਸਰਕਾਰ 'ਤੇ ਕੇਸਾਂ ਵਿਚ ਢਿੱਲ ਦੇਣ ਦੇ ਦੋਸ਼ ਵੀ ਗੰਭੀਰ ਹਨ।

ਹਾਲਾਂਕਿ, ਅਕਾਲੀ ਦਲ ਅਤੇ 'ਆਪ' ਵੱਲੋਂ ਪਰਗਟ ਦੇ ਬਿਆਨਾਂ ਨੂੰ ਸਿਆਸੀ ਸਾਜ਼ਿਸ਼ ਦੱਸ ਕੇ ਖਾਰਜ ਕੀਤਾ ਜਾ ਰਿਹਾ ਹੈ। ਅਕਾਲੀ ਆਗੂਆਂ ਨੇ ਪਰਗਟ ਨੂੰ ਸਵਾਲ ਕੀਤਾ ਹੈ ਕਿ ਜੇਕਰ ਕੈਪਟਨ ਨਾਲ ਸਮਝੌਤਾ ਹੋਇਆ ਸੀ ਤਾਂ ਕਾਂਗਰਸ ਸਰਕਾਰ 'ਚ ਉਹ ਖੁਦ ਵੀ ਮੰਤਰੀ ਸਨ, ਫਿਰ ਉਨ੍ਹਾਂ ਨੇ ਕੀ ਕੀਤਾ ? 'ਆਪ' ਨੇ ਵੀ ਪਰਗਟ ਦੇ ਇਲਜ਼ਾਮਾਂ ਨੂੰ ਸਿਆਸਤ ਨਾਲ ਜੋੜਿਆ ਹੈ।

ਕੀ ਹੈ ਸੱਚ ? ਬੇਅਦਬੀ ਮਾਮਲਿਆਂ 'ਚ ਸਜ਼ਾ ਨਾ ਮਿਲਣ ਦਾ ਮੁੱਦਾ ਪੰਜਾਬ ਦੀ ਸਿਆਸਤ 'ਚ ਗੰਭੀਰ ਰਿਹਾ ਹੈ। ਅਕਾਲੀ ਦਲ ਦੀ ਸਰਕਾਰ 'ਤੇ ਡੇਰਾ ਮੁਖੀ ਨੂੰ ਮਾਫ਼ੀ ਦੁਆਉਣ ਦੇ ਇਲਜ਼ਾਮ ਪਹਿਲਾਂ ਵੀ ਲੱਗਦੇ ਰਹੇ ਹਨ, ਜਿਸ ਨੂੰ ਅਕਾਲੀ ਆਗੂ ਰੱਦ ਕਰਦੇ ਹਨ। ਭਾਜਪਾ 'ਤੇ ਪੈਰੋਲ ਦੇਣ ਦੇ ਦੋਸ਼ ਵੀ ਸਿਆਸੀ ਹਮਲਿਆਂ ਦਾ ਹਿੱਸਾ ਰਹੇ ਹਨ। 'ਆਪ' ਸਰਕਾਰ 'ਤੇ ਕੇਸਾਂ 'ਚ ਢਿੱਲ ਦੇਣ ਦਾ ਇਲਜ਼ਾਮ ਨਵਾਂ ਹੈ, ਪਰ ਕੋਈ ਠੋਸ ਸਬੂਤ ਨਹੀਂ ਮਿਲੇ। ਪਰਗਟ ਸਿੰਘ ਦੇ ਇਲਜ਼ਾਮ ਸਿਆਸੀ ਹਮਲੇ ਦਾ ਹਿੱਸਾ ਹੋ ਸਕਦੇ ਹਨ, ਪਰ ਇਨ੍ਹਾਂ ਨੇ ਇੱਕ ਵਾਰ ਫਿਰ ਬੇਅਦਬੀ ਮਾਮਲਿਆਂ 'ਤੇ ਚਰਚਾ ਨੂੰ ਤੇਜ਼ ਕਰ ਦਿੱਤਾ ਹੈ।

# ਬਾਦਲ ਦਲ ਕਿਸਾਨਾਂ ਲਈ ਹੋਇਆ ਸਰਗਰਮ

## ✪ 'ਆਪ' ਸਰਕਾਰ ਨੂੰ ਇਕ ਇੰਚ ਵੀ ਜ਼ਮੀਨ ਐਕਵਾਇਰ ਨਹੀਂ ਕਰਨ ਦੇਵੇਗਾ-ਸੁਖਬੀਰ

ਲੁਧਿਆਣਾ-ਪੰਜਾਬ ਸਰਕਾਰ ਵਲੋਂ ਸ਼ਹਿਰੀ ਵਿਕਾਸ ਪ੍ਰੋਜੈਕਟ ਲਈ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਦਾ ਲਗਾਤਾਰ ਵਿਰੋਧ ਕਰ ਰਹੇ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਅੱਜ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦਫ਼ਤਰ ਬਾਹਰ ਹੱਲਾ ਬੋਲਦੇ ਹੋਏ ਭਾਰੀ ਮੀਂਹ ਵਿਚ ਹੀ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ 'ਚ ਭਾਰੀ ਮੀਂਹ ਦੇ ਬਾਵਜੂਦ ਵੀ ਹਜ਼ਾਰਾਂ ਅਕਾਲੀ ਵਰਕਰਾਂ ਦੇ ਨਾਲ ਨਾਲ ਆਮ ਲੋਕਾਂ ਨੇ ਸ਼ਮੂਲੀਅਤ ਕੀਤੀ।

ਸ਼੍ਰੋਮਣੀ ਅਕਾਲੀ ਦਲ (ਬ) ਦੇ ਆਗੂਆਂ ਅਤੇ ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਵਲੋਂ ਲੈਂਡ ਪੂਲਿੰਗ ਨੀਤੀ ਦੇ ਨਾਂਅ 'ਤੇ ਜ਼ਬਰਦਸਤੀ ਪੰਜਾਬ ਦੇ ਕਿਸਾਨਾਂ ਦੀ 40 ਹਜ਼ਾਰ ਏਕੜ ਦੇ ਲਗਭਗ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ ਪਰ ਸ਼੍ਰੋਮਣੀ ਅਕਾਲੀ ਦਲ (ਬ) ਪੰਜਾਬ ਦੀ ਇਕ ਇੰਚ ਵੀ ਜ਼ਮੀਨ ਐਕਵਾਇਰ ਨਹੀਂ ਹੋਣ ਦੇਵੇਗਾ। ਅਕਾਲੀ ਦਲ (ਬ) ਪ੍ਰਧਾਨ ਬਾਦਲ ਨੇ ਲੈਂਡ ਪੂਲਿੰਗ ਨੀਤੀ ਤੋਂ ਪ੍ਰਭਾਵਿਤ ਪਿੰਡਾਂ ਦੇ ਸਰਪੰਚਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਜ਼ਮੀਨ ਦੇਣ ਲਈ ਸਹਿਮਤੀ ਨਾ ਦੇਣ ਦੇ




ਚੱਲਦੇ ਮਤੇ ਪਾਸ ਕਰਕੇ ਉਨ੍ਹਾਂ ਨੂੰ ਦੇਣ, ਉਹ ਕਿਸੇ ਵੀ ਕੀਮਤ 'ਤੇ ਜ਼ਮੀਨ ਐਕਵਾਇਰ ਨਹੀਂ ਹੋਣ ਦੇਣਗੇ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬ) ਲਗਾਤਾਰ ਧਰਨੇ ਲਗਾ ਕੇ ਜ਼ਮੀਨ ਹਥਿਆਉਣ ਦੀ ਸਾਜਿਸ਼ ਦਾ ਵਿਰੋਧ ਕਰਨ ਲਈ ਤਿੱਖਾ ਸੰਘਰਸ਼ ਕਰੇਗਾ, ਜਿਸ ਦੇ ਤਹਿਤ 28 ਜੁਲਾਈ ਨੂੰ ਮੁਹਾਲੀ ਅਤੇ 4 ਅਗਸਤ ਨੂੰ ਬਠਿੰਡਾ ਵਿਚ ਵੀ ਧਰਨੇ ਦਿੱਤੇ ਜਾਣਗੇ। ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ 'ਆਪ' ਸਰਕਾਰ 40 ਹਜ਼ਾਰ ਏਕੜ ਜ਼ਮੀਨ ਐਕਵਾਇਰ ਕਰਨਾ ਚਾਹੁੰਦੀ ਹੈ, ਜਿਸ ਵਿਚੋਂ ਇਕੱਲਿਆਂ ਲੁਧਿਆਣਾ ਦੀ ਹੀ 24 ਹਜ਼ਾਰ ਏਕੜ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ, ਜੋ ਕਿ ਕੇਂਦਰੀ ਲੈਂਡ ਐਕਵੀਜੀਸ਼ਨ ਐਕਟ 2013 ਦੀ ਥਾਂ 'ਤੇ ਪੁਰਾਣੇ ਰਾਜ ਲੈਂਡ ਐਕਵੀਜੀਸ਼ਨ ਐਕਟ 1995 ਤਹਿਤ ਐਕਵਾਇਰ ਕੀਤੀ ਜਾਣੀ ਹੈ। ਰਾਜ ਦਾ 1995 ਦਾ ਕਾਨੂੰਨ ਇਹ ਛੋਟ ਦਿੰਦਾ ਹੈ ਕਿ ਸਰਕਾਰ ਦੀ ਮਰਜ਼ੀ ਮੁਤਾਬਕ ਜਿਹੜੀ ਮਰਜ਼ੀ ਜ਼ਮੀਨ ਨੂੰ ਐਕਵਾਇਰ ਕਰਨ ਤੋਂ ਛੋਟ ਦੇਵੇ, ਉਸ ਨੂੰ ਲੀਜ਼ 'ਤੇ ਦੇਵੇ ਜਾਂ ਉਸ ਦੀ ਨਿਲਾਮੀ ਕਰੇ ਜਾਂ ਅਲਾਟਮੈਂਟ ਕਰੇ। ਉਨ੍ਹਾਂ ਕਿਹਾ ਕਿ ਇਸ ਨਾਲ ਭ੍ਰਿਸ਼ਟਾਚਾਰ ਦਾ ਰਾਹ ਖੁੱਲ੍ਹ ਜਾਵੇਗਾ ਤੇ ਚੋਣਵੀਆਂ ਜ਼ਮੀਨਾਂ ਨੂੰ ਸਰਕਾਰ ਦੀ ਮਨਮਰਜ਼ੀ ਮੁਤਾਬਕ ਨਿਲਾਮੀ ਤੋਂ ਛੋਟ ਦਿੱਤੀ ਜਾਵੇਗੀ। ਸੁਖਬੀਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਦਿੱਲੀ ਦੇ ਕਾਲੋਨਾਈਜ਼ਰਾਂ ਕੋਲੋਂ ਕਰੋੜਾਂ ਰੁਪਏ ਐਡਵਾਂਸ ਦੇ ਰੂਪ 'ਚ ਲਏ ਗਏ ਹਨ, ਜਿਨ੍ਹਾਂ ਨੂੰ ਇਹ ਜ਼ਮੀਨ ਐਕਵਾਇਰ ਕਰਕੇ ਦਿੱਤੀ ਜਾਣੀ ਹੈ। ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਜੇਕਰ ਨੀਤੀ ਕਿਸਾਨਾਂ ਦੀ ਭਲਾਈ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ ਤਾਂ ਮੁੱਖ ਮੰਤਰੀ ਦੱਸਣ ਕਿ ਉਨ੍ਹਾਂ ਨੇ ਇਸ 'ਤੇ ਹਸਤਾਖ਼ਰ ਕਰਨ ਤੋਂ ਨਾਂਹ ਕਿਉਂ ਕੀਤੀ ਅਤੇ 'ਆਪ' ਦੀ ਦਿੱਲੀ ਲੀਡਰਸ਼ਿਪ ਨੂੰ ਮਜਬੂਰ ਕਿਉਂ ਕੀਤਾ ਕਿ ਉਹ ਉਨ੍ਹਾਂ ਦੀ ਥਾਂ ਮੁੱਖ ਸਕੱਤਰ ਨੂੰ ਸਾਰੀਆਂ ਵਿਕਾਸ ਅਥਾਰਟੀਆਂ ਦਾ ਚੇਅਰਮੈਨ ਨਿਯੁਕਤ ਕਰੇ। ਇਸ ਮੌਕੇ ਸੀਨੀਅਰ ਆਗੂ ਹੀਰਾ ਸਿੰਘ ਗਾਬੜੀਆ, ਮਹੇਸ਼ਇੰਦਰ ਸਿੰਘ ਗਰੇਵਾਲ, ਐਨ.ਕੇ. ਸ਼ਰਮਾ, ਸ਼ਰਨਜੀਤ ਸਿੰਘ ਢਿੱਲੋਂ, ਗੁਰਚਰਨ ਸਿੰਘ ਗਰੇਵਾਲ ਆਦਿ ਵੀ ਮੌਜੂਦ ਸਨ।

# ਚੀਨ ਨੇ ਤਿੱਬਤ ਵਿਚ ਯਾਰਲੁੰਗ ਤਸਾਂਗਪੋ ਨਦੀ 'ਤੇ ਦੁਨੀਆਂ ਦਾ ਸਭ ਤੋਂ ਵੱਡਾ ਡੈਮ ਬਣਾਉਣ ਦੀ ਸ਼ੁਰੂਆਤ ਕੀਤੀ

## ✪ ਭਾਰਤ-ਬੰਗਲਾਦੇਸ਼ ਵਿਚ ਹੜ੍ਹ-ਸੋਕੇ ਦਾ ਖਤਰਾ ਪੈਦਾ ਹੋਵੇਗਾ ✪ ਅਰੁਣਾਚਲ ਦੇ ਮੁੱਖ ਮੰਤਰੀ ਨੇ ਇਸ ਨੂੰ "ਵਾਟਰ ਬੰਬ" ਕਹਿਕੇ ਸੁਰੱਖਿਆ ਲਈ ਖਤਰਾ ਦੱਸਿਆ, ਭਾਰਤ ਵਲੋਂ ਵਿਰੋਧ

ਖਾਸ ਖਬਰ

ਚੀਨ ਨੇ ਤਿੱਬਤ ਵਿਚ ਯਾਰਲੁੰਗ ਤਸਾਂਗਪੋ ਨਦੀ 'ਤੇ ਦੁਨੀਆਂ ਦਾ ਸਭ ਤੋਂ ਵੱਡਾ ਡੈਮ ਬਣਾਉਣ ਦੀ ਸ਼ੁਰੂਆਤ ਕਰ ਦਿੱਤੀ ਏ। ਇਹ ਨਦੀ, ਜੋ ਭਾਰਤ 'ਚ ਬ੍ਰਹਮਪੁਤਰ ਵਜੋਂ ਜਾਣੀ ਜਾਂਦੀ ਏ, ਅਰੁਣਾਚਲ ਪ੍ਰਦੇਸ਼ 'ਚ ਸਿਆਂਗ ਤੇ ਅਸਾਮ 'ਚ ਬ੍ਰਹਮਪੁਤਰ ਦੇ ਰੂਪ 'ਚ ਵਹਿੰਦੀ ਏ, ਅਤੇ ਫਿਰ ਬੰਗਲਾਦੇਸ਼ ਰਾਹੀਂ ਬੰਗਾਲ ਦੀ ਖਾੜੀ 'ਚ ਜਾ ਮਿਲਦੀ ਏ। ਇਸ ਡੈਮ ਦਾ ਨੀਂਹ ਪੱਥਰ ਚੀਨ ਦੇ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਰੱਖਿਆ, ਜਿਸ ਨੂੰ ਚੀਨ ਆਪਣੇ ਕਾਰਬਨ ਨਿਊਟ੍ਰਲ ਟੀਚਿਆਂ ਤੇ ਤਿੱਬਤ ਦੇ ਆਰਥਿਕ ਵਿਕਾਸ ਨਾਲ ਜੋੜਦਾ ਏ। ਪਰ ਇਹ ਪ੍ਰੋਜੈਕਟ ਭਾਰਤ ਤੇ ਬੰਗਲਾਦੇਸ਼ ਲਈ ਵੱਡਾ ਖਤਰਾ ਬਣ ਸਕਦਾ ਏ।



ਇਹ ਡੈਮ ਬ੍ਰਹਮਪੁਤਰ ਨਦੀ ਦੇ ਪਾਣੀ ਦੇ ਵਹਾਅ 'ਤੇ ਚੀਨ ਦਾ ਪੂਰਾ ਕੰਟਰੋਲ ਹੋਵੇਗਾ। ਜੇ ਚੀਨ ਪਾਣੀ ਰੋਕ ਲਵੇ, ਤਾਂ ਭਾਰਤ ਦੇ ਪੂਰਬੀ ਸੂਬਿਆਂ ਵਿਚ ਸੋਕਾ ਪੈ ਸਕਦਾ ਏ, ਜਿਸ ਨਾਲ ਖੇਤੀਬਾੜੀ, ਮੱਛੀ ਪਾਲਣ ਤੇ ਲੋਕਾਂ ਦੀ ਰੋਜ਼ੀ-ਰੋਟੀ 'ਤੇ ਮਾੜਾ ਅਸਰ ਪਵੇਗਾ। ਜੇ ਚੀਨ ਇੱਕੋ ਵਾਰੀ ਵੱਡੀ ਮਾਤਰਾ ਵਿਚ ਪਾਣੀ ਛੱਡਦਾ ਏ, ਤਾਂ ਅਰੁਣਾਚਲ ਤੇ ਅਸਾਮ ਵਿਚ ਹੜ੍ਹ ਆ ਸਕਦੇ ਨੇ, ਜਿਹੜੇ ਜਾਨ-ਮਾਲ ਦਾ ਵੱਡਾ ਨੁਕਸਾਨ ਕਰ ਸਕਦੇ ਨੇ। ਨਦੀ ਦਾ ਕੁਦਰਤੀ ਵਹਾਅ ਰੁਕਣ ਨਾਲ ਜੈਵ-ਵਿਭਿੰਨਤਾ ਵੀ ਖਤਰੇ ਵਿਚ ਪੈ ਜਾਵੇਗੀ। ਅਰੁਣਾਚਲ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਇਸ ਨੂੰ "ਵਾਟਰ ਬੰਬ" ਕਹਿ ਕੇ ਸੁਰੱਖਿਆ ਲਈ ਖਤਰਾ ਦੱਸਿਆ, ਕਿਉਂਕਿ ਚੀਨ ਨੇ ਕਿਸੇ ਅੰਤਰਰਾਸ਼ਟਰੀ ਜਲ ਸੰਧੀ 'ਤੇ ਦਸਤਖਤ ਨਹੀਂ ਕੀਤੇ, ਜਿਸ ਕਾਰਨ ਉਸ 'ਤੇ ਭਰੋਸਾ ਕਰਨਾ ਮੁਸ਼ਕਲ ਏ।

### ਚੀਨ ਅਜਿਹਾ ਕਿਉਂ ਕਰ ਰਿਹਾ ?

ਚੀਨ ਇਸ ਡੈਮ ਨੂੰ ਆਪਣੀ ਊਰਜਾ ਲੋੜਾਂ ਪੂਰੀਆਂ ਕਰਨ ਤੇ ਤਿੱਬਤ ਦੇ ਆਰਥਿਕ ਵਿਕਾਸ ਲਈ ਵਰਤਣ ਦੀ ਗੱਲ ਕਰਦਾ ਏ। ਪਰ ਇਸ ਦਾ ਅਸਲ ਮਕਸਦ ਭਾਰਤ 'ਤੇ ਰਣਨੀਤਕ ਦਬਾਅ ਬਣਾਉਣਾ ਵੀ ਹੋ ਸਕਦਾ ਏ।

ਜੇ ਭਾਰਤ-ਚੀਨ ਸਬੰਧ ਤਣਾਅਪੂਰਨ ਹੋ ਜਾਣ, ਤਾਂ ਚੀਨ ਪਾਣੀ ਦੇ ਵਹਾਅ ਨੂੰ ਹਥਿਆਰ ਵਜੋਂ ਵਰਤ ਸਕਦਾ ਏ। ਇਸ ਨਾਲ ਉਹ ਭਾਰਤ 'ਤੇ ਦਬਾਅ ਬਣਾ ਸਕਦਾ ਏ, ਖਾਸਕਰ ਅਰੁਣਾਚਲ ਪ੍ਰਦੇਸ਼ 'ਤੇ, ਜਿਸ 'ਤੇ ਚੀਨ ਆਪਣਾ ਦਾਅਵਾ ਜਤਾਉਂਦਾ ਏ।

### ਭਾਰਤ ਦਾ ਪ੍ਰਤੀਕਰਮ

ਭਾਰਤ ਨੇ ਜਨਵਰੀ ਵਿਚ ਇਸ ਪ੍ਰੋਜੈਕਟ ਦਾ ਵਿਰੋਧ ਕੀਤਾ ਸੀ। ਅਰੁਣਾਚਲ ਦੇ ਮੁੱਖ ਮੰਤਰੀ ਨੇ ਸਪੱਸ਼ਟ ਕਿਹਾ ਕਿ ਇਸ ਨੂੰ ਰੋਕਣਾ ਜ਼ਰੂਰੀ ਏ। ਭਾਰਤ ਸਰਕਾਰ ਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਇਸ ਮੁੱਦੇ ਨੂੰ ਉਠਾਉਣਾ ਚਾਹੀਦਾ ਏ। ਭਾਰਤ ਆਪਣੇ ਖੁਦ ਦੇ ਜਲਵਿਦਿਊਤ ਪ੍ਰੋਜੈਕਟ ਵਧਾ ਕੇ ਤੇ ਪਾਣੀ ਪ੍ਰਬੰਧਨ ਨੂੰ ਮਜ਼ਬੂਤ ਕਰਕੇ ਨੁਕਸਾਨ ਨੂੰ ਘੱਟ ਕਰ ਸਕਦਾ ਏ। ਨਾਲ ਹੀ, ਬੰਗਲਾਦੇਸ਼ ਨਾਲ ਮਿਲ ਕੇ ਚੀਨ 'ਤੇ ਦਬਾਅ ਬਣਾਉਣ ਦੀ ਲੋੜ ਏ।

# ਅਨਮੋਲ ਗਗਨ ਮਾਨ ਦਾ ਕਲਾਕਾਰੀ ਡਰਾਮਾ

## ✪ ਪਹਿਲਾਂ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇਕੇ ਰਾਜਨੀਤੀ ਤੋਂ ਅਸਤੀਫ਼ੇ ਦੇਣ ਦਾ ਐਲਾਨ ਕੀਤਾ, ਫਿਰ ਅਮਨ ਅਰੋੜੇ ਨੇ ਮਨਾ ਲਿਆ



ਚੰਡੀਗੜ੍ਹ-ਅਨਮੋਲ ਗਗਨ, ਜਿਸਨੇ ਪੰਜਾਬ ਸਰਕਾਰ ਵਿੱਚ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਅਤੇ ਰਾਜਨੀਤੀ ਛੱਡਣ ਦਾ ਐਲਾਨ ਕੀਤਾ ਸੀ, ਨੇ ਹੁਣ ਆਪਣਾ ਫੈਸਲਾ ਬਦਲ ਲਿਆ ਹੈ। ਪਾਰਟੀ ਮੁਖੀ ਅਮਨ ਅਰੋੜਾ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਅਸਤੀਫ਼ਾ ਰੱਦ ਕਰਨ ਦੇ ਫੈਸਲੇ ਦਾ ਐਲਾਨ ਕੀਤਾ। ਮੀਟਿੰਗ ਤੋਂ ਬਾਅਦ ਅਨਮੋਲ ਗਗਨ ਨੇ ਪਾਰਟੀ ਦੇ ਫੈਸਲੇ ਨੂੰ ਸਵੀਕਾਰ ਕਰ ਲਿਆ ਹੈ। ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਅਨਮੋਲ ਗਗਨ ਨੂੰ ਪਾਰਟੀ ਅਤੇ ਖੇਤਰ ਦੀ ਤਰੱਕੀ ਲਈ ਇਕੱਠੇ ਕੰਮ ਕਰਨ ਦੀ ਬੇਨਤੀ ਕੀਤੀ, ਜਿਸਨੂੰ ਉਨ੍ਹਾਂ ਨੇ ਸਵੀਕਾਰ ਕਰ ਲਿਆ।

# ਤਰਨ ਤਾਰਨ ਜ਼ਿਮਨੀ ਚੋਣ ਲਈ ਅਕਾਲੀ ਦਲ ਨੇ ਸੁਖਵਿੰਦਰ ਕੌਰ ਰੰਧਾਵਾ ਨੂੰ ਉਮੀਦਵਾਰ ਐਲਾਨਿਆ



ਤਰਨਤਾਰਨ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਪਾਰਟੀ ਉਮੀਦਵਾਰ ਐਲਾਨਿਆ ਹੈ। ਸੁਖਬੀਰ ਨੇ ਇਹ ਐਲਾਨ ਪਾਰਟੀ ਦੇ ਪਹਿਲੇ ਪ੍ਰਧਾਨ ਸਰਮੁੱਖ ਸਿੰਘ ਝਬਾਲ ਦੇ ਜੱਦੀ ਪਿੰਡ ਝਬਾਲ ਦੀ ਦਾਣਾ ਮੰਡੀ 'ਚ ਕੀਤੇ ਗਏ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਮੌਤ ਕਾਰਨ ਇਹ ਸੀਟ ਖਾਲੀ ਹੋ ਗਈ ਸੀ ਜਿਸ ਲਈ ਹੁਣ ਜ਼ਿਮਨੀ ਚੋਣ ਕਰਵਾਈ ਜਾ ਰਹੀ ਹੈ। ਇਸ ਦੌਰਾਨ ਸੁਖਬੀਰ ਬਾਦਲ ਨੇ ਲੋਕਾਂ ਨੂੰ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਅਪੀਲ ਵੀ ਕੀਤੀ। ਹਲਕੇ ਅੰਦਰ 'ਆਜ਼ਾਦ ਗਰੁੱਪ' ਦੇ ਨਾਂ 'ਤੇ ਸਿਆਸੀ ਗਤੀਵਿਧੀਆਂ ਕਰਦੇ ਆ ਰਹੇ ਗਰੁੱਪ ਵੱਲੋਂ ਬੀਬੀ ਸੁਖਵਿੰਦਰ ਕੌਰ ਨੂੰ ਕੁਝ ਦਿਨ ਪਹਿਲਾਂ ਹੀ ਆਪਣਾ ਆਗੂ ਚੁਣਿਆ ਗਿਆ ਸੀ, ਜਿਨ੍ਹਾਂ ਨੂੰ ਅੱਜ ਪਹਿਲਾਂ ਸੁਖਬੀਰ ਬਾਦਲ ਨੇ ਅਕਾਲੀ ਦਲ ਵਿੱਚ ਸ਼ਾਮਲ ਕੀਤਾ ਅਤੇ ਬਾਅਦ ਵਿੱਚ ਉਮੀਦਵਾਰ ਵੀ ਐਲਾਨ ਦਿੱਤਾ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ।

# ਵਕੀਲ ਦਾ ਗੋਲੀ ਮਾਰ ਕੇ ਕਤਲ

## ✪ ਬਾਈਕ ਸਵਾਰ ਬਦਮਾਸ਼ ਹਮਲਾ ਕਰਕੇ ਫਰਾਰ



ਅੰਮ੍ਰਿਤਸਰ-ਬਾਈਕ ਸਵਾਰ ਤਿੰਨ ਨੌਜਵਾਨਾਂ ਨੇ ਅਦਾਲਤ ਵਿੱਚ ਪ੍ਰੈਕਟਿਸ ਕਰ ਰਹੇ ਵਕੀਲ ਲਖਵਿੰਦਰ ਸਿੰਘ ਨੂੰ ਗੋਲੀ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਇਹ ਘਟਨਾ ਬੀਤੇ ਦਿਨੀਂ ਜੰਡਿਆਲਾ ਗੁਰੂ ਨੇੜੇ ਵਾਪਰੀ। ਲਖਵਿੰਦਰ ਸਿੰਘ ਆਪਣੀ ਕਾਰ 'ਤੇ ਅਦਾਲਤ ਵੱਲ ਜਾ ਰਿਹਾ ਸੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਵੇਂ ਦੋਸ਼ੀ ਆਪਣੀਆਂ ਬਾਈਕਾਂ 'ਤੇ ਭੱਜ ਗਏ। ਪੀੜਤ ਪਰਿਵਾਰ ਦੇ ਮੈਂਬਰਾਂ ਨੇ ਕਿਹਾ ਹੈ ਕਿ ਲਖਵਿੰਦਰ ਨੂੰ ਚਾਰ ਗੋਲੀਆਂ ਲੱਗੀਆਂ ਹਨ। ਮੁਲਜ਼ਮਾਂ ਵੱਲੋਂ ਕੁੱਲ ਪੰਜ ਗੋਲੀਆਂ ਚਲਾਈਆਂ ਗਈਆਂ। ਐਸਪੀ ਮਨਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਲਾਕੇ ਵਿੱਚ ਲੱਗੇ ਸੀਸੀਟੀਵੀ ਫੁਟੇਜ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਆਪਸੀ ਲੈਣ-ਦੇਣ ਵਿੱਚ ਬਹੁਤ ਵਿਵਾਦ ਹੋ ਸਕਦਾ ਹੈ। ਜਦੋਂ ਕਿ ਕੁਝ ਲੋਕ ਇਸਨੂੰ ਗੈਂਗਸਟਰਵਾਦ ਦੀ ਘਟਨਾ ਵੀ ਦੱਸ ਰਹੇ ਹਨ।

# ਕਿਰਾਏ ਦੇ ਪੀਜੀ ਵਿਚ ਦੇਹ ਵਪਾਰ ਕਰ ਰਹੀਆਂ ਸੀ 2 ਔਰਤਾਂ ਨੂੰ ਤਿੰਨ ਮਰਦਾਂ ਨਾਲ ਕੀਤਾ ਗ੍ਰਿਫ਼ਤਾਰ



ਬਠਿੰਡਾ-ਸ਼ਹਿਰ ਦੇ ਅਜੀਤ ਰੋਡ ਗਲੀ ਨੰਬਰ 6 ਵਿਚ ਸਥਿਤ ਇਕ ਪੀਜੀ ਵਿਚ ਰਹਿਣ ਵਾਲੀਆਂ ਦੋ ਔਰਤਾਂ ਵੱਲੋਂ ਦੇਹ ਵਪਾਰ ਦਾ ਕਾਰੋਬਾਰ ਚਲਾਇਆ ਜਾ ਰਿਹਾ ਸੀ। ਥਾਣਾ ਸਿਵਲ ਲਾਈਨ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਉਕਤ ਪੀਜੀ ਤੇ ਛਾਪੇਮਾਰੀ ਕਰਦਿਆਂ ਦੋ ਔਰਤਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਸਬੰਧੀ ਸ਼ੇਰ ਗਰੁੱਪ ਦੀ ਮੀਟਿੰਗ ਹੋਈ, ਸੰਗਤਾਂ ਨੂੰ ਵੱਧ ਤੋਂ ਵੱਧ ਮੈਂਬਰ ਬਣਨ ਦੀ ਅਪੀਲ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਬੀਤੇ ਦਿਨੀ ਸਾਊਥਾਲ ਦੇ ਮੌਨਸੂਨ ਹਾਲ ਵਿੱਚ ਸ਼ੇਰ ਗਰੁੱਪ ਦੇ ਮੈਂਬਰਾਂ ਦੀ ਵਿੱਚ ਭਰਵੀਂ ਮੀਟਿੰਗ ਹੋਈ ਜਿਸ ਵਿੱਚ ਸ਼ੇਰ ਗਰੁੱਪ ਦੇ ਸੀਨੀਅਰ ਮੈਂਬਰਾਂ ਨੇ ਹਿੱਸਾ ਲਿਆ ਅਤੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਮੌਜੂਦਾ ਪ੍ਰਬੰਧਕਾਂ ਦੀ ਕਾਰਗੁਜ਼ਾਰੀ ਤੇ ਸਵਾਲ ਖੜ੍ਹੇ ਕੀਤੇ।**



ਸ਼ੇਰ ਗਰੁੱਪ ਦੇ ਹਮਾਇਤੀ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ

ਇਸ ਮੌਕੇ ਬੋਲਦਿਆਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ, ਮਨਜੀਤ ਸਿੰਘ (ਮੌਜੂਦਾ ਕਮੇਟੀ ਮੈਂਬਰ), ਸਾਬਕਾ ਮੀਤ ਪ੍ਰਧਾਨ ਸੋਹਣ ਸਿੰਘ ਸੁਮਰਾ, ਸਾਬਕਾ ਜਨਰਲ ਸਕੱਤਰ ਹਰਪਾਲ ਸਿੰਘ ਬਰਾੜ, ਸਾਬਕਾ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਅਵਤਾਰ ਸਿੰਘ ਬੁਟਰ, ਕਾਰੋਬਾਰੀ ਮਨਜੀਤ ਸਿੰਘ ਭਾਊ, ਬੀਬੀ ਰਸ਼ਪਾਲ ਕੌਰ ਢਿਲੋਂ, ਸ਼ਰਨਬੀਰ ਸਿੰਘ ਸੰਘਾ, ਦਰਸ਼ਨ ਸਿੰਘ ਗਰੇਵਾਲ, ਬੀਬੀ ਗੁਨੀਤ ਕੌਰ, ਇਸ਼ਟਮੀਤ ਸਿੰਘ ਫੁੱਲ, ਜੈਸਿਮਰਨ ਸਿੰਘ, ਡਾ: ਤੇਜ ਸਿੰਘ ਖੁਰਾਨਾ, ਸਾਬਕਾ ਮੁੱਖ ਗ੍ਰੰਥੀ ਬਲਵਿੰਦਰ ਸਿੰਘ ਪੱਟੀ, ਕੌਂਸਲਰ ਗੁਰਸ਼ਰਨ ਸਿੰਘ ਮੰਡ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਮੁੜ ਉਹਨਾਂ ਹਾਲਾਤਾਂ ਵੱਲ ਸਭਾ ਨੂੰ ਧੱਕਿਆ ਜਾ ਰਿਹਾ ਹੈ ਜਿਸ ਲਈ ਲੰਮੀ ਲੜ੍ਹਾਈ ਲੜ੍ਹੀ ਸੀ। ਸਭਾ ਦੇ ਟਰੱਸਟੀਆਂ ਦੀ ਨਿਯੁਕਤੀ ਗੈਰ ਸੰਵਿਧਾਨਿਕ ਤਰੀਕੇ ਨਾਲ ਕੀਤੀ ਗਈ, ਜਿਸ ਵਿੱਚ ਪ੍ਰੀਵਾਰਵਾਦ ਭਾਰੂ ਰਿਹਾ। ਫਿਰ ਉਹਨਾਂ ਨੂੰ ਹੀ ਚੋਣ ਕਮੇਟੀ ਦਾ ਪ੍ਰਬੰਧ ਸੌਂਪ ਦਿੱਤਾ ਗਿਆ, ਫਿਰ ਚੋਣਾਂ ਵਿੱਚ ਪਾਰਦਰਸ਼ਤਾ ਕਿਸ ਤਰ੍ਹਾਂ ਰਹਿ ਸਕਦੀ ਹੈ। ਜਦ ਕਿ ਲੰਮੀ ਲੜ੍ਹਾਈ ਲੜ੍ਹਨ ਤੋਂ ਬਾਅਦ ਸ਼ੇਰ ਗਰੁੱਪ ਦੀ ਕਮੇਟੀ ਮੌਕੇ ਚੋਣਾਂ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਸਾਰਾ ਵਿਧੀ ਵਿਧਾਨ ਬਣਾਇਆ ਗਿਆ ਸੀ। ਪਰ ਅਫਸੋਸ ਕਿ ਹੁਣ ਫਿਰ ਹਾਲਾਤ 2008 ਤੋਂ ਪਹਿਲਾਂ ਵਾਲੇ ਬਣਾ ਦਿੱਤੇ ਗਏ ਹਨ। ਇਸ ਮੌਕੇ ਚੈਰਿਟੀ ਕਮਿਸ਼ਨ ਵੱਲੋਂ ਟਰੱਸਟੀਆਂ ਦੀਆਂ ਨਿਯੁਕਤੀਆਂ ਲਈ ਕੀਤੀਆਂ ਟਿੱਪਣੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਬੁਲਾਰਿਆਂ ਨੇ ਕਈ ਤਰ੍ਹਾਂ ਦੇ ਦੋਸ਼ ਲਾਉਂਦਿਆਂ ਸਵਾਲ ਖੜ੍ਹੇ ਕੀਤੇ ਜਿਸ ਵਿੱਚ ਕਿਹਾ ਗਿਆ ਕਿ ਮੌਜੂਦਾ ਪ੍ਰਬੰਧਕ ਕਮੇਟੀ ਨੇ ਕੋਈ ਅਜੇਹਾ ਕੰਮ ਨਹੀਂ ਕੀਤਾ, ਜਿਸ ਨੂੰ ਬਹੁਤ ਵੱਡੀ ਪ੍ਰਾਪਤੀ ਕਿਹਾ ਜਾ ਸਕਦਾ ਹੋਵੇ। ਜਿਸ ਨਾਲ ਸਭਾ ਨੂੰ ਜਾਂ ਸਿੱਖ ਭਾਈਚਾਰੇ ਨੂੰ ਕੋਈ ਲਾਭ ਹੋਇਆ ਹੋਵੇ।


ਬੁਲਾਰਿਆਂ ਨੇ ਇਹ ਵੀ ਕਿਹਾ ਕਿ ਭਾਵੇਂ ਕਾਨੂੰਨੀ ਕਾਰਵਾਈ ਲਈ ਯਤਨ ਕੀਤੇ ਜਾ ਰਹੇ ਹਨ, ਤਾਂ ਕਿ ਚੋਣਾਂ ਪਾਰਦਰਸ਼ੀ ਢੰਗ ਨਾਲ ਹੋਣ ਅਤੇ ਟਰੱਸਟ ਪ੍ਰੀਵਾਰਵਾਦ ਤੋਂ ਮੁਕਤ ਹੋਵੇ। ਪਰ ਇਸ ਦੇ ਬਾਵਜੂਦ ਵੱਧ ਤੋਂ ਵੱਧ ਮੈਂਬਰ ਬਣਨ ਦੀ ਅਪੀਲ ਕੀਤੀ।

ਇਸ ਮੀਟਿੰਗ ਵਿੱਚ ਵੇਖਣ ਵਾਲੀ ਖਾਸ ਗੱਲ ਇਹ ਸੀ ਕਿ ਸਾਊਥਾਲ ਦੀਆਂ ਉਹ ਸਖਸ਼ੀਅਤਾਂ ਮੁੜ ਸ਼ੇਰ ਗਰੁੱਪ ਨਾਲ ਖੜ੍ਹੀਆਂ ਵੇਖੀਆਂ ਗਈਆਂ ਜਿਹਨਾਂ ਨੇ 2008 ਵਿੱਚ ਲੰਮੇਂ ਸਮੇਂ ਬਾਅਦ ਪਹਿਲੀ ਵਾਰ ਸ਼ੇਰ ਗਰੁੱਪ ਦੀ ਕਮੇਟੀ ਬਣਾਉਣ ਲਈ ਲੰਬਾ ਸੰਘਰਸ਼ ਕੀਤਾ ਸੀ।

# ਸਰੀਂਹ ਪਿੰਡ ਵਿੱਚ ਗੁਰੂ ਅਰਜਨ ਦੇਵ ਜੀ ਦੇ ਇਤਿਹਾਸਕ ਸਥਾਨ 'ਤੇ ਪੰਜ ਸਿੰਘ ਸਾਹਿਬਾਨ ਨੇ ਨਵੇਂ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ




## ਗੁਰਦੁਆਰਾ ਕਮਿਊਨਟੀ ਅਤੇ ਲੰਗਰ ਹਾਲ



ਅਵਤਾਰ ਸਿੰਘ ਸੰਘੇੜਾ ਯੂ ਕੇ ਅਤੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਦੀ ਰਹਿਨੁਮਾਈ ਹੇਠ ਇਸ ਸਥਾਨ ਦੀ ਕਾਰ ਸੇਵਾ ਆਰੰਭ ਹੈ ਜੀ

ਸਮੂਹ ਨਗਰ ਨਿਵਾਸੀ ਸੰਗਤਾਂ ਅਤੇ ਵਿਦੇਸ਼ ਵਿੱਚ ਰਹਿ ਰਹੀਆਂ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਇਸ ਸੇਵਾ ਵਿੱਚ ਆਪਣਾ ਦਸਵੰਧ ਪਾ ਕੇ ਜੀਵਨ ਸਫ਼ਲਾ ਕਰੋ ਜੀ।

ਇਸ ਸਥਾਨ ਤੇ ਗੁਰਦੁਆਰਾ ਕਮਿਊਨਟੀ ਅਤੇ ਲੰਗਰ ਹਾਲ ਬਣੇਗਾ ਜਿਸ ਵਿੱਚ ਲੋੜਵੰਦ ਪਰਿਵਾਰ ਗੁਰਮਤਿ ਅਨੁਸਾਰ ਪ੍ਰੋਗਰਾਮ ਕਰ ਸਕਣਗੇ।





ਨਵੇਂ ਹਾਲ ਦਾ ਨੀਂਹ ਪੱਥਰ ਰੱਖਣ ਲਈ ਸਿੰਘ ਸਾਹਿਬਾਨ ਟੱਕ ਲਾਉਂਦੇ ਹੋਏ

ਪਿੰਡ ਸਰੀਂਹ ਵਿਖੇ ਗੁਰੂ ਅਰਜਨ ਦੇਵ ਜੀ ਦੀ ਯਾਦ ਵਿੱਚ ਬਣੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਲੰਗਰ ਤੇ ਸੰਗਤਾਂ ਲਈ ਹੋਰ ਇਕੱਤਰਤਾ ਕਰਨ ਲਈ ਵੱਡਾ ਹਾਲ ਬਣਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਸ: ਅਵਤਾਰ ਸਿੰਘ ਸੰਘੇੜਾ ਨੇ ਦੱਸਿਆ ਕਿ ਉਹ ਆਪਣੇ ਪਿੰਡ ਆਏ ਹੋਏ ਹਨ। ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਹ ਹਾਲ ਬਣਾਇਆ ਜਾਵੇਗਾ। ਉਹਨਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਪੰਜ ਪਿਆਰੇ ਸਿੰਘ ਸਾਹਿਬਾਨ ਜੋ ਸੇਵਾ ਕਰਦੇ ਸਨ, ਉਹਨਾਂ ਨੇ ਇਸ ਹਾਲ ਦਾ ਨੀਂਹ ਪੱਥਰ ਰੱਖਣ ਲਈ ਟੱਕ ਲਾਇਆ ਹੈ।

ਉਹਨਾਂ ਹੋਰ ਦੱਸਿਆ ਕਿ ਇਸ ਹਾਲ ਦੀ ਉਸਾਰੀ ਕਾਰ ਸੇਵਾ ਵਾਲੇ ਸੇਵਾਦਾਰ ਅਮਰੀਕ ਸਿੰਘ ਜੀ ਕਰਵਾਉਣਗੇ। ਜਥੇਦਾਰ ਅਵਤਾਰ ਸਿੰਘ ਸੰਘੇੜਾ ਨੇ ਪਹਿਲਾਂ ਪਾਕਿਸਤਾਨ ਵਿੱਚ ਵੀ ਕਈ ਇਤਿਹਾਸਕ ਗੁਰ ਅਸਥਾਨਾਂ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਇਆ ਹੈ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨੰਦ ਕਾਰਜ ਹੋਏ ਸਨ, ਉਸ ਸਮੇਂ ਨਕੋਦਰ ਨੇੜੇ ਪਿੰਡ ਮਾਲੜੀ, ਸ਼ੰਕਰ, ਸਰੀਂਹ ਅਤੇ ਹੋਰ ਕਈ ਪਿੰਡਾਂ ਵਿੱਚ ਦੀ ਹੁੰਦੇ ਹੋਏ ਬਰਾਤ ਸਮੇਤ ਮੌ ਸਾਹਿਬ ਪਹੁੰਚੇ ਸਨ, ਜਿੱਥੇ ਗੁਰੂ ਸਾਹਿਬ ਦੇ ਅਨੰਦ ਕਾਰਜ ਹੋਏ। ਇਹਨਾਂ ਇਤਿਹਾਸਕ ਸਥਾਨਾਂ 'ਚ ਇਲਾਕੇ ਦੀਆਂ ਸਿੱਖ ਸੰਗਤਾਂ ਬਹੁਤ ਸ਼ਰਧਾ ਤੇ ਸਤਿਕਾਰ ਰੱਖਦੀਆਂ ਹਨ।

ਸਹਿਯੋਗੀ: ਸ: ਗੁਰਪ੍ਰਤਾਪ ਸਿੰਘ ਵਡਾਲਾ, ਸ: ਪਰਮਜੀਤ ਸਿੰਘ (ਪ੍ਰਧਾਨ), ਸ: ਦਰਸ਼ਨ ਸਿੰਘ (ਸਰਪੰਚ), ਸ: ਨਰਿੰਦਰ ਸਿੰਘ (ਪੰਚ), ਸ: ਕੁਲਵੀਰ ਸਿੰਘ ਸੰਘੇੜਾ, ਸੰਪਰਕ:- 00 44 + 7399 080 412

# ਡਰਬੀ ਸਪੋਰਟਸ ਕਮੇਟੀ, ਖਾਲਸਾ ਫੁੱਟਬਾਲ ਫੈਡਰੇਸ਼ਨ ਅਤੇ ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ ਵੱਲੋਂ ਸਥਾਨਕ ਗੁਰੂ ਘਰਾਂ ਅਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਸ਼ਹੀਦੀ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ

## ਇੰਗਲੈਂਡ ਭਰ ਤੋਂ ਵੱਡੀ ਗਿਣਤੀ ਵਿੱਚ ਜੂਨੀਅਰ ਅਤੇ ਸੀਨੀਅਰ ਟੀਮਾਂ ਨੇ ਭਾਗ ਲਿਆ - ਲੜਕੀਆਂ ਦੀਆਂ ਟੀਮਾਂ ਨੇ ਵੀ ਖੂਬ ਜੌਹਰ ਦਿਖਾਏ - ਖਿਡਾਰੀਆਂ ਅਤੇ ਸਹਿਯੋਗੀਆਂ ਦਾ ਮਾਣ ਸਨਮਾਨ ਕੀਤਾ ਗਿਆ






































ਹਰ ਸਾਲ ਵਾਂਗ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਇਸ ਵਾਰ ਦਾ ਸ਼ਹੀਦੀ ਫੁੱਟਬਾਲ ਟੂਰਨਾਮੈਂਟ ਡਰਬੀ ਦੇ ਸਾਰੇ ਗੁਰੂ ਘਰਾਂ ਅਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਬੀਤੇ ਸ਼ਨਿੱਚਰਵਾਰ ਅਤੇ ਐਤਵਾਰ 12-13 ਜੁਲਾਈ 2025 ਨੂੰ ਬੜੇ ਜੋਸ਼ ੳ ਖਰੋਸ਼ ਨਾਲ ਕਰਵਾਇਆ ਗਿਆ। ਇਹ ਫੁੱਟਬਾਲ ਟੂਰਨਾਮੈਂਟ ਉਹਨਾਂ ਸ਼ਹੀਦਾਂ ਨੂੰ ਸਮਰਪਿਤ ਸੀ ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕੀਤੀਆਂ ਅਤੇ ਦੇਸ਼ ਵਾਸੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਉਹਨਾਂ ਦੇ ਮਨਾਂ ਅੰਦਰ ਸੀ। ਫੁੱਟਬਾਲ ਟੂਰਨਾਮੈਂਟ ਵਿੱਚ ਬੀਬੀਆਂ ਭੈਣਾਂ ਬੱਚਿਆਂ ਸਮੇਤ ਸ਼ਾਮਿਲ ਹੋਈਆਂ ਅਤੇ ਬਹੁਤ ਸਾਰੇ ਪਰਿਵਾਰਾਂ ਨੇ ਫੁੱਟਬਾਲ ਦਾ ਅਨੰਦ ਮਾਣਿਆ। ਗਰਾਊਂਡਾਂ ਵਿੱਚ ਕੋਈ ਵੀ ਨਸ਼ਾ, ਸ਼ਰਾਬ ਅਤੇ ਮੀਟ ਆਦਿ ਲਿਆਉਣ ਅਤੇ ਵਰਤਣ ਦੀ ਸਖਤ ਮਨਾਹੀ ਕੀਤੀ ਗਈ ਸੀ। ਇਸ ਸਾਲ ਦਾ ਫੁੱਟਬਾਲ ਟੂਰਨਾਮੈਂਟ ਰੇਸ ਕੋਰਸ ਪਲੇਇੰਗ ਫੀਲਡਜ਼ (ਗਰਾਊਂਡਾਂ) ਵਿੱਚ ਕਰਵਾਇਆ ਗਿਆ। ਜਿਸ ਵਿੱਚ ਇੰਗਲੈਂਡ ਭਰ ਦੇ ਵੱਖ-ਵੱਖ ਸ਼ਹਿਰਾਂ ਤੋਂ ਫੁੱਟਬਾਲ ਦੀਆਂ 60 ਦੇ ਲੱਗਭਗ ਸੀਨੀਅਰ ਟੀਮਾਂ ਅਤੇ ਬੱਚਿਆਂ ਦੀਆਂ ਅੰਡਰ 8 ਅੰਡਰ 11, ਅੰਡਰ 13, ਅੰਡਰ 15 ਅਤੇ ਅੰਡਰ 17 ਟੀਮਾਂ ਨੇ ਭਾਗ ਲਿਆ। ਇਸ ਮੌਕੇ ਜਿੱਥੇ ਡਰਬੀ ਸਪੋਰਟਸ ਕਮੇਟੀ, ਖਾਲਸਾ ਫੁੱਟਬਾਲ ਫ਼ੈਡਰੇਸ਼ਨ, ਅਤੇ ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ ਦੇ ਸੇਵਾਦਾਰਾਂ ਨੇ ਕਰੜੀ ਮਿਹਨਤ ਕੀਤੀ ਉਥੇ ਡਰਬੀ ਦੇ ਸਾਰੇ ਗੁਰੂ ਘਰਾਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਗਿਆ।

ਫੁੱਟਬਾਲ ਟੀਮਾਂ ਦੇ ਖਿਡਾਰੀਆਂ ਨੂੰ ਡਰਬੀ ਦੇ ਡਿਪਟੀ ਮੇਅਰ ਅਜੀਤ ਸਿੰਘ ਅਟਵਾਲ, ਐਮ ਪੀ ਕੈਥਰੀਨ ਐਟਕਿਨਜ਼, ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ, ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਡਾ: ਦਲਜੀਤ ਸਿੰਘ ਵਿਰਕ, ਸ: ਸੁੱਚਾ ਸਿੰਘ ਅਟਵਾਲ, ਜਸਵਿੰਦਰ ਸਿੰਘ ਰਂਘਮ, ਪ੍ਰਮਜੀਤ ਸਿੰਘ ਚੀਮਾ, ਗੁਰਦੇਵ ਸਿੰਘ ਢਿੱਲੋਂ, ਭਜਨ ਸਿੰਘ ਢਿੱਲੋਂ ਪ੍ਰਧਾਨ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ, ਮੇਜਰ ਸਿੰਘ ਖੱਖ ਸਾਬਕਾ ਪ੍ਰਧਾਨ, ਬਿੱਕਰ ਸਿੰਘ ਚਾਹਲ, ਨਛੱਤਰ ਸਿੰਘ ਛੋਕਰ, ਕੁਲਵੰਤ ਸਿੰਘ ਕੂਨਰ, ਜਗਤਾਰ ਸਿੰਘ, ਰੇਸ਼ਮ ਸਿੰਘ ਚੌਹਾਨ, ਅਵਤਾਰ ਸਿੰਘ, ਮਨਜੀਤ ਸਿੰਘ ਸਮਰਾ, ਜਾਗੋ ਬੈਂਸ ਅਤੇ ਹੋਰ ਬਹੁਤ ਸਾਰੇ ਪਤਵੰਤਿਆਂ ਨੇ ਫੁੱਟਬਾਲ ਦਾ ਅਨੰਦ ਮਾਣਿਆ ਅਤੇ ਖਿਡਾਰੀਆਂ ਨੂੰ ਇਨਾਮ ਵੰਡੇ।

ਰਸ਼ਪਾਲ ਸਿੰਘ ਸੰਧੂ, ਜੱਸਾ ਸਿੰਘ ਲੇਹਲ ਅਤੇ ਸਹਿਯੋਗੀਆਂ ਵੱਲੋਂ ਫੁੱਟਬਾਲ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ। ਆਏ ਮਹਿਮਾਨਾਂ ਵਿੱਚ ਮੇਜਰ ਸਿੰਘ ਸੰਧੂ, ਗੁਰਵਿੰਦਰ ਸਿੰਘ ਜ਼ੱਫ਼ਰਵਾਲ ਅਤੇ ਤਰਸੇਮ ਸਿੰਘ ਆਦਿ ਨਾਂ ਵੀ ਵਰਣਨਯੋਗ ਹਨ। ਟੂਰਨਾਮੈਂਟ ਦੇ ਪ੍ਰਬੰਧਕਾਂ ਵੱਲੋਂ ਬਾਹਰਲੇ ਸ਼ਹਿਰਾਂ ਤੋਂ ਆਈਆਂ ਟੀਮਾਂ ਦੇ ਪ੍ਰਬੰਧਕਾਂ, ਡਰਬੀ ਗੁਰੂ ਘਰਾਂ ਦੇ ਪ੍ਰਬੰਧਕਾਂ, ਡਰਬੀ ਸਪੋਰਟਸ ਕਮੇਟੀ ਬੋਰਡ ਦੇ ਸਾਰੇ ਮੈਂਬਰਾਂ ਅਤੇ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

**ਵਧੇਰੇ ਜਾਣਕਾਰੀ ਲਈ:** ਕੁਲਵੰਤ ਸਿੰਘ ਕੂਨਰ: 07872 694277, ਬਿੱਕਰ ਸਿੰਘ ਚਾਹਲ: 07813 640720, ਜੱਸਾ ਲੇਹਲ: 07980 627030, ਰਸ਼ਪਾਲ ਸਿੰਘ ਸੰਧੂ: 07890 335034, ਪੋਲੀ ਟੈਂਕ: 07973 699130

**ਜਾਰੀ ਕਰਤਾ-ਡਰਬੀ ਸਪੋਰਟਸ ਕਮੇਟੀ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ, ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ, ਨਛੱਤਰ ਸਿੰਘ ਛੋਕਰ, ਪ੍ਰਮਜੀਤ ਸਿੰਘ ਚੀਮਾ, ਭਜਨ ਸਿੰਘ ਢਿੱਲੋਂ, ਗੁਰਦੇਵ ਸਿੰਘ ਢਿੱਲੋਂ**

Sponsored By :- Guru Arjan Dev Gurdwara, Sri Guru Singh Sabha Gurdwara, Indian Community Centre, Derby Sports Committee, Guru Ravidass Sabha Derby, Shiromani Akali Dal UK (Derby), Pak Food Store Derby

# ਪੰਜਾਬ ਸਰਕਾਰ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਗੁਰਪੁਰਬ ਮਨਾਉਣ ਦੀ ਬਜਾਏ ਗੁਰੂ ਸਾਹਿਬ ਦੇ ਨਾਂ ਤੇ ਕੋਈ ਵੱਡੀ ਯਾਦਗਾਰੀ ਪਾਰਕ ਬਣਾਵੇ -ਯੂ ਕੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਸਿੱਖ ਆਗੂਆਂ ਦਾ ਸੁਝਾਅ



ਜਥੇਦਾਰ ਬਲਬੀਰ ਸਿੰਘ, ਭਾਈ ਰਘਬੀਰ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ, ਪ੍ਰੋ: ਦਲਜੀਤ ਸਿੰਘ ਵਿਰਕ

**ਡਰਬੀ (ਪੰਜਾਬ ਟਾਈਮਜ਼) – ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਨਵੰਬਰ 2025 ਨੂੰ ਆ ਰਿਹਾ ਹੈ। ਗੁਰੂ ਸਾਹਿਬ ਦੀ ਸ਼ਹੀਦੀ ਚਾਂਦਨੀ ਚੌਂਕ ਦਿੱਲੀ ਵਿਖੇ ਹੋਈ ਸੀ । ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਥੇ ਵੱਡੀ ਪੱਧਰ ਤੇ ਸ਼ਹੀਦੀ ਸਮਾਗਮ ਆਯੋਜਿਤ ਕਰ ਰਹੀ ਹੈ । ਭਾਰਤ ਤੋਂ ਇਲਾਵਾ ਦੇਸ਼ ਦੇ ਹੋਰ ਹਿੱਸਿਆਂ ਅਤੇ ਵਿਦੇਸ਼ਾਂ ਵਿੱਚ ਵੀ ਵੱਡੇ ਵੱਡੇ ਸਮਾਗਮ ਕਰਵਾਏ ਜਾ ਰਹੇ ਹਨ । ਪੰਜਾਬ ਸਰਕਾਰ ਵੱਲੋਂ ਵੀ ਵੱਡੇ ਪੱਧਰ ਤੇ ਸ਼ਹੀਦੀ ਸਮਾਗਮ ਕਰਵਾਉਣ ਬਾਰੇ ਬਿਆਨ ਦਿੱਤਾ ਗਿਆ ਹੈ ।**

ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ, ਨੈਸ਼ਨਲ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਰਾਜਿੰਦਰ ਸਿੰਘ ਪੁਰੇਵਾਲ, ਜਥੇਦਾਰ ਬਲਬੀਰ ਸਿੰਘ ਸੇਵਾਦਾਰ ਸ੍ਰੀ ਗੁਰੂ ਸਿੰਘ ਸਭਾ ਗਰੇਟ ਬਾਰ ਬ੍ਰਮਿੰਘਮ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਪ੍ਰੋਫੈਸਰ ਦਲਜੀਤ ਸਿੰਘ ਵਿਰਕ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਨੂੰ ਸਰਕਾਰੀ ਪੱਧਰ ਤੇ ਧਾਰਮਿਕ ਪ੍ਰੋਗਰਾਮ (ਗੁਰਪੁਰਬ) ਮਨਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ, ਦਿੱਲੀ, ਹਰਿਆਣਾ ਕਮੇਟੀ ਨੂੰ ਸਮਾਗਮ ਮਨਾਉਣੇ ਚਾਹੀਦੇ ਹਨ। ਸਰਕਾਰੀ ਅਧਿਕਾਰੀ ਜਾਂ ਨੁਮਾਇੰਦੇ ਧਾਰਮਿਕ ਸਮਾਗਮਾਂ ਵਿੱਚ ਮਹਿਮਾਨ ਵਜੋਂ ਸ਼ਾਮਿਲ ਹੋ ਸਕਦੇ ਹਨ, ਜੇ ਉਹਨਾਂ ਨੇ ਸਮਾਜ ਲਈ ਵਧੀਆ ਕਾਰਜ ਕੀਤੇ ਹੋਣ ਉਹਨਾਂ ਦਾ ਮਾਣ ਸਨਮਾਨ ਵੀ ਕੀਤਾ ਜਾ ਸਕਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਤੇ ਪੰਜਾਬ, ਹਰਿਆਣਾ ਤੇ ਦਿੱਲੀ ਦੀਆਂ ਸਰਕਾਰਾਂ ਲੋਕਾਂ ਲਈ ਸਹੂਲਤਾਂ ਵਾਸਤੇ ਯੂਨੀਵਰਸਿਟੀਆਂ, ਹਸਪਤਾਲ ਆਦਿ ਬਨਾਉਣੇ ਚਾਹੀਦੇ ਹਨ। ਉਕਤ ਆਗੂਆਂ ਨੇ ਪੰਜਾਬ ਸਰਕਾਰ ਨੂੰ ਗੁਰਪੁਰਬ ਨਾ ਮਨਾਉਣ ਲਈ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਦਾ ਲਈ ਯਾਦ ਰੱਖਣ ਲਈ ਕੋਈ 50 / 100 ਏਕੜ ਵਿੱਚ ਵਧੀਆ ਪਾਰਕ ਜਾਂ ਅਜਾਇਬਘਰ ਬਣਾਇਆ ਜਾਵੇ, ਜਿੱਥੇ ਸਾਰੀ ਮਨੁੱਖਤਾ ਨੂੰ ਕੋਈ ਸੇਧ ਤੇ ਅੱਗੇ ਵਧਣ ਲਈ ਸਹੂਲਤਾਂ ਮਿਲਣ । ਅਜਿਹੀ ਵੱਡੀ ਯਾਦਗਾਰ ਬਣਾਈ ਜਾਵੇ ਜਿੱਥੇ ਸਮਾਜ ਦੇ ਸਾਰੇ ਵਰਗਾਂ ਤੇ ਧਰਮਾਂ ਦੇ ਲੋਕ ਗੁਰੂ ਸਾਹਿਬ ਦੀ ਮਨੁੱਖਤਾ ਦੀ ਅਜ਼ਾਦੀ ਲਈ ਦਿੱਤੀ ਸ਼ਹਾਦਤ ਬਾਰੇ ਜਾਣਕਾਰੀ ਹਾਸਲ ਕਰਨ ਅਤੇ ਲਾਹਾ ਲੈ ਸਕਣ । ਅਜਿਹੇ ਸਥਾਨ ਤੇ ਜਾਣ ਵਾਲੇ ਲੋਕ ਆਪੋ ਆਪਣੇ ਧਰਮ ਅਨੁਸਾਰ ਚੰਗੇ ਸਿੱਖ, ਚੰਗੇ ਮਨੁੱਖ ਬਣ ਸਕਣ ਤੇ ਸਾਡਾ ਸਮਾਜ ਸੋਹਣਾ ਬਣੇ । ਜਿੱਥੇ ਸਭ ਨੂੰ ਸੋਹਣਾ ਸਮਾਜ ਬਣੇ । ਸਾਰਿਆਂ ਨੂੰ ਇਨਸਾਫ਼ ਮਿਲੇ, ਸੋਹਣਾ ਵਾਤਾਵਰਣ ਹੋਵੇ ਤੇ ਕੋਈ ਜੁਰਮ ਨਾ ਹੋਵੇ, ਸਾਰੇ ਧਰਮਾਂ ਦੇ ਲੋਕ ਸੁਖੀ ਵੱਸਣ ।

## ਬ੍ਰਿਟੇਨ ਵਿਚ ਵੋਟ ਪਾਉਣ ਦੀ ਉਮਰ 18 ਤੋਂ ਘਟਾ ਕੇ ਕੀਤੀ 16 ਸਾਲ

ਬ੍ਰਿਟੇਨ ਵਿਚ ਵੋਟ ਪਾਉਣ ਦੀ ਘੱਟੋ-ਘੱਟ ਉਮਰ ਹੁਣ 18 ਤੋਂ ਘਟਾ ਕੇ 16 ਸਾਲ ਕਰ ਦਿਤੀ ਗਈ ਹੈ। ਸਰਕਾਰ ਨੇ ਐਲਾਨ ਕੀਤਾ ਹੈ ਕਿ ਹੁਣ 16 ਅਤੇ 17 ਸਾਲ ਦੇ ਬੱਚੇ ਵੀ ਅਗਲੀਆਂ ਆਮ ਚੋਣਾਂ ਵਿਚ ਵੋਟ ਪਾ ਸਕਦੇ ਹਨ। ਬ੍ਰਿਟੇਨ ਵਿਚ ਵੋਟ ਪਾਉਣ ਦੀ ਉਮਰ ਆਖ਼ਰੀ ਵਾਰ 1969 ਵਿੱਚ ਬਦਲੀ ਗਈ ਸੀ, ਜਦੋਂ ਇਸ ਨੂੰ 21 ਤੋਂ ਘਟਾ ਕੇ 18 ਕਰ ਦਿਤਾ ਗਿਆ ਸੀ। ਪਹਿਲਾਂ ਇਹ ਨੌਜਵਾਨ ਸਿਰਫ਼ ਸਕਾਟਲੈਂਡ ਅਤੇ ਵੇਲਜ਼ ਵਿਚ ਕੁੱਝ ਚੋਣਾਂ ਵਿਚ ਵੋਟ ਪਾ ਸਕਦੇ ਸਨ ਪਰ ਹੁਣ ਉਹ ਪੂਰੇ ਯੂਕੇ ਵਿਚ ਸਥਾਨਕ, ਖੇਤਰੀ ਅਤੇ ਆਮ ਚੋਣਾਂ ਵਿਚ ਹਿੱਸਾ ਲੈ ਸਕਣਗੇ। ਇਸ ਤੋਂ ਇਲਾਵਾ ਬ੍ਰਿਟਿਸ਼ ਸਰਕਾਰ ਨੇ ਇਕ ਨਵਾਂ ਨਿਯਮ ਬਣਾਇਆ ਹੈ, ਜਿਸ ਦੇ ਤਹਿਤ ਹੁਣ ਕੋਈ ਵੀ ਰਾਜਨੀਤਕ ਪਾਰਟੀ ਵਿਦੇਸ਼ਾਂ ਤੋਂ 500 ਪੌਂਡ (ਲਗਭਗ 58,000 ਰੁਪਏ) ਤੋਂ ਵੱਧ ਦਾਨ ਨਹੀਂ ਲੈ ਸਕੇਗੀ।

## ਬ੍ਰਿਟੇਨ ਦੀ ਸਾਬਕਾ ਸੰਸਦ ਮੈਂਬਰ ਨੇ ਪਤੀ 'ਤੇ ਲਗਾਏ ਯੌਨ ਸ਼ੋਸ਼ਣ ਦੇ ਦੋਸ਼



ਲੰਡਨ: ਬ੍ਰਿਟੇਨ ਦੀ ਸਾਬਕਾ ਸੰਸਦ ਮੈਂਬਰ ਕੇਟ ਨਿਵੇਟਨ ਨੇ ਆਪਣੇ ਪਤੀ ਅਤੇ ਸਾਬਕਾ ਸੰਸਦ ਮੈਂਬਰ ਐਂਡਰਿਊ ਗ੍ਰਿਫਿਥਸ 'ਤੇ ਵਿਆਹੁਤਾ ਜੀਵਨ ਵਿੱਚ ਜਿਨਸੀ ਸ਼ੋਸ਼ਣ ਅਤੇ ਘਰੇਲੂ ਹਿੰਸਾ ਦੇ ਗੰਭੀਰ ਦੋਸ਼ ਲਗਾਏ ਹਨ। ਬ੍ਰਿਟੇਨ ਦੇ ਟੀਵੀ ਚੈਨਲ ਆਈਟੀਵੀ1 ਦੀ ਇੱਕ ਦਸਤਾਵੇਜ਼ੀ ਫਿਲਮ ਵਿੱਚ, ਕੇਟ ਨੇ ਦੱਸਿਆ ਕਿ ਗ੍ਰਿਫਿਥਸ ਨੇ ਉਸ ਨਾਲ ਕਈ ਵਾਰ ਬਲਾਤਕਾਰ ਕੀਤਾ ਜਦੋਂ ਉਹ ਸੁੱਤੀ ਪਈ ਸੀ।

ਜਦੋਂ ਮੈਂ ਸੁੱਤੀ ਪਈ ਸੀ ਤਾਂ ਉਹ ਮੇਰੇ ਨਾਲ ਜ਼ਬਰਦਸਤੀ ਸੈਕਸ ਕਰਦਾ ਸੀ। ਕਈ ਵਾਰ ਮੈਂ ਇਸਨੂੰ ਬਰਦਾਸ਼ਤ ਕਰਦੀ ਸੀ, ਪਰ ਕਈ ਵਾਰ ਮੈਂ ਰੋਈ। ਫਿਰ ਉਹ ਗੁੱਸੇ ਵਿੱਚ ਮੈਨੂੰ ਬਿਸਤਰੇ ਤੋਂ ਬਾਹਰ ਕੱਢ ਦਿੰਦਾ ਸੀ। ਮੈਂ ਰੋਂਦੀ ਸੀ, ਮੈਂ ਡਰਦੀ ਸੀ, ਪਰ ਉਹ ਕਹਿੰਦਾ ਸੀ– ਕੋਈ ਤੁਹਾਡੇ 'ਤੇ ਵਿਸ਼ਵਾਸ ਨਹੀਂ ਕਰੇਗਾ, ਮੈਂ ਇੱਕ ਸੰਸਦ ਮੈਂਬਰ ਹਾਂ, ਪੁਲਿਸ ਵੀ ਮੇਰੇ ਨਾਲ ਹੈ। ਮੈਂ ਆਪਣੇ ਆਪ ਨੂੰ ਇੱਕ ਕਮਰੇ ਵਿੱਚ ਬੰਦ ਕਰ ਲੈਂਦੀ ਸੀ ਜਾਂ ਘਰ ਛੱਡ ਦਿੰਦੀ ਸੀ। ਗ੍ਰਿਫਿਥਸ ਅਤੇ ਕੇਟ ਦਾ ਵਿਆਹ 2013 ਵਿੱਚ ਹੋਇਆ ਸੀ। ਹਾਲਾਂਕਿ, 5 ਸਾਲ ਬਾਅਦ, ਦੋਵੇਂ 2018 ਵਿੱਚ ਵੱਖ ਹੋ ਗਏ।

ਬ੍ਰਿਟੇਨ ਦੀ ਇੱਕ ਪਰਿਵਾਰਕ ਅਦਾਲਤ ਨੇ 2021 ਵਿੱਚ ਮੰਨਿਆ ਕਿ ਗ੍ਰਿਫਿਥਸ ਨੇ ਕੇਟ ਨਾਲ ਬਲਾਤਕਾਰ ਕੀਤਾ ਅਤੇ ਵਾਰ-ਵਾਰ ਸਰੀਰਕ ਹਿੰਸਾ ਕੀਤੀ। ਅਦਾਲਤ ਨੇ ਇਹ ਵੀ ਮੰਨਿਆ ਕਿ ਉਸਨੇ ਉਸਨੂੰ ਮਾਨਸਿਕ ਤੌਰ 'ਤੇ ਵੀ ਪ੍ਰੇਸ਼ਾਨ ਕੀਤਾ। ਕੇਟ ਨੇ ਕਿਹਾ ਕਿ 5 ਸਾਲ ਤਸ਼ੱਦਦ ਝੱਲਣ ਤੋਂ ਬਾਅਦ ਵੀ, ਉਹ 5 ਸਾਲ ਤੱਕ ਕਾਨੂੰਨੀ ਪ੍ਰਣਾਲੀ ਨਾਲ ਲੜਦੀ ਰਹੀ। ਕੇਟ ਅਨੁਸਾਰ, ਵੱਖ ਹੋਣ ਤੋਂ ਬਾਅਦ ਵੀ, ਗ੍ਰਿਫਿਥਸ 5 ਸਾਲਾਂ ਤੱਕ ਕਾਨੂੰਨੀ ਪ੍ਰਣਾਲੀ ਰਾਹੀਂ ਉਸਨੂੰ ਪ੍ਰੇਸ਼ਾਨ ਕਰਦਾ ਰਿਹਾ। ਉਹ ਕਹਿੰਦੀ ਹੈ ਕਿ ਇਹ ਹਜ਼ਾਰਾਂ ਔਰਤਾਂ ਦੀ ਹਾਲਤ ਹੈ, ਜਿਨ੍ਹਾਂ ਦੀ ਸੁਰੱਖਿਆ ਕਰਨ ਵਿੱਚ ਅਦਾਲਤ ਵੀ ਅਸਮਰੱਥ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਯੂਕੇ ਵਿਚ ਸਿੱਖ ਰੈਜੀਮੈਂਟ ਬਣਨੀ ਹਾਲ ਦੀ ਘੜੀ ਮੁਸ਼ਕਲ

## ✪ ਲਾਰਡ ਸਹੋਤਾ ਨੇ ਉਠਾਇਆ ਮਸਲਾ ਯੂਕੇ ਸੈਨਾ ਵਿਚ ਬਣਾਓ ਸਿੱਖ ਰੈਜੀਮੈਂਟ ✪ ਸਿੱਖ ਰੈਜੀਮੈਂਟ ਵਿਚ ਸਮਾਨਤਾ ਕਾਨੂੰਨ ਬਣਿਆ ਅੜਚਣ

### ਕਵਰ ਸਟੋਰੀ

ਬਰਤਾਨਵੀ ਸੈਨਾ ਵਿਚ ਸਿੱਖ ਰੈਜੀਮੈਂਟ ਦੀ ਸਥਾਪਨਾ ਦੀ ਗੱਲ ਕੋਈ ਨਵੀਂ ਨਹੀਂ। ਹਾਲ ਹੀ ਵਿਚ, 7 ਜੁਲਾਈ 2025 ਨੂੰ ਹਾਊਸ ਆਫ ਲਾਰਡਜ਼ ਵਿਚ ਜਦੋਂ ਲਾਰਡ ਇੰਦਰਜੀਤ ਸਿੰਘ ਸਹੋਤਾ ਨੇ ਹਾਊਸ ਆਫ ਲਾਰਡਜ਼ ਵਿਚ ਰੱਖਿਆ ਮੰਤਰੀ ਲਾਰਡ ਕੋਕਰ ਨੂੰ ਸਿੱਖ ਰੈਜੀਮੈਂਟ ਬਣਾਉਣ ਦੀ ਸੰਭਾਵਨਾ ਬਾਰੇ ਸਵਾਲ ਕੀਤਾ। ਲਾਰਡ ਸਹੋਤਾ ਨੇ ਦਲੀਲ ਦਿੱਤੀ ਕਿ ਬਰਤਾਨਵੀ ਰਾਜ ਸਮੇਂ ਸਿੱਖ ਸਿਪਾਹੀਆਂ ਨੇ ਅੰਗਰੇਜ਼ ਸੈਨਾ ਵਿਚ ਬਹਾਦਰੀ ਦੀਆਂ ਮਿਸਾਲਾਂ ਕਾਇਮ ਕੀਤੀਆਂ ਸਨ। ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿਚ ਸਿੱਖਾਂ ਦੀ ਵਫਾਦਾਰੀ ਅਤੇ ਕੁਰਬਾਨੀਆਂ ਨੂੰ ਕੋਈ ਨਹੀਂ ਭੁੱਲ ਸਕਦਾ। ਉਹਨਾਂ ਨੇ ਕਿਹਾ ਕਿ ਸਿੱਖ ਰੈਜੀਮੈਂਟ ਦਾ ਗਠਨ ਨਾ ਸਿਰਫ ਸਿੱਖ ਵਿਰਾਸਤ ਨੂੰ ਸਨਮਾਨ ਦੇਵੇਗਾ, ਸਗੋਂ ਸਿੱਖ ਨੌਜਵਾਨਾਂ ਨੂੰ ਬਰਤਾਨਵੀ ਸੈਨਾ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਵੀ ਕਰੇਗਾ।

ਲਾਰਡ ਕੋਕਰ ਨੇ ਇਸ ਸਵਾਲ ਦਾ ਜਵਾਬ ਦਿੰਦਿਆਂ ਕਿਹਾ, "ਮੈਨੂੰ ਇਸ ਮਾਮਲੇ ਬਾਰੇ ਸੋਚਣ ਦਿਓ। ਮੈਂ ਸਿੱਖ ਸਿਪਾਹੀਆਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਹੋਰ ਕੀ ਕੀਤਾ ਜਾ ਸਕਦਾ ਹੈ, ਇਸ ਬਾਰੇ ਗੱਲਬਾਤ ਲਈ ਤੁਹਾਡੇ ਨਾਲ ਮੁਲਾਕਾਤ ਕਰਨ ਨੂੰ ਤਿਆਰ ਹਾਂ।"

ਇਸ ਜਵਾਬ ਨੇ ਬਹੁਤ ਸਾਰੇ ਪੰਜਾਬੀਆਂ ਵਿਚ ਇਹ ਉਮੀਦ ਜਗਾਈ ਕਿ ਸ਼ਾਇਦ ਬਰਤਾਨਵੀ ਸਰਕਾਰ ਸਿੱਖ ਰੈਜੀਮੈਂਟ ਦੀ ਸਥਾਪਨਾ ਲਈ ਸੰਜੀਦਗੀ ਨਾਲ ਸੋਚ ਰਹੀ ਹੈ। ਪਰ ਇਹ ਗੱਲ ਇੰਨੀ ਸੌਖੀ ਨਹੀਂ ਹੈ।

### ਰੱਖਿਆ ਮੰਤਰਾਲੇ ਦਾ ਸਪਸ਼ਟੀਕਰਨ: ਕੋਈ ਯੋਜਨਾ ਨਹੀਂ

ਜਿਵੇਂ ਹੀ ਇਹ ਚਰਚਾ ਸੁਰਖੀਆਂ ਵਿਚ ਆਈ, ਬਰਤਾਨਵੀ ਰੱਖਿਆ ਮੰਤਰਾਲੇ ਨੇ ਸਪਸ਼ਟ ਕਰ ਦਿੱਤਾ ਕਿ ਸਿੱਖ ਰੈਜੀਮੈਂਟ ਬਣਾਉਣ ਦੀ ਕੋਈ ਯੋਜਨਾ ਨਹੀਂ ਹੈ। ਮੰਤਰਾਲੇ ਦੇ ਸੂਤਰਾਂ ਨੇ ਦੱਸਿਆ ਕਿ ਸਿੱਖ ਰੈਜੀਮੈਂਟ ਦਾ ਗਠਨ ਬਰਤਾਨੀਆ ਦੇ ਸਮਾਨਤਾ ਕਾਨੂੰਨ ਦੀ ਉਲੰਘਣਾ ਹੋਵੇਗਾ। ਇਸ ਕਾਨੂੰਨ ਅਨੁਸਾਰ, ਕਿਸੇ ਵੀ ਸਮੂਹ ਨੂੰ ਧਰਮ, ਨਸਲ ਜਾਂ ਜਾਤੀ ਦੇ ਆਧਾਰ 'ਤੇ ਵੱਖਰੀ ਸੰਸਥਾ ਜਾਂ ਰੈਜੀਮੈਂਟ ਦੀ ਸਥਾਪਨਾ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਹ ਭੇਦਭਾਵ ਨੂੰ ਉਤਸ਼ਾਹਿਤ ਕਰ ਸਕਦਾ ਹੈ।

ਮੰਤਰਾਲੇ ਨੇ ਕਿਹਾ ਕਿ ਸਿੱਖ ਭਾਈਚਾਰੇ ਦੀਆਂ ਸੇਵਾਵਾਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਦੀ ਇੱਛਾ ਤਾਂ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਵੱਖਰੀ ਰੈਜੀਮੈਂਟ ਬਣਾਈ ਜਾਵੇ।


ਲਾਰਡ ਸਹੋਤਾ ਨੇ ਇਸ ਜਵਾਬ ਦੇ ਵਿਰੋਧ ਵਿਚ ਆਪਣੀ ਗੱਲ ਨੂੰ ਹੋਰ ਮਜ਼ਬੂਤੀ ਨਾਲ ਰੱਖਿਆ। ਉਹਨਾਂ ਨੇ ਕਿਹਾ ਕਿ ਸਿੱਖ ਰੈਜੀਮੈਂਟ ਬਣਾਉਣਾ ਸਮਾਨਤਾ ਕਾਨੂੰਨ ਦੀ ਉਲੰਘਣਾ ਨਹੀਂ, ਕਿਉਂਕਿ ਬਰਤਾਨਵੀ ਸੈਨਾ ਵਿਚ ਪਹਿਲਾਂ ਹੀ ਕਈ ਖੇਤਰੀ ਅਤੇ ਸਭਿਆਚਾਰਕ ਰੈਜੀਮੈਂਟਾਂ ਹਨ। ਮਿਸਾਲ ਵਜੋਂ, ਬ੍ਰਿਗੇਡ ਆਫ ਗੁਰਖਾਜ਼, ਰਾਇਲ ਯਾਰਕਸ਼ਾਇਰ ਰੈਜੀਮੈਂਟ, ਰਾਇਲ ਵੈਲਸ਼, ਅਤੇ ਰਾਇਲ ਰੈਜੀਮੈਂਟ ਆਫ ਸਕਾਟਲੈਂਡ ਵਰਗੀਆਂ ਸੰਸਥਾਵਾਂ ਹਨ। ਉਹਨਾਂ ਨੇ ਕਿਹਾ, "ਰਾਇਲ ਰੈਜੀਮੈਂਟ ਆਫ ਸਕਾਟਲੈਂਡ ਵਿਚ ਸੇਵਾ ਕਰਨ ਲਈ ਸਕਾਟਿਸ਼ ਹੋਣਾ ਜ਼ਰੂਰੀ ਨਹੀਂ। ਇਸੇ ਤਰ੍ਹਾਂ ਸਿੱਖ ਰੈਜੀਮੈਂਟ ਵਿਚ ਵੀ ਸਿੱਖ ਸਭਿਆਚਾਰ ਦੀ ਨੁਮਾਇੰਦਗੀ ਹੋਵੇਗੀ, ਪਰ ਇਹ ਸਿਰਫ ਸਿੱਖਾਂ ਤੱਕ ਸੀਮਤ ਨਹੀਂ ਹੋਵੇਗੀ।"

ਸਹੋਤਾ ਦਾ ਮੁੱਖ ਤਰਕ ਸੀ ਕਿ ਸਿੱਖ ਰੈਜੀਮੈਂਟ ਨਾਲ ਸਿੱਖ ਨੌਜਵਾਨਾਂ ਨੂੰ ਸੈਨਾ ਵਿਚ ਸ਼ਾਮਲ ਹੋਣ ਦਾ ਮੌਕਾ ਮਿਲੇਗਾ। ਉਹ ਪਗੜੀ ਪਹਿਨ ਸਕਣਗੇ, ਦਾੜ੍ਹੀ ਰੱਖ ਸਕਣਗੇ, ਅਤੇ ਆਪਣੀ ਵਿਰਾਸਤ ਨੂੰ ਮਾਣ ਨਾਲ ਪੇਸ਼ ਕਰ ਸਕਣਗੇ। ਇਸ ਨਾਲ ਨਾ ਸਿਰਫ ਸਿੱਖ ਭਾਈਚਾਰੇ ਦਾ ਸਨਮਾਨ ਹੋਵੇਗਾ, ਸਗੋਂ ਬਰਤਾਨੀਆ ਦੇ ਭਾਰਤ ਅਤੇ ਦੱਖਣੀ ਏਸ਼ੀਆ ਨਾਲ ਸਬੰਧ ਵੀ ਮਜ਼ਬੂਤ ਹੋਣਗੇ।

### ਇਤਿਹਾਸ ਦੀਆਂ ਗੂੰਜਾਂ : ਸਿੱਖਾਂ ਦੀਆਂ ਸੈਨਿਕ ਸੇਵਾਵਾਂ

ਸਿੱਖਾਂ ਦਾ ਬਰਤਾਨਵੀ ਸੈਨਾ ਨਾਲ ਰਿਸ਼ਤਾ ਕੋਈ ਨਵਾਂ ਨਹੀਂ। ਅੰਗਰੇਜ਼ ਰਾਜ ਦੌਰਾਨ ਸਿੱਖ ਸਿਪਾਹੀਆਂ ਨੇ ਨਾ ਸਿਰਫ ਭਾਰਤ ਵਿਚ, ਸਗੋਂ ਵਿਸ਼ਵ ਜੰਗਾਂ ਵਿਚ ਵੀ ਅਹਿਮ ਭੂਮਿਕਾ ਨਿਭਾਈ।

ਪਹਿਲੀ ਵਿਸ਼ਵ ਜੰਗ (1914-1918) ਵਿਚ ਲਗਭਗ 1.5 ਲੱਖ ਸਿੱਖ ਸਿਪਾਹੀਆਂ ਨੇ ਅੰਗਰੇਜ਼ਾਂ ਦੀ ਸੈਨਾ ਵਿਚ ਸੇਵਾਵਾਂ ਦਿੱਤੀਆਂ, ਜਦਕਿ ਦੂਜੀ ਵਿਸ਼ਵ ਜੰਗ (1939-1945) ਵਿਚ ਵੀ ਸਿੱਖ ਰੈਜੀਮੈਂਟਾਂ ਨੇ ਬਰਮਾ, ਇਟਲੀ, ਅਤੇ ਉੱਤਰੀ ਅਫਰੀਕਾ ਦੇ ਮੋਰਚਿਆਂ 'ਤੇ ਬਹਾਦਰੀ ਦੀਆਂ ਮਿਸਾਲਾਂ ਕਾਇਮ ਕੀਤੀਆਂ।





ਇਸ ਇਤਿਹਾਸ ਨੂੰ ਮੁੜ ਜਿਉਂਦਾ ਕਰਨ ਦੀ ਗੱਲ ਸਿੱਖ ਭਾਈਚਾਰੇ ਵਿਚ ਹਮੇਸ਼ਾ ਹੀ ਉਤਸ਼ਾਹ ਜਗਾਉਂਦੀ ਹੈ। ਲਾਰਡ ਸਹੋਤਾ ਵਰਗੇ ਆਗੂ ਮੰਨਦੇ ਹਨ ਕਿ ਸਿੱਖ ਰੈਜੀਮੈਂਟ ਦੀ ਸਥਾਪਨਾ ਨਾਲ ਇਸ ਵਿਰਾਸਤ ਨੂੰ ਨਵੀਂ ਪੀੜ੍ਹੀ ਨਾਲ ਜੋੜਿਆ ਜਾ ਸਕਦਾ ਹੈ। ਲਾਰਡ ਇੰਦਰਜੀਤ ਸਿੰਘ ਸਹੋਤਾ ਬਰਤਾਨੀਆ ਦੇ ਪਹਿਲੇ ਸਿੱਖ ਪੀਅਰ ਹਨ ਅਤੇ ਸਿੱਖ ਭਾਈਚਾਰੇ ਦੇ ਮੁੱਦਿਆਂ ਨੂੰ ਅਕਸਰ ਹਾਊਸ ਆਫ ਲਾਰਡਜ਼ ਵਿਚ ਉਠਾਉਂਦੇ ਰਹਿੰਦੇ ਹਨ।

ਯੂਕੇ ਸਿੱਖ ਫੈਡਰੇਸ਼ਨ ਅਤੇ ਹੋਰ ਸੰਗਠਨਾਂ ਦਾ ਕਹਿਣਾ ਹੈ ਕਿ ਸਿੱਖ ਰੈਜੀਮੈਂਟ ਨਾਲ ਸਿੱਖ ਨੌਜਵਾਨਾਂ ਨੂੰ ਆਪਣੀ ਪਛਾਣ ਨਾਲ ਜੁੜੇ ਰਹਿਣ ਦਾ ਮੌਕਾ ਮਿਲੇਗਾ।

### ਮੰਗ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ?

ਸਿੱਖ ਰੈਜੀਮੈਂਟ ਦੀ ਮੰਗ ਕੋਈ ਨਵੀਂ ਨਹੀਂ। ਇਹ ਗੱਲ ਪਹਿਲੀ ਵਾਰ 2007 ਵਿਚ ਸੁਰਖੀਆਂ ਵਿਚ ਆਈ, ਜਦੋਂ ਸਿੱਖ ਭਾਈਚਾਰੇ ਦੇ ਕੁਝ ਆਗੂਆਂ ਨੇ ਇਸ ਨੂੰ ਬਰਤਾਨਵੀ ਸਰਕਾਰ ਅੱਗੇ ਉਠਾਇਆ। ਉਸ ਸਮੇਂ ਵੀ ਰੱਖਿਆ ਮੰਤਰਾਲੇ ਨੇ ਸਮਾਨਤਾ ਕਾਨੂੰਨ ਦਾ ਹਵਾਲਾ ਦਿੰਦਿਆਂ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ, 2015 ਅਤੇ 2019 ਵਿਚ ਵੀ ਇਸ ਮਸਲੇ 'ਤੇ ਚਰਚਾ ਹੋਈ, ਪਰ ਹਰ ਵਾਰੀ ਕਾਨੂੰਨੀ ਅਤੇ ਪ੍ਰਬੰਧਕੀ ਅੜਚਣਾਂ ਨੇ ਰਾਹ ਰੋਕਿਆ।

ਹਾਲੀਆ ਚਰਚਾ 7 ਜੁਲਾਈ 2025 ਨੂੰ ਲਾਰਡ ਸਹੋਤਾ ਦੇ ਸਵਾਲ ਨਾਲ ਮੁੜ ਸੁਰਖੀਆਂ ਵਿਚ ਆਈ। ਇਸ ਵਾਰੀ ਲਾਰਡ ਕੋਕਰ ਦੇ ਜਵਾਬ ਨੇ ਇਹ ਉਮੀਦ ਜਗਾਈ ਕਿ ਸ਼ਾਇਦ ਸਰਕਾਰ ਇਸ ਵੱਲ ਸੰਜੀਦਗੀ ਨਾਲ ਸੋਚੇਗੀ, ਪਰ ਮੰਤਰਾਲੇ ਦੇ ਸਪਸ਼ਟੀਕਰਨ ਨੇ ਇਸ ਉਮੀਦ 'ਤੇ ਪਾਣੀ ਫੇਰ ਦਿੱਤਾ।

ਇੰਗਲੈਂਡ ਦੀਆਂ ਅਖਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਇਸ ਮਸਲੇ ਨੂੰ ਲੈ ਕੇ ਚਰਚਾ ਜਾਰੀ ਹੈ, ਪਰ ਇਹ ਸੁਪਨਾ ਸਾਕਾਰ ਹੋਵੇਗਾ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ।

### ਸਿੱਖਾਂ ਨੂੰ ਕੀ ਯਤਨ ਕਰਨੇ ਪੈਣਗੇ

ਸਿੱਖ ਰੈਜੀਮੈਂਟ ਦੀ ਸਥਾਪਨਾ ਲਈ ਸਿੱਖ ਭਾਈਚਾਰੇ ਨੂੰ ਕਈ ਪੱਧਰਾਂ 'ਤੇ ਯਤਨ ਕਰਨੇ ਪੈਣਗੇ। ਸਭ ਤੋਂ ਪਹਿਲਾਂ, ਸਿੱਖ ਸੰਗਠਨਾਂ ਨੂੰ ਇਕਜੁਟ ਹੋ ਕੇ ਬਰਤਾਨਵੀ ਸਰਕਾਰ 'ਤੇ ਦਬਾਅ ਪਾਉਣਾ ਹੋਵੇਗਾ। ਇਸ ਲਈ ਲਾਰਡ ਸਹੋਤਾ ਵਰਗੇ ਆਗੂਆਂ ਨਾਲ ਮਿਲ ਕੇ ਸਿਆਸੀ ਪੱਧਰ 'ਤੇ ਵਕਾਲਤ ਕਰਨੀ ਪਵੇਗੀ। ਸਮਾਨਤਾ ਕਾਨੂੰਨ ਦੀ ਅੜਚਣ ਨੂੰ ਦੂਰ ਕਰਨ ਲਈ ਕਾਨੂੰਨੀ ਮਾਹਿਰਾਂ ਦੀ ਮਦਦ ਨਾਲ ਇਹ ਸਾਬਤ ਕਰਨਾ ਹੋਵੇਗਾ ਕਿ ਸਿੱਖ ਰੈਜੀਮੈਂਟ ਭੇਦਭਾਵ ਨਹੀਂ, ਸਗੋਂ ਸਭਿਆਚਾਰਕ ਵਿਰਾਸਤ ਦਾ ਸਨਮਾਨ ਹੈ। ਦੂਜਾ, ਸੋਸ਼ਲ ਮੀਡੀਆ ਅਤੇ ਅਖਬਾਰਾਂ ਰਾਹੀਂ ਜਨਤਕ ਸਮਰਥਨ ਹਾਸਲ ਕਰਨਾ ਜ਼ਰੂਰੀ ਹੈ। ਸਿੱਖ ਸਿਪਾਹੀਆਂ ਦੀਆਂ ਇਤਿਹਾਸਕ ਸੇਵਾਵਾਂ ਨੂੰ ਉਜਾਗਰ ਕਰਕੇ ਅਤੇ ਨੌਜਵਾਨਾਂ ਨੂੰ ਸੈਨਾ ਵਿਚ ਭਰਤੀ ਦੀ ਮਹੱਤਤਾ ਸਮਝਾ ਕੇ ਜਾਗਰੂਕਤਾ ਫੈਲਾਈ ਜਾ ਸਕਦੀ ਹੈ। ਤੀਜਾ, ਬਰਤਾਨਵੀ ਸੈਨਾ ਨਾਲ ਸਿੱਧੀ ਗੱਲਬਾਤ ਕਰਕੇ ਪਗੜੀ ਅਤੇ ਦਾੜ੍ਹੀ ਵਰਗੇ ਸਭਿਆਚਾਰਕ ਪਹਿਲੂਆਂ ਨੂੰ ਸਮਰਥਨ ਦੇਣ ਦੀ ਨੀਤੀ 'ਤੇ ਜ਼ੋਰ ਦੇਣਾ ਹੋਵੇਗਾ। ਅੰਤ ਵਿਚ, ਸਿੱਖ ਭਾਈਚਾਰੇ ਨੂੰ ਧੀਰਜ ਅਤੇ ਲਗਾਤਾਰ ਯਤਨਾਂ ਨਾਲ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸੰਘਰਸ਼ ਜਾਰੀ ਰੱਖਣਾ ਪਵੇਗਾ।

## ਪੁਲਿਸ ਨੇ ਐਨਕਾਊਂਟਰ ਵਿਚ ਮਾਰਿਆ ਬਲਾਤਕਾਰ ਦਾ ਦੋਸ਼ੀ

### ✪ ਬਲਾਤਕਾਰ ਕਰਕੇ ਬੱਚੀ ਨੂੰ ਕਰ ਦਿੱਤਾ ਸੀ ਕਤਲ

ਫਰੁਖਾਬਾਦ-ਇੱਕ ਲੜਕੀ ਨਾਲ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿੱਚ 50 ਹਜ਼ਾਰ ਦਾ ਇਨਾਮ ਰੱਖਣ ਵਾਲਾ ਇੱਕ ਅੱਧਖੜ ਮਨੂ ਉਮਰ ਦਾ ਵਿਅਕਤੀ ਪੁਲਿਸ ਐਨਕਾਊਂਟਰ ਵਿੱਚ ਮਾਰਿਆ ਗਿਆ। ਪੁਲਿਸ ਕਈ ਦਿਨਾਂ ਤੋਂ ਉਸਦੀ ਭਾਲ ਕਰ ਰਹੀ ਸੀ। ਕੈਮਗੰਜ ਥਾਣਾ ਖੇਤਰ ਦੀ ਲੜਕੀ ਰਿਸ਼ਤੇਦਾਰਾਂ ਨੂੰ ਮਿਲਣ ਲਈ ਮੁਹੰਮਦਾਬਾਦ ਥਾਣਾ ਖੇਤਰ ਗਈ ਸੀ। ਉੱਥੋਂ 27 ਜੂਨ ਦੀ ਸਵੇਰ ਨੂੰ ਲੜਕੀ ਨੂੰ ਅਗਵਾ ਕਰ ਲਿਆ ਗਿਆ। ਉਸ ਨਾਲ ਬਲਾਤਕਾਰ ਕੀਤਾ ਗਿਆ ਅਤੇ ਫਿਰ ਕਤਲ ਕਰ ਦਿੱਤਾ ਗਿਆ।



# ਪੰਜਾਬ ਵਿਚ ਹੁਣ ਆਈਸ ਨਸ਼ੇ ਦਾ ਖਤਰਾ, ਨੌਜਵਾਨਾਂ ਨੂੰ ਲਤ ਲਗਾਉਣ ਦੀ ਸਾਜ਼ਿਸ਼

## ✪ ਅਫਗਾਨਿਸਤਾਨ ਤੋਂ ਪੰਜਾਬ ਵਿਚ ਹੋ ਰਹੀ ਏ ਆਈਸ ਦੀ ਤਸਕਰੀ ✪ ਪੁਲਿਸ ਵਲੋਂ ਆਈਸ ਦੀਆਂ ਵੱਡੀਆਂ ਖੇਪਾਂ ਜ਼ਬਤ, ਤਸਕਰ ਗ੍ਰਿਫਤਾਰ



ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਹੁਣ ਨਵੇਂ ਤੇ ਖਤਰਨਾਕ ਮੋੜ 'ਤੇ ਪਹੁੰਚ ਗਈ ਹੈ। 'ਆਈਸ' ਜਾਂ ਕ੍ਰਿਸਟਲ ਮੈਥਾਮਫੇਟਾਮਿਨ ਨਾਮਕ ਸਿੰਥੈਟਿਕ ਨਸ਼ੇ ਦੀ ਵਧਦੀ ਵਰਤੋਂ ਅਤੇ ਜ਼ਬਤੀ ਨੇ ਪੁਲਿਸ ਅਤੇ ਸਮਾਜਿਕ ਸੰਸਥਾਵਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਨਸ਼ਾ ਤਸਕਰ ਹੁਣ ਨੌਜਵਾਨਾਂ ਨੂੰ ਹੈਰੋਇਨ (ਚਿੱਟਾ) ਤੋਂ ਹਟਾ ਕੇ ਸਸਤੀ, ਜ਼ਿਆਦਾ ਪ੍ਰਭਾਵਸ਼ਾਲੀ ਅਤੇ ਆਸਾਨੀ ਨਾਲ ਤਿਆਰ ਹੋਣ ਵਾਲੀ 'ਆਈਸ' ਵੱਲ ਮੋੜ ਰਹੇ ਹਨ। ਅਫਗਾਨਿਸਤਾਨ ਅਤੇ ਪਾਕਿਸਤਾਨ ਤੋਂ ਆਈਸ ਦੀਆਂ ਵੱਡੀਆਂ ਖੇਪਾਂ ਪੰਜਾਬ ਵਿਚ ਡਰੋਨ ਅਤੇ ਜ਼ਮੀਨਦੋਜ਼ ਸੁਰੰਗਾਂ ਰਾਹੀਂ ਭੇਜੀਆਂ ਜਾ ਰਹੀਆਂ ਹਨ। ਇਸ ਨਸ਼ੇ ਦੀ ਸਸਤੀ ਕੀਮਤ ਅਤੇ ਤੀਬਰ ਪ੍ਰਭਾਵ ਕਾਰਨ ਨੌਜਵਾਨ ਸੌਖੀ ਲਤ ਦਾ ਸ਼ਿਕਾਰ ਹੋ ਰਹੇ ਹਨ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਨਸ਼ਾ ਤਸਕਰੀ ਦਾ ਨਵਾਂ ਰੁਝਾਨ ਨਹੀਂ ਸਗੋਂ ਇਕ ਸੋਚੀ-ਸਮਝੀ ਸਾਜ਼ਿਸ਼ ਹੈ, ਜਿਸ ਦਾ ਮਕਸਦ ਪੰਜਾਬ ਦੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿਚ ਆਈਸ ਦਾ ਵੱਡਾ ਬਾਜ਼ਾਰ ਖੜ੍ਹਾ ਕਰਨਾ ਹੈ।

ਆਈਸ ਦੀ ਸਪਲਾਈ ਦਾ ਮੁੱਖ ਸਰੋਤ ਅਫਗਾਨਿਸਤਾਨ ਅਤੇ ਪਾਕਿਸਤਾਨ ਹਨ। ਅਫਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਅਫੀਮ ਦੀ ਖੇਤੀ 'ਤੇ ਪਾਬੰਦੀ ਲਗਾਉਣ ਮਗਰੋਂ ਅਫੀਮ ਆਧਾਰਿਤ ਅਰਥਚਾਰਾ ਲਗਭਗ ਤਬਾਹ ਹੋ ਗਿਆ ਹੈ। ਇਸ ਕਾਰਨ ਤਸਕਰਾਂ ਨੇ ਐਪੀਡਰਾ ਬੂਟਿਆਂ ਦੀ ਵਰਤੋਂ ਨਾਲ ਆਈਸ ਤਿਆਰ ਕਰਨ ਦਾ ਨਵਾਂ ਰਾਹ ਅਪਣਾਇਆ ਗਿਆ ਹੈ। ਅਫਗਾਨਿਸਤਾਨ ਦੇ ਪਹਾੜੀ ਖੇਤਰਾਂ ਵਿਚ ਅਸਥਾਈ ਲੈਬਾਂ ਵਿਚ ਵੱਡੇ ਪੈਮਾਨੇ 'ਤੇ ਮੈਥਾਮਫੇਟਾਮਿਨ ਤਿਆਰ ਕੀਤੀ ਜਾ ਰਹੀ ਹੈ। ਇਹ ਨਸ਼ਾ ਪਾਕਿਸਤਾਨ ਰਾਹੀਂ ਡਰੋਨ, ਸੁਰੰਗਾਂ ਅਤੇ ਹੋਰ ਗੈਰ-ਕਾਨੂੰਨੀ ਰਾਹਾਂ ਨਾਲ ਪੰਜਾਬ ਦੀ ਸੰਵੇਦਨਸ਼ੀਲ ਸਰਹੱਦ ਰਾਹੀਂ ਭੇਜਿਆ ਜਾ ਰਿਹਾ ਹੈ।

ਇੰਟੈਲੀਜੈਂਸ ਸੂਤਰਾਂ ਅਨੁਸਾਰ, ਪਾਕਿਸਤਾਨ ਸਥਿਤ ਬਦਨਾਮ ਤਸਕਰ ਹਾਜ਼ੀ ਸਲੀਮ ਇਸ ਨੈੱਟਵਰਕ ਦਾ ਮੁੱਖ ਸੰਚਾਲਕ ਹੈ। ਉਹ ਆਈਸ ਦੀਆਂ ਖੇਪਾਂ ਨੂੰ ਡਰੋਨ ਅਤੇ ਜ਼ਮੀਨਦੋਜ਼ ਸੁਰੰਗਾਂ ਰਾਹੀਂ ਪੰਜਾਬ ਵਿਚ ਭੇਜ ਰਿਹਾ ਹੈ। ਤਸਕਰ ਹੈਰੋਇਨ ਅਤੇ ਆਈਸ ਨੂੰ ਇਕੱਠੇ ਪੈਕੇਜ ਵਿਚ ਵੇਚ ਰਹੇ ਹਨ ਅਤੇ ਮੁਫਤ ਸੈਂਪਲ ਦੇ ਕੇ ਨੌਜਵਾਨਾਂ ਨੂੰ ਇਸ ਦੀ ਲਤ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ "ਵਨ-ਪਲੱਸ-ਵਨ" ਆਫਰ ਇਕ ਸਾਜ਼ਿਸ਼ ਦਾ ਹਿੱਸਾ ਹੈ, ਜਿਸ ਦਾ ਮਕਸਦ ਪੰਜਾਬ 'ਚ ਆਈਸ ਦਾ ਮਜ਼ਬੂਤ ਬਾਜ਼ਾਰ ਸਥਾਪਤ ਕਰਨਾ ਹੈ।

ਪੀਜੀਆਈ ਚੰਡੀਗੜ੍ਹ ਦੀ ਇਕ ਰਿਪੋਰਟ ਅਨੁਸਾਰ, ਆਈਸ ਇਕ ਉਤੇਜਕ ਨਸ਼ਾ ਹੈ, ਜੋ ਮੈਥਾਮਫੇਟਾਮਿਨ ਦਾ ਸ਼ੁੱਧ ਰੂਪ ਹੈ। ਇਹ ਬਰਫ ਦੇ ਟੁਕੜਿਆਂ ਵਰਗਾ ਦਿਖਦਾ ਹੈ ਅਤੇ ਇਸ ਦੀ ਵਰਤੋਂ ਨੌਜਵਾਨਾਂ ਨੂੰ ਤੁਰੰਤ ਉਤੇਜਕ ਅਤੇ ਐਕਟਿਵ ਬਣਾਉਂਦੀ ਹੈ। ਇਸ ਦੀ ਸਸਤੀ ਕੀਮਤ ਅਤੇ ਤੀਬਰ ਪ੍ਰਭਾਵ ਕਾਰਨ ਇਹ ਹੈਰੋਇਨ ਨਾਲੋਂ ਵਧੇਰੇ ਖਤਰਨਾਕ ਸਾਬਤ ਹੋ ਰਿਹਾ ਹੈ।

ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਆਈਸ ਦੀਆਂ ਵੱਡੀਆਂ ਖੇਪਾਂ ਜ਼ਬਤ ਕੀਤੀਆਂ ਗਈਆਂ ਹਨ, ਜੋ ਇਸ ਨਸ਼ੇ ਦੀ ਵਧਦੀ ਸਮੱਸਿਆ ਨੂੰ ਦਰਸਾਉਂਦੀਆਂ ਹਨ। 2023 ਵਿਚ ਸਿਰਫ 2 ਕਿਲੋਗ੍ਰਾਮ ਆਈਸ ਜ਼ਬਤ ਕੀਤੀ ਗਈ ਸੀ, ਪਰ 2024 ਵਿਚ ਇਹ ਅੰਕੜਾ 22 ਕਿਲੋਗ੍ਰਾਮ ਤੱਕ ਪਹੁੰਚ ਗਿਆ। 2025 ਵਿਚ ਹੁਣ ਤੱਕ ਲਗਭਗ 13 ਕਿਲੋਗ੍ਰਾਮ ਆਈਸ ਜ਼ਬਤ ਹੋ ਚੁੱਕੀ ਹੈ, ਜਿਸ ਵਿਚ ਫਰਵਰੀ ਦੌਰਾਨ 2 ਕਿਲੋ ਅਤੇ ਜੂਨ ਵਿਚ 7.4 ਕਿਲੋ ਦੀ ਵੱਡੀ ਖੇਪ ਸ਼ਾਮਲ ਹੈ।

ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ ਵਿਚ 2022 ਦੌਰਾਨ 20.8 ਕਿਲੋਗ੍ਰਾਮ ਆਈਸ ਦੀ ਜ਼ਬਤੀ ਸੂਬੇ ਦੀ ਸਭ ਤੋਂ ਵੱਡੀ ਬਰਾਮਦਗੀਆਂ ਵਿਚੋਂ ਇਕ ਸੀ। ਇਸ ਮਾਮਲੇ ਵਿਚ ਮੁੱਖ ਮੁਲਜ਼ਮ ਨੂੰ ਜੰਮੂ-ਕਸ਼ਮੀਰ ਦੇ ਬਾਰਾਮੂਲਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ, ਜੋ ਅੰਤਰਰਾਸ਼ਟਰੀ ਸਿੰਥੈਟਿਕ ਡਰੱਗ ਨੈੱਟਵਰਕ ਦਾ ਹਿੱਸਾ ਸੀ। ਇਸੇ ਤਰ੍ਹਾਂ, ਜਲੰਧਰ ਪੁਲਿਸ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਖਾਲਿਸਤਾਨ ਸਮਰਥਕ ਆਗੂ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਅਤੇ ਉਸ ਦੇ ਸਾਥੀ ਲਵਪ੍ਰੀਤ ਸਿੰਘ ਤੋਂ ਵੀ ਆਈਸ ਜ਼ਬਤ ਕਰਨ ਦਾ ਦਾਅਵਾ ਕੀਤਾ ਸੀ।

2024 ਤੋਂ 2025 ਤੱਕ ਦੇ ਸਮੇਂ ਵਿਚ ਪੰਜਾਬ ਪੁਲਿਸ ਨੇ ਲਗਭਗ 35 ਕਿਲੋਗ੍ਰਾਮ ਆਈਸ ਜ਼ਬਤ ਕੀਤੀ ਸੀ, ਜੋ ਇਸ ਨਸ਼ੇ ਦੀ ਵਧਦੀ ਪਹੁੰਚ ਨੂੰ ਦਰਸਾਉਂਦੀ ਹੈ। ਇਸ ਦੌਰਾਨ, ਕਈ ਤਸਕਰਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ, ਜਿਨ੍ਹਾਂ ਵਿਚੋਂ ਕੁਝ ਅੰਤਰਰਾਸ਼ਟਰੀ ਨੈੱਟਵਰਕ ਨਾਲ ਜੁੜੇ ਸਨ। ਹਾਲਾਂਕਿ, ਸਹੀ ਅੰਕੜੇ ਸਰਕਾਰੀ ਰਿਕਾਰਡ ਵਿਚ ਹੀ ਸਪੱਸ਼ਟ ਹੋ ਸਕਦੇ ਹਨ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਹਿਲਾਂ ਹੈਰੋਇਨ ਸਭ ਤੋਂ ਵੱਡੀ ਸਮੱਸਿਆ ਸੀ, ਪਰ ਹੁਣ ਸਿੰਥੈਟਿਕ ਨਸ਼ਿਆਂ, ਖਾਸਕਰ ਆਈਸ, ਨੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

ਪੰਜਾਬ ਟਾਈਮਜ ਅਨੁਸਾਰ ਸਰਕਾਰ ਅਤੇ ਸਮਾਜ ਨੂੰ ਮਿਲ ਕੇ ਇਸ ਨਸ਼ੇ ਦੀ ਰੋਕਥਾਮ ਲਈ ਵੱਡੇ ਪੈਮਾਨੇ 'ਤੇ ਕਦਮ ਚੁੱਕਣ ਦੀ ਲੋੜ ਹੈ। ਨੌਜਵਾਨਾਂ ਨੂੰ ਜਾਗਰੂਕ ਕਰਨ, ਸਪਲਾਈ ਚੇਨ ਨੂੰ ਤੋੜਨ ਅਤੇ ਅੰਤਰਰਾਸ਼ਟਰੀ ਸਹਿਯੋਗ ਨਾਲ ਹੀ ਇਸ ਸਮੱਸਿਆ 'ਤੇ ਕਾਬੂ ਪਾਇਆ ਜਾ ਸਕਦਾ ਹੈ।

# ਪੰਜਾਬ ਸਰਕਾਰ ਦਾ ਵੱਡਾ ਕਦਮ: ਭਿਖਾਰੀਆਂ ਦੇ ਡੀਐੱਨਏ ਟੈਸਟ ਦਾ ਫੈਸਲਾ

## ✪ ਬੱਚਿਆਂ ਦੀ ਤਸਕਰੀ 'ਤੇ ਰੋਕ: ਮੁਹਾਲੀ ਤੇ ਅੰਮ੍ਰਿਤਸਰ ਵਿਚ ਮੁਹਿੰਮ ਸ਼ੁਰੂ ✪ ਸੰਗਠਿਤ ਭੀਖ ਮੰਗਣ ਦੇ ਗਿਰੋਹਾਂ 'ਤੇ ਨਕੇਲ ਪਾਉਣ ਲਗੀ ਪੁਲਿਸ ✪ ਪੰਜਾਬ ਵਿਚ ਭਿਖਾਰੀਆਂ ਨੂੰ ਬਾਹਰ ਕੱਢਣ ਦੀ ਮੰਗ: ਨਾਗਰਿਕਤਾ ਸਬੂਤ ਦਾ ਸਵਾਲ




ਪੰਜਾਬ ਵਿੱਚ ਵਧ ਰਹੀ ਭਿਖਾਰੀਆਂ ਦੀ ਗਿਣਤੀ ਨੂੰ ਲੈ ਕੇ ਸੂਬਾ ਸਰਕਾਰ ਨੇ ਸਖਤ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਭੀਖ ਮੰਗਣ ਵਾਲਿਆਂ ਅਤੇ ਉਨ੍ਹਾਂ ਦੇ ਨਾਲ ਦਿਖਾਈ ਦਿੰਦੇ ਬੱਚਿਆਂ ਦੇ ਡੀਐੱਨਏ ਟੈਸਟ ਕਰਵਾਉਣ ਦਾ ਹੁਕਮ ਜਾਰੀ ਕੀਤਾ ਹੈ। ਇਸ ਮੁਹਿੰਮ ਦੀ ਸ਼ੁਰੂਆਤ ਮੁਹਾਲੀ ਅਤੇ ਅੰਮ੍ਰਿਤਸਰ ਤੋਂ ਕਰ ਦਿੱਤੀ ਗਈ ਹੈ। ਪੰਜਾਬ ਦੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਸ ਸਬੰਧੀ ਨਿਰਦੇਸ਼ ਦਿੱਤੇ ਹਨ। ਇਸ ਦਾ ਮਕਸਦ ਬੱਚਿਆਂ ਦੀ ਤਸਕਰੀ ਅਤੇ ਸੰਗਠਿਤ ਭੀਖ ਮੰਗਣ ਦੇ ਗਿਰੋਹਾਂ ਨੂੰ ਨੱਥ ਪਾਉਣਾ ਹੈ। ਪਰ ਸਵਾਲ ਉੱਠਦਾ ਹੈ ਕਿ ਕੀ ਇਹ ਫੈਸਲਾ ਸਹੀ ਹੈ ਜਾਂ ਸਰਕਾਰ ਨੂੰ ਇਨ੍ਹਾਂ ਭਿਖਾਰੀਆਂ ਨੂੰ ਸੂਬੇ ਤੋਂ ਬਾਹਰ ਕੱਢਣ 'ਤੇ ਧਿਆਨ ਦੇਣਾ ਚਾਹੀਦਾ, ਜੋ ਜ਼ਿਆਦਾਤਰ ਗੈਰ-ਰਾਜਾਂ ਤੋਂ ਆਉਂਦੇ ਜਾਪਦੇ ਹਨ ਅਤੇ ਨਾਗਰਿਕਤਾ ਦਾ ਸਬੂਤ ਵੀ ਨਹੀਂ ਰੱਖਦੇ?

ਜਾਣਕਾਰੀ ਮੁਤਾਬਕ, ਮੁਹਾਲੀ ਅਤੇ ਅੰਮ੍ਰਿਤਸਰ ਦੇ ਵੱਖ-ਵੱਖ ਚੌਕਾਂ ਵਿੱਚ ਪੁਲੀਸ, ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀਆਂ ਅਤੇ ਹੋਰ ਵਿਭਾਗਾਂ ਨੇ ਸਾਂਝੇ ਤੌਰ 'ਤੇ ਕਾਰਵਾਈ ਕਰਕੇ ਭਿਖਾਰੀਆਂ ਨੂੰ ਹਿਰਾਸਤ ਵਿੱਚ ਲਿਆ ਸੀ। ਅੰਮ੍ਰਿਤਸਰ ਵਿੱਚ ਬਾਲ ਭਿਖਾਰੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਸਮਾਜਿਕ ਭਲਾਈ ਵਿਭਾਗ ਦੇ ਅੰਕੜਿਆਂ ਅਨੁਸਾਰ, ਅੰਮ੍ਰਿਤਸਰ ਵਿੱਚ 600 ਭਿਖਾਰੀ ਹਨ, ਪਰ ਅਸਲ ਗਿਣਤੀ 1500 ਤੋਂ 2000 ਦੱਸੀ ਜਾ ਰਹੀ ਹੈ। ਇਹ ਭਿਖਾਰੀ ਜ਼ਿਆਦਾਤਰ ਰੇਲਵੇ ਸਟੇਸ਼ਨ, ਬੱਸ ਸਟੈਂਡ, ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਲਾਰੈਂਸ ਰੋਡ ਅਤੇ ਰਣਜੀਤ ਐਵੇਨਿਊ ਵਰਗੀਆਂ ਥਾਵਾਂ 'ਤੇ ਘੁੰਮਦੇ ਹਨ। ਕਈ ਮਾਮਲਿਆਂ ਵਿੱਚ, ਔਰਤਾਂ ਨਾਲ ਦਿਖਾਈ ਦਿੰਦੇ ਬੱਚੇ ਉਨ੍ਹਾਂ ਦੇ ਨਹੀਂ ਜਾਪਦੇ, ਜਿਸ ਨਾਲ ਬੱਚਿਆਂ ਦੀ ਤਸਕਰੀ ਦਾ ਸ਼ੱਕ ਵਧਦਾ ਹੈ।

ਪੰਜਾਬ ਟਾਈਮਜ ਅਨੁਸਾਰ ਸਰਕਾਰ ਦਾ ਮੰਨਣਾ ਹੈ ਕਿ ਡੀਐੱਨਏ ਟੈਸਟਿੰਗ ਨਾਲ ਬੱਚਿਆਂ ਦੀ ਅਸਲ ਪਛਾਣ ਸਥਾਪਤ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਮੁੜ ਜੋੜਿਆ ਜਾ ਸਕਦਾ ਹੈ। ਪਰ ਇਹ ਸਵਾਲ ਵੀ ਅਹਿਮ ਹੈ ਕਿ ਜੇ ਇਹ ਭਿਖਾਰੀ ਪੰਜਾਬ ਦੇ ਨਹੀਂ ਹਨ ਅਤੇ ਨਾ ਹੀ ਇਨ੍ਹਾਂ ਕੋਲ ਆਧਾਰ ਕਾਰਡ ਵਰਗੇ ਨਾਗਰਿਕਤਾ ਦੇ ਸਬੂਤ ਹਨ, ਤਾਂ ਸਰਕਾਰ ਇਨ੍ਹਾਂ ਨੂੰ ਪੰਜਾਬ ਤੋਂ ਬਾਹਰ ਕਿਉਂ ਨਹੀਂ ਕਢਦੀ? ਕੁਝ ਲੋਕਾਂ ਦਾ ਮੰਨਣਾ ਹੈ ਕਿ ਪੰਜਾਬ ਸਰਹਦੀ ਸੂਬਾ ਹੈ, ਇਹਨਾਂ ਭਿਖਾਰੀਆਂ ਕਾਰਣ ਪ੍ਰਸ਼ਾਸਨ ਲਈ ਸਿਰਦਰਦੀ ਪੈਦਾ ਹੋ ਸਕਦੀ ਹੈ। ਕਰਾਈਮ ਵਧ ਸਕਦਾ ਹੈ।

# ਲੈਂਡ ਪੂਲਿੰਗ ਨੀਤੀ ਕਾਰਣ ਆਪ ਨੂੰ ਕੀ ਸਿਆਸੀ ਨੁਕਸਾਨ ਪੁਜੇਗਾ ?

## ✪ ਕੀ ਕਿਸਾਨ ਅੰਦੋਲਨ ਦੇ ਉਭਾਰ ਕਾਰਣ ਬਸਪਾ-ਅਕਾਲੀ ਦਲ ਦਾ ਸਿਆਸੀ ਉਭਾਰ ਹੋਵੇਗਾ ?

ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੇ ਸੂਬੇ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਲਿਆਂਦਾ ਹੈ। ਇਹ ਨੀਤੀ, ਜਿਸ ਨੂੰ ਸਰਕਾਰ ਵਿਕਾਸ ਦੀ ਦਿਸ਼ਾ ਵਿੱਚ ਇੱਕ ਕਦਮ ਦੱਸ ਰਹੀ ਹੈ, ਨੂੰ ਕਿਸਾਨ ਸੰਗਠਨ ਜ਼ਮੀਨ ਹੜੱਪਣ ਦੀ ਸਾਜਿਸ਼ ਮੰਨ ਰਹੇ ਹਨ। ਇਸ ਨੀਤੀ ਦਾ ਸਿਆਸੀ, ਸਮਾਜਿਕ ਅਤੇ ਆਰਥਿਕ ਪ੍ਰਭਾਵ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਲਈ ਚੁਣੌਤੀਪੂਰਨ ਸਾਬਤ ਹੋ ਸਕਦਾ ਹੈ। ਤੇ ਵਿਚਾਰ ਕਰਦੇ ਹਾਂ।

ਆਪ ਸਰਕਾਰ ਨੂੰ ਸਿਆਸੀ ਨੁਕਸਾਨ ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਕਿਸਾਨਾਂ ਵਿੱਚ ਵਧ ਰਿਹਾ ਅਸੰਤੋਸ਼ ਆਪ ਸਰਕਾਰ ਲਈ ਸਿਆਸੀ ਨੁਕਸਾਨ ਦਾ ਕਾਰਨ ਬਣ ਸਕਦਾ ਹੈ। ਪੰਜਾਬ ਦੀ 21% ਜੱਟ ਸਿੱਖ ਅਤੇ 32% ਦਲਿਤ ਆਬਾਦੀ, ਜੋ ਮੁੱਖ ਤੌਰ 'ਤੇ ਖੇਤੀਬਾੜੀ ਨਾਲ ਜੁੜੀ ਹੈ, ਨੀਤੀ ਦੇ ਖਿਲਾਫ ਵਿਰੋਧ ਵਿੱਚ ਇਕਜੁੱਟ ਹੋ ਸਕਦੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਨੇ 92 ਸੀਟਾਂ ਜਿੱਤ ਕੇ ਇਤਿਹਾਸਕ ਜਿੱਤ ਹਾਸਲ ਕੀਤੀ ਸੀ, ਪਰ ਇਹ ਜਿੱਤ ਕਾਂਗਰਸ ਅਤੇ ਅਕਾਲੀ ਦਲ ਦੇ ਵਿਰੋਧ 'ਤੇ ਆਧਾਰਿਤ ਸੀ।

ਜੇਕਰ ਕਿਸਾਨ ਅੰਦੋਲਨ ਤੇਜ਼ ਹੁੰਦਾ ਹੈ, ਤਾਂ ਆਪ ਦੀ ਭਰੋਸੇਯੋਗਤਾ 'ਤੇ ਸਵਾਲ ਉੱਠ ਸਕਦੇ ਹਨ, ਕਿਉਂਕਿ ਇਸ ਨੇ 2020-21 ਦੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੇ ਹੱਕ ਵਿੱਚ ਖੜ੍ਹਨ ਦਾ ਦਾਅਵਾ ਕੀਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਦਾ ਬਿਆਨ ਕਿ "ਕਿਸੇ ਦੀ ਜ਼ਮੀਨ ਧੱਕੇ ਨਾਲ ਨਹੀਂ ਲਈ ਜਾਵੇਗੀ" ਵੀ ਵਿਰੋਧੀਆਂ ਵੱਲੋਂ ਗੁੰਮਰਾਹਕੁੰਨ ਮੰਨਿਆ ਜਾ ਰਿਹਾ ਹੈ। ਇਸ ਨਾਲ ਆਪ ਦੀ ਵੋਟ ਬੈਂਕ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ, ਕਮਜ਼ੋਰ ਹੋ ਸਕਦੀ ਹੈ। ਕਿਸਾਨ ਅੰਦੋਲਨ ਦਾ ਸਾਹਮਣਾ ਪੰਜਾਬ ਸਰਕਾਰ ਲਈ ਕਿਸਾਨ ਅੰਦੋਲਨ ਦਾ ਸਾਹਮਣਾ ਕਰਨਾ ਵੱਡੀ ਚੁਣੌਤੀ ਹੈ।



2020-21 ਦੇ ਕਿਸਾਨ ਅੰਦੋਲਨ ਨੇ ਸੰਯੁਕਤ ਕਿਸਾਨ ਮੋਰਚੇ ਦੀ ਤਾਕਤ ਨੂੰ ਦਰਸਾਇਆ ਸੀ, ਜਿਸ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ। ਹੁਣ ਸੰਯੁਕਤ ਕਿਸਾਨ ਮੋਰਚੇ ਨੇ ਲੈਂਡ ਪੂਲਿੰਗ ਨੀਤੀ ਦੇ ਵਿਰੁੱਧ ਦਿੱਲੀ ਦੀ ਤਰਜ਼ 'ਤੇ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ। 2020-21 ਦੇ ਅੰਦੋਲਨ ਦੀ ਸਫਲਤਾ ਨੇ ਕਿਸਾਨਾਂ ਵਿੱਚ ਆਤਮਵਿਸ਼ਵਾਸ ਵਧਾਇਆ ਹੈ। ਜੇਕਰ ਸਰਕਾਰ ਸੰਵਾਦ ਜਾਂ ਮੁਆਵਜ਼ੇ ਦੀਆਂ ਠੋਸ ਯੋਜਨਾਵਾਂ ਨਾਲ ਅੰਦੋਲਨ ਨੂੰ ਸ਼ਾਂਤ ਨਾ ਕਰ ਸਕੀ, ਤਾਂ ਇਹ ਸੂਬੇ ਵਿੱਚ ਅਸਥਿਰਤਾ ਦਾ ਕਾਰਨ ਬਣ ਸਕਦਾ ਹੈ।

**ਬਸਪਾ ਅਤੇ ਅਕਾਲੀ ਦਲ ਦਾ ਉਭਾਰ**

ਬਸਪਾ ਅਤੇ ਅਕਾਲੀ ਦਲ ਨੂੰ ਇਸ ਅੰਦੋਲਨ ਵਿੱਚ ਸਿਆਸੀ ਮੌਕਾ ਦਿਖਾਈ ਦੇ ਰਿਹਾ ਹੈ। ਅਕਾਲੀ ਦਲ, ਜੋ ਪੰਜਾਬ ਦੀ ਪੁਰਾਣੀ ਖੇਤਰੀ ਪਾਰਟੀ ਹੈ, ਨੇ ਕਿਸਾਨਾਂ ਦੇ ਹੱਕ ਵਿੱਚ ਖੜ੍ਹਨ ਦਾ ਐਲਾਨ ਕੀਤਾ ਹੈ ਅਤੇ ਸਰਕਾਰ ਦੀਆਂ ਨੀਤੀਆਂ ਨੂੰ "ਤਾਨਾਸ਼ਾਹੀ" ਕਰਾਰ ਦਿੱਤਾ ਹੈ। 2020 ਦੇ ਅੰਦੋਲਨ ਵਿੱਚ ਵੀ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜ ਕੇ ਕਿਸਾਨਾਂ ਦਾ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਹੁਣ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ ਵੱਡੇ ਸੰਘਰਸ਼ ਦੀ ਤਿਆਰੀ ਕਰ ਰਿਹਾ ਹੈ।

ਬਸਪਾ, ਜੋ ਦੋਆਬਾ ਖੇਤਰ ਵਿੱਚ ਮਜ਼ਬੂਤ ਹੈ, ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ 4.79 ਲੱਖ ਵੋਟਾਂ ਹਾਸਲ ਕੀਤੀਆਂ ਸਨ ਅਤੇ ਦਲਿਤ ਕਿਸਾਨਾਂ ਦੇ ਮੁੱਦਿਆਂ ਨੂੰ ਉਠਾ ਕੇ ਆਪਣਾ ਅਧਾਰ ਵਧਾ ਸਕਦੀ ਹੈ। ਜੇਕਰ ਇਹ ਦੋਵੇਂ ਪਾਰਟੀਆਂ ਅੰਦੋਲਨ ਨੂੰ ਸਹੀ ਤਰ੍ਹਾਂ ਲਾਮਬੰਦ ਕਰ ਸਕੀਆਂ, ਤਾਂ ਇਹ ਆਪ ਸਰਕਾਰ ਦੇ ਮੁਕਾਬਲੇ ਇੱਕ ਵੱਡੀ ਸਿਆਸੀ ਤਾਕਤ ਵਜੋਂ ਉਭਰ ਸਕਦੀਆਂ ਹਨ ਪੰਜਾਬ ਦੇ ਲੋਕਾਂ ਨੂੰ ਖੇਤਰੀ ਤੇ ਦਲਿਤ ਪਾਰਟੀ ਦੀ ਵੀ ਲੋੜ ਹੈ।

ਲੈਂਡ ਪੂਲਿੰਗ ਨੀਤੀ ਨੇ ਪੰਜਾਬ ਦੀ ਸਿਆਸਤ ਨੂੰ ਗਰਮਾ ਦਿੱਤਾ ਹੈ। ਆਪ ਸਰਕਾਰ ਨੂੰ ਸਿਆਸੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਖਾਸ ਕਰਕੇ ਜੇਕਰ ਕਿਸਾਨ ਅੰਦੋਲਨ ਤੇਜ਼ ਹੁੰਦਾ ਹੈ। ਸਰਕਾਰ ਦੀ ਅੰਦੋਲਨ ਨੂੰ ਸੰਭਾਲਣ ਦੀ ਸਮਰੱਥਾ ਸੰਵਾਦ ਅਤੇ ਠੋਸ ਨੀਤੀਗਤ ਕਦਮਾਂ 'ਤੇ ਨਿਰਭਰ ਕਰੇਗੀ। ਅਕਾਲੀ ਦਲ ਅਤੇ ਬਸਪਾ ਨੂੰ ਇਸ ਵਿੱਚ ਸਿਆਸੀ ਲਾਭ ਦੀ ਸੰਭਾਵਨਾ ਹੈ, ਪਰ ਇਸ ਦਾ ਨਤੀਜਾ ਅੰਦੋਲਨ ਦੀ ਤੀਬਰਤਾ ਅਤੇ ਲੋਕਾਂ ਦੇ ਸਮਰਥਨ 'ਤੇ ਨਿਰਭਰ ਕਰੇਗਾ।

## ਅਕਾਲ ਤਖ਼ਤ ਸਾਹਿਬ ਦਾ ਚੀਫ਼ ਖ਼ਾਲਸਾ ਦੀਵਾਨ ਨੂੰ ਹੁਕਮ

# 1 ਸਤੰਬਰ ਤੱਕ ਸਾਰੇ ਮੈਂਬਰ ਹੋਣ ਅੰਮ੍ਰਿਤਧਾਰੀ

**✪ ਜਥੇਦਾਰ ਦੇ ਆਦੇਸ਼ 'ਤੇ ਚੀਫ਼ ਖ਼ਾਲਸਾ ਦੀਵਾਨ ਦੇ ਸੰਵਿਧਾਨ ਦੀ ਪਾਲਣਾ ਜ਼ਰੂਰੀ ✪ ਅੰਮ੍ਰਿਤਪਾਨ ਲਈ ਸਮਾਗਮ ਕਰਵਾਏਗਾ ਚੀਫ਼ ਖ਼ਾਲਸਾ ਦੀਵਾਨ**

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਕਾਰੀ ਕਮੇਟੀ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਝਰ ਨੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਕੇ ਜਥੇਦਾਰ ਨਾਲ ਵਿਚਾਰਾਂ ਕੀਤੀਆਂ। ਜਥੇਦਾਰ ਨੇ ਸੀਕੇਡੀ ਦੇ ਕਾਰਜਕਾਰਨੀ ਨੂੰ ਦੀਵਾਨ ਦੇ ਸੰਵਿਧਾਨ ਮੁਤਾਬਕ ਹੀ ਚੱਲਣ ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦੀਵਾਨ ਦੇ ਸਵਿਧਾਨ ਨੂੰ ਮੁੱਖ ਰੱਖਣਾ ਜ਼ਰੂਰੀ ਹੈ। ਜਥੇਦਾਰ ਨੇ ਦੀਵਾਨ ਦੇ ਸੰਵਿਧਾਨ ਮੁਤਾਬਕ ਅਤੇ ਸਿੱਖ ਸੰਸਥਾ ਹੋਣ ਦੇ ਨਾਤੇ ਸੰਵਿਧਾਨ ਦੀ ਅਹਿਮ ਮੱਦ ਜਿਸ ਵਿੱਚ ਹਰੇਕ ਮੈਂਬਰ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ ਨੂੰ ਦੁਹਰਾਉਂਦਿਆਂ ਕਿਹਾ ਕਿ ਇਸ ਸਬੰਧੀ ਜੋ ਸ਼ਿਕਾਇਤਾਂ ਮਿਲੀਆਂ ਸਨ ਉਸ ਨੂੰ ਦੂਰ ਕੀਤਾ ਜਾਵੇ। ਜਥੇਦਾਰ ਨੇ ਦੀਵਾਨ ਦੇ ਪ੍ਰਧਾਨ ਅਤੇ ਕਾਰਜਕਾਰਨੀ ਨੂੰ ਇੱਕ ਮੌਕਾ ਦਿੰਦਿਆਂ ਕਿਹਾ ਕਿ ਪਹਿਲੀ ਸਤੰਬਰ ਤੱਕ ਸਾਰੇ ਮੈਂਬਰ ਅੰਮ੍ਰਿਤਧਾਰੀ ਹੋਣੇ ਲਾਜਮੀ ਹਨ ਜਿਨਾਂ ਨੇ ਅੰਮ੍ਰਿਤਪਾਨ ਨਹੀਂ ਕੀਤਾ ਉਹ ਅੰਮ੍ਰਿਤਪਾਨ ਕਰਨ ਅਤੇ ਜਿਨਾਂ ਕੋਲੋਂ ਕੋਈ ਅਵੱਗਿਆ ਜਾਂ ਭੁੱਲ ਹੋਈ ਹੈ ਉਹ ਆਪਣੀ ਭੁੱਲ ਬਖਸ਼ਾਉਣ। ਦੀਵਾਨ ਦੇ ਪ੍ਰਧਾਨ ਡਾਕਟਰ ਨਿੱਝਰ ਨੇ ਕਿਹਾ ਕਿ ਜੋ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਹੋਇਆ ਹੈ ਉਸ ਨੂੰ ਮੰਨਿਆ ਜਾਵੇਗਾ।



# ਅਣਪਛਾਤੇ ਬਾਈਕ ਸਵਾਰਾਂ ਵੱਲੋਂ ਪ੍ਰਵਾਸੀ ਪੰਜਾਬੀ ਦੇ ਘਰ 'ਤੇ ਚਲਾਈਆ ਗੋਲ਼ੀਆਂ

## ✪ ਅਣਪਛਾਤੇ ਨੰਬਰ ਤੋਂ 50 ਲੱਖ ਰੁਪਏ ਫਿਰੌਤੀ ਦੀ ਮੰਗ ✪ ਸੀਸੀਟੀਵੀ ਕੈਮਰੇ ਵਿਚ ਕੈਦ ਹੋਈ ਘਟਨਾ

ਸ੍ਰੀ ਹਰਗੋਬਿੰਦਪੁਰ ਸਾਹਿਬ-ਬੀਤੀ ਰਾਤ ਪਿੰਡ ਮਾੜੀ ਟਾਂਡਾ 'ਚ ਇੱਕ ਐਨਆਰਆਈ ਰੁਪਿੰਦਰ ਸਿੰਘ ਰੋਮੀ, ਦੇ ਘਰ 'ਤੇ ਅਣਪਛਾਤੇ ਬਾਈਕ ਸਵਾਰਾਂ ਵੱਲੋਂ ਗੋਲ਼ੀਆਂ ਚਲਾਈਆਂ ਗਈਆਂ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਬੀਤੇ ਸਮੇਂ ਦੌਰਾਨ ਰਾਤ ਵੇਲੇ ਵਾਪਰੀ। ਹਾਲਾਂਕਿ ਇਸ ਗੋਲ਼ੀਬਾਰੀ ਵਿਚ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ।



ਮਾਮਲਾ ਰੰਗਦਾਰੀ ਨਾਲ ਜੁੜਿਆ ਹੋਇਆ ਹੈ। ਪੀੜਤ ਐੱਨਆਰਆਈ ਰੁਪਿੰਦਰ ਸਿੰਘ ਰੋਮੀ, ਜਿਸ ਨੇ ਕੁਝ ਸਾਲ ਪਹਿਲਾਂ ਅਮਰੀਕਾ ਤੋਂ ਪਰਤ ਕੇ ਪਿੰਡ ਦੀ ਸਰਪੰਚੀ ਦੀ ਚੋਣ ਵੀ ਲੜੀ ਸੀ। ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰਨ 'ਤੇ ਪਤਾ ਲੱਗਾ ਕਿ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਗੇਟ ਉੱਤੇ ਦੋ ਵਾਰ ਫਾਇਰਿੰਗ ਕੀਤੀ ਗਈ ਸੀ। ਇਹ ਫੁਟੇਜ ਕੈਮਰੇ ਵਿੱਚ ਕੈਦ ਹੋ ਗਈ ਹੈ।

ਰੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਇੱਕ ਅਣਪਛਾਤੇ ਫ਼ੋਨ ਨੰਬਰ ਤੋਂ 50 ਲੱਖ ਰੁਪਏ ਫਿਰੌਤੀ ਦੀ ਮੰਗ ਕੀਤੀ ਗਈ ਹੈ। ਰੁਪਿੰਦਰ ਸਿੰਘ ਰੋਮੀ ਵੱਲੋਂ ਘਟਨਾ ਦੀ ਜਾਣਕਾਰੀ ਥਾਣਾ ਘੁਮਾਣ ਨੂੰ ਦਿੱਤੀ ਗਈ, ਜਿਸ 'ਤੇ ਥਾਣਾ ਮੁੱਖੀ ਇੰਸਪੈਕਟਰ ਗਗਨਦੀਪ ਸਿੰਘ ਵੱਲੋਂ ਮਾਮਲੇ ਦੀ ਹਰ ਪੱਖ ਤੋਂ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਰੁਪਿੰਦਰ ਸਿੰਘ ਆਮ ਆਦਮੀ ਪਾਰਟੀ ਨਾਲ ਜੁੜਿਆ ਹੈ ਤੇ ਰੀਅਲ ਸਟੇਟ ਦਾ ਕਾਰੋਬਾਰੀ ਹੈ।

# ਜਸਟਿਸ ਵਰਮਾ ਨੂੰ ਅਹੁਦੇ ਤੋਂ ਹਟਾਉਣ ਲਈ ਖ਼ਿਲਾਫ਼ ਮਹਾਂਦੋਸ਼ ਪ੍ਰਸਤਾਵ

## ✪ ਲੋਕ ਸਭਾ ਵਿਚ 145 ਤੇ ਰਾਜ ਸਭਾ ਵਿਚ 63 ਮੈਂਬਰਾਂ ਨੇ ਸੌਂਪਿਆ ਮੰਗ ਪੱਤਰ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਯਸ਼ਵੰਤ ਵਰਮਾ ਜਿਨ੍ਹਾਂ ਦੇ ਘਰ 500 ਰੁਪਏ ਦੇ ਸੜੇ ਹੋਏ ਨੋਟਾਂ ਦਾ ਢੇਰ ਮਿਲਿਆ ਸੀ, ਨੂੰ ਅਹੁਦੇ ਤੋਂ ਹਟਾਉਣ ਲਈ ਸੰਸਦ ਦੇ ਦੋਹਾਂ ਸਦਨਾਂ ’ਚ ਸੱਤਾ ਅਤੇ ਵਿਰੋਧੀ ਧਿਰ ਨੇ ਆਪਸੀ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਖ਼ਿਲਾਫ਼ ਲਿਆਂਦੇ ਮਹਾਂਦੋਸ਼ ਪ੍ਰਸਤਾਵ ’ਤੇ ਦਸਤਖਤ ਕੀਤੇ। ਜਾਣਕਾਰੀ ਮੁਤਾਬਿਕ ਲੋਕ ਸਭਾ ਦੇ 145 ਅਤੇ ਰਾਜ ਸਭਾ ਵਿਚ 63 ਸੰਸਦ ਮੈਂਬਰਾਂ ਨੇ ਮਹਾਂਦੋਸ਼ ਪ੍ਰਸਤਾਵ ਦਾ ਸਮਰਥਨ ਕੀਤਾ। ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੂੰ ਸੰਸਦ ਮੈਂਬਰਾਂ ਵਲੋਂ ਦਸਤਖਤ ਕੀਤੇ ਮੰਗ ਪੱਤਰ ਸੌਂਪੇ ਜਾਣ ਤੋਂ ਬਾਅਦ ਜਸਟਿਸ ਵਰਮਾ ਦੇ ਖਿਲਾਫ ਮਹਾਂਦੋਸ਼ ਚਲਾਉਣ ਲਈ ਅੱਗੇ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਜਾਣਕਾਰੀ ਮੁਤਾਬਿਕ ਮਹਾਂਦੋਸ਼ ਬਾਰੇ ਪ੍ਰਸਤਾਵ ’ਤੇ ਜਿੱਥੇ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਸਮੇਤ ਹੋਰਨਾਂ ਵਿਰੋਧੀ ਧਿਰਾਂ ਨੇ ਦਸਤਖਤ ਕੀਤੇ ਹਨ ਉਥੇ ਭਾਜਪਾ ਅਤੇ ਉਸ ਦੇ ਗੱਠਜੋੜ ਭਾਈਵਾਲਾਂ ਜਿਨ੍ਹਾਂ ’ਚ ਟੀ. ਡੀ. ਪੀ. ਜਨਤਾ ਦਲ (ਯੂ) ਅਤੇ ਜਨਤਾ ਦਲ (ਐਸ) ਸ਼ਾਮਿਲ ਹਨ, ਨੇ ਵੀ ਪ੍ਰਸਤਾਵ ’ਤੇ ਦਸਤਖਤ ਕੀਤੇ ਹਨ। ਦਸਤਖਤ ਕਰਨ ਵਾਲਿਆਂ ’ਚ ਅਨੁਰਾਗ ਠਾਕੁਰ, ਰਵੀਸ਼ੰਕਰ ਪ੍ਰਸਾਦ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ, ਰਾਜੀਵ ਪ੍ਰਤਾਪ ਰੂਡੀ, ਸੁਪ੍ਰਿਆ ਸੁਲੇ, ਨਾਸਿਰ ਹੁਸੈਨ, ਪ੍ਰਿਅੰਕਾ ਚਤੁਰਵੇਦੀ ਆਦਿ ਸੰਸਦ ਮੈਂਬਰ ਸ਼ਾਮਿਲ ਹਨ।



ਪਹਿਲੀ ਵਾਰ ਕਿਸੇ ਮੌਜੂਦਾ ਜੱਜ ਦੇ ਖ਼ਿਲਾਫ਼ ਮਹਾਂਦੋਸ਼ ਪ੍ਰਸਤਾਵ-ਸੁਤੰਤਰ ਭਾਰਤ ’ਚ ਇਹ ਪਹਿਲੀ ਵਾਰ ਹੈ ਜਦੋਂ ਹਾਈ ਕੋਰਟ ਦੇ ਮੌਜੂਦਾ ਜੱਜ ਦੇ ਖ਼ਿਲਾਫ਼ ਮਹਾਂਦੋਸ਼ ਦਾ ਪ੍ਰਸਤਾਵ ਲਿਆਂਦਾ ਜਾ ਰਿਹਾ ਹੈ। ਇਹ ਪ੍ਰਸਤਾਵ ਸੰਵਿਧਾਨ ਦੀ ਧਾਰਾ 124, 217 ਅਤੇ 218 ਦੇ ਤਹਿਤ ਲਿਆਂਦਾ ਗਿਆ ਹੈ। ਜਿਸ ਦੀ ਸੰਸਦ ’ਚ ਪੜਤਾਲ ਹੋਵੇਗੀ।

ਲੋਕ ਸਭਾ ’ਚ ਪੇਸ਼ ਕੀਤਾ ਜਾਵੇਗਾ ਪ੍ਰਸਤਾਵ-ਮਹਾਂਦੋਸ਼ ਪ੍ਰਸਤਾਵ ਸੰਸਦ ਦੇ ਕਿਸੇ ਇਕ ਸਦਨ ’ਚ ਪੇਸ਼ ਕੀਤਾ ਜਾਂਦਾ ਹੈ। ਲੋਕ ਸਭਾ ’ਚ ਪ੍ਰਸਤਾਵ ਪੇਸ਼ ਕਰਨ ਲਈ ਘੱਟੋ-ਘੱਟ 100 ਸੰਸਦ ਮੈਂਬਰਾਂ ਦੇ ਦਸਤਖਤ ਅਤੇ ਰਾਜ ਸਭਾ ਲਈ ਘੱਟੋ-ਘੱਟ 50 ਸੰਸਦ ਮੈਂਬਰਾਂ ਦੇ ਦਸਤਖਤ ਦੀ ਲੋੜ ਹੁੰਦੀ ਹੈ।ਬੀਤੇ ਸੋਮਵਾਰ ਨੂੰ ਦੋਹਾਂ ਸਦਨਾਂ ਵਿਚ ਲੋੜੀਂਦੇ ਮੈਂਬਰਾਂ ਦੇ ਦਸਤਖਤ ਵਾਲੇ ਮੰਗ ਪੱਤਰ ਪ੍ਰਾਪਤ ਕਰ ਲਏ ਗਏ ਹਨ।ਹਲਕਿਆਂ ਮੁਤਾਬਿਕ ਸਰਕਾਰ ਲੋਕ ਸਭਾ ਵਿਚ ਮਹਾਂਦੋਸ਼ ਦਾ ਪ੍ਰਸਤਾਵ ਪੇਸ਼ ਕਰੇਗੀ।

ਕਿਵੇਂ ਅਹੁਦੇ ਤੋਂ ਹਟਾਏ ਜਾਂਦੇ ਹਨ ਜੱਜ-ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਜੱਜਾਂ ਨੂੰ ਅਹੁਦੇ ਤੋਂ ਹਟਾਉਣ ਦਾ ਅਮਲ ਸੁਖਾਲਾ ਨਹੀਂ ਹੈ। ਇਕ ਵਾਰ ਨਿਯੁਕਤੀ ’ਤੇ ਬਾਅਦ ਜੱਜ ਨੂੰ ਸਿਰਫ ਰਾਸ਼ਟਰਪਤੀ ਦੇ ਆਦੇਸ਼ ’ਤੇ ਹੀ ਹਟਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਅਜਿਹੇ ਆਦੇਸ਼ ਲਈ ਸੰਸਦ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਜੱਜਾਂ ਨੂੰ ਹਟਾਉਣ ਲਈ ਜੱਜਾਂ ਦੀ ਜਾਂਚ ਬਾਰੇ ਕਾਨੂੰਨ 1968 ਅਤੇ ਸੰਵਿਧਾਨ ਦੀਆਂ ਦੋ ਧਾਰਾਵਾਂ ਧਾਰਾ 124 (ਸੁਪਰੀਮ ਕੋਰਟ ਦੇ ਜੱਜਾਂ ਬਾਰੇ) ਅਤੇ ਧਾਰਾ 218 (ਹਾਈ ਕੋਰਟ ਦੇ ਜੱਜਾਂ ਬਾਰੇ) ’ਚ ਅਮਲ ਦਰਸਾਇਆ ਗਿਆ ਹੈ।ਜਾਣਕਾਰੀ ਮੁਤਾਬਿਕ ਜਿਸ ਸਦਨ ਵਿਚ ਮਹਾਂਦੋਸ਼ ਪ੍ਰਸਤਾਵ ਲਿਆਂਦਾ ਜਾਂਦਾ ਹੈ, ਉੱਥੋਂ ਦੇ ਸਪੀਕਰ ਜਾਂ ਚੇਅਰਮੈਨ ਕੋਲ ਪ੍ਰਸਤਾਵ ਨੂੰ ਖਾਰਜ ਕਰਨ ਜਾਂ ਸਵੀਕਾਰ ਕਰਨ ਦਾ ਅਧਿਕਾਰ ਹੁੰਦਾ ਹੈ। ਪ੍ਰਸਤਾਵ ਸਵੀਕਾਰ ਕਰਨ ’ਤੇ 3 ਮੈਂਬਰੀ ਕਮੇਟੀ ਬਣਾਈ ਜਾਂਦੀ ਹੈ ਜਿਸ ਵਿਚ ਸੁਪਰੀਮ ਕੋਰਟ ਦੇ ਜੱਜ, ਹਾਈ ਕੋਰਟ ਦੇ ਚੀਫ ਜਸਟਿਸ ਅਤੇ ਇਕ ਮਕਬੂਲ ਸ਼ਖ਼ਸੀਅਤ ਸ਼ਾਮਿਲ ਹੁੰਦੀ ਹੈ। ਜਾਂਚ ਦੌਰਾਨ ਮਹਾਂਦੋਸ਼ ਦਾ ਸਾਹਮਣਾ ਕਰਨ ਵਾਲੇ ਜੱਜ ਨੂੰ ਵੀ ਉਨ੍ਹਾਂ ਦਾ ਪੱਖ ਰੱਖਣ ਲਈ ਬੁਲਾਇਆ ਜਾ ਸਕਦਾ ਹੈ। ਜਾਂਚ ਕਮੇਟੀ ਆਪਣੀ ਰਿਪੋਰਟ ਸਪੀਕਰ/ਚੇਅਰਮੈਨ ਨੂੰ ਸੌਂਪਦੀ ਹੈ। ਜੇਕਰ ਰਿਪੋਰਟ ਮਹਾਂਦੋਸ਼ ਦਾ ਸਾਹਮਣਾ ਕਰਨ ਵਾਲੇ ਜੱਜ ਦੇ ਖਿਲਾਫ਼ ਹੰਦੀ ਤਾਂ ਪ੍ਰਸਤਾਵ ’ਤੇ ਸਦਨ ’ਚ ਬਹਿਸ ਹੁੰਦੀ ਹੈ। ਪਹਿਲਾਂ ਬਹਿਸ ਉਸ ਸਦਨ ਹੰਦੀ ਹੈ ਜਿਸ ’ਚ ਪ੍ਰਸਤਾਵ ਲਿਆਂਦਾ ਜਾਂਦਾ ਹੈ, ਉਥੇ ਵੀ ਮਹਾਂਦੋਸ਼ ਦਾ ਸਾਹਮਣਾ ਕਰਨ ਵਾਲੇ ਜੱਜ ਨੂੰ ਪੱਖ ਰੱਖਣ ਦਾ ਮੌਕਾ ਦਿੱਤਾ ਜਾਂਦਾ ਹੈ। ਜੱਜ ਚਾਹੁਣ ਤਾਂ ਵਕੀਲ ਵੀ ਰੱਖ ਸਕਦੇ ਹਨ। ਬਹਿਸ ਤੋਂ ਬਾਅਦ ਜੇਕਰ ਸਦਨ ਤੋਂ ਪ੍ਰਸਤਾਵ ਦੋ ਤਿਹਾਈ ਬਹੁਮਤ ਨਾਲ ਪਾਸ ਹੋ ਜਾਂਦਾ ਹੈ ਤਾਂ ਮਾਮਲਾ ਦੂਜੇ ਸਦਨ ਵਿਚ ਜਾਂਦਾ ਹੈ। ਉਥੇ ਵੀ ਬਹਿਸ ਹੁੰਦੀ ਹੈ। ਬਹਿਸ ਤੋਂ ਬਾਅਦ ਪ੍ਰਸਤਾਵ ਪਾਸ ਹੋਣ ’ਤੇ ਜੱਜ ਨੂੰ ਹਟਾਉਣ ਲਈ ਰਾਸ਼ਟਰਪਤੀ ਨੂੰ ਮਾਮਲਾ ਭੇਜਿਆ ਜਾਂਦਾ ਹੈ। ਦੱਸਣਯੋਗ ਹੈ ਕਿ ਹਾਲੇ ਤੱਕ ਕਿਸੇ ਵੀ ਜੱਜ ਨੂੰ ਮਹਾਂਦੋਸ਼ ਰਾਹੀਂ ਹਟਾਇਆ ਨਹੀਂ ਗਿਆ।

# ਬੱਬਰ ਖ਼ਾਲਸਾ ਨਾਲ ਸੰਬੰਧਿਤ ਤਿੰਨ ਖਾੜਕੂ ਗ੍ਰਿਫ਼ਤਾਰ

ਪਟਿਆਲਾ-ਪੰਜਾਬ ਪੁਲਿਸ ਨੇ ਵਿਦੇਸ਼ੀ ਹੈਂਡਲਰ ਮਨਿੰਦਰ ਬਿੱਲਾ ਤੇ ਮਨੂ ਅਗਵਾਨ ਵਲੋਂ ਚਲਾਏ ਜਾ ਰਹੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸ ਦੇ ਤਿੰਨ ਮੈਂਬਰਾਂ ਸੰਦੀਪ ਸਿੰਘ ਦੀਪੂ ਵਾਸੀ ਬਾਦਸ਼ਾਹਪੁਰ (ਪਟਿਆਲਾ), ਹਰਪ੍ਰੀਤ ਸਿੰਘ ਜੱਗਾ ਵਾਸੀ ਹਰਚੰਦਪੁਰਾ (ਪਟਿਆਲਾ) ਤੇ ਹਰਮਨਪ੍ਰੀਤ ਸਿੰਘ ਪ੍ਰੀਤ ਵਾਸੀ ਗੁਰਦਿਆਲਪੁਰਾ (ਪਟਿਆਲਾ), ਜੋ ਪਟਿਆਲਾ ਦੇ ਬਾਦਸ਼ਾਹਪੁਰ ਅਤੇ ਹਰਿਆਣਾ ਦੇ ਅਜੀਮਗੜ੍ਹ ਵਿਖੇ ਪੁਲਿਸ ਚੌਕੀਆਂ ’ਤੇ ਗ੍ਰਨੇਡ ਹਮਲਿਆਂ ਵਿਚ ਸ਼ਾਮਿਲ ਸਨ, ਨੂੰ ਗ੍ਰਿਫ਼ਤਾਰ ਕੀਤਾ ਹੈ।




ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਸਾਂਝੀ ਕੀਤੀ। ਇਨ੍ਹਾਂ ਦੋਸ਼ੀਆਂ ਵਲੋਂ ਪਹਿਲੀ ਅਪ੍ਰੈਲ ਨੂੰ ਪਟਿਆਲਾ ਦੇ ਪੁਲਿਸ ਚੌਕੀ ਬਾਦਸ਼ਾਹਪੁਰ ਤੇ 6 ਅਪ੍ਰੈਲ ਨੂੰ ਹਰਿਆਣਾ ਦੇ ਪੁਲਿਸ ਚੌਕੀ ਅਜੀਮਗੜ੍ਹ ’ਤੇ ਗ੍ਰਨੇਡ ਹਮਲੇ ਹੋਏ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ, ਬੀ. ਕੇ. ਆਈ. ਦੇ ਕਾਰਕੁਨਾਂ-ਹੈਪੀ ਪਾਸੀਆਂ, ਮਨੂ ਅਗਵਾਨ ਤੇ ਗੋਪੀ ਨਵਾਸ਼ਹਿਰੀਆ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਰਾਹੀਂ ਇਨ੍ਹਾਂ ਖਾੜਕੂ ਕਾਰਵਾਈਆਂ ਦੀ ਜ਼ਿੰਮੇਵਾਰੀ ਲਈ ਸੀ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਮਾਡਿਊਲ ਪੰਜਾਬ ਵਿਚ ਪੁਲਿਸ ਅਦਾਰਿਆਂ ’ਤੇ ਹੋਰ ਹਮਲਿਆਂ ਦੀ ਸਰਗਰਮੀ ਨਾਲ ਯੋਜਨਾ ਬਣਾ ਰਿਹਾ ਸੀ। ਹੋਰ ਵੇਰਵੇ ਸਾਂਝੇ ਕਰਦਿਆਂ ਏ.ਆਈ.ਜੀ. ਸੀ.ਆਈ. ਪਟਿਆਲਾ ਡਾ. ਸਿਮਰਤ ਕੌਰ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੇ ਕਬੂਲਿਆ ਹੈ ਕਿ ਦੋਵਾਂ ਪੁਲਿਸ ਅਦਾਰਿਆਂ ’ਤੇ ਹਮਲਿਆਂ ਦੀ ਯੋਜਨਾ ਉਨ੍ਹਾਂ ਦੇ ਸਾਥੀ ਗੁਰਪ੍ਰੀਤ ਸਿੰਘ ਉਰਫ਼ ਬੱਬੂ ਨੇ ਬਣਾਈ ਸੀ, ਜੋ ਇਸ ਸਮੇਂ ਪਟਿਆਲਾ ਜੇਲ੍ਹ ਵਿਚ ਬੰਦ ਹੈ ਤੇ ਪੁਲਿਸ ਦੀ ਹਿਰਾਸਤ ਵਿਚ ਹੈ। ਉਨ੍ਹਾਂ ਕਿਹਾ ਕਿ ਜਾਂਚ ਵਿਚ ਪਤਾ ਲੱਗਾ ਹੈ ਕਿ ਮਾਸਟਰਮਾਈਂਡ ਗੁਰਪ੍ਰੀਤ ਸਿੰਘ ਉਰਫ਼ ਬੱਬੂ ਨੇ ਬਾਦਸ਼ਾਹਪੁਰ ਹਮਲੇ ਵਿਚ ਸ਼ਾਮਿਲ ਹੋਣ ਬਦਲੇ ਸੰਦੀਪ ਸਿੰਘ ਉਰਫ਼ ਦੀਪੂ ਨੂੰ 3-4 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਜਦੋਂ ਕਿ ਹਰਮਨਪ੍ਰੀਤ ਸਿੰਘ ਉਰਫ਼ ਪ੍ਰੀਤ ਨੂੰ ਅਜੀਮਗੜ੍ਹ ਹਮਲੇ ਵਿਚ ਸਾਥ ਦੇਣ ਲਈ 10,000 ਰੁਪਏ ਦਿੱਤੇ ਗਏ ਸਨ।

# ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ’ਤੇ ਜਥਾ ਪਾਕਿ ਭੇਜਣ ਲਈ ਸ਼੍ਰੋਮਣੀ ਕਮੇਟੀ ਨੇ ਪਾਸਪੋਰਟ ਮੰਗੇ

ਅੰਮ੍ਰਿਤਸਰ-ਭਾਰਤ ਅਤੇ ਪਾਕਿਸਤਾਨ ਵਿਚਾਲੇ ਭਾਵੇਂ ਹਾਲੇ ਤੱਕ ਆਵਾਜਾਈ ਸਬੰਧ ਬਹਾਲ ਨਹੀਂ ਹੋਏ ਪਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਲਈ ਤਿਆਰੀ ਆਰੰਭ ਦਿੱਤੀ ਗਈ ਹੈ। ਇਸ ਸਬੰਧ ਵਿੱਚ ਪਾਕਿਸਤਾਨ ਜਾਣ ਦੇ ਇੱਛੁਕ ਸ਼ਰਧਾਲੂਆਂ ਕੋਲੋਂ ਪਾਸਪੋਰਟ ਮੰਗੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਨਵੰਬਰ ਵਿਚ ਭੇਜਿਆ ਜਾਵੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਸ਼ਰਧਾਲੂ ਆਪਣੇ ਪਾਸਪੋਰਟ 4 ਅਗਸਤ ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਕੋਲ ਭੇਜਣ। ਸ਼ਰਧਾਲੂਆਂ ਲਈ ਪਾਸਪੋਰਟ ਨਾਲ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ।

# ਭਰਤੀ ਕਮੇਟੀ ਨੇ ਅਕਾਲੀ ਦਲ ਦੀ ਪੁਨਰ ਸੁਰਜੀਤੀ ਤਹਿਤ 11 ਅਗਸਤ ਨੂੰ ਜਨਰਲ ਇਜਲਾਸ ਬੁਲਾਇਆ



ਅੰਮ੍ਰਿਤਸਰ-2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਅਧੀਨ ਬਣੀ ਭਰਤੀ ਕਮੇਟੀ ਦੇ ਮੈਂਬਰਾਂ-ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਭਰਤੀ ਮੁਹਿੰਮ ਨੂੰ ਮਿਲੇ ਸਮਰਥਨ ’ਤੇ ਸੰਤੁਸ਼ਟੀ ਜਤਾਈ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਸਿੱਖ ਪੰਥ ਦੀਆਂ ਭਾਵਨਾਵਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਮੇਤ ਪੰਜਾਬ ਪ੍ਰਸਤ ਲੀਡਰਸ਼ਿਪ ਦੀ ਭਾਲ ਨੂੰ ਪੂਰਾ ਕਰਨ ਲਈ 11 ਅਗਸਤ 2025 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਜਨਰਲ ਇਜਲਾਸ ਬੁਲਾਇਆ ਗਿਆ ਹੈ। ਇਸ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਦੇ ਚੁਣੇ ਸਟੇਟ ਡੈਲੀਗੇਟ ਹਿੱਸਾ ਲੈਣਗੇ। ਕਮੇਟੀ ਨੇ ਸਪੱਸ਼ਟ ਕੀਤਾ ਕਿ ਨੈਤਿਕ ਅਧਿਕਾਰ ਗੁਆ ਚੁੱਕੀ ਲੀਡਰਸ਼ਿਪ ਨੂੰ ਹਟਾ ਕੇ ਪੰਥ ਪ੍ਰਵਾਨਿਤ ਲੀਡਰਸ਼ਿਪ ਦੀ ਸਥਾਪਨਾ ਲਈ ਹੁਕਮਨਾਮੇ ਦੀ ਪੂਰੀ ਪਾਲਣਾ ਕੀਤੀ ਜਾਵੇਗੀ।

# ਦਰਬਾਰ ਸਾਹਿਬ ਦੇ ਆਲੇ-ਦੁਆਲੇ ਬਣ ਰਹੀਆਂ ਉੱਚੀਆਂ ਇਮਾਰਤਾਂ ਦੀ ਨਿਯਮਤ ਜਾਂਚ ਕਰੇਗੀ ਸਰਕਾਰ

## ✪ ਹੈਰੀਟੇਜ ਦੀ ਦਿਖ ਨੂੰ ਵਿਗਾੜ ਰਹੀਆਂ ਨੇ ਉਚੀਆਂ ਇਮਾਰਤਾਂ

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਬਣ ਰਹੀਆਂ ਉੱਚੀਆਂ ਇਮਾਰਤਾਂ ਦਾ ਸਥਾਨਕ ਸਰਕਾਰਾਂ ਵਿਭਾਗ ਨੇ ਨੋਟਿਸ ਲਿਆ ਹੈ ਅਤੇ ਇਸ ਸਬੰਧ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਨੂੰ ਇੱਕ ਪੱਤਰ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਗੁਰੂਘਰ ਦੇ ਆਲੇ ਦੁਆਲੇ ਬਣ ਰਹੀਆਂ ਉਸਾਰੀਆਂ ਦੀ ਉਚਾਈ ਨੂੰ ਨਿਯਮਤ ਕਰਨ ਵਾਸਤੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਕੁਝ ਸਮਾਂ ਪਹਿਲਾਂ ਕੁਝ ਜਥੇਬੰਦੀਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਬਣ ਰਹੀਆਂ ਉੱਚੀਆਂ ਇਮਾਰਤਾਂ 'ਤੇ ਇਤਰਾਜ਼ ਪ੍ਰਗਟਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਸਰਕਾਰ ਨੂੰ ਨੋਟਿਸ ਲੈਣ ਦੀ ਅਪੀਲ ਕੀਤੀ ਸੀ।

ਇਸ ਮਾਮਲੇ ਦਾ ਨੋਟਿਸ ਲੈਂਦਿਆਂ ਸਥਾਨਕ ਸਰਕਾਰਾਂ ਵਿਭਾਗ ਦੇ ਅਧੀਨ ਸਕੱਤਰ ਵੱਲੋਂ ਇਸ ਸਬੰਧ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਨੂੰ ਇੱਕ ਪੱਤਰ ਜਾਰੀ ਕੀਤਾ ਗਿਆ ਹੈ। ਪੱਤਰ ਵਿੱਚ ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰਾਂ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇੱਥੇ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਉੱਚੀਆਂ ਇਮਾਰਤਾਂ ਬਣ ਰਹੀਆਂ ਹਨ, ਜਿਸ ਦਾ ਪ੍ਰਭਾਵ ਗੁਰੂਘਰ ਦੀ ਦਿਖ 'ਤੇ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਜਗਤ ਦਾ ਹੀ ਨਹੀਂ ਸਗੋਂ ਸਮੁੱਚੀ ਲੁਕਾਈ ਵਾਸਤੇ ਵੱਡੀ ਆਸਥਾ ਦਾ ਸਥਾਨ ਹੈ। ਇਸ ਤੋਂ ਇਲਾਵਾ ਇਹ ਗੁਰੂ ਅਸਥਾਨ ਵਿਲੱਖਣ ਅਤੇ ਵਿਰਾਸਤੀ ਦਰਜਾ ਵੀ ਰੱਖਦਾ ਹੈ। ਉਨ੍ਹਾਂ ਕਮਿਸ਼ਨਰ ਨੂੰ ਹਦਾਇਤ ਕੀਤੀ ਹੈ ਕਿ ਇਸ ਸਬੰਧ ਵਿੱਚ ਇਮਾਰਤਾਂ ਦੀ ਉਚਾਈ ਨੂੰ ਨਿਯਮਤ ਕੀਤਾ ਜਾਵੇ ਅਤੇ ਜੇਕਰ ਕੋਈ ਪਹਿਲਾਂ ਕਾਨੂੰਨ ਹੈ ਤਾਂ ਉਸ ਦੀ ਉਲੰਘਣਾ ਹੇਠ ਸਖਤ ਕਾਰਵਾਈ ਕੀਤੀ ਜਾਵੇ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਇਸ ਸਬੰਧ ਵਿੱਚ ਨਗਰ ਨਿਗਮ ਕਮਿਸ਼ਨਰ ਕੋਲੋਂ ਇੱਕ ਹਫਤੇ ਵਿੱਚ ਕਾਰਵਾਈ ਰਿਪੋਰਟ ਮੰਗੀ ਹੈ।



ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਨੇੜੇ ਹੀ ਬਣਾਈ ਜਾ ਰਹੀ ਇੱਕ ਇਮਾਰਤ ਦੀ ਉਚਾਈ 'ਤੇ ਵੀ ਇਤਰਾਜ਼ ਕੀਤਾ ਗਿਆ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਮਾਰਤ ਦੀ ਵਧੇਰੇ ਉਚਾਈ ਨੂੰ ਰੋਕਣ ਬਾਰੇ ਭਰੋਸਾ ਦਿੱਤਾ ਗਿਆ ਸੀ।

## ਪ੍ਰੇਮ-ਵਿਆਹ ਕਰਵਾਉਣ ਵਾਲੇ ਜੋੜੇ ਨੂੰ ਛੱਡਣਾ ਪਵੇਗਾ ਪਿੰਡ ਕੋਟਸ਼ਮੀਰ

### ✪ ਪਿੰਡ ਵਾਸੀਆਂ ਨੇ ਕੀਤਾ ਪ੍ਰੇਮ ਵਿਆਹ ਵਿਰੁਧ ਮਤਾ ਪਾਸ



ਬਠਿੰਡਾ-ਪ੍ਰੇਮ-ਵਿਆਹ ਕਰਾਉਣ ਵਾਲੇ ਜੋੜੇ ਨੂੰ ਹੁਣ ਆਪਣੇ ਪਰਿਵਾਰਾਂ ਸਣੇ ਪਿੰਡ ਛੱਡ ਕੇ ਕਿਤੇ ਹੋਰ ਜਾਣਾ ਪਵੇਗਾ। ਇਹ ਕਥਿਤ ਮਤਾ ਪਿੰਡ ਕੋਟਸ਼ਮੀਰ ਵਾਸੀਆਂ ਵੱਲੋਂ ਪਾਸ ਕੀਤਾ ਦੱਸਿਆ ਜਾ ਰਿਹਾ ਹੈ ਅਤੇ ਇਸ ਬਾਰੇ ਵੀਡੀਓ 'ਤੇ ਵਾਇਰਲ ਹੋ ਰਹੀ ਹੈ। ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਇਸ ਕਥਿਤ ਮਤੇ 'ਤੇ ਪ੍ਰਵਾਨਗੀ ਦੀ ਮੋਹਰ ਲਾਈ ਹੈ ਕਿ ਭਵਿੱਖ ਵਿੱਚ ਪਿੰਡ ਦਾ ਕੋਈ ਵੀ ਮੁੰਡਾ-ਕੁੜੀ ਜੇ ਮਨਮਰਜ਼ੀ ਨਾਲ ਆਪਸ ਵਿੱਚ ਵਿਆਹ ਕਰਵਾਏਗਾ ਤਾਂ ਉਨ੍ਹਾਂ 'ਤੇ ਇਹ ਫੈਸਲਾ ਲਾਗੂ ਹੋਵੇਗਾ।

ਇਸ ਫੈਸਲੇ ਦੇ ਜਨਤਕ ਹੁੰਦਿਆਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇਸ ਦੀ ਕਾਫ਼ੀ ਚਰਚਾ ਹੈ। ਕੋਈ ਇਸ ਨੂੰ 'ਤੁਗ਼ਲਕੀ ਫ਼ਰਮਾਨ' ਆਖ ਕੇ ਆਲੋਚਨਾ ਕਰ ਰਿਹਾ ਹੈ ਅਤੇ ਕੋਈ ਇਸ ਨੂੰ 'ਦਰੁਸਤ ਨਿਰਣਾ' ਕਹਿ ਕੇ ਤਾਰੀਫ਼ ਕਰ ਰਿਹਾ ਹੈ। ਕੋਈ ਇਸ ਦੀ ਵਕਾਲਤ ਕਰ ਰਿਹਾ ਹੈ ਕਿ ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਖੁਦ ਲੈਣ ਦਾ ਅਧਿਕਾਰ ਹੈ, ਇਸ ਲਈ ਕਿਸੇ ਦੀ ਜ਼ਿੰਦਗੀ ਵਿੱਚ ਦਖ਼ਲ ਦੇਣਾ ਠੀਕ ਨਹੀਂ।

## ਅਣਪਛਾਤਿਆਂ ਗੁੰਡਿਆਂ ਵੱਲੋਂ ਭਾਜਪਾ ਆਗੂ 'ਤੇ ਤਿਖੇ ਹਥਿਆਰ ਨਾਲ ਹਮਲਾ, ਭੱਜ ਕੇ ਬਚਾਈ ਜਾਨ

ਲੁਧਿਆਣਾ-ਲੁਧਿਆਣਾ ਦੇ ਟਿੱਬਾ ਰੋਡ 'ਤੇ ਸਥਿਤ ਗੋਪਾਲ ਨਗਰ ਵਿੱਚ ਅਣਪਛਾਤੇ



ਨੌਜਵਾਨਾਂ ਨੇ ਭਾਜਪਾ ਆਗੂ ਨਮਨ ਬਾਂਸਲ 'ਤੇ ਹਮਲਾ ਕਰ ਦਿੱਤਾ। ਮੁਲਜ਼ਮਾਂ ਨੇ ਪਹਿਲਾਂ ਨਮਨ ਨੂੰ ਥੱਪੜ ਮਾਰਿਆ ਅਤੇ ਫਿਰ ਉਸਦੀ ਪਿੱਠ 'ਤੇ ਦਾਤਰ ਨਾਲ ਹਮਲਾ ਕਰ ਦਿੱਤਾ। ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਨਮਨ ਨੇੜਲੀ ਦੁਕਾਨ 'ਤੇ ਜਾ ਕੇ ਆਪਣੀ ਜਾਨ ਬਚਾਉਣ ਵਿੱਚ ਕਾਮਯਾਬ ਰਿਹਾ ਅਤੇ ਆਪਣੇ ਦੋਸਤਾਂ ਨੂੰ ਸੂਚਿਤ ਕੀਤਾ। ਮੌਕੇ 'ਤੇ ਪਹੁੰਚੇ ਉਸਦੇ ਦੋਸਤ ਉਸਨੂੰ ਸਿਵਲ ਹਸਪਤਾਲ ਲੈ ਗਏ, ਜਿੱਥੇ ਉਸਦੀ ਪਿੱਠ 'ਤੇ ਟਾਂਕੇ ਲਗਾਏ ਗਏ। ਪੁਲਿਸ ਵਲੋਂ ਜਾਂਚ ਜਾਰੀ ਹੈ। ਜਾਣਕਾਰੀ ਦਿੰਦੇ ਹੋਏ ਜ਼ਖਮੀ ਨਮਨ ਨੇ ਕਿਹਾ ਕਿ ਉਹ ਭਾਜਪਾ ਯੂਥ ਦਾ ਉਪ ਪ੍ਰਧਾਨ ਹੈ। ਉਸਦੀ ਦੁਕਾਨ ਗੋਪਾਲ ਨਗਰ ਵਿੱਚ ਹੈ। ਮੈਨੂੰ 2 ਤੋਂ 3 ਦਿਨ ਪਹਿਲਾਂ ਵੀ ਧਮਕੀਆਂ ਮਿਲੀਆਂ ਸਨ।


## ਖ਼ਤਰਨਾਕ ਗੈਂਗਸਟਰ ਰਾਜਵੀਰ ਸਿੰਘ ਰਵੀ ਦੋਰਾਹਾ ਵਿਚ ਗ੍ਰਿਫ਼ਤਾਰ

### ✪ ਕਈ ਸੂਬਿਆਂ ਦੀ ਪੁਲਸ ਲਈ ਬਣਿਆ ਸੀ ਸਿਰ ਦਰਦ



ਦੋਰਾਹਾ-ਦੋਰਾਹਾ ਪੁਲਸ ਨੇ ਦੋਰਾਹਾ ਇਲਾਕੇ 'ਚ ਵੱਡੀ ਕਾਰਵਾਈ ਕਰਦਿਆਂ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਨਜ਼ਦੀਕੀ ਮੰਨੇ ਜਾਂਦੇ ਗੈਂਗਸਟਰ ਰਾਜਵੀਰ ਸਿੰਘ ਉਰਫ਼ ਰਵੀ ਰਾਜਗੜ੍ਹ ਨੂੰ ਗ੍ਰਿਫ਼ਤਾਰ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ। ਰਵੀ ਦੇ ਕਬਜ਼ੇ 'ਚੋਂ 30 ਬੋਰ ਦੀ ਲੋਡਿਡ ਪਿਸਤੌਲ ਵੀ ਬਰਾਮਦ ਹੋਈ ਹੈ। ਜਾਣਕਾਰੀ ਮੁਤਾਬਕ ਰਵੀ ਆਪਣੇ ਪਿਤਾ ਸਰਪੰਚ ਜਗਤਾਰ ਸਿੰਘ, ਜੋ ਕਿ ਵਿਦੇਸ਼ ਜਾਣ ਦੀ ਤਿਆਰੀ ਵਿਚ ਸਨ, ਨਾਲ ਮਿਲਣ ਲਈ ਪਿੰਡ ਆਇਆ ਹੋਇਆ ਸੀ। ਮੁਖਬਰੀ ਦੀ ਬੁਨਿਆਦ 'ਤੇ ਪੁਲਸ ਨੇ ਛਾਪਾ ਮਾਰਿਆ ਅਤੇ ਰਵੀ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਦੀ ਘੇਰਾਬੰਦੀ ਤੋਂ ਨਹੀਂ ਬਚ ਸਕਿਆ। ਪੁਲਸ ਹੁਣ ਉਸ ਤੋਂ ਲੰਬੀ ਪੁੱਛਗਿੱਛ ਕਰ ਰਹੀ ਹੈ ਤੇ ਆਸ ਹੈ ਕਿ ਉਸ ਕੋਲੋਂ ਗੈਂਗਸਟਰ ਨੈੱਟਵਰਕ ਅਤੇ ਸਿੱਧੂ ਮੂਸੇਵਾਲਾ ਕਤਲ ਕਾਂਡ ਬਾਰੇ ਮਹੱਤਵਪੂਰਨ ਖੁਲਾਸੇ ਹੋ ਸਕਦੇ ਹਨ। ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਵੀ ਰਵੀ ਦਾ ਨਾਮ ਸਾਹਮਣੇ ਆਇਆ ਸੀ। ਦੋਸ਼ ਹੈ ਕਿ ਰਵੀ ਨੇ ਇਸ ਕਤਲ ਕਾਂਡ 'ਚ ਸ਼ਾਮਲ ਸ਼ਾਰਪਸ਼ੂਟਰਾਂ ਨੂੰ ਹਥਿਆਰ ਮੁਹੱਈਆ ਕਰਵਾਏ ਸਨ। ਇਸ ਤੋਂ ਇਲਾਵਾ, ਉੱਤੇ ਇਹ ਵੀ ਇਲਜ਼ਾਮ ਹੈ ਕਿ ਉਸ ਨੇ ਲਾਰੈਂਸ ਬਿਸ਼ਨੋਈ ਦੇ ਭਰਾ ਅਨਮੋਲ ਬਿਸ਼ਨੋਈ ਨੂੰ ਫਰਜ਼ੀ ਪਾਸਪੋਰਟ ਰਾਹੀਂ ਵਿਦੇਸ਼ ਭੇਜਣ ਵਿਚ ਵੀ ਮਦਦ ਕੀਤੀ। ਰਵੀ ਰਾਜਗੜ੍ਹ 'ਏ-ਕੈਟੇਗਰੀ' ਦਾ ਖ਼ਤਰਨਾਕ ਗੈਂਗਸਟਰ ਮੰਨਿਆ ਜਾਂਦਾ ਹੈ, ਜਿਸ ਉੱਤੇ ਕਤਲ, ਕਤਲ ਦੀ ਕੋਸ਼ਿਸ਼, ਫਿਰੌਤੀ ਵਸੂਲੀ, ਗੈਰਕਾਨੂੰਨੀ ਹਥਿਆਰਾਂ ਦੀ ਸਪਲਾਈ ਆਦਿ ਸੰਗੀਨ ਅਪਰਾਧਾਂ ਦੇ ਮਾਮਲੇ ਦਰਜ ਹਨ। ਪੁਲਸ ਰਿਕਾਰਡ ਮੁਤਾਬਕ ਉਹ ਕਾਫ਼ੀ ਸਮੇਂ ਤੋਂ ਫਰਾਰ ਚੱਲ ਰਿਹਾ ਸੀ ਅਤੇ ਕਈ ਸੂਬਿਆਂ ਦੀ ਪੁਲਸ ਤੇ ਕੇਂਦਰੀ ਏਜੰਸੀਆਂ ਉਸ ਦੀ ਤਲਾਸ਼ 'ਚ ਲੱਗੀਆਂ ਹੋਈਆਂ ਸਨ। ਐੱਨਆਈਏ ਨੇ ਵੀ ਉਸ ਦੇ ਘਰ 'ਤੇ ਦੋ ਵਾਰੀ ਛਾਪੇ ਮਾਰੇ ਪਰ ਉਹ ਹਰ ਵਾਰ ਸਲੀਕੇ ਨਾਲ ਬਚ ਨਿਕਲਦਾ ਰਿਹਾ।

## ਸੀਬੀਆਈ ਦਾ ਨਕਲੀ ਅਧਿਕਾਰੀ ਬਣਕੇ ਕੇ ਪ੍ਰੋਫੈਸਰ ਨਾਲ ਮਾਰੀ 20 ਲੱਖ ਦੀ ਠੱਗੀ, ਮੁਕੱਦਮਾ ਦਰਜ




ਲੁਧਿਆਣਾ-ਖੁਦ ਨੂੰ ਆਈਪੀਐਸ ਅਧਿਕਾਰੀ ਅਤੇ ਸੀਬੀਆਈ ਦੇ ਅਫਸਰ ਕਹਿਣ ਵਾਲੇ ਠੱਗਾਂ ਨੇ ਲੁਧਿਆਣਾ ਦੀ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸ ਯੂਨੀਵਰਸਿਟੀ ਦੇ ਪ੍ਰੋਫੈਸਰ ਨੂੰ ਧੋਖਾਧੜੀ ਦਾ ਸ਼ਿਕਾਰ ਬਣਾਇਆ। ਪ੍ਰੋਫੈਸਰ ਡੀਐਸ ਮਲਿਕ ਬਦਮਾਸ਼ਾਂ ਦੇ ਚੰਗੁਲ ਵਿਚ ਇਸ ਕਦਰ ਫਸੇ ਕਿ ਉਨ੍ਹਾਂ ਨੇ ਮੁਲਜਮਾਂ ਵੱਲੋਂ ਦੱਸੇ ਗਏ ਖਾਤਿਆਂ ਵਿੱਚ 20 ਲੱਖ ਰੁਪਏ ਦੀ ਨਕਦੀ ਟ੍ਰਾਂਸਫਰ ਕਰ ਦਿੱਤੀ। ਜਾਣਕਾਰੀ ਮੁਤਾਬਕ ਡਾਕਟਰ ਡੀਐਸ ਮਲਿਕ ਆਪਣੇ ਘਰ ਵਿੱਚ ਮੌਜੂਦ ਸਨ, ਇਸੇ ਦੌਰਾਨ ਉਨ੍ਹਾਂ ਨੂੰ ਅਣਪਛਾਤੇ ਨੰਬਰਾਂ ਤੋਂ ਫੋਨ ਆਉਣੇ ਸ਼ੁਰੂ ਹੋਏ। ਮੁਲਜਮਾਂ ਨੇ ਪ੍ਰੋਫੈਸਰ ਨੂੰ ਇੱਕ ਮਨਘੜਤ ਮਾਮਲੇ ਵਿੱਚ ਗ੍ਰਿਫਤਾਰੀ ਦਾ ਡਰ ਦਿਖਾਇਆ। ਮੁਲਜਮਾਂ ਨੇ ਡਾਕਟਰ ਮਲਿਕ ਨੂੰ ਇਸ ਕਦਰ ਡਰਾ ਦਿੱਤਾ ਕਿ ਉਨ੍ਹਾਂ ਨੇ ਠੱਗਾਂ ਦੇ ਖਾਤੇ ਵਿੱਚ 20 ਲੱਖ ਰੁਪਏ ਦੀ ਰਕਮ ਟ੍ਰਾਂਸਫਰ ਕਰ ਦਿੱਤੀ। ਇਸ ਮਾਮਲੇ ਵਿੱਚ ਥਾਣਾ ਸਾਈਬਰ ਕ੍ਰਾਈਮ ਦੀ ਟੀਮ ਨੇ ਡਾਕਟਰ ਡੀਐਸ ਮਲਿਕ ਦੀ ਸ਼ਿਕਾਇਤ ਤੇ ਅਣਪਛਾਤੇ ਠੱਗਾਂ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

# ਕੀ ਕਾਂਵੜ ਯਾਤਰਾ ਦੌਰਾਨ ਧਰਮ ਦੇ ਨਾਮ ਉਪਰ ਨਫਰਤੀ ਹਿੰਸਕ ਨਾਚ ਰੁਕੇਗਾ ?

**✪ ਅਖਿਲ ਭਾਰਤੀ ਅਖਾੜਾ ਪਰਿਸ਼ਦ ਵਲੋਂ ਚਿੰਤਾ ✪ ਸੜਕਾਂ 'ਤੇ ਹਿੰਸਕ ਗਤੀਵਿਧੀਆਂ ਅਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ✪ ਅਮਨ-ਕਾਨੂੰਨ ਦੀ ਮਸ਼ੀਨਰੀ ਇਸ ਹਿੰਸਕ ਨਾਚ ਅੱਗੇ ਬੇਬਸ ਕਿਉਂ ? ✪ ਪਿਛਲੇ ਹਫਤੇ ਦੌਰਾਨ 170 ਤੋਂ ਵੱਧ ਕਾਂਵੜੀਆਂ 'ਤੇ ਮੁਕੱਦਮੇ ਦਰਜ ਹੋਏ ?**











**ਖਾਸ ਖਬਰ**

ਸਾਉਣ ਦਾ ਮਹੀਨਾ, ਜਦੋਂ ਸ਼ਿਵ ਭਗਤਾਂ ਦੇ ਦਿਲਾਂ ਵਿਚ ਭਗਤੀ ਦਾ ਜਵਾਰ ਉੱਠਦਾ ਹੈ ਤੇ ਉਹ ਹਰਿਦੁਆਰ ਦੀਆਂ ਗੰਗਾ ਘਾਟੀਆਂ 'ਤੇ ਕਾਂਵੜੀਆਂ ਦੀਆਂ ਟੋਲੀਆਂ ਜਲ ਭਰਨ ਲਈ ਉਮੜ ਪੈਂਦੀਆਂ ਹਨ। ਸਦੀਆਂ ਤੋਂ ਚੱਲੀ ਆ ਰਹੀ ਇਹ ਕਾਂਵੜ ਯਾਤਰਾ, ਜੋ ਕਦੇ ਸੇਵਾ, ਤਿਆਗ ਅਤੇ ਭਗਤੀ ਦਾ ਪ੍ਰਤੀਕ ਸੀ, ਹੁਣ ਕੁਝ ਹੱਦ ਤੱਕ ਨਫ਼ਰਤ, ਹਿੰਸਾ ਅਤੇ ਫਿਰਕੂ ਜਹਿਰ ਦਾ ਆਧਾਰ ਬਣਦੀ ਜਾ ਰਹੀ ਹੈ। ਪਿਛਲੇ ਸਾਲਾਂ ਵਿਚ ਕਾਂਵੜੀਆਂ ਦੀ ਗੁੰਡਾਗਰਦੀ, ਸੜਕਾਂ 'ਤੇ ਹਿੰਸਕ ਗਤੀਵਿਧੀਆਂ, ਅਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਨੇ ਇਸ ਪੁਰਾਣੀ ਪਰੰਪਰਾ ਦੇ ਮੱਥੇ 'ਤੇ ਦਾਗ਼ ਲਾ ਦਿੱਤਾ ਹੈ। ਅਖਿਲ ਭਾਰਤੀ ਅਖਾੜਾ ਪਰਿਸ਼ਦ ਨੇ ਵੀ ਇਸ ਸਬੰਧ ਵਿਚ ਚਿੰਤਾ ਜਤਾਈ ਹੈ ਅਤੇ ਕਾਂਵੜੀਆਂ ਨੂੰ ਅਮਨ ,ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਪਰ ਸਵਾਲ ਇਹ ਹੈ ਕਿ ਅਮਨ-ਕਾਨੂੰਨ ਦੀ ਮਸ਼ੀਨਰੀ ਇਸ ਹਿੰਸਕ ਨਾਚ ਅੱਗੇ ਬੇਬਸ ਕਿਉਂ ਹੈ ?

ਕੀ ਇਸ ਰਾਹੀਂ ਸਮਾਜ ਨੂੰ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਲੋਕਤੰਤਰ ਅਤੇ ਸੰਵਿਧਾਨਕ ਸੰਸਥਾਵਾਂ ਦੀ ਕੋਈ ਅਹਿਮੀਅਤ ਨਹੀਂ ? ਅਤੇ ਸਭ ਤੋਂ ਵੱਡਾ ਸਵਾਲ-ਮੁਸਲਮਾਨ ਹੀ ਨਿਸ਼ਾਨਾ ਕਿਉਂ ?

ਕਾਂਵੜ ਯਾਤਰਾ ਦਾ ਅਸਲੀ ਰੂਪਕਾਂਵੜ ਯਾਤਰਾ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ ਇਹ ਸ਼ਿਵ ਭਗਤੀ ਦਾ ਇੱਕ ਪਵਿੱਤਰ ਅਨੁਸ਼ਠਾਨ ਸੀ। ਮਹੰਤ ਰਵੀਂਦਰ ਪੁਰੀ ਦੇ ਸ਼ਬਦਾਂ ਵਿਚ, "ਇਹ ਸਿਰਫ਼ ਯਾਤਰਾ ਨਹੀਂ, ਸਗੋਂ ਤ੍ਰੇਤਾ ਯੁਗ ਤੋਂ ਚੱਲੀ ਆ ਰਹੀ ਭਗਤੀ ਦੀ ਸਾਧਨਾ ਹੈ, ਜਦੋਂ ਭਗਵਾਨ ਪਰਸ਼ੁਰਾਮ ਨੇ ਹਰਿਦੁਆਰ ਤੋਂ ਪਹਿਲੀ ਵਾਰ ਕਾਂਵੜ ਲਿਆਂਦੀ ਸੀ।" ਸ਼੍ਰਵਣ ਕੁਮਾਰ ਦੀ ਕਹਾਣੀ, ਜਿਸ ਨੇ ਆਪਣੇ ਮਾਤਾ-ਪਿਤਾ ਨੂੰ ਕਾਂਵੜ 'ਤੇ ਬਿਠਾ ਕੇ ਯਾਤਰਾ ਕੀਤੀ, ਸੇਵਾ ਅਤੇ ਤਿਆਗ ਦਾ ਪ੍ਰਤੀਕ ਬਣੀ। ਇਸ ਯਾਤਰਾ ਵਿਚ ਸ਼ਰਧਾਲੂ ਅਤੇ ਸਮਾਜ ਵਿਚੋਂ ਬੇਦਖਲ ਕੀਤੇ ਲੋਕ ਤੇ ਦਲਿਤ,ਪੱਛੜੇ ਸ਼ਾਮਲ ਹੁੰਦੇ ਸਨ, ਜਿਨ੍ਹਾਂ ਨੂੰ ਇਸ ਨਾਲ ਸਤਿਕਾਰ ਮਿਲਦਾ ਸੀ। ਪਰ ਸਮੇਂ ਦੇ ਨਾਲ ਇਸ ਯਾਤਰਾ ਦਾ ਰੰਗ-ਰੂਪ ਬਦਲਦਾ ਗਿਆ। ਨੌਜਵਾਨ, ਜੋ ਮਸਤੀ, ਸੈਰ-ਸਪਾਟੇ ਜਾਂ ਨਸ਼ੇ ਦੀ ਖਾਤਰ ਇਸ ਵਿਚ ਸ਼ਾਮਲ ਹੋਣ ਲੱਗੇ, ਨੇ ਇਸ ਦੀ ਪਵਿੱਤਰਤਾ 'ਤੇ ਸੱਟ ਮਾਰੀ। ਅਤੇ ਹੁਣ, ਖਾਸਕਰ ਯੋਗੀ ਸਰਕਾਰ ਦੇ ਆਉਣ ਤੋਂ ਬਾਅਦ, ਇੱਕ ਨਵੀਂ ਕਿਸਮ ਦੇ ਕਾਂਵੜੀਏ ਸਾਹਮਣੇ ਆਏ ਹਨ-ਹਿੰਸਕ, ਖਰੂਦੀ, ਨਫ਼ਰਤੀ ਅਤੇ ਫਿਰਕੂ।

ਇਹ ਨਵੀਂ ਨਸਲ ਦੇ ਕਾਂਵੜੀਏ ਨਾ ਤਾਂ ਸ਼ਿਵ ਦੀ ਭਗਤੀ ਵਿਚ ਲੀਨ ਹਨ, ਨਾ ਹੀ ਸੇਵਾ-ਤਿਆਗ ਦੇ ਰਾਹ 'ਤੇ ਚੱਲਦੇ ਹਨ। ਇਹ ਇੱਕ ਅਜਿਹਾ ਗਰੋਹ ਹੈ, ਜੋ ਕਾਂਵੜ ਯਾਤਰਾ ਨੂੰ ਹਿੰਸਾ ਅਤੇ ਫਿਰਕੂ ਜਹਿਰ ਫੈਲਾਉਣ ਦੇ ਮੌਕੇ ਵਜੋਂ ਵਰਤਦਾ ਹੈ। ਸੜਕਾਂ 'ਤੇ ਤਬਾਹੀ ਮਚਾਉਣੀ, ਦੁਕਾਨਾਂ-ਢਾਬਿਆਂ ਨੂੰ ਤਹਿਸ-ਨਹਿਸ ਕਰਨਾ, ਮੁਸਾਫਰਾਂ ਨੂੰ ਕੁੱਟਣਾ-ਇਹ ਸਭ ਹੁਣ ਯਾਤਰਾ ਦਾ ਹਿੱਸਾ ਬਣਦਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓਜ਼ ਵਿਚ ਸਾਫ ਦਿਖਦਾ ਹੈ ਕਿ ਕਿਵੇਂ ਕਾਂਵੜੀਏ ਸਰਕਾਰੀ ਬੱਸਾਂ, ਨਿੱਜੀ ਕਾਰਾਂ ਅਤੇ ਮੁਸਾਫਰਾਂ 'ਤੇ ਹਮਲੇ ਕਰ ਰਹੇ ਹਨ। ਮੁਸਲਮਾਨਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਨੇ ਇਸ ਯਾਤਰਾ ਨੂੰ ਇੱਕ ਫਿਰਕੂ ਅਖਾੜੇ 'ਚ ਬਦਲ ਦਿੱਤਾ ਹੈ। ਪਿਛਲੇ ਸਾਲ ਤੋਂ ਨੇਮ ਪਲੇਟ ਦਾ ਨਵਾਂ ਡਰਾਮਾ ਸ਼ੁਰੂ ਹੋਇਆ ਸੀ, ਜਿਸ ਵਿਚ ਦੁਕਾਨਦਾਰਾਂ, ਢਾਬੇ ਵਾਲਿਆਂ ਅਤੇ ਰੇਹੜੀਆਂ ਵਾਲਿਆਂ ਨੂੰ ਆਪਣਾ ਨਾਂ-ਪਤਾ ਦਿਖਾਉਣ ਦਾ ਹੁਕਮ ਦਿੱਤਾ ਗਿਆ ਸੀ। ਇਸ ਦਾ ਮਕਸਦ ਸੀ ਮੁਸਲਮਾਨ ਦੁਕਾਨਦਾਰਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਬਾਈਕਾਟ ਕਰਨਾ।

ਸੁਪਰੀਮ ਕੋਰਟ ਨੇ ਇਸ 'ਤੇ ਰੋਕ ਲਾਈ ਅਤੇ ਕਿਹਾ ਕਿ ਸਿਰਫ਼ ਸ਼ਾਕਾਹਾਰੀ ਜਾਂ ਮਾਸਾਹਾਰੀ ਹੋਣ ਦੀ ਜਾਣਕਾਰੀ ਦੇਣੀ ਕਾਫੀ ਹੈ, ਪਰ ਸਰਕਾਰ ਅਤੇ ਨਫ਼ਰਤੀ ਗਰੋਹ ਇੱਥੇ ਹੀ ਨਹੀਂ ਰੁਕੇ। ਹੁਣ ਤਾਂ ਯੂ-ਆਰ ਕੋਡ ਦਿਖਾਉਣ ਦੇ ਹੁਕਮ ਜਾਰੀ ਹੋਏ, ਅਤੇ ਕੁਝ ਮਾਮਲਿਆਂ ਵਿਚ ਤਾਂ ਆਧਾਰ ਕਾਰਡ ਵੀ ਕਾਫੀ ਨਹੀਂ ਰਿਹਾ। ਦਿੱਲੀ-ਦੇਹਰਾਦੂਨ ਹਾਈਵੇ 'ਤੇ ਹੋਈ ਇੱਕ ਘਟਨਾ, ਜਿੱਥੇ ਕਾਂਵੜੀਆਂ ਨੇ ਇੱਕ ਢਾਬੇ ਦੇ ਕਰਿੰਦੇ ਦੀ ਪੈਂਟ ਉਤਾਰ ਕੇ ਉਸ ਦਾ ਧਰਮ ਪਤਾ ਕਰਨ ਦੀ ਕੋਸ਼ਿਸ਼ ਕੀਤੀ, ਇਸ ਨਫ਼ਰਤ ਦੀ ਵਡੀ ਉਦਾਹਰਣ ਹੈ।

## ਆਖਿਰ ਅਮਨ-ਕਾਨੂੰਨ ਦੀ ਮਸ਼ੀਨਰੀ ਇਸ ਸਾਰੇ ਤਮਾਸ਼ੇ ਅੱਗੇ ਕਿਉਂ ਬੇਬਸ ਹੈ ?

ਜਦੋਂ ਮੁਸਲਮਾਨ ਜੁੰਮੇ ਦੀ ਨਮਾਜ਼ ਸੜਕ 'ਤੇ ਪੜ੍ਹ ਲੈਂਦੇ ਹਨ, ਤਾਂ ਸਰਕਾਰ ਅਤੇ ਪ੍ਰਸ਼ਾਸਨ ਸਖਤੀ ਕਰਦਾ ਹੈ। ਜੈਨ ਜਾਂ ਬੋਧੀਆਂ ਦੇ ਜਲੂਸਾਂ 'ਤੇ ਲਾਠੀਆਂ ਵਰ੍ਹਾਈਆਂ ਜਾਂਦੀਆਂ ਹਨ। ਪਰ ਕਾਂਵੜੀਆਂ ਦੀ ਗੁੰਡਾਗਰਦੀ 'ਤੇ ਪੁਲਿਸ ਅਧਿਕਾਰੀ ਫੁੱਲਾਂ ਦੇ ਹਾਰ ਪਾਉਂਦੇ ਨਜ਼ਰ ਆਉਂਦੇ ਹਨ। ਪਿਛਲੇ ਹਫਤੇ ਦੌਰਾਨ 170 ਤੋਂ ਵੱਧ ਕਾਂਵੜੀਆਂ 'ਤੇ ਮੁਕੱਦਮੇ ਦਰਜ ਹੋਏ, ਜਿਨ੍ਹਾਂ 'ਚ ਗੁੰਡਾਗਰਦੀ, ਦੰਗਾ, ਸੜਕਾਂ ਰੋਕਣ ਅਤੇ ਸਰਕਾਰੀ ਕੰਮ ਵਿਚ ਰੁਕਾਵਟ ਵਰਗੇ ਇਲਜ਼ਾਮ ਸ਼ਾਮਲ ਹਨ।

ਪਰ ਕੀ ਇਨ੍ਹਾਂ ਮੁਕੱਦਮਿਆਂ ਦਾ ਕੋਈ ਅਸਰ ਹੋਵੇਗਾ ? ਸ਼ਾਇਦ ਨਹੀਂ, ਕਿਉਂਕਿ ਇਹ ਗੁੰਡਾਗਰਦੀ ਸਿਆਸੀ ਸਰਪ੍ਰਸਤੀ ਵਿਚ ਹੋ ਰਹੀ ਹੈ। ਇਸ ਦੇ ਪਿੱਛੇ ਇੱਕ ਵੱਡੀ ਸਾਜਿਸ਼ ਦਿਖਦੀ ਹੈ। ਸੰਘ ਅਤੇ ਭਾਜਪਾ ਵਰਗੇ ਸੰਗਠਨ ਕਾਂਵੜ ਯਾਤਰਾ ਨੂੰ ਇੱਕ ਸਿਆਸੀ ਹਥਿਆਰ ਵਜੋਂ ਵਰਤ ਰਹੇ ਹਨ। ਇਹ ਯਾਤਰਾ ਹੁਣ ਸਿਰਫ਼ ਸ਼ਿਵ ਭਗਤੀ ਦੀ ਨਹੀਂ, ਸਗੋਂ ਹਿੰਦੂਤਵ ਦੀ ਸਿਆਸਤ ਦਾ ਮੰਚ ਬਣ ਗਈ ਹੈ। ਇਸ ਰਾਹੀਂ ਸਮਾਜ ਨੂੰ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਇਹ ਦੇਸ਼ ਸਭ ਤੋਂ ਪਹਿਲਾਂ ਹਿੰਦੂਆਂ ਦਾ ਹੈ ਅਤੇ ਬਾਕੀ ਸਾਰੇ ਧਰਮ ਦੂਜੇ ਦਰਜੇ ਦੇ ਨਾਗਰਿਕ ਹਨ। ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦਾ ਮਕਸਦ ਸਿਰਫ਼ ਨਫ਼ਰਤ ਫੈਲਾਉਣਾ ਨਹੀਂ, ਸਗੋਂ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਹਾਸ਼ੀਏ 'ਤੇ ਧੱਕਣਾ ਹੈ। ਨੇਮ ਪਲੇਟ ਅਤੇ ਯੂ-ਆਰ ਕੋਡ ਵਰਗੇ ਹੁਕਮ ਇਸੇ ਸਾਜਿਸ਼ ਦਾ ਹਿੱਸਾ ਹਨ।

ਕਾਂਵੜ ਯਾਤਰਾ, ਜੋ ਕਦੇ ਸੇਵਾ ਅਤੇ ਭਗਤੀ ਦਾ ਪ੍ਰਤੀਕ ਸੀ, ਅੱਜ ਨਫ਼ਰਤ ਅਤੇ ਹਿੰਸਾ ਦਾ ਅਖਾੜਾ ਬਣ ਗਈ ਹੈ। ਇਸ ਦੇ ਬਾਵਜੂਦ, ਅਖਿਲ ਭਾਰਤੀ ਅਖਾੜਾ ਪਰਿਸ਼ਦ ਵਰਗੇ ਸੰਗਠਨ ਅਤੇ ਸੁਪਰੀਮ ਕੋਰਟ ਵਰਗੀਆਂ ਸੰਸਥਾਵਾਂ ਇਸ ਉਪਰ ਲਗਾਮ ਕਸਣ ਦੀ ਗੱਲ ਕਰ ਰਹੀਆਂ ਹਨ। ਪਰ ਜਦੋਂ ਤੱਕ ਸਿਆਸੀ ਸਰਪ੍ਰਸਤੀ ਅਤੇ ਨਫ਼ਰਤੀ ਸਾਜਿਸ਼ਾਂ 'ਤੇ ਰੋਕ ਨਹੀਂ ਲੱਗਦੀ, ਇਹ ਯਾਤਰਾ ਆਪਣਾ ਅਸਲੀ ਰੂਪ ਵਾਪਸ ਨਹੀਂ ਆ ਸਕਦੀ।

* * * * * *

# ਐਨਸੀਆਰਟੀ ਦੀ ਨਵੀਂ ਕਿਤਾਬ ਵਿੱਚ ਸਿੱਖ ਇਤਿਹਾਸ ਦੀ ਵਿਗਾੜੀ ਪੇਸ਼ਕਾਰੀ

## ਕੀ ਸਿੱਖ ਗੁਰੂ ਸਾਹਿਬਾਨ ਦੀ ਲਹਿਰ ਮਨੁੱਖਤਾ ਦੇ ਇਨਸਾਫ ਲਈ ਸੀ ਜਾਂ ਮੁਗਲ ਬਾਦਸ਼ਾਹਾਂ ਦੇ ਮੁਸਲਮਾਨ ਹੋਣ ਕਾਰਣ ?

### ਨਿਊਜ਼ ਵਿਸ਼ਲੇਸ਼ਣ







ਰਾਸ਼ਟਰੀ ਸਿੱਖਿਆ ਅਨੁਸੰਧਾਨ ਅਤੇ ਪ੍ਰਸ਼ਿਕਸ਼ਣ ਪਰਿਸ਼ਦ (ਐਨਸੀਆਰਟੀ) ਦੀ ਕਲਾਸ 8 ਦੀ ਨਵੀਂ ਸਮਾਜਿਕ ਵਿਗਿਆਨ ਦੀ ਕਿਤਾਬ "ਐਕਸਪਲੋਰਿੰਗ ਸੋਸਾਇਟੀ: ਇੰਡੀਆ ਐਂਡ ਬਿਯੋਂਡ" ਨੇ ਇਤਿਹਾਸ ਦੀ ਪੇਸ਼ਕਾਰੀ ਨੂੰ ਲੈ ਕੇ ਵਿਸ਼ਾਲ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਸ ਕਿਤਾਬ ਵਿੱਚ ਮੁਗਲ ਸਾਮਰਾਜ ਅਤੇ ਸਿੱਖ ਗੁਰੂਆਂ ਦੇ ਸੰਘਰਸ਼ ਨੂੰ ਇੱਕ ਖਾਸ ਨਜ਼ਰੀਏ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਆਲੋਚਕ ਸੰਘ ਪਰਿਵਾਰ ਦੀ ਵਿਚਾਰਧਾਰਾ ਨਾਲ ਜੋੜਦੇ ਹਨ। ਖਾਸ ਤੌਰ 'ਤੇ, ਮੁਗਲ ਸ਼ਾਸਕਾਂ ਨੂੰ ਜ਼ਾਲਮ ਅਤੇ ਧਾਰਮਿਕ ਅਸਹਿਣਸ਼ੀਲ ਦੱਸਿਆ ਗਿਆ ਹੈ, ਜਦਕਿ ਸਿੱਖ ਗੁਰੂਆਂ ਦੀ ਲੜਾਈ ਨੂੰ ਮੁਗਲ ਜ਼ੁਲਮ ਅਤੇ ਇਸਲਾਮ ਦੇ ਵਿਰੁੱਧ ਸੰਘਰਸ਼ ਵਜੋਂ ਦਰਸਾਇਆ ਗਿਆ ਹੈ। ਇਹ ਪੇਸ਼ਕਾਰੀ ਸਿੱਖ ਇਤਿਹਾਸ ਦੇ ਅਸਲ ਮਨੋਰਥ ਅਤੇ ਗੁਰੂ ਸਾਹਿਬਾਨ ਦੀ ਮਨੁੱਖਤਾ ਲਈ ਸੰਘਰਸ਼ ਦੀ ਭਾਵਨਾ ਨੂੰ ਗਲਤ ਰੂਪ ਵਿੱਚ ਪੇਸ਼ ਕਰਦੀ ਹੈ।

ਕਿਤਾਬ ਵਿੱਚ ਬਾਬਰ ਨੂੰ "ਬੇਰਹਿਮ ਅਤੇ ਵਹਿਸ਼ੀ ਜੇਤੂ" ਦੱਸਿਆ ਗਿਆ, ਜਿਸ ਨੇ ਸ਼ਹਿਰਾਂ ਦੀ ਪੂਰੀ ਵਸੋਂ ਨੂੰ ਕਤਲ ਕੀਤਾ ਅਤੇ ਔਰਤਾਂ-ਬੱਚਿਆਂ ਨੂੰ ਗੁਲਾਮ ਬਣਾਇਆ। ਅਕਬਰ ਦੇ ਸ਼ਾਸਨ ਨੂੰ "ਸਖਤ ਅਤੇ ਸਹਿਣਸ਼ੀਲਤਾ ਦਾ ਮਿਸ਼ਰਣ" ਕਿਹਾ ਗਿਆ, ਜਦਕਿ ਔਰੰਗਜ਼ੇਬ ਨੂੰ ਮੰਦਰਾਂ ਅਤੇ ਗੁਰਦੁਆਰਿਆਂ ਨੂੰ ਤਬਾਹ ਕਰਨ ਵਾਲਾ ਸ਼ਾਸਕ ਦਰਸਾਇਆ ਗਿਆ। ਜਜ਼ੀਆ ਨੂੰ "ਅਪਮਾਨਜਨਕ ਕਰ" ਦੱਸਿਆ ਗਿਆ, ਜੋ ਗੈਰ-ਮੁਸਲਮਾਨਾਂ 'ਤੇ ਧਰਮ ਪਰਿਵਰਤਨ ਲਈ ਦਬਾਅ ਬਣਾਉਣ ਦੇ ਉਦੇਸ਼ ਨਾਲ ਲਗਾਇਆ ਗਿਆ ਸੀ। ਇਸ ਦੇ ਨਾਲ ਹੀ, ਸਿੱਖ ਗੁਰੂ ਸਾਹਿਬਾਨਾਂ ਦੀ ਮੁਗਲ ਸਾਮਰਾਜ ਵਿਰੁੱਧ ਲੜਾਈ ਨੂੰ ਧਾਰਮਿਕ ਸੰਘਰਸ਼ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਸਿੱਖ ਇਤਿਹਾਸ ਦੇ ਵਿਦਵਾਨਾਂ ਤੇ ਬੁੱਧੀਜੀਵੀਆਂ ਦੇ ਅਨੁਸਾਰ, ਗੁਰੂ ਸਾਹਿਬਾਨ ਦੀ ਮਨੁੱਖਤਾ ਅਤੇ ਨਿਆਂ ਲਈ ਸੰਘਰਸ਼ ਦੀ ਭਾਵਨਾ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ।



### ਕੀ ਹੈ ਸਿੱਖ ਇਤਿਹਾਸ ਦਾ ਅਸਲ ਮਨੋਰਥ ਅਤੇ ਗੁਰੂ ਸਾਹਿਬਾਨ ਦਾ ਸੰਘਰਸ਼

ਸਿੱਖ ਇਤਿਹਾਸ ਦੇ ਮੁਤਾਬਕ, ਗੁਰੂ ਸਾਹਿਬਾਨ ਦੀ ਲੜਾਈ ਸਿਰਫ਼ ਮੁਗਲ ਸਾਮਰਾਜ ਜਾਂ ਇਸਲਾਮ ਦੇ ਵਿਰੁੱਧ ਨਹੀਂ ਸੀ, ਸਗੋਂ ਇਹ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਮਨੁੱਖਤਾ ਦੀ ਰਾਖੀ ਲਈ ਸੀ। ਸਿੱਖ ਗੁਰੂਆਂ ਨੇ ਹਰ ਉਸ ਸ਼ਕਤੀ ਦਾ ਵਿਰੋਧ ਕੀਤਾ, ਜਿਸ ਨੇ ਆਮ ਲੋਕਾਂ 'ਤੇ ਜ਼ੁਲਮ ਕੀਤਾ, ਭਾਵੇਂ ਉਹ ਮੁਗਲ ਸ਼ਾਸਕ ਹੋਣ ਜਾਂ ਪਹਾੜੀ ਹਿੰਦੂ ਰਾਜੇ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀਆਂ ਜ਼ਿਆਦਤੀਆਂ ਦੀ ਨਿਖੇਧੀ ਕੀਤੀ ਸੀ, ਪਰ ਉਨ੍ਹਾਂ ਨੇ ਇਸਲਾਮ ਜਾਂ ਮੁਸਲਮਾਨਾਂ ਦੇ ਵਿਰੁੱਧ ਕੋਈ ਅੰਦੋਲਨ ਨਹੀਂ ਛੇੜਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਟੇਟ ਦੇ ਜ਼ੁਲਮ ਅਤੇ ਧਾਰਮਿਕ ਅਸਹਿਣਸ਼ੀਲਤਾ ਦੇ ਵਿਰੁੱਧ ਸੀ, ਨਾ ਕਿ ਕਿਸੇ ਧਰਮ ਜਾਂ ਜਾਚਤੀ ਦੇ ਵਿਰੁੱਧ।

ਗੁਰੂ ਸਾਹਿਬਾਨ ਨੇ ਖਾਲਸਾ ਪੰਥ ਦੀ ਸਥਾਪਨਾ ਮਨੁੱਖਤਾ ਦੀ ਸੇਵਾ, ਨਿਆਂ ਅਤੇ ਸਮਾਨਤਾ ਲਈ ਕੀਤੀ ਸੀ। ਸਿੱਖ ਲਹਿਰ ਵਿੱਚ ਜ਼ਿਆਦਾਤਰ ਕਿਰਤੀ, ਦਲਿਤ ਅਤੇ ਪਛੜੇ ਵਰਗ ਸ਼ਾਮਲ ਸਨ, ਜਿਨ੍ਹਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਅਧਿਕਾਰ ਦਿੱਤਾ ਗਿਆ। ਗੁਰੂ ਸਾਹਿਬ ਨੇ ਨਾ ਸਿਰਫ਼ ਮੁਗਲ ਸ਼ਾਸਕਾਂ ਦੇ ਜ਼ੁਲਮ ਦਾ ਵਿਰੋਧ ਕੀਤਾ, ਸਗੋਂ ਪਹਾੜੀ ਰਾਜਿਆਂ ਦੀਆਂ ਜ਼ਿਆਦਤੀਆਂ ਦੇ ਵਿਰੁੱਧ ਵੀ ਅਵਾਜ਼ ਉਠਾਈ। ਇਹ ਸੰਘਰਸ਼ ਸਟੇਟ ਦੀ ਸੱਤਾ ਨੂੰ ਚੁਣੌਤੀ ਸੀ, ਨਾ ਕਿ ਕਿਸੇ ਧਰਮ ਦੇ ਵਿਰੁੱਧ। ਪਰ ਐਨਸੀਆਰਟੀ ਦੀ ਕਿਤਾਬ ਇਸ ਸੰਘਰਸ਼ ਨੂੰ ਹਿੰਦੂ-ਮੁਸਲਮਾਨ ਸੰਘਰਸ਼ ਦੇ ਰੂਪ ਵਿੱਚ ਪੇਸ਼ ਕਰਕੇ ਸਿੱਖ ਇਤਿਹਾਸ ਦੀ ਗਲਤ ਵਿਆਖਿਆ ਕਰ ਰਹੀ ਹੈ।

ਸਿੱਖ ਵਿਦਵਾਨ ਸਰਦਾਰ ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ, "ਗੁਰੂ ਸਾਹਿਬਾਨ ਦੀ ਲੜਾਈ ਮਨੁੱਖਤਾ ਦੇ ਹੱਕਾਂ ਅਤੇ ਨਿਆਂ ਲਈ ਸੀ। ਇਹ ਸੰਘਰਸ਼ ਮੁਗਲ ਸਾਮਰਾਜ ਦੀ ਜ਼ਾਲਮ ਸੱਤਾ ਦੇ ਵਿਰੁੱਧ ਸੀ, ਨਾ ਕਿ ਇਸਲਾਮ ਜਾਂ ਮੁਸਲਮਾਨਾਂ ਦੇ ਵਿਰੁੱਧ। ਐਨਸੀਆਰਟੀ ਦੀ ਕਿਤਾਬ ਸਿੱਖ ਇਤਿਹਾਸ ਨੂੰ ਸੰਘ ਪਰਿਵਾਰ ਦੀ ਵਿਚਾਰਧਾਰਾ ਦੇ ਅਧੀਨ ਪੇਸ਼ ਕਰਕੇ ਇਸ ਦੀ ਸੱਚਾਈ ਨੂੰ ਤੋੜ-ਮਰੋੜ ਰਹੀ ਹੈ।"

### ਸੰਘ ਪਰਿਵਾਰ ਦਾ ਪ੍ਰਭਾਵ ਅਤੇ ਸਿੱਖ ਬੁੱਧੀਜੀਵੀਆਂ ਦੀ ਚੁੱਪ

ਆਲੋਚਕਾਂ ਦਾ ਮੰਨਣਾ ਹੈ ਕਿ ਐਨਸੀਆਰਟੀ ਦੀਆਂ ਨਵੀਆਂ ਕਿਤਾਬਾਂ ਵਿੱਚ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਦੀ ਵਿਚਾਰਧਾਰਾ ਦਾ ਪ੍ਰਭਾਵ ਸਾਫ਼ ਵਿਖਾਈ ਦਿੰਦਾ ਹੈ। ਇਤਿਹਾਸ ਨੂੰ ਹਿੰਦੂ-ਮੁਸਲਮਾਨ ਸੰਘਰਸ਼ ਦੇ ਚਸ਼ਮੇ ਵਿੱਚ ਪੇਸ਼ ਕਰਕੇ, ਸੰਘ ਪਰਿਵਾਰ ਇੱਕ ਅਜਿਹੀ ਕਹਾਣੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਵਿੱਚ ਮੁਗਲ ਸ਼ਾਸਕਾਂ ਨੂੰ ਵਿਲੇਨ ਅਤੇ ਸਿੱਖ ਗੁਰੂਆਂ ਨੂੰ ਹਿੰਦੂ ਧਰਮ ਦੇ ਰਾਖੇ ਵਜੋਂ ਦਰਸਾਇਆ ਜਾ ਰਿਹਾ ਹੈ। ਪਰ ਸਿੱਖ ਇਤਿਹਾਸ ਦੀ ਸੱਚਾਈ ਇਸ ਤੋਂ ਬਿਲਕੁਲ ਵੱਖਰੀ ਹੈ। ਗੁਰੂ ਸਾਹਿਬਾਨ ਨੇ ਖਾਲਸਾ ਪੰਥ ਦੀ ਸਥਾਪਨਾ ਹਿੰਦੂ ਧਰਮ ਦੇ "ਹੋਮਗਾਰਡ" ਵਜੋਂ ਨਹੀਂ ਕੀਤੀ, ਸਗੋਂ ਇਹ ਇੱਕ ਵਿਲੱਖਣ ਲਹਿਰ ਸੀ, ਜਿਸ ਦਾ ਮਕਸਦ ਸਾਰੇ ਮਨੁੱਖਾਂ ਨੂੰ ਜਾਤ-ਪਾਤ, ਧਰਮ ਅਤੇ ਵਰਗ ਦੇ ਭੇਦਭਾਵ ਤੋਂ ਮੁਕਤ ਕਰਨਾ ਸੀ।

ਸਿੱਖ ਬੁੱਧੀਜੀਵੀ ਅਤੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਜੋ ਸਿੱਖ ਸਟੱਡੀਜ਼ ਦੇ ਮਾਹਿਰ ਹਨ, ਨੇ ਕਿਹਾ, "ਐਨਸੀਆਰਟੀ ਦੀ ਕਿਤਾਬ ਸਿੱਖ ਇਤਿਹਾਸ ਨੂੰ ਸੰਘ ਦੀ ਵਿਚਾਰਧਾਰਾ ਦੇ ਅਧੀਨ ਢਾਲਣ ਦੀ ਕੋਸ਼ਿਸ਼ ਹੈ। ਸਿੱਖ ਗੁਰੂਆਂ ਦੀ ਲੜਾਈ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਸੀ, ਨਾ ਕਿ ਕਿਸੇ ਧਰਮ ਜਾਂ ਜਾਤੀ ਦੇ ਵਿਰੁੱਧ। ਐਨਸੀਆਰਟੀ ਦੀ ਪੇਸ਼ਕਾਰੀ ਸਿੱਖ ਇਤਿਹਾਸ ਦੀ ਵਿਰਾਸਤ ਨੂੰ ਤੋੜ-ਮਰੋੜ ਕੇ ਪੇਸ਼ ਕਰਦੀ ਹੈ।" ਉਨ੍ਹਾਂ ਨੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ 'ਤੇ ਅਵਾਜ਼ ਉਠਾਈ ਜਾਵੇ।

ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਸੰਸਥਾਵਾਂ, ਖਾਸ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ), ਨੇ ਇਸ ਮੁੱਦੇ 'ਤੇ ਹੁਣ ਤੱਕ ਕੋਈ ਸਪੱਸ਼ਟ ਬਿਆਨ ਨਹੀਂ ਦਿੱਤਾ। ਸਿੱਖ ਇਤਿਹਾਸ ਦੀ ਸਹੀ ਪੇਸ਼ਕਾਰੀ ਲਈ ਸਿੱਖ ਬੁੱਧੀਜੀਵੀਆਂ, ਸ਼੍ਰੋਮਣੀ ਕਮੇਟੀ ਅਤੇ ਹੋਰ ਸੰਗਠਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਤਿਹਾਸ ਨੂੰ ਨਫਰਤ ਦਾ ਸਾਧਨ ਬਣਾਉਣ ਦੀ ਬਜਾਏ, ਇਸ ਨੂੰ ਸਹਿਣਸ਼ੀਲਤਾ ਅਤੇ ਸਮਝ ਨੂੰ ਵਧਾਉਣ ਲਈ ਵਰਤਣਾ ਚਾਹੀਦਾ ਹੈ।

# ਨਸ਼ੇੜੀਆਂ ਵੱਲੋਂ ਮੋਰਿੰਡਾ ਨਗਰ ਕੌਂਸਲ ਪ੍ਰਧਾਨ ਦੇ ਪਰਿਵਾਰ ’ਤੇ ਕੀਤਾ ਹਮਲਾ

## ✪ ਨਸ਼ੇੜੀਆਂ ਦੀ ਪੁਲੀਸ ਨੂੰ ਸ਼ਿਕਾਇਤ ਕਰਨੀ ਪਈ ਮਹਿੰਗੀ

ਮੋਰਿੰਡਾ-ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਨੂੰ ਨਸ਼ਾ ਤਸਕਰਾਂ ਤੇ ਨਸ਼ੇੜੀਆਂ ਦੀ ਪੁਲੀਸ ਨੂੰ ਸ਼ਿਕਾਇਤ ਕਰਨੀ ਉਸ ਸਮੇਂ ਮਹਿੰਗੀ ਪੈ ਗਈ ਜਦੋਂ ਸ਼ਹਿਰ ਦੇ ਹੀ ਕੁਝ ਨੌਜਵਾਨਾਂ ਵੱਲੋਂ ਉਨ੍ਹਾਂ ਦੇ ਪਿਤਾ ਸਣੇ ਦੋ ਭਰਾਵਾਂ ਦੀ ਕੁੱਟਮਾਰ ਕੀਤੀ ਗਈ। ਤਿੰਨੋਂ ਸਰਕਾਰੀ ਸਿਵਲ ਹਸਪਤਾਲ ਮੋਰਿੰਡਾ ਵਿੱਚ ਦਾਖ਼ਲ ਹਨ ਜਦੋਂਕਿ ਕੁੱਟਮਾਰ ਕਰਨ ਵਾਲੀ ਧਿਰ ਦੇ ਵੀ ਤਿੰਨ ਵਿਅਕਤੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਇਨ੍ਹਾਂ ਵਿੱਚੋਂ ਇੱਕ ਨੂੰ ਡਾਕਟਰਾਂ ਨੇ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਸੈਕਟਰ 32 ਚੰਡੀਗੜ੍ਹ ਰੈਫ਼ਰ ਕਰ ਦਿੱਤਾ ਹੈ।

ਕੌਂਸਲ ਪ੍ਰਧਾਨ ਜਗਦੇਵ ਸਿੰਘ ਭਟੋਆ ਨੇ ਦੱਸਿਆ ਕਿ ਉਨ੍ਹਾਂ ਆਪਣੇ ਵਾਰਡ ਵਿੱਚ ਕਥਿਤ ਤੌਰ ’ਤੇ ਨਸ਼ਾ ਕਰਨ ਤੇ ਵੇਚਣ ਵਾਲੇ ਲਵਪ੍ਰੀਤ ਸਿੰਘ ਤੇ ਵਰਿੰਦਰ ਵੀਰ ਸਿੰਘ ਖ਼ਿਲਾਫ਼ ਮੋਰਿੰਡਾ ਪੁਲੀਸ ਨੂੰ ਸ਼ਿਕਾਇਤ ਕੀਤੀ ਸੀ।

ਪੁਲੀਸ ਨੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰ ਕੇ ਉਨ੍ਹਾਂ ਦਾ ਡੋਪ ਟੈਸਟ ਕਰਾਇਆ ਤੇ ਉਨ੍ਹਾਂ ਨੂੰ ਸਰਕਾਰੀ ਸਿਵਲ ਹਸਪਤਾਲ ਰੋਪੜ ਵਿੱਚ ਸਥਿਤ ਨਸ਼ਾ ਮੁਕਤੀ ਕੇਂਦਰ ਵਿੱਚ ਦਾਖ਼ਲ ਕਰਵਾ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਜ਼ਮਾਨਤ ’ਤੇ ਆਉਣ ਸਾਰ ਹੀ ਦੋਵੇਂ ਨੌਜਵਾਨ ਧਮਕੀਆਂ ਦੇਣ ਲੱਗ ਪਏ। ਉਨ੍ਹਾਂ



ਦੱਸਿਆ ਕਿ ਬੀਤੀ ਰਾਤ ਉਹ ਕੌਂਸਲਰ ਰਾਜਪ੍ਰੀਤ ਸਿੰਘ ਰਾਜੀ ਨਾਲ ਸਥਾਨਕ ਰਾਮਲੀਲਾ ਮੈਦਾਨ ਵਿੱਚ ਜਗਰਾਤੇ ਵਿੱਚ ਗਏ ਸਨ ਤਾਂ ਪਿੱਛੋਂ ਨੌਜਵਾਨਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਦੇ ਭਰਾ ਪਵਨ ਨੂੰ ਘਰ ਦੇ ਬਾਹਰ ਗਲੀ ਵਿੱਚ ਘੇਰ ਕੇ ਕੁੱਟਿਆ।

ਰੌਲਾ ਸੁਣ ਕੇ ਉਸ ਦਾ ਭਰਾ ਰਾਜਿੰਦਰ ਕੁਮਾਰ ਤੇ ਪਿਤਾ ਗੁਲਜ਼ਾਰ ਸਿੰਘ ਮੌਕੇ ’ਤੇ ਪਹੁੰਚੇ ਤਾਂ ਮੁਲਜ਼ਮਾਂ ਨੇ ਉਨ੍ਹਾਂ ਦੀ ਵੀ ਕੁੱਟਮਾਰ ਕੀਤੀ। ਜਦੋਂ ਉਹ ਘਰ ਆਏ ਤਾਂ ਹਮਲਾਵਰ ਆਪਣੇ ਦਰਜਨ ਦੇ ਕਰੀਬ ਸਾਥੀਆਂ ਨਾਲ ਉਸ ਦੇ ਪਿਤਾ ਤੇ ਭਰਾਵਾਂ ਦੀ ਕੁੱਟਮਾਰ ਕਰ ਰਹੇ ਸਨ। ਜਦੋਂ ਉਨ੍ਹਾਂ ਹਮਲਾਵਰਾਂ ਨੂੰ ਵੰਗਾਰਿਆ ਤਾਂ ਉਹ ਸਾਰੇ ਭੱਜ ਗਏ ਜਦਕਿ ਉਨ੍ਹਾਂ ਦੋ ਹਮਲਾਵਰਾਂ ਨੂੰ ਕਾਬੂ ਕਰ ਲਿਆ ਜਿਨ੍ਹਾਂ ਨੂੰ ਉਨ੍ਹਾਂ ਦੇ ਦੂਜੇ ਸਾਥੀ ਮਗਰੋਂ ਛੁਡਵਾ ਕੇ ਲੈ ਗਏ।

ਐੱਸਐੱਚਓ ਮੋਰਿੰਡਾ ਸ਼ਹਿਰੀ ਇੰਸਪੈਕਟਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਘਟਨਾ ਮਗਰੋਂ ਇਲਾਕੇ ਤੇ ਹਸਪਤਾਲ ਵਿੱਚ ਪੁਲੀਸ ਤਾਇਨਾਤ ਕਰ ਦਿੱਤੀ ਗਈ ਹੈ। ਹਮਲਾਵਰਾਂ ਵਿੱਚ ਸ਼ਾਮਲ ਤਿੰਨ ਵਿਅਕਤੀ ਲਵਪ੍ਰੀਤ ਸਿੰਘ, ਵਰਿੰਦਰ ਵੀਰ ਸਿੰਘ ਅਤੇ ਗੁਰਮੀਤ ਸਿੰਘ ਨੂੰ ਵੀ ਜ਼ਖ਼ਮੀ ਹੋਣ ਉਪਰੰਤ ਸਰਕਾਰੀ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਡਾਕਟਰਾਂ ਨੇ ਗੁਰਮੀਤ ਸਿੰਘ ਨੂੰ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਸੈਕਟਰ 32 ਚੰਡੀਗੜ੍ਹ ਰੈਫ਼ਰ ਕਰ ਦਿੱਤਾ ਹੈ।

ਵਿਧਾਇਕ ਡਾ. ਚਰਨਜੀਤ ਸਿੰਘ ਨੇ ਆਪਣੀ ਟੀਮ ਸਣੇ ਨਗਰ ਕੌਂਸਲ ਦੇ ਪ੍ਰਧਾਨ ਦੇ ਘਰ ਪਹੁੰਚ ਕੇ ਆਪਣੀ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਗਦੇਵ ਸਿੰਘ ਭਟੋਆ ਦੇ ਨਾਲ ਹੈ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਲਈ ਵਚਨਬੱਧ ਹੈ।

ਇਸ ਲੜਾਈ ਬਾਰੇ ਦੂਜੀ ਧਿਰ ਦੇ ਮੈਂਬਰ ਗੁਰਮੀਤ ਸਿੰਘ ਨੇ ਕਿਹਾ ਕਿ ਨਸ਼ੇ ਬਾਰੇ ਜੋ ਉਨ੍ਹਾਂ ’ਤੇ ਦੋਸ਼ ਲਾਏ ਗਏ ਹਨ ਉਹ ਗ਼ਲਤ ਹਨ, ਕਿਉਂਕਿ ਉਹ ਡਰੱਗ ਰੀ-ਹੈਬਲੀਟੇਸ਼ਨ ਸੈਂਟਰ ਵੱਲੋਂ ਸਿਫਾਰਸ਼ ਕੀਤੀ ਗੋਲੀ ਲੈ ਰਹੇ ਹਨ। ਇਸ ਲੜਾਈ ਨਿੱਜੀ ਰੰਜਿਸ਼ ਕਾਰਨ ਹੋਈ ਹੈ ਜਿਸ ਵਿੱਚ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ।

# ਆਈ. ਸੀ. ਯੂ. ਵਿਚ ਵੜਕੇ ਹਮਲਾਵਰਾਂ ਵਲੋਂ ਗੈਂਗਸਟਰ ਚੰਦਨ ਮਿਸ਼ਰਾ ਦੀ ਗੋਲੀਆਂ ਮਾਰ ਕੇ ਕਤਲ

ਪਟਨਾ-ਪਟਨਾ ਦੇ ਪਾਰਸ ਹਸਪਤਾਲ ਵਿਚ ਬੀਤੇ ਦਿਨੀਂ ਪੰਜ ਹਥਿਆਰਬੰਦ ਵਿਅਕਤੀਆਂ ਨੇ ਗੈਂਗਸਟਰ ਚੰਦਨ ਮਿਸ਼ਰਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮਿਸ਼ਰਾ ਬਕਸਰ ਜ਼ਿਲ੍ਹੇ ਦਾ ਵਸਨੀਕ ਤੇ ਕਈ ਕੇਸਾਂ ਵਿਚ ਮੁਲਜ਼ਮ ਸੀ। ਉਸ ਨੂੰ ਕਈ ਗੋਲੀਆਂ ਲੱਗੀਆਂ ਤੇ ਉਸ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਐੱਸਐੱਸਪੀ ਕਾਰਤੀਕੇ ਸ਼ਰਮਾ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਵਿਚ ਇਸ ਪਿੱਛੇ ਚੰਦਨ ਸ਼ੇਰੂ ਗਰੋਹ ਦਾ ਹੱਥ ਲੱਗਦਾ ਹੈ। ਸ਼ਰਮਾ ਨੇ ਕਿਹਾ, “ਅਸੀਂ ਹਮਲਾਵਰਾਂ ਦੀ ਪਛਾਣ ਤੇ ਉਨ੍ਹਾਂ ਦੀ ਪੈੜ ਨੱਪਣ ਲਈ ਬਕਸਰ ਪੁਲੀਸ ਨਾਲ ਮਿਲ ਕੇ ਕੰਮ ਕਰ ਰਹੇ ਹਾਂ।” ਪੁਲੀਸ ਇਹ ਜਾਂਚ ਵੀ ਕਰ ਰਹੀ ਹੈ ਕਿ ਇਸ ਹਮਲੇ ਵਿਚ ਹਸਪਤਾਲ ਸਟਾਫ ਜਾਂ ਸੁਰੱਖਿਆ ਮੁਲਾਜ਼ਮਾਂ ਦਾ ਕੋਈ ਹੱਥ ਤਾਂ ਨਹੀਂ ਸੀ।



ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਨੇ ਕਿਹਾ, “ਹਥਿਆਰਬੰਦ ਵਿਅਕਤੀ ਆਈਸੀਯੂ ਵਿੱਚ ਵੜ ਗਏ ਅਤੇ ਇੱਕ ਮਰੀਜ਼ ਨੂੰ ਗੋਲੀ ਮਾਰ ਦਿੱਤੀ। ਕੀ ਅੱਜ ਬਿਹਾਰ ਵਿੱਚ ਕਿਤੇ ਵੀ ਕੋਈ ਸੁਰੱਖਿਅਤ ਹੈ? 2005 ਤੋਂ ਪਹਿਲਾਂ ਅਜਿਹੀ ਸਥਿਤੀ ਨਹੀਂ ਸੀ।”

ਉਧਰ ਉਪ ਮੁੱਖ ਮੰਤਰੀ ਵਿਜੈ ਸਿਨਹਾ ਨੇ ਇਸ ਘਟਨਾ ਨੂੰ ‘ਬਹੁਤ ਹੀ ਮੰਦਭਾਗਾ’ ਦੱਸਿਆ ਅਤੇ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ।

# ਅੰਮ੍ਰਿਤਸਰ ਹਵਾਈ ਅੱਡੇ ’ਤੇ ਦੋ ਯਾਤਰੀਆਂ ਕੋਲੋਂ 96 ਲੱਖ ਰੁਪਏ ਦਾ ਸੋਨਾ ਫੜਿਆ

ਅੰਮ੍ਰਿਤਸਰ-ਕਸਟਮ ਵਿਭਾਗ ਨੇ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਦੋ ਵੱਖ-ਵੱਖ ਮਾਮਲਿਆਂ ਵਿੱਚ ਦੋ ਯਾਤਰੀਆਂ ਨੂੰ 960 ਗ੍ਰਾਮ ਸੋਨੇ ਸਮੇਤ ਕਾਬੂ ਕੀਤਾ ਹੈ, ਜਿਸ ਦੀ ਬਾਜ਼ਾਰ ਵਿੱਚ ਕੀਮਤ ਕਰੀਬ 96 ਲੱਖ ਰੁਪਏ ਦੱਸੀ ਜਾਂਦੀ ਹੈ। ਕਸਟਮ ਅਧਿਕਾਰੀਆਂ ਨੇ ਦੱਸਿਆ ਕਿ ਇਹ ਯਾਤਰੀ ਕੋਲਕਾਤਾ ਤੋਂ ਇੰਡੀਗੋ ਦੀ ਉਡਾਣ ਰਾਹੀ ਅੰਮ੍ਰਿਤਸਰ ਹਵਾਈ ਅੱਡੇ ’ਤੇ ਪੁੱਜੇ ਸਨ। ਉਨ੍ਹਾਂ ਦੱਸਿਆ ਕਿ ਵਿਭਾਗ ਨੇ ਖੁਫੀਆ ਜਾਣਕਾਰੀ ਦੇ ਆਧਾਰ ’ਤੇ ਜਦੋਂ ਇਨ੍ਹਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਐਕਸਰੇ ਸਕੈਨਿੰਗ ਦੌਰਾਨ ਇਨ੍ਹਾਂ ਕੋਲੋਂ ਇਹ ਸੋਨਾ ਬਰਾਮਦ ਹੋਇਆ ਹੈ।ਇਕ ਯਾਤਰੀ ਕੋਲੋਂ 49.50 ਲੱਖ ਰੁਪਏ ਮੁੱਲ ਦਾ 495.54 ਗ੍ਰਾਮ ਸੋਨਾ ਅਤੇ ਦੂਜੇ ਯਾਤਰੀ ਕੋਲੋਂ 47.24 ਲੱਖ ਰੁਪਏ ਮੁੱਲ ਦਾ 472.93 ਗਰਾਮ ਸੋਨਾ ਬਰਾਮਦ ਹੋਇਆ ਹੈ।

# ਕਰੋੜਾਂ ਦੀ ਧੋਖਾਧੜੀ ਦੇ ਦੋਸ਼ ਵਿੱਚ ਛੋਟਾ ਥਾਣੇਦਾਰ ਗ੍ਰਿਫ਼ਤਾਰ

## ✪ ‘ਡੰਕੀ ਰੂਟ’ ਰਾਹੀਂ ਇੱਕ ਨੌਜਵਾਨ ਨੂੰ ਭੇਜਿਆ ਸੀ ਅਮਰੀਕਾ

ਲੁਧਿਆਣਾ-ਲੁਧਿਆਣਾ ਕ੍ਰਾਈਮ ਬ੍ਰਾਂਚ ਨੇ ਪੰਜਾਬ ਪੁਲਿਸ ਦੇ ਸੇਵਾ ਨਿਭਾ ਰਹੇ ਏਐਸਆਈ ਸਰਬਜੀਤ ਸਿੰਘ ਨੂੰ 1.40 ਕਰੋੜ ਰੁਪਏ ਦੇ ਇਮੀਗ੍ਰੇਸ਼ਨ ਧੋਖਾਧੜੀ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ। ਸਰਬਜੀਤ ਸਿੰਘ, ਜੋ ਕਪੂਰਥਲਾ ਪੁਲਿਸ ਵਿੱਚ ਤਾਇਨਾਤ ਹੈ, ਨੇ ਆਪਣੇ ਟ੍ਰੈਵਲ ਏਜੰਟ ਭਰਾ ਦਲਜੀਤ ਸਿੰਘ ਡੌਨ ਅਤੇ ਸਾਥੀ ਜੈ ਜਗਤ ਜੋਸ਼ੀ ਨਾਲ ਮਿਲ ਕੇ ਮੋਗਾ ਦੇ ਨੌਜਵਾਨ ਆਕਾਸ਼ ਵੀਰ ਸਿੰਘ ਨੂੰ ਗੈਰ-ਕਾਨੂੰਨੀ ‘ਡੰਕੀ ਰੂਟ’ ਰਾਹੀਂ ਅਮਰੀਕਾ ਭੇਜਿਆ ਸੀ। ਸ਼ਿਕਾਇਤਕਰਤਾ ਆਕਾਸ਼ ਵੀਰ ਦਾ ਦੋਸ਼ ਹੈ ਕਿ ਦੋਸ਼ੀਆਂ ਨੇ ਉਸਨੂੰ ਕਾਨੂੰਨੀ ਵੀਜ਼ਾ ਅਤੇ ਵਰਕ ਪਰਮਿਟ ਦਾ ਲਾਲਚ ਦਿੱਤਾ, ਪਰ ਉਸਨੂੰ ਦੁਬਈ ਅਤੇ ਐਲ ਸੈਲਵਾਡੋਰ ਰਾਹੀਂ ਤਸਕਰੀ ਕਰਕੇ ਅਮਰੀਕਾ ਭੇਜਿਆ। ਆਕਾਸ਼ ਨੇ ਦੱਸਿਆ ਕਿ ਉਸ ਦੇ ਪਰਿਵਾਰ ਨੇ ਪਹਿਲਾਂ 90 ਲੱਖ ਰੁਪਏ ਦਿੱਤੇ, ਪਰ ਬਾਅਦ ਵਿੱਚ ਏਜੰਟਾਂ ਨੇ ਧਮਕੀਆਂ ਦੇ ਕੇ ਹੋਰ 50 ਲੱਖ ਰੁਪਏ ਵਸੂਲੇ।

7 ਅਗਸਤ, 2023 ਨੂੰ, ਉਸਨੂੰ ਦੁਬਈ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਐਲ ਸੈਲਵਾਡੋਰ ਭੇਜਿਆ ਗਿਆ, ਅਤੇ ਫਿਰ ਮੈਕਸੀਕਨ ਸਰਹੱਦ ਰਾਹੀਂ ਅਮਰੀਕਾ ਵਿੱਚ ਦਾਖਲ ਕਰਵਾਇਆ। 10 ਸਤੰਬਰ, 2023 ਨੂੰ ਅਮਰੀਕੀ ਸਰਹੱਦ ’ਤੇ ਫੜੇ ਜਾਣ ਤੋਂ ਬਾਅਦ, ਆਕਾਸ਼, ਉਸ ਦੀ ਪਤਨੀ ਅਤੇ ਦੋ ਛੋਟੇ ਬੱਚਿਆਂ (5 ਅਤੇ 2 ਸਾਲ) ਨੂੰ ਇੱਕ ਸਾਲ ਤੋਂ ਵੱਧ ਸਮੇਂ ਦੀ ਕਾਨੂੰਨੀ ਲੜਾਈ ਤੋਂ ਬਾਅਦ, 22 ਜੂਨ, 2025 ਨੂੰ ਅੰਮ੍ਰਿਤਸਰ ਵਾਪਸ ਭੇਜ ਦਿੱਤਾ ਗਿਆ।

ਮਾਮਲੇ ਵਿੱਚ ਮੋੜ ਉਦੋਂ ਆਇਆ ਜਦੋਂ ਲੁਧਿਆਣਾ ਦੇ ਗੁਰਕਰਨ ਸਿੰਘ, ਜਿਸ ਨੇ ਆਕਾਸ਼ ਨੂੰ 10 ਲੱਖ ਰੁਪਏ ਉਧਾਰ ਦਿੱਤੇ ਸਨ, ਨੇ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾਈ। ਗੁਰਕਰਨ, ਜੋ ਆਮ ਆਦਮੀ ਪਾਰਟੀ ਦੀ ਕੌਂਸਲਰ ਮਹਿਕ ਦਾ ਪਤੀ ਹੈ, ਨੇ ਇੱਕ ਵੀਡੀਓ ਵੀ ਸਾਂਝੀ ਕੀਤੀ, ਜਿਸ ਵਿੱਚ ਸਰਬਜੀਤ ਨੂੰ ਕਥਿਤ ਤੌਰ ’ਤੇ ਨਕਦੀ ਪ੍ਰਾਪਤ ਕਰਦੇ ਦਿਖਾਇਆ ਗਿਆ। ਕ੍ਰਾਈਮ ਬ੍ਰਾਂਚ ਦੇ ਇੰਸਪੈਕਟਰ ਬੇਅੰਤ ਜੁਨੇਜਾ ਨੇ ਸਰਬਜੀਤ ਦੀ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ।

ਸਰਬਜੀਤ ਨੇ ਅੰਸ਼ਕ ਸ਼ਮੂਲੀਅਤ ਕਬੂਲੀ, ਜਦਕਿ ਦਲਜੀਤ ਅਤੇ ਜੋਸ਼ੀ ਫਰਾਰ ਹਨ। ਦਲਜੀਤ ਵਿਰੁੱਧ ਪਹਿਲਾਂ ਹੀ 7-8 ਐਫਆਈਆਰ ਦਰਜ ਹਨ। ਪੁਲਿਸ ਨੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ ਅਤੇ ਸਰਬਜੀਤ ਵਿਰੁੱਧ ਵਿਭਾਗੀ ਕਾਰਵਾਈ ਲਈ ਕਪੂਰਥਲਾ ਪੁਲਿਸ ਨੂੰ ਸੂਚਿਤ ਕੀਤਾ ਜਾਵੇਗਾ। ਮਾਮਲਾ ਮਾਡਲ ਟਾਊਨ ਪੁਲਿਸ ਸਟੇਸ਼ਨ ਵਿੱਚ ਆਈਪੀਸੀ ਦੀਆਂ ਧਾਰਾਵਾਂ 406, 420, 506, 120-ਬੀ ਅਤੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ ਦੀ ਧਾਰਾ 13 ਅਧੀਨ ਦਰਜ ਕੀਤਾ ਗਿਆ ਹੈ।

# ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਤੋਂ ਹੋਵੇਗਾ ਗੁਰਬਾਣੀ ਦਾ ਸਿੱਧਾ ਕੀਰਤਨ ਪ੍ਰਸਾਰਣ

## ✪ ਸ਼੍ਰੋਮਣੀ ਕਮੇਟੀ ਵੱਲੋਂ ਯੂਟਿਊਬ ਚੈਨਲ ਲਾਂਚ



ਅੰਮ੍ਰਿਤਸਰ-ਹੁਣ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸਰਵਣ ਕੀਤਾ ਜਾ ਸਕਦਾ ਹੈ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪਣਾ ਅਧਿਕਾਰਤ ਯੂਟਿਊਬ ਚੈਨਲ ਲਾਂਚ ਕਰ ਦਿੱਤਾ ਗਿਆ ਹੈ, ਜਿਸ ਦਾ ਰਸਮੀ ਤੌਰ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਉਦਘਾਟਨ ਕੀਤਾ ਗਿਆ ਉਨ੍ਹਾਂ ਕਿਹਾ ਕਿ ਇਸ ਚੈਨਲ 'ਤੇ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਤੱਕ ਸੰਗਤਾਂ ਗੁਰਬਾਣੀ ਕੀਰਤਨ ਸੁਣ ਸਕਣਗੀਆਂ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਹੋਰ ਗੁਰਦੁਆਰਾ ਸਾਹਿਬਾਨ ਤੋਂ ਵੀ ਜਲਦੀ ਹੀ ਗੁਰਬਾਣੀ ਕੀਰਤਨ ਸੰਗਤ ਤੀਕ ਪਹੁੰਚਾਉਣ ਦੇ ਕਾਰਜ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।

# ਭਾਰਤ ਦਾ ਦੂਜਾ ਸਭ ਤੋਂ ਸਾਫ਼ ਸ਼ਹਿਰ ਬਣਿਆ ਚੰਡੀਗੜ੍ਹ !

## ✪ 11ਵੇਂ ਤੋਂ ਦੂਜੇ ਨੰਬਰ 'ਤੇ ਮਾਰੀ ਛਾਲ



ਦਿੱਲੀ-ਸਫ਼ਾਈ ਦੇ ਮਾਮਲੇ ਵਿੱਚ ਚੰਡੀਗੜ੍ਹ ਪੂਰੇ ਦੇਸ਼ ਵਿੱਚ ਦੂਜਾ ਸਭ ਤੋਂ ਸਾਫ਼ ਸ਼ਹਿਰ ਬਣ ਗਿਆ ਹੈ। ਇਹ ਦਰਜਾ ਸਵੱਛ ਸਰਵੇਖਣ 2024 ਵਿੱਚ 3 ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ ਦੀ ਸ਼੍ਰੇਣੀ ਵਿੱਚ ਹਾਸਲ ਕੀਤਾ ਗਿਆ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਦਿੱਲੀ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਰਾਜਪਾਲ ਨੂੰ ਇਹ ਸਨਮਾਨ ਦਿੱਤਾ। ਇਸ ਮੌਕੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬਚੰਦ ਕਟਾਰੀਆ ਅਤੇ ਮੇਅਰ ਹਰਪ੍ਰੀਤ ਕੌਰ ਬਬਲਾ ਨੇ ਇਕੱਠੇ ਇਹ ਪੁਰਸਕਾਰ ਪ੍ਰਾਪਤ ਕੀਤਾ। ਸਾਲ 2023 ਵਿੱਚ, ਚੰਡੀਗੜ੍ਹ 11ਵੇਂ ਸਥਾਨ 'ਤੇ ਸੀ, ਪਰ ਇਸ ਵਾਰ ਨਗਰ ਨਿਗਮ ਦੀ ਸਖ਼ਤ ਮਿਹਨਤ ਅਤੇ ਸਫਾਈ ਦੀ ਸਖ਼ਤ ਨਿਗਰਾਨੀ ਕਾਰਨ ਸ਼ਹਿਰ ਨੂੰ ਇਹ ਵੱਡੀ ਸਫਲਤਾ ਮਿਲੀ ਹੈ। ਚੰਡੀਗੜ੍ਹ ਨੂੰ ਇਹ ਪੁਰਸਕਾਰ ਮਿਲਣ ਦਾ ਮੁੱਖ ਕਾਰਨ ਸ਼ਹਿਰ ਵਿੱਚ ਆਟੋਮੈਟਿਕ ਮਸ਼ੀਨਾਂ ਨਾਲ ਸੀਵਰੇਜ ਦੀ ਸਫਾਈ ਸੀ। ਇਸ ਦੇ ਨਾਲ ਹੀ, ਜਿਸ ਤਰ੍ਹਾਂ ਸਫਾਈ ਕਰਮਚਾਰੀਆਂ ਦੇ ਬੂਥ ਦੁਆਰਾ ਕਰਮਚਾਰੀਆਂ ਦੀ ਸੁਰੱਖਿਆ ਅਤੇ ਸਹੂਲਤ ਦਾ ਧਿਆਨ ਰੱਖਿਆ ਜਾਂਦਾ ਹੈ, ਇਹ ਗੱਲ ਵੀ ਚੰਡੀਗੜ੍ਹ ਦੇ ਹੱਕ ਵਿੱਚ ਗਈ। ਦੇਸ਼ ਵਿੱਚ ਪਹਿਲੀ ਵਾਰ, ਚੰਡੀਗੜ੍ਹ ਵਿੱਚ ਸਫਾਈ ਕਰਮਚਾਰੀਆਂ ਦਾ ਬੂਥ ਸਥਾਪਤ ਕੀਤਾ ਗਿਆ ਸੀ।

# ਸਰਹੱਦ ਪਾਰੋਂ ਹਥਿਆਰਾਂ ਦੀ ਸਮਗਲਿੰਗ ਨੈੱਟਵਰਕ ਦਾ ਪਰਦਾਫਾਸ਼ ; 10 ਪਿਸਤੌਲਾਂ ਸਮੇਤ ਇਕ ਗ੍ਰਿਫ਼ਤਾਰ



ਅੰਮ੍ਰਿਤਸਰ-ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਇੱਕ ਸੰਚਾਲਕ ਹਰਜਿੰਦਰ ਸਿੰਘ ਵਾਸੀ ਪਿੰਡ ਡੱਲ, ਤਰਨਤਾਰਨ ਨੂੰ .30 ਬੋਰ ਦੇ 10 ਆਧੁਨਿਕ ਪਿਸਤੌਲਾਂ ਅਤੇ ਮੈਗਜ਼ੀਨਾਂ ਸਮੇਤ ਗ੍ਰਿਫ਼ਤਾਰ ਕਰ ਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ ਗੌਰਵ ਯਾਦਵ ਨੇ ਦਿੱਤੀ। ਦੱਸਣਯੋਗ ਹੈ ਕਿ ਉਹ ਇੱਕ ਬਦਨਾਮ ਨਸ਼ਾ ਤਸਕਰ ਹੈ ਜਿਸ ਵਿਰੁੱਧ ਐਨਡੀਪੀਐਸ ਐਕਟ ਨਾਲ ਸਬੰਧਤ ਦੋ ਮਾਮਲੇ ਦਰਜ ਹਨ ਅਤੇ ਹਾਲ ਹੀ ਵਿੱਚ ਉਹ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋਇਆ ਹੈ।

ਇਹ ਸਫ਼ਲਤਾ ਸੀਆਈ ਅੰਮ੍ਰਿਤਸਰ ਵੱਲੋਂ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਅਜਿਹੇ ਮਾਡਿਊਲ ਦੇ ਤਿੰਨ ਕਾਰਕੁਨਾਂ - ਸਰਬਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਦੋਵੇਂ ਵਾਸੀ ਫਿਰੋਜ਼ਪੁਰ ਅਤੇ ਅਸ਼ਮਨਦੀਪ ਸਿੰਘ ਵਾਸੀ ਤਰਨ ਤਾਰਨ ਨੂੰ ਅੱਠ ਆਧੁਨਿਕ ਹਥਿਆਰਾਂ, 1 ਕਿਲੋ ਹੈਰੋਇਨ ਅਤੇ 2.9 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਪੰਦਰਾਂ ਦਿਨਾਂ ਬਾਅਦ ਹਾਸਲ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਕਿਸਤਾਨ ਅਧਾਰਤ ਤਸਕਰ ਜੋ ਸਰਹੱਦ ਪਾਰੋਂ ਹਥਿਆਰਾਂ ਦੀ ਖੇਪ ਭੇਜਣ ਲਈ ਡਰੋਨ ਦੀ ਵਰਤੋਂ ਕਰ ਰਿਹਾ ਹੈ, ਨਾਲ ਮਿਲ ਕੇ ਕੰਮ ਕਰ ਰਿਹਾ ਸੀ।

# ਗੁਆਂਢੀ ਵਲੋਂ ਸੱਤਵੀਂ ਦੀ ਵਿਦਿਆਰਥਣ ਨਾਲ ਬਲਾਤਕਾਰ



ਲੁਧਿਆਣਾ-ਥਾਣਾ ਸ਼ਿਮਲਾਪੁਰੀ ਦੇ ਅਧੀਨ ਆਉਂਦੇ ਇੱਕ ਇਲਾਕੇ ਵਿੱਚ ਸੱਤਵੀਂ ਜਮਾਤ ਦੀ ਵਿਦਿਆਰਥਣ ਨੂੰ ਉਸਦੇ ਗੁਆਂਢੀ ਨੇ ਹਵਸ ਦਾ ਸ਼ਿਕਾਰ ਬਣਾ ਲਿਆ। ਇਸ ਸ਼ਰਮਨਾਕ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜਮ ਨੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਪਰ ਥਾਣਾ ਸ਼ਿਮਲਾਪੁਰੀ ਦੀ ਪੁਲਿਸ ਨੇ ਨਾਕਾਬੰਦੀ ਦੇ ਦੌਰਾਨ ਉਸਨੂੰ ਗ੍ਰਿਫਤਾਰ ਕਰ ਲਿਆ। ਜਾਣਕਾਰੀ ਦਿੰਦਿਆਂ ਥਾਣਾ ਸ਼ਿਮਲਾਪੁਰੀ ਦੇ ਏਐਸਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਔਰਤ ਨੇ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਉਸਦੀ 16 ਸਾਲ ਦੀ ਬੇਟੀ ਲਾਗੇ ਦੇ ਹੀ ਇੱਕ ਸਕੂਲ ਵਿੱਚ ਸੱਤਵੀਂ ਦੀ ਵਿਦਿਆਰਥਣ ਹੈ। ਬੀਤੇ ਦਿਨ ਲੜਕੀ ਆਪਣੇ ਕਮਰੇ ਵਿੱਚ ਇਕੱਲੀ ਸੀ। ਇਸੇ ਦੌਰਾਨ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਉਨ੍ਹਾਂ ਦਾ ਗੁਆਂਢੀ ਰਾਮ ਜ਼ਬਰਦਸਤੀ ਕਮਰੇ ਦੇ ਅੰਦਰ ਦਾਖਲ ਹੋ ਗਿਆ ਅਤੇ ਮਾਸੂਮ ਲੜਕੀ ਨੂੰ ਧਮਕਾ ਕੇ ਉਸ ਨਾਲ ਜਬਰ ਜ਼ਨਾਹ ਕੀਤਾ। ਮੁਲਜਮ ਲੜਕੀ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੰਦਾ ਹੋਇਆ ਮੌਕੇ ਤੋਂ ਫਰਾਰ ਹੋ ਗਿਆ। ਲੜਕੀ ਦੀ ਮਾਂ ਜਿਵੇਂ ਹੀ ਘਰ ਪਰਤੀ ਤਾਂ ਬੱਚੀ ਨੇ ਉਸ ਨਾਲ ਹੋਈ ਤਸ਼ੱਦਦ ਸਬੰਧੀ ਦੱਸਿਆ। ਪੁਲਿਸ ਨੂੰ ਜਿਵੇਂ ਹੀ ਇਸ ਸ਼ਰਮਨਾਕ ਘਟਨਾ ਦੀ ਜਾਣਕਾਰੀ ਮਿਲੀ ਤਾਂ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਪਾਰਟੀ ਨੇ ਨਾਕਾਬੰਦੀ ਕਰਕੇ ਮੁਲਜਮ ਰਾਮ ਨੂੰ ਗ੍ਰਿਫਤਾਰ ਕੀਤਾ।

# ਹਿਮਾਚਲ ਪ੍ਰਦੇਸ਼ ਵਿਖੇ ਦੋ ਭਰਾਵਾਂ ਦੀ ਇਕੋ ਵਹੁਟੀ

## ✪ ਸਦੀਆਂ ਪੁਰਾਣੀ ਹਾਟੀ ਰਵਾਇਤ ਅਨੁਸਾਰ ਹੋਈ ਸ਼ਾਦੀ



ਸ਼ਿਲਾਈ-ਹਿਮਾਚਲ ਪ੍ਰਦੇਸ਼ ਦੇ ਟਰਾਂਸ-ਗਿਰੀ ਖ਼ਿੱਤੇ ਵਿਚ ਸਦੀਆਂ ਪੁਰਾਣੀ ਰਵਾਇਤ ਤਹਿਤ ਦੋ ਭਰਾਵਾਂ ਦਾ ਇਕ ਲੜਕੀ ਨਾਲ ਵਿਆਹ ਹੋਇਆ। ਹਾਟੀ ਭਾਈਚਾਰੇ ਦੇ ਸੱਭਿਆਚਾਰਕ ਵਿਰਸੇ ਨੂੰ ਕਾਇਮ ਰਖਦਿਆਂ ਸਿਰਮੌਰ ਜ਼ਿਲ੍ਹੇ ਦੇ ਸ਼ਿਲਾਈ ਪਿੰਡ ਦੇ ਪ੍ਰਦੀਪ ਨੇਗੀ ਅਤੇ ਕਪਿਲ ਨੇਗੀ ਨੇ ਨੇੜਲੇ ਪਿੰਡ ਕੁਨਹਤ ਦੀ ਸੁਨੀਤਾ ਚੌਹਾਨ ਨਾਲ ਵਿਆਹ ਕਰਵਾਇਆ। ਇਹ ਵਿਆਹ ਆਪਸੀ ਸਹਿਮਤੀ ਅਤੇ ਭਾਈਚਾਰੇ ਦੀ ਸ਼ਮੂਲੀਅਤ ਨਾਲ ਹੋਇਆ।

ਵੱਡਾ ਭਰਾ ਪ੍ਰਦੀਪ ਜਲ ਸ਼ਕਤੀ ਵਿਭਾਗ ਅਤੇ ਕਪਿਲ ਵਿਦੇਸ਼ ਵਿਚ ਪ੍ਰਾਹੁਣਚਾਰੀ ਸੈਕਟਰ ਵਿਚ ਕੰਮ ਕਰਦਾ ਹੈ। ਪ੍ਰਦੀਪ ਨੇਗੀ ਨੇ ਕਿਹਾ ਕਿ ਇਹ ਦੋਵੇਂ ਭਰਾਵਾਂ ਦਾ ਸਾਂਝਾ ਫ਼ੈਸਲਾ ਸੀ ਅਤੇ ਉਨ੍ਹਾਂ ਨੂੰ ਆਪਣੀ ਰਵਾਇਤ 'ਤੇ ਮਾਣ ਹੈ। ਕਪਿਲ ਨੇਗੀ ਨੇ ਕਿਹਾ, ''ਅਸੀਂ ਹਮੇਸ਼ਾ ਪਾਰਦਰਸ਼ਤਾ 'ਚ ਯਕੀਨ ਕੀਤਾ ਹੈ। ਮੈਂ ਭਾਵੇਂ ਵਿਦੇਸ਼ 'ਚ ਰਹਿੰਦਾ ਹਾਂ ਪਰ ਇਸ ਵਿਆਹ ਰਾਹੀਂ ਅਸੀਂ ਆਪਣੀ ਪਤਨੀ ਨੂੰ ਸਾਂਝੇ ਪਰਿਵਾਰ ਵਾਂਗ ਪਿਆਰ ਤੇ ਹਮਾਇਤ ਦੇਵਾਂਗੇ।'' ਉਧਰ ਸੁਨੀਤਾ ਚੌਹਾਨ ਨੇ ਕਿਹਾ, ''ਮੈਂ ਦੋਵੇਂ ਭਰਾਵਾਂ ਨਾਲ ਵਿਆਹ ਆਪਣੀ ਮਰਜ਼ੀ ਨਾਲ ਕਰਵਾਇਆ ਹੈ। ਮੇਰੇ 'ਤੇ ਕੋਈ ਦਬਾਅ ਨਹੀਂ ਸੀ। ਮੈਨੂੰ ਇਸ ਰਵਾਇਤ ਦੀ ਜਾਣਕਾਰੀ ਹੈ।''

ਅਜਿਹੇ ਵਿਆਹ ਖ਼ਿੱਤੇ ਦੇ ਕਈ ਪਿੰਡਾਂ 'ਚ ਚੁੱਪ-ਚੁਪੀਤੇ ਹੁੰਦੇ ਹਨ ਪਰ ਕੁਝ ਮਾਮਲਿਆਂ 'ਚ ਸ਼ਰ੍ਹੇਆਮ ਰਵਾਇਤ ਦਾ ਪਾਲਣ ਕੀਤਾ ਜਾਂਦਾ ਹੈ। ਸ਼ਿਲਾਈ ਦੇ ਵਸਨੀਕ ਬਿਸ਼ਨ ਤੋਮਰ ਨੇ ਕਿਹਾ, ''ਸਾਡੇ ਪਿੰਡ 'ਚ ਤਿੰਨ ਦਰਜਨ ਤੋਂ ਵੱਧ ਪਰਿਵਾਰ ਹਨ ਜਿਥੇ ਦੋ ਜਾਂ ਤਿੰਨ ਭਰਾਵਾਂ ਦੀ ਇਕੋ ਹੀ ਪਤਨੀ ਹੈ ਜਾਂ ਇਕ ਪਤੀ ਦੀਆਂ ਕਈ ਪਤਨੀਆਂ ਹਨ।'' ਤਿੰਨ ਦਿਨ ਤੱਕ ਚੱਲੇ ਜਸ਼ਨਾਂ ਦੌਰਾਨ ਸੈਂਕੜੇ ਪਿੰਡ ਵਾਸੀ ਅਤੇ ਰਿਸ਼ਤੇਦਾਰ ਇਸ ਸਦੀਆਂ ਪੁਰਾਣੀ ਰਵਾਇਤ ਦੇ ਗਵਾਹ ਬਣੇ। ਮਹਿਮਾਨਾਂ ਨੂੰ ਰਵਾਇਤੀ ਖਾਣੇ ਪਰੋਸੇ ਗਏ ਜੋ ਖ਼ਿੱਤੇ 'ਚ ਵਿਆਹਾਂ ਦੌਰਾਨ ਉਚੇਚੇ ਤੌਰ 'ਤੇ ਤਿਆਰ ਕੀਤੇ ਜਾਂਦੇ ਹਨ। ਹਾਟੀ ਭਾਈਚਾਰੇ ਨੂੰ ਹੁਣੇ ਜਿਹੇ ਅਨੁਸੂਚਿਤ ਜਨਜਾਤੀ ਦਾ ਦਰਜਾ ਦਿੱਤਾ ਗਿਆ ਹੈ।

# ਭਾਰਤ ਵਿਸ਼ਵ ਵਿਚ ਸਭ ਤੋਂ ਵੱਡਾ ਪਲਾਸਟਿਕ ਪ੍ਰਦੂਸ਼ਣ ਫੈਲਾਉਣ ਵਾਲਾ ਦੇਸ ਬਣਿਆ

**ਵਿਸ਼ੇਸ਼ ਰਿਪੋਟ**

## ✪ ਨੇਚਰ ਜਰਨਲ ਦੀ ਰਿਪੋਟ ਅਨੁਸਾਰ ਭਾਰਤ ਹਰ ਸਾਲ 93 ਲੱਖ ਟਨ ਪਲਾਸਟਿਕ ਕਚਰਾ ਪੈਦਾ ਕਰਦਾ ਹੈ ✪ ਪੰਜਾਬ ਵਿੱਚ ਹਰ ਸਾਲ ਲਗਭਗ 1.5 ਲੱਖ ਟਨ ਪਲਾਸਟਿਕ ਕਚਰਾ ਪੈਦਾ ਹੁੰਦਾ



ਭਾਰਤ ਨੂੰ ਸਤੰਬਰ 2024 ਵਿੱਚ ਪ੍ਰਕਾਸ਼ਿਤ ਨੇਚਰ ਜਰਨਲ ਦੇ ਇੱਕ ਅਧਿਐਨ ਨੇ ਵਿਸ਼ਵ ਦਾ ਸਭ ਤੋਂ ਵੱਡਾ ਪਲਾਸਟਿਕ ਪ੍ਰਦੂਸ਼ਣ ਫੈਲਾਉਣ ਵਾਲਾ ਦੇਸ ਐਲਾਨਿਆ ਸੀ। ਇਹ ਅਧਿਐਨ 2020 ਦੇ 50,702 ਨਗਰ ਪਾਲਿਕਾਵਾਂ ਦੇ ਡਾਟੇ 'ਤੇ ਆਧਾਰਿਤ ਸੀ, ਜਿਸ ਮੁਤਾਬਕ ਭਾਰਤ ਹਰ ਸਾਲ 93 ਲੱਖ ਟਨ ਪਲਾਸਟਿਕ ਕਚਰਾ ਪੈਦਾ ਕਰਦਾ ਹੈ, ਜੋ ਵਿਸ਼ਵ ਦੇ 5.21 ਕਰੋੜ ਟਨ ਪਲਾਸਟਿਕ ਕਚਰੇ ਦਾ 20 ਫੀਸਦੀ ਹੈ। ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ (ਸੀਐਸਈ) ਦੀ 2022 ਦੀ ਰਿਪੋਰਟ ਮੁਤਾਬਕ, ਭਾਰਤ ਵਿੱਚ ਸਿਰਫ 12 ਫੀਸਦੀ ਪਲਾਸਟਿਕ ਕਚਰਾ ਰੀਸਾਈਕਲ ਹੁੰਦਾ ਹੈ, 20 ਫੀਸਦੀ ਸਾੜ ਦਿੱਤਾ ਜਾਂਦਾ ਹੈ, ਅਤੇ 70 ਫੀਸਦੀ ਦਾ ਕੋਈ ਹਿਸਾਬ ਨਹੀਂ। ਇਹ ਕਚਰਾ ਜਾਂ ਤਾਂ ਕੂੜੇ ਦੇ ਪਹਾੜਾਂ ਵਿੱਚ ਜਾਂਦਾ ਹੈ, ਸੜਕਾਂ 'ਤੇ ਸੁੱਟਿਆ ਜਾਂਦਾ ਹੈ, ਜਾਂ ਸਮੁੰਦਰਾਂ ਵਿੱਚ ਪਹੁੰਚ ਜਾਂਦਾ ਹੈ। ਭਾਰਤ ਵਿੱਚ ਹਰ ਸਾਲ 2.78 ਕਰੋੜ ਟਨ ਪਲਾਸਟਿਕ ਕਚਰਾ ਪੈਦਾ ਹੁੰਦਾ ਹੈ, ਜੋ ਕਿ ਸੈਂਟਰਲ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ 2020 ਦੇ 35 ਲੱਖ ਟਨ ਦੇ ਅਨੁਮਾਨ ਤੋਂ ਬਹੁਤ ਜ਼ਿਆਦਾ ਹੈ। ਅਧਿਐਨ ਦੱਸਦਾ ਹੈ ਕਿ ਸਰਕਾਰੀ ਅੰਕੜਿਆਂ ਵਿੱਚ ਪੇਂਡੂ ਖੇਤਰਾਂ, ਖੁੱਲ੍ਹੇ ਵਿੱਚ ਸਾੜੇ ਜਾਣ ਵਾਲੇ ਜਾਂ ਅਸੰਗਠਿਤ ਖੇਤਰ ਵਿੱਚ ਰੀਸਾਈਕਲ ਹੋਣ ਵਾਲੇ ਕਚਰੇ ਦਾ ਜ਼ਿਕਰ ਨਹੀਂ। ਇਸ ਦਾ ਨਤੀਜਾ ਹੈ ਕਿ 58 ਲੱਖ ਟਨ ਪਲਾਸਟਿਕ ਖੁੱਲ੍ਹੇ ਵਿੱਚ ਸਾੜਿਆ ਜਾਂਦਾ ਹੈ, ਜਿਸ ਨਾਲ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਅਤੇ 35 ਲੱਖ ਟਨ ਧਰਤੀ ਹੇਠਾਂ ਜਾਂ ਕੂੜੇ ਦੇ ਢੇਰਾਂ ਵਿੱਚ ਜਾਂਦਾ ਹੈ। ਇਹ ਸਮੁੰਦਰਾਂ ਵਿੱਚ ਪਹੁੰਚ ਕੇ ਸਮੁੰਦਰੀ ਜੀਵ-ਜੰਤੂਆਂ ਲਈ ਖਤਰਾ ਬਣਦਾ ਹੈ।

ਪਲਾਸਟਿਕ ਦੀ ਜੈਵਿਕ ਤੌਰ 'ਤੇ ਨਾ ਘੁਲਣ ਵਾਲੀ ਪ੍ਰਕਿਰਤੀ ਕਾਰਨ ਇਹ ਸਦਾ ਲਈ ਵਾਤਾਵਰਣ ਵਿੱਚ ਰਹਿੰਦਾ ਹੈ। ਸਮੇਂ ਨਾਲ ਇਹ ਮਾਈਕਰੋਪਲਾਸਟਿਕ ਅਤੇ ਨੈਨੋ ਪਲਾਸਟਿਕ ਕਣਾਂ ਵਿੱਚ ਟੁੱਟ ਜਾਂਦਾ ਹੈ, ਜੋ ਮਿੱਟੀ, ਹਵਾ, ਪਾਣੀ, ਸਬਜ਼ੀਆਂ, ਅਤੇ ਇਨਸਾਨਾਂ ਤੇ ਜਾਨਵਰਾਂ ਦੇ ਸਰੀਰ ਵਿੱਚ ਦਾਖਲ ਹੋ ਜਾਂਦੇ ਹਨ। ਮਾਈਕਰੋਪਲਾਸਟਿਕ ਖੂਨ ਦੇ ਪ੍ਰਵਾਹ ਵਿੱਚ ਸ਼ਾਮਲ ਹੋ ਕੇ ਦਿਲ, ਦਿਮਾਗ ਅਤੇ ਹੋਰ ਅੰਗਾਂ ਵਿੱਚ ਜਮ੍ਹਾਂ ਹੁੰਦਾ ਹੈ, ਜਿਸ ਨਾਲ ਕੈਂਸਰ, ਸਾਹ ਦੀਆਂ ਬਿਮਾਰੀਆਂ, ਅਤੇ ਹਾਰਮੋਨਲ ਵਿਗਾੜ ਵਰਗੀਆਂ ਸਮੱਸਿਆਵਾਂ ਵਧਦੀਆਂ ਹਨ। ਜਾਨਵਰ ਪਲਾਸਟਿਕ ਨੂੰ ਖਾਣਾ ਸਮਝ ਕੇ ਨਿਗਲ ਜਾਂਦੇ ਹਨ। ਇਹ ਪਲਾਸਟਿਕ ਜਾਨਵਰਾਂ ਦੇ ਪਾਚਨ ਤੰਤਰ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਅਕਸਰ ਮੌਤ ਦਾ ਕਾਰਨ ਬਣਦਾ ਹੈ। ਸਮੁੰਦਰੀ ਜੀਵ-ਜੰਤੂ ਵੀ ਪਲਾਸਟਿਕ ਨੂੰ ਨਿਗਲਣ ਕਾਰਨ ਮਰਦੇ ਹਨ, ਜਿਸ ਨਾਲ ਸਮੁੰਦਰੀ ਈਕੋ ਸਿਸਟਮ ਨੂੰ ਭਾਰੀ ਨੁਕਸਾਨ ਹੁੰਦਾ ਹੈ। ਖੁੱਲ੍ਹੇ ਵਿੱਚ ਪਲਾਸਟਿਕ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਜਿਵੇਂ ਡਾਈਆਕਸਿਨ ਤੇ ਫਿਊਰਨ ਨਿਕਲਦੀਆਂ ਹਨ, ਜੋ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਤੇ ਸਾਹ ਦੀਆਂ ਬਿਮਾਰੀਆਂ, ਕੈਂਸਰ, ਅਤੇ ਹੋਰ ਸਿਹਤ ਸਮੱਸਿਆਵਾਂ ਨੂੰ ਵਧਾਉਂਦੀਆਂ ਹਨ। ਮਿੱਟੀ ਵਿੱਚ ਪਲਾਸਟਿਕ ਦੇ ਰਹਿ ਜਾਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ, ਅਤੇ ਪਾਣੀ ਵਿੱਚ ਇਸ ਦੀ ਮੌਜੂਦਗੀ ਪੀਣ ਵਾਲੇ ਪਾਣੀ ਨੂੰ ਜ਼ਹਿਰੀਲਾ ਬਣਾਉਂਦੀ ਹੈ। ਭਾਰਤ ਸਰਕਾਰ ਨੇ ਪਲਾਸਟਿਕ ਕਚਰੇ ਨੂੰ ਘਟਾਉਣ ਲਈ ਕਈ ਕਦਮ ਚੁੱਕੇ ਹਨ। 2022 ਵਿੱਚ ਸਰਕਾਰ ਨੇ 19 ਕਿਸਮ ਦੀਆਂ ਸਿੰਗਲ-ਯੂਜ਼ ਪਲਾਸਟਿਕ (ਐਸਯੂਪੀ) ਵਸਤਾਂ 'ਤੇ ਪਾਬੰਦੀ ਲਗਾਈ, ਜਿਨ੍ਹਾਂ ਵਿੱਚ ਪਲਾਸਟਿਕ ਦੀ ਕਟਲਰੀ, ਸਟਰਾਅ, ਟ੍ਰੇ, ਅਤੇ ਸਜਾਵਟੀ ਥਰਮੋਕੋਲ ਸ਼ਾਮਲ ਹਨ। ਇਸ ਤੋਂ ਇਲਾਵਾ, 120 ਮਾਈਕਰੋਨ ਤੋਂ ਘੱਟ ਮੋਟਾਈ ਵਾਲੇ ਪਲਾਸਟਿਕ ਕੈਰੀ ਬੈਗ ਅਤੇ 100 ਮਾਈਕਰੋਨ ਤੋਂ ਘੱਟ ਮੋਟਾਈ ਵਾਲੇ ਪੀਵੀਸੀ ਬੈਨਰਾਂ 'ਤੇ ਵੀ ਪਾਬੰਦੀ ਲਗਾਈ ਗਈ। ਸਰਕਾਰ ਨੇ 2022 ਵਿੱਚ ਐਕਸਟੈਂਡਡ ਪ੍ਰੋਡਿਊਸਰ ਰਿਸਪਾਂਸੀਬਿਲਟੀ (ਈਪੀਆਰ) ਦਿਸ਼ਾ-ਨਿਰਦੇਸ਼ ਜਾਰੀ ਕੀਤੇ, ਜਿਸ ਅਨੁਸਾਰ ਪਲਾਸਟਿਕ ਪੈਕੇਜਿੰਗ ਦੇ ਨਿਰਮਾਤਾਵਾਂ, ਆਯਾਤਕਾਰਾਂ, ਅਤੇ ਬ੍ਰਾਂਡ ਮਾਲਕਾਂ ਨੂੰ ਆਪਣੇ ਉਤਪਾਦਾਂ ਦੀ ਪੈਕੇਜਿੰਗ ਦੇ 100 ਫੀਸਦੀ ਨਿਪਟਾਰੇ ਦੀ ਜ਼ਿੰਮੇਵਾਰੀ ਲੈਣੀ ਪਵੇਗੀ। ਇਸ ਵਿੱਚ ਪਲਾਸਟਿਕ ਦਾ ਸੰਗ੍ਰਹਿ, ਰੀਸਾਈਕਲਿੰਗ, ਅਤੇ ਦੁਬਾਰਾ ਰੀਸਾਈਕਲ ਸਮੱਗਰੀ ਦੀ ਵਰਤੋਂ ਸ਼ਾਮਲ ਹੈ। ਪਰ, ਇਹਨਾਂ ਉਪਾਵਾਂ ਦੀ ਪਾਲਣਾ ਵਿੱਚ ਕਮੀਆਂ ਸਾਹਮਣੇ ਆਈਆਂ ਹਨ। ਮਿੰਡੇਰੂ ਫਾਊਂਡੇਸ਼ਨ ਦੀ ਰਿਪੋਰਟ ਮੁਤਾਬਕ, ਸਿੰਗਲ-ਯੂਜ਼ ਪਲਾਸਟਿਕ 'ਤੇ ਪਾਬੰਦੀ ਨੇ ਸਿਰਫ 11 ਫੀਸਦੀ ਉਤਪਾਦਾਂ 'ਤੇ ਹੀ ਅਸਰ ਪਾਇਆ। ਟੌਕਸਿਕਸ ਲਿੰਕ ਦੇ ਅਕਤੂਬਰ 2023 ਦੇ ਸਰਵੇਖਣ ਅਨੁਸਾਰ, ਦਿੱਲੀ ਅਤੇ ਗਵਾਲੀਅਰ ਵਿੱਚ 84 ਫੀਸਦੀ ਸਥਾਨਾਂ 'ਤੇ ਪਾਬੰਦੀਸ਼ੁਦਾ ਐਸਯੂਪੀ ਦੀ ਵਰਤੋਂ ਜਾਰੀ ਸੀ। ਗੁਹਾਟੀ (77 ਫੀਸਦੀ), ਮੁੰਬਈ (71 ਫੀਸਦੀ), ਅਤੇ ਬੰਗਲੌਰ (55 ਫੀਸਦੀ) ਵਿੱਚ ਵੀ ਅਜਿਹੀ ਸਥਿਤੀ ਸੀ। ਪਾਬੰਦੀਆਂ ਦੀ ਪਾਲਣਾ ਨਾ ਹੋਣ ਦਾ ਮੁੱਖ ਕਾਰਨ ਸਥਾਨਕ ਨਿਗਮਾਂ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੀ ਢਿੱਲ-ਮੱਠ ਹੈ।

### ਸੰਕਟ ਦਾ ਹੱਲ ਕੀ ?

ਪਲਾਸਟਿਕ ਕਚਰੇ ਦਾ ਸੰਕਟ ਭਾਰਤ ਅਤੇ ਪੰਜਾਬ ਲਈ ਵੱਡੀ ਚੁਣੌਤੀ ਹੈ। ਵਿਅਕਤੀਗਤ ਪੱਧਰ 'ਤੇ ਬਦਲਾਅ ਸ਼ੁਰੂ ਹੋਣਾ ਚਾਹੀਦਾ, ਜਿਵੇਂ ਕੱਪੜੇ ਦੇ ਥੈਲੇ ਵਰਤਣਾ ਅਤੇ ਪਲਾਸਟਿਕ ਬੈਗ ਲੈਣ ਤੋਂ ਇਨਕਾਰ ਕਰਨਾ। ਸੰਯੁਕਤ ਰਾਸ਼ਟਰ ਦੀ 2022 ਦੀ ਪਹਿਲਕਦਮੀ, ਜਿਸ ਵਿੱਚ 175 ਦੇਸ਼ਾਂ ਨੇ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਲਈ ਸੰਧੀ 'ਤੇ ਸਹਿਮਤੀ ਦਿੱਤੀ, 2026 ਵਿੱਚ ਮੁੜ ਵਿਚਾਰੀ ਜਾਵੇਗੀ। ਜੇ ਸਮੇਂ ਸਿਰ ਕਦਮ ਨਾ ਚੁੱਕੇ ਗਏ, ਤਾਂ 2050 ਤੱਕ ਸਮੁੰਦਰਾਂ ਵਿੱਚ ਪਲਾਸਟਿਕ ਦੀ ਮਾਤਰਾ ਮੱਛੀਆਂ ਤੋਂ ਵੀ ਵੱਧ ਸਕਦੀ ਹੈ। ਪੰਜਾਬ ਵਿੱਚ ਸਥਾਨਕ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ, ਰੀਸਾਈਕਲਿੰਗ ਸਹੂਲਤਾਂ ਦਾ ਵਿਸਥਾਰ, ਅਤੇ ਸਖਤ ਨੀਤੀਆਂ ਦੀ ਅਮਲੀਕਰਨ ਦੀ ਲੋੜ ਹੈ। ਸਰਕਾਰ, ਉਦਯੋਗ, ਅਤੇ ਆਮ ਲੋਕਾਂ ਨੂੰ ਮਿਲ ਕੇ ਇਸ ਸੰਕਟ ਨੂੰ ਹੱਲ ਕਰਨ ਲਈ ਕੰਮ ਕਰਨਾ ਪਵੇਗਾ, ਨਹੀਂ ਤਾਂ ਸਿਹਤ, ਵਾਤਾਵਰਣ, ਅਤੇ ਜੀਵ-ਜੰਤੂਆਂ 'ਤੇ ਇਸ ਦੇ ਮਾੜੇ ਅਸਰ ਹੋਰ ਵਧਣਗੇ।

## ਪੰਜਾਬ ਵਿੱਚ ਪਲਾਸਟਿਕ ਕਚਰੇ ਦੀ ਸਥਿਤੀ ਅਤੇ 2022-2025 ਦਾ ਡਾਟਾ

### ✪ ਤਾਜ਼ਾ ਰਿਪੋਟ ਅਨੁਸਾਰ ਪੰਜਾਬ ਸਵੱਛਤਾ ਪੱਖੋਂ ਕਿੱਥੇ ਖੜ੍ਹਾ ਹੈ ?

ਸਰਕਾਰ ਦੇ ਸਾਲਾਨਾ ਸਵੱਛਤਾ ਸਰਵੇਖਣ ਵਿਚ ਵੱਡੇ ਸ਼ਹਿਰਾਂ ਵਿੱਚੋਂ ਅਹਿਮਦਾਬਾਦ ਨੂੰ ਸਭ ਤੋਂ ਸਾਫ਼ ਸ਼ਹਿਰ ਐਲਾਨਿਆ ਗਿਆ ਹੈ, ਜਿਸ ਮਗਰੋਂ ਭੋਪਾਲ ਤੇ ਲਖਨਊ ਦਾ ਸਥਾਨ ਹੈ। ਦਰਜਾਬੰਦੀ ਵਿਚ ਤਿੰਨ ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ 'ਚੋਂ ਚੰਡੀਗੜ੍ਹ ਨੂੰ ਦੂਜਾ ਸਥਾਨ ਮਿਲਿਆ ਹੈ। 10 ਲੱਖ ਤੋਂ ਵੱਧ ਆਬਾਦੀ ਵਾਲੇ ਸਿਖਰਲੇ 40 ਸ਼ਹਿਰਾਂ ਵਿੱਚੋਂ ਪੰਜਾਬ ਦੇ ਲੁਧਿਆਣਾ ਨੂੰ 39ਵਾਂ ਸਥਾਨ ਮਿਲਿਆ ਹੈ।ਪੰਜਾਬ ਵਿੱਚ ਪਲਾਸਟਿਕ ਕਚਰੇ ਦੀ ਸਮੱਸਿਆ ਵੀ ਗੰਭੀਰ ਹੈ, ਹਾਲਾਂਕਿ ਰਾਜ-ਵਿਸ਼ੇਸ਼ ਅੰਕੜੇ ਸੀਮਤ ਹਨ। ਸੀਪੀਸੀਬੀ ਦੀ 2022 ਦੀ ਰਿਪੋਰਟ ਮੁਤਾਬਕ, ਪੰਜਾਬ ਵਿੱਚ ਹਰ ਸਾਲ ਲਗਭਗ 1.5 ਲੱਖ ਟਨ ਪਲਾਸਟਿਕ ਕਚਰਾ ਪੈਦਾ ਹੁੰਦਾ ਹੈ, ਜਿਸ ਵਿੱਚੋਂ ਜ਼ਿਆਦਾਤਰ ਸ਼ਹਿਰੀ ਖੇਤਰਾਂ ਜਿਵੇਂ ਲੁਧਿਆਣਾ, ਅੰਮ੍ਰਿਤਸਰ, ਅਤੇ ਜਲੰਧਰ ਤੋਂ ਆਉਂਦਾ ਹੈ। ਪੇਂਡੂ ਖੇਤਰਾਂ ਵਿੱਚ ਕਚਰਾ ਪ੍ਰਬੰਧਨ ਦੀ ਕਮੀ ਕਾਰਨ ਜ਼ਿਆਦਾਤਰ ਪਲਾਸਟਿਕ ਖੁੱਲ੍ਹੇ ਵਿੱਚ ਸਾੜਿਆ ਜਾਂਦਾ ਹੈ ਜਾਂ ਖੇਤਾਂ ਅਤੇ ਨਹਿਰਾਂ ਵਿੱਚ ਸੁੱਟਿਆ ਜਾਂਦਾ ਹੈ।2022 ਤੋਂ 2025 ਦੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਪਲਾਸਟਿਕ ਕਚਰੇ ਦੀ ਮਾਤਰਾ ਵਿੱਚ 5-7 ਫੀਸਦੀ ਸਾਲਾਨਾ ਵਾਧਾ ਹੋਇਆ ਹੈ, ਜੋ ਸ਼ਹਿਰੀਕਰਨ ਅਤੇ ਖਪਤ ਵਧਣ ਕਾਰਨ ਹੈ। ਸੂਬੇ ਵਿੱਚ ਰੀਸਾਈਕਲਿੰਗ ਸਹੂਲਤਾਂ ਸੀਮਤ ਹਨ, ਅਤੇ ਜ਼ਿਆਦਾਤਰ ਰੀਸਾਈਕਲਿੰਗ ਅਸੰਗਠਿਤ ਖੇਤਰ ਵਿੱਚ ਹੁੰਦੀ ਹੈ। ਪੀਈਟੀ ਬੋਤਲਾਂ ਅਤੇ ਸਖਤ ਪਲਾਸਟਿਕ ਦੀ ਰੀਸਾਈਕਲਿੰਗ ਦੀ ਸਹੂਲਤ ਮੁਕਾਬਲਤਨ ਬਿਹਤਰ ਹੈ, ਪਰ ਮਲਟੀ-ਲੇਅਰ ਪਲਾਸਟਿਕ ਅਤੇ ਪਤਲੇ ਕੈਰੀ ਬੈਗਾਂ ਦਾ ਨਿਪਟਾਰਾ ਮੁਸਕਲ ਹੈ। ਪੰਜਾਬ ਸਰਕਾਰ ਨੇ ਸਿੰਗਲ-ਯੂਜ਼ ਪਲਾਸਟਿਕ 'ਤੇ ਪਾਬੰਦੀ ਦੀ ਪਾਲਣਾ ਲਈ ਸਥਾਨਕ ਨਿਗਮਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ, ਪਰ ਅਮਲ ਵਿੱਚ ਕਮੀਆਂ ਹਨ। ਟੌਕਸਿਕਸ ਲਿੰਕ ਦੀ ਰਿਪੋਰਟ ਮੁਤਾਬਕ, ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ 70-80 ਫੀਸਦੀ ਦੁਕਾਨਦਾਰ ਅਤੇ ਸਟਰੀਟ ਵੈਂਡਰ ਅਜੇ ਵੀ ਪਾਬੰਦੀਸ਼ੁਦਾ ਪਲਾਸਟਿਕ ਦੀ ਵਰਤੋਂ ਕਰਦੇ ਹਨ।

ਤਾਜ਼ਾ ਰਿਪੋਟ ਅਨੁਸਾਰ ਸਵੱਛਤਾ ਪੱਖੋਂ ਪੰਜਾਬ ਦੇ ਸ਼ਹਿਰ ਬਹੁਤ ਵੱਡੇ ਮਾਅਰਕੇ ਮਾਰਨ ਵਿਚ ਸਫ਼ਲ ਨਹੀਂ ਹੋਏ ।10 ਲੱਖ ਤੋਂ ਵੱਧ ਦੀ ਆਬਾਦੀ ਵਾਲੇ 40 ਸ਼ਹਿਰਾਂ ਦੀ ਸੂਚੀ ਵਿਚ ਅੰਮਿਬਸਰ 30ਵੇਂ ਅਤੇ ਲੁਧਿਆਣਾ 39ਵੇਂ ਨੰਬਰ 'ਤੇ ਰਿਹਾ, ਜਦਕਿ 3 ਲੱਖ ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ 'ਚੋਂ ਪਟਿਆਲਾ 76ਵੇਂ ਅਤੇ ਜਲੰਧਰ 82ਵੇਂ ਸਥਾਨ 'ਤੇ ਰਿਹਾ । 50 ਹਜ਼ਾਰ ਤੋਂ 3 ਲੱਖ ਦੀ ਆਬਾਦੀ ਵਾਲੇ ਪਹਿਲੇ 100 ਸ਼ਹਿਰਾਂ ਵਿਚ ਬਠਿੰਡਾ 51ਵੇਂ ਅਤੇ ਗੋਬਿੰਦਗੜ੍ਹ 61ਵੇਂ ਸਥਾਨ 'ਤੇ ਰਿਹਾ। ਜਦਕਿ ਬਾਕੀ ਸੂਚੀ ਵਿਚ ਸਮਾਣਾ 107ਵੇਂ, ਫਾਜ਼ਿਲਕਾ 115ਵੇਂ, ਮੋਹਾਲੀ 128ਵੇਂ, ਮਲੋਟ 209ਵੇਂ, ਜ਼ੀਰਕਪੁਰ 225ਵੇਂ, ਮਲੇਰਕੋਟਲਾ 238ਵੇਂ, ਹਸ਼ਿਆਰਪੁਰ 262ਵੇਂ, ਰੂਪਨਗਰ 270ਵੇਂ, ਖਰੜ 277ਵੇਂ, ਅਬੋਹਰ 314ਵੇਂ, ਫਿਰੋਜ਼ਪੁਰ 335ਵੇਂ, ਸਰਹਿੰਦ ਫਤਹਿਗੜ੍ਹ ਸਾਹਿਬ 346ਵੇਂ, ਮੋਗਾ 370ਵੇਂ, ਖੰਨਾ 371ਵੇਂ, ਫ਼ਰੀਦਕੋਟ 394ਵੇਂ, ਧੂਰੀ 408ਵੇਂ, ਸੁਨਾਮ ਊਧਮ ਸਿੰਘ ਵਾਲਾ 416ਵੇਂ, ਤਰਨ ਤਾਰਨ 433ਵੇਂ, ਸਥਾਨ 'ਤੇ ਰਿਹਾ। ਇਸ ਤੋਂ ਇਲਾਵਾ ਕੋਟਕਪੂਰਾ 444ਵੇਂ, ਬਰਨਾਲਾ 500ਵੇਂ, ਰਾਜਪੁਰਾ 566ਵੇਂ, ਨਯਾ ਗਾਓਂ 517ਵੇਂ, ਫਗਵਾੜਾ 531ਵੇਂ, ਜਗਰਾਉਂ 595ਵੇਂ, ਨਾਭਾ 613ਵੇਂ, ਸੰਗਰੂਰ 620ਵੇਂ, ਮਾਨਸਾ 632ਵੇਂ, ਕਪੂਰਥਲਾ 657ਵੇਂ, ਫਿਰੋਜ਼ਪੁਰ ਕੈਂਟ 658ਵੇਂ, ਮੁਕਤਸਰ 664ਵੇਂ, ਬਟਾਲਾ 669ਵੇਂ, ਪਠਾਨਕੋਟ 696ਵੇਂ ਸਥਾਨ 'ਤੇ ਰਿਹਾ ।ਗੁਰਦਾਸਪੁਰ ਸਭ ਤੋਂ ਹੇਠਲੀ ਸੂਚੀ ਤੇ 806ਵੇਂ ਸਥਾਨ 'ਤੇ ਰਿਹਾ। 20 ਹਜ਼ਾਰ ਤੋਂ 50 ਹਜ਼ਾਰ ਦੀ ਅਬਾਦੀ ਵਾਲੇ ਛੋਟੇ ਸ਼ਹਿਰਾਂ 'ਚ ਜ਼ੀਰਾ 68ਵੇਂ ਸਥਾਨ 'ਤੇ, ਦਸੂਹਾ 75ਵੇਂ ਅਤੇ ਸਨੌਰ 82ਵੇਂ ਸਥਾਨ 'ਤੇ ਰਿਹਾ।

# ਬਾਬੇ ਕਾਂਸ਼ੀ ਰਾਮ ਬਾਅਦ ਦਲਿਤ ਰਾਜਨੀਤੀ ਦਾ ਚਮਤਕਾਰ ਕਿਉਂ ਫਿਕਾ ਪਿਆ

✪ ਵੋਟ ਬੈਂਕ ਤੋਂ ਸੱਤਾ ਦੀ ਲਾਲਸਾ ਦੇ ਦੌਰ ਨੇ ਦਲਿਤ ਸਮਾਜ ਦੀ ਚੜ੍ਹਦੀਕਲਾ ਨੂੰ ਪਛਾੜਿਆ ✪ ਬਾਬੇ ਕਾਂਸ਼ੀ ਰਾਮ ਦੀ ਵਿਰਾਸਤ ਮਾਇਆਵਤੀ ਦਾ ਸਿਆਸੀ ਨਿਘਾਰ ਅਤੇ ਨਵੇਂ ਆਗੂਆਂ ਦਾ ਉਭਾਰ ✪ ਬਿਹਾਰ, ਪੰਜਾਬ, ਯੂਪੀ ਅਤੇ ਮਧ ਪ੍ਰਦੇਸ਼ ਵਿਚ ਦਲਿਤ ਰਾਜਨੀਤੀ ਦੀਆਂ ਚੁਣੌਤੀਆਂ ਕੀ ਹਨ ?

## ਕਵਰ ਸਟੋਰੀ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਭਾਰਤ ਦੀ ਰਾਜਨੀਤੀ ਵਿੱਚ ਦਲਿਤ ਸਮਾਜ ਦੀ ਭੂਮਿਕਾ ਹਮੇਸ਼ਾ ਹੀ ਇੱਕ ਵੋਟ ਬੈਂਕ ਦੇ ਰੂਪ ਵਿੱਚ ਰਹੀ ਹੈ। ਦੇਸ਼ ਦੀ ਜਨਸੰਖਿਆ ਵਿੱਚ 16-17 ਫੀਸਦੀ ਹਿੱਸੇ ਵਾਲਾ ਇਹ ਸਮਾਜ ਪੰਜਾਬ ਵਿੱਚ 33 ਫੀਸਦੀ, ਬਿਹਾਰ ਵਿੱਚ 20 ਫੀਸਦੀ ਅਤੇ ਉੱਤਰ ਪ੍ਰਦੇਸ਼ ਵਿੱਚ 19 ਫੀਸਦੀ ਦੇ ਕਰੀਬ ਹੈ। ਪਰ ਆਜ਼ਾਦੀ ਦੇ 78 ਸਾਲਾਂ ਦੇ ਲੰਬੇ ਸਫਰ ਵਿੱਚ ਦਲਿਤਾਂ ਨੂੰ ਸਿਆਸੀ ਤੌਰ ’ਤੇ ਮੁੱਖ ਧਾਰਾ ਵਿੱਚ ਲਿਆਉਣ ਦੀ ਬਜਾਏ, ਉਨ੍ਹਾਂ ਨੂੰ ਵੋਟਾਂ ਦੀ ਸਿਆਸਤ ਦਾ ਹਿੱਸਾ ਬਣਾਇਆ ਗਿਆ ਹੈ। ਬਾਬੇ ਕਾਂਸ਼ੀ ਰਾਮ ਅਤੇ ਮਾਇਆਵਤੀ ਨੇ ਬਹੁਜਨ ਸਮਾਜ ਪਾਰਟੀ ਦੇ ਜ਼ਰੀਏ ਦਲਿਤ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਸੀ, ਪਰ 2012 ਤੋਂ ਬਾਅਦ ਬੀਐਸਪੀ ਦੀ ਪ੍ਰਸੰਗਿਕਤਾ ਘਟਣ ਨਾਲ ਦਲਿਤ ਸਿਆਸਤ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ।

ਇਸ ਨਵੇਂ ਦੌਰ ਵਿੱਚ ਦਲਿਤ ਸਮਾਜ ਸਿਰਫ ਵੋਟ ਬੈਂਕ ਨਹੀਂ, ਸਗੋਂ ਸੱਤਾ ਦੀ ਲਾਲਸਾ ਰੱਖਣ ਵਾਲਾ ਸਮਾਜ ਵਜੋਂ ਉਭਰ ਰਿਹਾ ਹੈ। ਸੋਸ਼ਲ ਮੀਡੀਆ ਦੀ ਸਰਗਰਮੀ, ਦਲਿਤ ਬੁੱਧੀਜੀਵੀਆਂ ਦੀ ਜਾਗਰੂਕਤਾ ਅਤੇ ਸੰਵਿਧਾਨ ਦੀ ਰੱਖਿਆ ਦੇ ਨਾਅਰੇ ਨੇ ਦਲਿਤ ਸਮਾਜ ਨੂੰ ਆਪਣੀ ਰਾਜਨੀਤਕ ਤਾਕਤ ਦਾ ਅਹਿਸਾਸ ਕਰਵਾਇਆ ਜ਼ਰੂਰ ਕਰਵਾਇਆ ਹੈ ,ਪਰ ਦਲਿਤਾਂ ਕੋਲ ਹੁਣ ਕਾਂਸ਼ੀ ਰਾਮ ਵਰਗਾ ਸੂਝਵਾਨ ਸਿਆਸੀ ਲੀਡਰ ਨਹੀਂ ਹੈ,ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਪਾਰਟੀ ਦਾ ਏਜੰਡਾ ਬਣਾਕੇ ਉਭਰਿਆ ਸੀ। ਇਸ ਦੌਰ ਵਿੱਚ ਮੋਦੀ, ਰਾਹੁਲ ਗਾਂਧੀ, ਕੇਜਰੀਵਾਲ, ਅਖਿਲੇਸ਼ ਯਾਦਵ, ਤੇਜਸਵੀ ਯਾਦਵ ਅਤੇ ਅਸਦੁੱਦੀਨ ਓਵੈਸੀ ਵਰਗੇ ਆਗੂ ਅੰਬੇਦਕਰਵਾਦ ਦਾ ਝੰਡਾ ਚੁੱਕ ਰਹੇ ਹਨ। ਪਰ ਸਵਾਲ ਇਹ ਹੈ ਕਿ ਕੀ ਇਹ ਅੰਬੇਦਕਰਵਾਦ ਸੱਚਮੁੱਚ ਦਲਿਤ ਸਮਾਜ ਦੀ ਉਦਾਰਤਾ ਲਈ ਹੈ, ਜਾਂ ਸਿਰਫ ਸਿਆਸੀ ਮੁਨਾਫੇ ਦੀ ਖੇਡ ਹੈ ?

### ਬਾਬੇ ਕਾਂਸ਼ੀ ਰਾਮ ਦੀ ਵਿਰਾਸਤ : ਮਾਇਆਵਤੀ ਰਾਜਨੀਤੀ ਵਿਚ ਕਿਉਂ ਪੱਛੜੀ

ਬਾਬੇ ਕਾਂਸ਼ੀ ਰਾਮ ਨੇ 1980 ਦੇ ਦਹਾਕੇ ਵਿੱਚ ਬੀਐਸਪੀ ਦੀ ਸਥਾਪਨਾ ਕਰਕੇ ਦਲਿਤ ਸਮਾਜ ਨੂੰ ਸਿਆਸੀ ਤੌਰ ’ਤੇ ਜਾਗਰੂਕ ਕੀਤਾ। ਉਨ੍ਹਾਂ ਦੀ ਅਗਵਾਈ ਵਿੱਚ ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿੱਚ 2007 ਵਿੱਚ ਸਰਕਾਰ ਬਣਾਈ, ਜੋ ਦਲਿਤ ਸਿਆਸਤ ਦਾ ਸੁਨਹਿਰੀ ਦੌਰ ਸੀ। ਪਰ 2012 ਤੋਂ ਬਾਅਦ ਬੀਐਸਪੀ ਦੀ ਪ੍ਰਸੰਗਿਕਤਾ ਘਟਣ ਲੱਗੀ। ਮਾਇਆਵਤੀ ’ਤੇ ਭਾਜਪਾ ਨਾਲ ਸਮਝੌਤੇ ਅਤੇ ਲਾਲਸਾ ਦੇ ਇਲਜ਼ਾਮ ਲੱਗੇ। ਮਾਇਆਵਤੀ ਦੀ ਰਾਜਨੀਤੀ ਵਿਚ ਆਏ ਨਿਘਾਰ ਨੇ ਇਸ ਨਵੇਂ ਦੌਰ ਨੂੰ



ਜਨਮ ਦਿੱਤਾ, ਪਰ ਸੋਸ਼ਲ ਮੀਡੀਆ ’ਤੇ ਦਲਿਤ ਬੁੱਧੀਜੀਵੀਆਂ ਦੀ ਸਰਗਰਮੀ ਨੇ ਵੀ ਇਸ ਨੂੰ ਹੁਲਾਰਾ ਦਿੱਤਾ।

ਇਸ ਨੈਰਟਿਵ ਨੇ ਦਲਿਤ ਵੋਟਰਾਂ ਦਾ ਇੱਕ ਹਿੱਸਾ ਭਾਜਪਾ, ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵੱਲ ਖਿੱਚ ਲਿਆ। ਚੰਦਰਸ਼ੇਖਰ ਆਜ਼ਾਦ ਦੀ ਆਜ਼ਾਦ ਸਮਾਜ ਪਾਰਟੀ ਨੇ ਇਸ ਖਾਲੀਪਣ ਨੂੰ ਭਰਨ ਦੀ ਕੋਸ਼ਿਸ਼ ਕੀਤੀ, ਪਰ ਉਸ ’ਤੇ ਵੀ ਭਾਜਪਾ ਦੀ ‘ਬੀ ਟੀਮ’ ਹੋਣ ਦਾ ਠੱਪਾ ਲੱਗ ਗਿਆ। ਮਹਾਰਾਸ਼ਟਰ ਵਿੱਚ ਪ੍ਰਕਾਸ਼ ਅੰਬੇਦਕਰ ਅਤੇ ਰਾਮਦਾਸ ਅਠਾਵਲੇ ਦੀਆਂ ਪਾਰਟੀਆਂ ਵੀ ਮਜ਼ਬੂਤ ਆਧਾਰ ਨਹੀਂ ਬਣਾ ਸਕੀਆਂ। ਤਾਮਿਲਨਾਡੂ ਵਿੱਚ ਵੀ.ਸੀ.ਕੇ. ਵਰਗੀਆਂ ਦਲਿਤ ਪਾਰਟੀਆਂ ਦਾ ਅਸਰ ਸੀਮਤ ਰਿਹਾ ਹੈ। ਇਸ ਦੌਰ ਵਿੱਚ ਨਵੇਂ ਅੰਬੇਦਕਰਵਾਦੀ ਆਗੂਆਂ ਦਾ ਉਭਾਰ ਹੋਇਆ, ਪਰ ਰਾਜਨੀਤੀ ਵਿਚ ਉਭਰ ਨਹੀਂ ਸਕੇ।

### ਬਿਹਾਰ, ਪੰਜਾਬ, ਯੂਪੀ ਅਤੇ ਮਧ ਪ੍ਰਦੇਸ਼: ਦਲਿਤ ਰਾਜਨੀਤੀ ਦੀਆਂ ਚੁਣੌਤੀਆਂ

ਬਿਹਾਰ: ਬਿਹਾਰ ਵਿੱਚ ਦਲਿਤ ਸਮਾਜ ਦੀ ਆਬਾਦੀ 20 ਫੀਸਦੀ ਹੈ, ਅਤੇ ਇੱਥੇ ਦਲਿਤ ਰਾਜਨੀਤੀ ਦੀਆਂ ਤਿੰਨ ਪਾਰਟੀਆਂ ਹਨ: ਲੋਕ ਜਨਸ਼ਕਤੀ ਪਾਰਟੀ (ਰਾਮਵਿਲਾਸ), ਰਾਸ਼ਟਰੀਯ ਲੋਕ ਜਨਸ਼ਕਤੀ ਪਾਰਟੀ ਅਤੇ ਹਿੰਦੁਸਤਾਨ ਅਵਾਮ ਮੋਰਚਾ। ਚਿਰਾਗ ਪਾਸਵਾਨ, ਪਸ਼ੁਪਤੀ ਪਾਰਸ ਅਤੇ ਜੀਤਨ ਰਾਮ ਮਾਂਝੀ ਵਰਗੇ ਆਗੂ ਆਪਣੀ ਜਾਤੀ ਦੇ ਨਾਇਕ ਬਣ ਕੇ ਰਹਿ ਗਏ ਹਨ। ਇਹ ਆਗੂ ਸਮੁੱਚੇ ਦਲਿਤ ਸਮਾਜ ਦੀ ਬਜਾਏ ਆਪਣੀ ਜਾਤੀ ਅਤੇ ਪਰਿਵਾਰ ਦੀ ਸਿਆਸਤ ਨੂੰ ਪਹਿਲ ਦਿੰਦੇ ਹਨ। ਇਸ ਕਾਰਨ ਵੱਡੀਆਂ ਪਾਰਟੀਆਂ ਇਨ੍ਹਾਂ ਨੂੰ ਸੀਮਤ ਅਸਰ ਵਾਲੇ ਸਹਿਯੋਗੀ ਵਜੋਂ ਵਰਤਦੀਆਂ ਹਨ। ਹਾਲ ਹੀ ਵਿੱਚ ਚੰਦਰ ਸ਼ੇਖਰ ਆਜ਼ਾਦ ਦੀ ਐਂਟਰੀ ਨੇ ਬਿਹਾਰ ਦੀ ਦਲਿਤ ਸਿਆਸਤ ਵਿੱਚ ਨਵਾਂ ਮੋੜ ਲਿਆਂਦਾ ਹੈ, ਪਰ ਇਸ ਦਾ ਅਸਰ ਅਜੇ ਸਪੱਸ਼ਟ ਨਹੀਂ ਹੈ।

ਪੰਜਾਬ: ਪੰਜਾਬ ਵਿੱਚ ਦਲਿਤ ਆਬਾਦੀ ਸਭ ਤੋਂ ਵੱਧ (31.9 ਫੀਸਦੀ) ਹੈ, ਪਰ ਇੱਥੇ ਦਲਿਤ ਰਾਜਨੀਤੀ ਪਛੜੀ ਹੋਈ ਹੈ। ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ ਦਲਿਤ ਸਮਾਜ ਵਿੱਚ ਸਵੈਮਾਣ ਦੀ ਭਾਵਨਾ ਜਾਗੀ, ਪਰ ਇਹ ਸਿਆਸੀ ਤੌਰ ’ਤੇ ਮਜ਼ਬੂਤ ਆਧਾਰ ਨਹੀਂ ਬਣਾ ਸਕੀ। ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਸਿੱਖ ਸਿਆਸਤ ’ਤੇ ਜ਼ੋਰ ਦਿੰਦੀਆਂ ਹਨ, ਪਰ ਦਲਿਤ ਮੁੱਦਿਆਂ ਨੂੰ ਮੁੱਖ ਧਾਰਾ ਵਿੱਚ ਨਹੀਂ ਲਿਆ ਸਕੀਆਂ ਜਦ ਕਿ ਇਹ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਸੀ ਕਿ ਗਰੀਬਾਂ, ਦਲਿਤਾਂ, ਪਛੜਿਆਂ ਦੀ ਬਾਂਹ ਫੜਨੀ। ਅਕਾਲੀ ਰਾਜਨੀਤੀ ਨੇ ਮਜਹਬੀ ਸਿਖਾਂ ਨੂੰ ਵੀ ਨਹੀਂ ਉਭਰਨ ਦਿਤਾ ਜਦਕਿ ਅਕਾਲੀ ਰਾਜਨੀਤੀ ਦੀ ਸ਼ੁਰੂਆਤ ਵਿਚ ਰਾਮਦਾਸੀਆ, ਮਜਹਬੀ ਅਕਾਲੀ ਲੀਡਰਸ਼ਿਪ ਵਿਚ ਅਹਿਮ ਥਾਂ ਰਖਦੇ ਸਨ।

ਉੱਤਰ ਪ੍ਰਦੇਸ਼: ਯੂਪੀ ਵਿੱਚ 19 ਫੀਸਦੀ ਦਲਿਤ ਆਬਾਦੀ ਹੈ, ਅਤੇ ਇਹ ਸੂਬਾ ਬੀਐਸਪੀ ਦਾ ਗੜ੍ਹ ਰਿਹਾ ਹੈ। ਪਰ ਮਾਇਆਵਤੀ ਦੀ ਰਾਜਨੀਤੀ ਦੇ ਨਿਘਾਰ ਅਤੇ ਭਾਜਪਾ ਨਾਲ ਸਮਝੌਤੇ ਦੇ ਇਲਜ਼ਾਮ ਨੇ ਬੀਐਸਪੀ ਦੇ ਵੋਟ ਬੈਂਕ ਨੂੰ ਖਿੱਲਾਰ ਦਿੱਤਾ। ਅਖਿਲੇਸ਼ ਯਾਦਵ ਨੇ ਪੀਡੀਏ ਨਾਅਰੇ ਨਾਲ ਦਲਿਤ-ਪਛੜਾ-ਅਲਪਸੰਖਿਆਕ ਏਕਤਾ ਦੀ ਕੋਸ਼ਿਸ਼ ਕੀਤੀ, ਜਿਸ ਦਾ ਅਸਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵਿਖਾਈ ਦਿੱਤਾ, ਜਿੱਥੇ ਸਪਾ-ਕਾਂਗਰਸ ਗਠਜੋੜ ਨੇ 43 ਸੀਟਾਂ ਜਿੱਤੀਆਂ। ਭਾਜਪਾ ਦੇ ਸਵਰਨ ਆਗੂਆਂ, ਖਾਸ ਕਰਕੇ ਯੋਗੀ ਆਦਿਤਿਆਨਾਥ ਦੀ ਅਗਵਾਈ ਨੇ ਵੀ ਦਲਿਤ ਵੋਟਾਂ ਨੂੰ ਵੰਡਿਆ।

ਮਧ ਪ੍ਰਦੇਸ਼: ਮਧ ਪ੍ਰਦੇਸ਼ ਵਿੱਚ ਦਲਿਤ ਰਾਜਨੀਤੀ ਮੁੱਖ ਧਾਰਾ ਵਿੱਚ ਨਹੀਂ ਉਭਰ ਸਕੀ। ਭਾਜਪਾ ਅਤੇ ਕਾਂਗਰਸ ਦੀ ਸਵਰਨ ਅਤੇ ਪਛੜੀ ਜਾਤੀਆਂ ਦੀ ਸਿਆਸਤ ਨੇ ਦਲਿਤ ਆਗੂਆਂ ਨੂੰ ਸੀਮਤ ਕਰ ਦਿੱਤਾ। ਇੱਥੇ ਵੀ ਸੋਸ਼ਲ ਮੀਡੀਆ ’ਤੇ ਦਲਿਤ ਜਾਗਰੂਕਤਾ ਵਧੀ ਹੈ, ਪਰ ਇਸ ਦਾ ਸਿਆਸੀ ਅਸਰ ਸੀਮਤ ਹੈ। ਦਲਿਤ ਸਮਾਜ ਦਾ ਸਮਾਜਿਕ ਅਤੇ ਰਾਜਨੀਤਕ ਸ਼ੋਸ਼ਣ ਸਦੀਆਂ ਤੋਂ ਜਾਰੀ ਹੈ। ਵਰਣ ਵਿਵਸਥਾ ਨੇ ਦਲਿਤਾਂ ਨੂੰ ਸਮਾਜ ਦੇ ਸਭ ਤੋਂ ਹੇਠਲੇ ਪਾਏ ’ਤੇ ਰੱਖਿਆ, ਅਤੇ ਸੰਵਿਧਾਨਕ ਅਧਿਕਾਰਾਂ ਦੇ ਬਾਵਜੂਦ, ਉਨ੍ਹਾਂ ਨੂੰ ਆਰਥਿਕ ਅਤੇ ਸਮਾਜਿਕ ਸਰੋਤਾਂ ਤੋਂ ਵਾਂਝਾ ਰੱਖਿਆ ਗਿਆ। ਸਿਆਸੀ ਪਾਰਟੀਆਂ ਨੇ ਦਲਿਤਾਂ ਨੂੰ ਵੋਟ ਬੈਂਕ ਦੇ ਰੂਪ ਵਿੱਚ ਵਰਤਿਆ, ਪਰ ਉਨ੍ਹਾਂ ਦੇ ਸਮਾਜਿਕ ਸ਼ੋਸ਼ਣ ਨੂੰ ਖਤਮ ਕਰਨ ਲਈ ਠੋਸ ਕਦਮ ਨਹੀਂ ਚੁੱਕੇ।

### ਮਹਾਰਾਸ਼ਟਰ ਵਿਚ ਦਲਿਤ ਸਮਾਜ ਦੀ ਸਥਿਤੀ

ਮਹਾਰਾਸ਼ਟਰ ਵਿੱਚ ਦਲਿਤ ਸਿਆਸਤ ਦਾ ਮੁੱਖ ਕੇਂਦਰ ਅੰਬੇਡਕਰਵਾਦੀ ਲਹਿਰ ਰਿਹਾ ਹੈ, ਜੋ ਡਾ. ਬੀ.ਆਰ. ਅੰਬੇਡਕਰ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੈ। ਇਸ ਨੇ ਦਲਿਤਾਂ ਨੂੰ ਸੰਗਠਿਤ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਸਿਆਸੀ ਮੰਚ ’ਤੇ ਉਠਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਰਿਪਬਲੀਕਨ ਪਾਰਟੀ ਆਫ ਇੰਡੀਆ (ਆਰ. ਪੀ. ਆਈ.) ਅਤੇ ਇਸ ਦੀਆਂ ਵੱਖ-ਵੱਖ ਧੜੇਬੰਦੀਆਂ ਦਲਿਤ ਸਿਆਸਤ ਦੀ ਨੁਮਾਇੰਦਗੀ ਕਰਦੀਆਂ ਹਨ, ਪਰ ਇਨ੍ਹਾਂ ਦੀ ਏਕਤਾ ਦੀ ਘਾਟ ਨੇ ਪ੍ਰਭਾਵ ਨੂੰ ਘਟਾਇਆ ਹੈ। ਬਹੁਜਨ ਸਮਾਜ ਪਾਰਟੀ ਵਰਗੀਆਂ ਪਾਰਟੀਆਂ ਨੇ ਵੀ ਦਲਿਤ ਵੋਟਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਹਾਰਾਸ਼ਟਰ ਵਿੱਚ ਇਸ ਦਾ ਪ੍ਰਭਾਵ ਉੱਤਰ ਪ੍ਰਦੇਸ਼ ਜਿੰਨਾ ਮਜ਼ਬੂਤ ਨਹੀਂ। ਦਲਿਤ ਨੌਜਵਾਨ ਅਤੇ ਸਮਾਜਿਕ ਲਹਿਰਾਂ, ਜਿਵੇਂ ਕਿ ਦਲਿਤ ਪੈਂਥਰ ਦੀ ਵਿਰਾਸਤ ਅਤੇ ਭੀਮ ਆਰਮੀ ਵਰਗੇ ਸੰਗਠਨ, ਸਮਾਜਿਕ ਨਿਆਂ ਅਤੇ ਸਿਆਸੀ ਹੱਕਾਂ ਲਈ ਸੰਘਰਸ਼ ਜਾਰੀ ਰੱਖਦੇ ਹਨ। ਮੁੱਖਧਾਰਾ ਪਾਰਟੀਆਂ ਜਿਵੇਂ ਕਾਂਗਰਸ, ਭਾਜਪਾ ਅਤੇ ਸ਼ਿਵ ਸੈਨਾ ਵੀ ਦਲਿਤ ਵੋਟਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਪਰ ਅਕਸਰ ਇਹ ਸਿਰਫ਼ ਵੋਟਬੈਂਕ ਸਿਆਸਤ ਤੱਕ ਸੀਮਤ ਰਹਿੰਦੀ ਹੈ।

## ਸਿੱਖੀ ਅਤੇ ਦਲਿਤ ਉਦਾਰਤਾ: ਪੰਥਕ ਸੰਸਥਾਵਾਂ ਦੀ ਭੂਮਿਕਾ ਅਤੇ ਸੰਭਾਵਨਾਵਾਂ

ਸਿੱਖ ਧਰਮ ਦੀ ਸਥਾਪਨਾ ਸਮਾਜਿਕ ਸਮਾਨਤਾ ਦੇ ਸਿਧਾਂਤ ’ਤੇ ਹੋਈ ਸੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਦੇ ਭੇਦਭਾਵ ਨੂੰ ਰੱਦ ਕਰਦਿਆਂ ਸਮਾਜ ਨੂੰ ਇੱਕ ਸੂਤਰ ਵਿੱਚ ਪਰੋਇਆ। ਸਿੱਖ ਸਿਆਸਤ ਅਤੇ ਧਰਮ ਦੀਆਂ ਜੜ੍ਹਾਂ ਵਿੱਚ ਦਲਿਤ ਸਮਾਜ ਦੀ ਉਦਾਰਤਾ ਦੀ ਸੰਭਾਵਨਾ ਮੌਜੂਦ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਸਾਮਰਾਜ ਵਿੱਚ ਸਿੱਖ, ਹਿੰਦੂ, ਮੁਸਲਮਾਨ ਅਤੇ ਦਲਿਤ ਸਮਾਜ ਦੇ ਲੋਕਾਂ ਨੂੰ ਬਰਾਬਰ ਦਾ ਮੌਕਾ ਮਿਲਿਆ। ਪਰ ਅਜੋਕੇ ਸਮੇਂ ਵਿੱਚ ਸਿੱਖ ਸਿਆਸਤ, ਖਾਸ ਕਰਕੇ ਅਕਾਲੀ ਦਲ, ਸਿੱਖ ਬਹੁਗਿਣਤੀ ਅਤੇ ਖੇਤਰੀ ਮੁੱਦਿਆਂ ’ਤੇ ਕੇਂਦਰਿਤ ਹੈ, ਜਿਸ ਕਾਰਨ ਦਲਿਤ ਮੁੱਦੇ ਪਿਛੇ ਰਹਿ ਗਏ ਹਨ। ਪੰਜਾਬ ਵਿੱਚ ਦਲਿਤਾਂ ਦੀ ਵੱਡੀ ਆਬਾਦੀ ਦੇ ਬਾਵਜੂਦ, ਉਨ੍ਹਾਂ ਦੀ ਸਿਆਸੀ ਹਿਸੇਦਾਰੀ ਸੀਮਤ ਹੈ। ਪੰਥਕ ਸੰਸਥਾਵਾਂ, ਜਿਵੇਂ ਸ਼੍ਰੋਮਣੀ ਕਮੇਟੀ , ਨੂੰ ਦਲਿਤ ਸਮਾਜ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ। ਪੰਥਕ ਸੰਸਥਾਵਾਂ ਨੂੰ ਦਲਿਤ ਸਮਾਜ ਦੀ ਸਿੱਖਿਆ ਅਤੇ ਸਮਾਜਿਕ ਜਾਗਰੂਕਤਾ ਲਈ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ। ਅਕਾਲੀ ਦਲ ਅਤੇ ਹੋਰ ਪੰਥਕ ਸੰਸਥਾਵਾਂ ਨੂੰ ਦਲਿਤ ਸਮਾਜ ਦੇ ਨੌਜਵਾਨ ਆਗੂਆਂ ਨੂੰ ਅੱਗੇ ਲਿਆਉਣਾ ਚਾਹੀਦਾ। ਗੁਰਦੁਆਰਿਆਂ ਅਤੇ ਪੰਥਕ ਸਮਾਗਮਾਂ ਵਿੱਚ ਦਲਿਤ ਸਮਾਜ ਦੀ ਭਾਗੀਦਾਰੀ ਨੂੰ ਵਧਾਉਣ ਲਈ ਖਾਸ ਉਪਰਾਲੇ ਕਰਨੇ ਚਾਹੀਦੇ। ਪੰਚਾਇਤੀ ਜ਼ਮੀਨ ਅਤੇ ਹੋਰ ਸਰੋਤਾਂ ਦੀ ਵੰਡ ਵਿੱਚ ਦਲਿਤਾਂ ਦੇ ਹੱਕ ਨੂੰ ਯਕੀਨੀ ਬਣਾਉਣ ਲਈ ਸੰਘਰਸ਼ ਕਰਨਾ ਚਾਹੀਦਾ।

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–10**

**ਡਾ: ਕਿਰਨਪ੍ਰੀਤ ਕੌਰ ਬਾਠ**



**ਜਦੋਂ ਅਸੀਂ ਐਨ. ਆਰ. ਆਈ. ਸਰਾਵਾਂ ਬਣਾ ਲਈਆਂ, ਗੁਰਦੁਆਰਿਆਂ ਨੂੰ ਅਮੀਰ–ਗ਼ਰੀਬ ਵਿੱਚ ਵੰਡ ਲਿਆ, ਗੁਰੂ ਕੇ ਲੰਗਰ ਨੂੰ ਮਾਤਰ ਵਿਖਾਵਾ ਬਣਾ ਲਿਆ, ਓਹਨਾਂ ਲੋਕਾਂ ਕੋਲ਼ੋਂ ਇਸ ਦੀ ਬੇਅਦਬੀ ਕਰਵਾਈ ਲਈ ਜਿਨ੍ਹਾਂ ਨੂੰ ਇਹ ਸਾਰ ਹੀ ਨਹੀਂ ਕਿ ਗੁਰੂ ਕੇ ਲੰਗਰ ਦਾ ਦਾਲ–ਫੁਲਕਾ ਅੰਮ੍ਰਿਤ ਵਾਂਗ ਕੰਮ ਕਰਦਾ ਹੈ ਤਾਂ ਅਸੀਂ ਕਿੰਝ ਸੋਚ ਸਕਦੇ ਹਾਂ ਕਿ ਹਲੇਮੀ ਰਾਜ ਦੇ ਪਾਤਸ਼ਾਹੀ ਦਾਅਵੇ ਉੱਤੇ ਸਾਡਾ ਹੱਕ ਹੈ। ਵੰਡੀਆਂ ਵਿੱਚ ਪਿਆ ਸਮਾਜ ਪਹਿਲਾਂ ਵੀ ਦੁਨਿਆਵੀ ਬਾਦਸ਼ਾਹਾਂ ਤੋਂ ਕੁੱਟ ਹੀ ਖਾਂਦਾ ਸੀ ਅਤੇ ਹੁਣ ਵੀ ਖਾ ਰਿਹਾ। ਸਿੱਖਾਂ ਲਈ ਇਹ ਜ਼ਿਆਦਾ ਇਸ ਲਈ ਹੈ ਕਿਉਂਕਿ ਸਿੱਖਾਂ ਨੇ ਆਪਣੇ ਪਿਤਾ ਨੂੰ ਨਕਾਰਨ ਦਾ ਗ਼ੁਨਾਹ ਕੀਤਾ ਹੈ। ਜੇ ਅਸੀਂ ਅੱਜ ਵੀ ਨਾ ਸੰਭਲ਼ੇ ਤਾਂ ਉਹ ਦਿਨ ਦੂਰ ਨਹੀਂ ਜਦ ਸਾਡਾ ਵਜੂਦ ਇੱਕ ਹਾਸੋਹੀਣੀ ਜਿਹੀ ਗੱਲ ਹੋ ਕੇ ਰਹਿ ਜਾਵੇਗਾ।**

ਅਫ਼ਸੋਸ ਕਿ ਅਸੀਂ ਲੰਗਰ ਜਿਹੀ ਮਹਾਨ ਸੰਸਥਾ ਨੂੰ ਸੜਕਾਂ ਵਿੱਚ ਰੋਲ ਦਿੱਤਾ। ਗੁਰੂ ਸਾਹਿਬ ਵੀ ਇਹ ਕਹਿ ਸਕਦੇ ਸਨ ਕਿ ਲੰਗਰ ਅਕਬਰ ਦੇ ਕਾਫ਼ਲੇ ਦੇ ਡੇਰੇ ਤਕ ਪਹੁੰਚਦਾ ਕਰ ਦੇਵੋ ਤਾਂ ਜੋ ਉਹ ਓਥੋਂ ਹੀ ਲੰਗਰ ਛਕ ਗੁਰੂ ਦੇ ਦਰਸ਼ਨਾਂ ਨੂੰ ਆ ਜਾਵੇ, ਪਰ ਲੰਗਰ ਦੀ ਮਰਿਆਦਾ ਇਹ ਹੈ ਹੀ ਨਹੀਂ। ਅੱਜ ਵੀ ਜਿੱਥੇ ਅਮੀਰੀ–ਗ਼ਰੀਬੀ ਦੀ ਵੰਡ ਹੈ, ਓਥੇ ਆਮ ਵੇਖਣ ਨੂੰ ਮਿਲਦਾ ਹੈ ਕਿ ਅਮੀਰਾਂ ਦੇ ਖਾਣ ਵਾਲ਼ੇ ਟੇਬਲ, ਓਹਨਾਂ ਦੀਆਂ ਥਾਂਵਾਂ, ਓਹਨਾਂ ਦੇ ਪਕਵਾਨ ਵੱਖਰੇ ਹਨ। ਪਰ ਗੁਰੂ ਨਾਨਕ ਸਾਹਿਬ ਦੇ ਲੰਗਰ ਨੇ ਇਹ ਸਭ ਵਿਤਕਰੇ ਮਿਟਾਏ ਸੀ ਜੋ ਅਸੀਂ ਅੱਜ ਲੰਗਰ ਹਾਲ ਤਕ ਫਿਰ ਮੁੜ ਲੈ ਆਏ ਹਾਂ। ਖ਼ਾਸ ਕਰ ਕੇ ਬਾਹਰ ਰਹਿੰਦੇ ਸਿੱਖ, ਜਿਨ੍ਹਾਂ ਨੂੰ ਸ਼ਾਇਦ ਇਹ ਹੰਕਾਰ ਹੋ ਚੱਲਿਆ ਹੈ ਕਿ ਉਹ ਗੁਰੂ ਤੋਂ ਵੱਡੇ ਹੋ ਗਏ ਹਨ ਅਤੇ ਹਰ ਮਰਿਆਦਾ ਨੂੰ ਆਪ ਨਵੇਂ ਸਿਰੇ ਤੋਂ ਪ੍ਰਭਾਸ਼ਿਤ ਕਰ ਸਕਦੇ ਹਨ। ਜ਼ਰਾ ਸੋਚੋ ਜਦ ਅਕਬਰ ਨੇ ਆਮ ਸੰਗਤ ਨਾਲ਼ ਬੈਠ ਲੰਗਰ ਛਕਿਆ ਹੋਵੇਗਾ ਤਾਂ ਉਸ ਦੇ ਮਨ ਵਿੱਚ ਜੋ ਨਿਮਰਤਾ ਭਰੀ ਗਈ ਹੋਵੇਗੀ ਉਹ ਤਾਂ ਹੈ ਹੀ, ਪਰ ਸਿੱਖਾਂ ਦਾ ਆਤਮ–ਵਿਸ਼ਵਾਸ ਕਿਸ ਪੱਧਰ ਉੱਪਰ ਚੁੱਕਿਆ ਗਿਆ ਹੋਵੇਗਾ ਕੇ ਸਾਡੇ ਗੁਰੂ ਲਈ ਸਭ ਬਰਾਬਰ ਹਨ ਅਤੇ ਸਾਡੇ ਗੁਰੂ ਲਈ ਸਿਰਫ਼ ਇੱਕ ਅਕਾਲ ਦਾ ਤਖ਼ਤ ਹੀ ਮੰਨਣਯੋਗ ਹੈ, ਬਾਕੀ ਕੋਈ ਵੀ ਦੁਨਿਆਵੀ ਤਖ਼ਤ ਸਾਹਮਣੇ ਅਸੀਂ ਨਹੀਂ ਝੁਕਣਾ। ਇਹ ਗੁਰਸਿੱਖਾਂ ਨੂੰ ਸੱਚੇ ਤਖ਼ਤ, ਸੱਚੇ ਰਾਜ ਅਤੇ ਸੱਚੇ ਰਾਜੇ ਦੇ ਸੰਕਲਪ ਦਾ ਅਭਿਆਸ ਕਰਵਾਉਣਾ ਹੀ ਸੀ। ਗੁਰਬਾਣੀ ਦੇ ਆਸ਼ੇ ਨੂੰ ਅਮਲੀ ਰੂਪ ਵਿੱਚ ਸਮਝਣਾ ਕਿ ਸਿੱਖਾਂ ਦਾ ਕੇਵਲ ਇੱਕ ਰਾਜਾ ਹੋ ਸਕਦਾ ਹੈ ਜੋ ਅਕਾਲ ਹੈ, ਅਜੇ ਹੈ, ਅਭੈ ਹੈ:

**ਕੋਊ ਹਰਿ ਸਮਾਨਿ ਨਹੀ ਰਾਜਾ ॥**
**ਏ ਭੂਪਤਿ ਸਭ ਦਿਵਸ ਚਾਰਿ ਕੇ**
**ਝੂਠੇ ਕਰਤ ਦਿਵਾਜਾ ॥1॥ ਰਹਾਉ ॥**

(ਅੰਗ 856)

ਜਦੋਂ ਅਸੀਂ ਐਨ. ਆਰ. ਆਈ. ਸਰਾਵਾਂ ਬਣਾ ਲਈਆਂ, ਗੁਰਦੁਆਰਿਆਂ ਨੂੰ ਅਮੀਰ–ਗ਼ਰੀਬ ਵਿੱਚ ਵੰਡ ਲਿਆ, ਗੁਰੂ ਕੇ ਲੰਗਰ ਨੂੰ ਮਾਤਰ ਵਿਖਾਵਾ ਬਣਾ ਲਿਆ, ਓਹਨਾਂ ਲੋਕਾਂ ਕੋਲ਼ੋਂ ਇਸ ਦੀ ਬੇਅਦਬੀ ਕਰਵਾਈ ਲਈ ਜਿਨ੍ਹਾਂ ਨੂੰ ਇਹ ਸਾਰ ਹੀ ਨਹੀਂ ਕਿ ਗੁਰੂ ਕੇ ਲੰਗਰ ਦਾ ਦਾਲ–ਫੁਲਕਾ ਅੰਮ੍ਰਿਤ ਵਾਂਗ ਕੰਮ ਕਰਦਾ ਹੈ ਤਾਂ ਅਸੀਂ ਕਿੰਝ ਸੋਚ ਸਕਦੇ ਹਾਂ ਕਿ ਹਲੇਮੀ ਰਾਜ ਦੇ ਪਾਤਸ਼ਾਹੀ ਦਾਅਵੇ ਉੱਤੇ ਸਾਡਾ ਹੱਕ ਹੈ। ਵੰਡੀਆਂ ਵਿੱਚ ਪਿਆ ਸਮਾਜ ਪਹਿਲਾਂ ਵੀ ਦੁਨਿਆਵੀ ਬਾਦਸ਼ਾਹਾਂ ਤੋਂ ਕੁੱਟ ਹੀ ਖਾਂਦਾ ਸੀ ਅਤੇ ਹੁਣ ਵੀ ਖਾ ਰਿਹਾ। ਸਿੱਖਾਂ ਲਈ ਇਹ ਜ਼ਿਆਦਾ ਇਸ ਲਈ ਹੈ ਕਿਉਂਕਿ ਸਿੱਖਾਂ ਨੇ ਆਪਣੇ ਪਿਤਾ ਨੂੰ ਨਕਾਰਨ ਦਾ ਗ਼ੁਨਾਹ ਕੀਤਾ ਹੈ। ਜੇ ਅਸੀਂ ਅੱਜ ਵੀ ਨਾ ਸੰਭਲ਼ੇ ਤਾਂ ਉਹ ਦਿਨ ਦੂਰ ਨਹੀਂ ਜਦ ਸਾਡਾ ਵਜੂਦ ਇੱਕ ਹਾਸੋਹੀਣੀ ਜਿਹੀ ਗੱਲ ਹੋ ਕੇ ਰਹਿ ਜਾਵੇਗਾ।

### ਗੁਰੂ ਰਾਮ ਦਾਸ ਸਾਹਿਬ

ਗੁਰੂ ਨਾਨਕ ਨੇ ਲੋਕਾਈ ਨੂੰ ਹੋਕਾ ਦੇ ਗੂੜੀ ਨੀਂਦ ਵਿੱਚੋਂ ਉਠਾਇਆ ਸੀ, ਓਹਨਾਂ ਵਿੱਚੋਂ ਜੋ ਗੁਰੂ ਨਾਨਕ ਸਾਹਿਬ ਦੇ ਹਲੇਮੀ–ਰਾਜ ਵੱਲ ਵਧਣ ਨੂੰ ਤਿਆਰ ਹੋਏ ਉਹ ਗੁਰਸਿੱਖ ਹੋ ਗਏ। ਉਹਨਾਂ ਗੁਰਸਿੱਖਾਂ ਲਈ ਇਸ ਸੰਕਲਪ ਨੂੰ ਜਿਊਣ ਲਈ ਜ਼ਰੂਰੀ ਸੀ ਉਹਨਾਂ ਵਿੱਚ ਆਤਮਿਕ ਅਤੇ ਸਰੀਰਕ ਬਲ਼ ਪੈਦਾ ਕਰਨਾ। ਇਹ ਕਾਰਜ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਸਾਹਿਬ ਨੇ ਸੰਪੂਰਨ ਕੀਤਾ। ਮੱਲ ਅਖਾੜੇ, ਗੁਰਮੁਖੀ ਅਤੇ ਗੁਰਬਾਣੀ ਦਾ ਗਿਆਨ, ਬਾਉਲੀ ਅਤੇ ਲੰਗਰ ਜਿਹੇ ਛੂਤ–ਛਾਤ ਦੀਆਂ ਸਮਾਜਿਕ ਵੰਡੀਆਂ ਨੂੰ ਖ਼ਤਮ ਕਰਦੇ ਢਾਂਚੇ, ਮੰਝੀ ਅਤੇ ਪੀੜੀ ਸਿਸਟਮ ਤਹਿਤ ਜਥੇਬੰਦਕ ਰੂਪ ਵਿੱਚ ਤੁਰਨ ਦਾ ਮੁੱਢਲਾ ਅਭਿਆਸ, ਦੁਨਿਆਵੀ ਤਖ਼ਤ ਸਾਹਮਣੇ ਅਕਾਲ ਦੇ ਤਖ਼ਤ ਦੀ ਮਹਿਮਾ ਵਿੱਚ ਭਿੱਜੇ ਰਹਿਣ ਦਾ ਰਸ ਗੁਰਸਿੱਖਾਂ ਨੂੰ ਤੀਸਰੇ ਪਾਤਸ਼ਾਹ ਤਕ ਆ ਗਿਆ ਸੀ। ਹੁਣ ਵੇਲ਼ਾ ਸੀ ਗੁਰੂ ਨਾਨਕ ਸਾਹਿਬ ਵੱਲੋਂ ਨਿਸ਼ਾਨਦੇਹੀ ਕੀਤੀ ਹੋਈ ਜਗ੍ਹਾ ਉੱਤੇ ਸਿੱਖਾਂ ਦੇ ਹਲੇਮੀ–ਰਾਜ ਦੀ ਰਾਜਧਾਨੀ ਦੀ ਉਸਾਰੀ:

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ**
**ਸਤਿਗੁਰੂ ਕਹਾਵੈ॥**
**ਪੂਰਨ ਤਾਲ ਖਟਾਇਆ**
**ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥**

(ਭਾਈ ਗੁਰਦਾਸ ਵਾਰ 1)


### ਗੁਰੂ ਅਮਰਦਾਸ ਸਾਹਿਬ ਦੇ ਹੁਕਮ ’ਤੇ ਅੰਮ੍ਰਿਤਸਰ ਸਾਹਿਬ ਵਸਾਉਣਾ:

ਗੁਰੂ ਅਮਰਦਾਸ ਸਾਹਿਬ ਨੇ ਇਹ ਅਨੁਭਵ ਕਰ ਲਿਆ ਸੀ ਕਿ ਗੋਇੰਦਵਾਲ ਬਿਆਸ ਦੇ ਤੱਟ ਦੇ ਹੋਣ ਕਾਰਨ ਲਾਂਘਾ ਜਿਹਾ ਬਣ ਗਿਆ ਸੀ ਅਤੇ ਹੁਕਮਰਾਨ, ਸ਼ਾਹ, ਫ਼ੌਜਾਂ, ਵਪਾਰੀਆਂ ਦੀ ਨਿੱਤ ਆਵਾਜਾਈ ਕਾਰਨ ਇਹਨਾਂ ਦੀਆਂ ਅੱਖਾਂ ਵਿੱਚ ਰੜਕਦਾ ਵੀ ਸੀ। ਸੋ ਗੁਰੂ ਅਮਰਦਾਸ ਸਾਹਿਬ ਨੇ ਪੰਥ ਲਈ ਇੱਕ ਰਾਜਧਾਨੀ ਉਸਾਰਨ ਦੀ ਲੋੜ ਨੂੰ ਸਮਝਦੇ ਆਪ ਗੁਰੂ ਰਾਮਦਾਸ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਵੱਲੋਂ ਗੁਰੂ ਅੰਗਦ ਸਾਹਿਬ ਨੂੰ ਦੱਸੀ ਹੋਈ ਜਗ੍ਹਾ ਉੱਤੇ ਲੈ ਕੇ ਜਾਇਆ ਗਿਆ। ਮਹਿਮਾ ਪ੍ਰਕਾਸ਼ ਗ੍ਰੰਥ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ :

**ਗੁਰੂ ਨਾਨਕ ਗੁਰੂ ਅੰਗਦ ਖਾਸ।**
**ਅਮਰ ਦੇਵ ਸ੍ਰੀ ਗੁਰੂ ਰਾਮ ਦਾਸ।**
**ਚਾਰੋਂ ਗੁਰ ਕੀ ਮਰਜੀ ਸੰਗਾ।**
**ਪ੍ਰਗਟਾਉਂ ਤੀਰਥ ਇਹ ਚੰਗਾ।**
**(ਮਹਿਮਾ ਪ੍ਰਕਾਸ਼, ਸਾਖੀ ਪਾਤਸ਼ਾਹ ਪੰਜਵੇਂ ਕੀ)**

ਅਕਸਰ ਇਹ ਵੀ ਭੁਲੇਖਾ ਪਾਇਆ ਜਾਂਦਾ ਹੈ ਕਿ ਗੁਰੂ ਸਾਹਿਬ ਨੂੰ ਇਹ ਜਗ੍ਹਾ ਅਕਬਰ ਨੇ ਦਿੱਤੀ ਸੀ। ਭਲਾ ਗੁਰੂ ਨੂੰ ਕੋਈ ਕੀ ਦੇ ਸਕਦਾ ਹੈ? ਇੱਥੇ ਤਾਂ ਗੱਲ ਹੀ ਸਿੱਖਾਂ ਦੀ ਰਾਜਧਾਨੀ ਉਸਾਰਨ ਦੀ ਸੀ। ‘ਗਜ਼ਟੀਅਰ ਅੰਮ੍ਰਿਤਸਰ’ ਦੇ ਅਨੁਸਾਰ ਪਿੰਡ ਤੁੰਗ ਦੇ ਜ਼ਿੰਮੀਦਾਰਾਂ ਤੋਂ ਗੁਰੂ ਸਾਹਿਬ ਨੇ ਇਹ ਜਗ੍ਹਾ ਸੱਤ ਸੌ ਅਕਬਰੀ ਮੋਹਰਾਂ ਤਾਰ ਕੇ ਖ਼ਰੀਦੀ ਸੀ। ਇਤਿਹਾਸਕ ਹਵਾਲ਼ਿਆਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਅਮਰਦਾਸ ਸਾਹਿਬ ਦੇ ਸਮੇਂ ਤੋਂ ਹੀ ਇਸ ਨਗਰ ਦੀ ਉਸਾਰੀ ਸ਼ੁਰੂ ਹੋ ਗਈ ਸੀ। 1573 ਈ: ਦੇ ਸ਼ੁਰੂਆਤੀ ਵਰ੍ਹਿਆਂ ਵਿੱਚ ਜਿੱਥੇ ਪਹਿਲਾਂ ਰਹਿਣ ਲਈ ਘਰ ਬਣਾਏ ਗਏ ਉਹਨਾਂ ਨੂੰ ‘ਗੁਰੂ ਕੇ ਮਹਿਲ’ ਕਿਹਾ ਗਿਆ ਅਤੇ ਨਾਲ਼ ਲੱਗਦਾ ਜੋ ਵਪਾਰਕ ਕੇਂਦਰ ਉਸਾਰਿਆ, ਉਸ ਨੂੰ ‘ਗੁਰੂ ਕਾ ਬਜ਼ਾਰ’ ਕਹਿ ਕੇ ਸੰਬੋਧਨ ਕੀਤਾ ਗਿਆ। ਗੁਰੂ ਰਾਮਦਾਸ ਜੀ ਗੁਰੂ ਤਖ਼ਤ ’ਤੇ ਬਿਰਾਜਮਾਨ ਹੋਣ ਦੇ ਕੁਝ ਸਮੇਂ ਤਕ ਗੋਇੰਦਵਾਲ ਸਾਹਿਬ ਵਿਖੇ ਸਿੱਖ ਸੰਗਤਾਂ ਨੂੰ ਸੰਗਠਿਤ ਕਰਦੇ ਰਹੇ ਅਤੇ ਫਿਰ ਗੁਰੂ ਕੇ ਮਹਿਲ ਆ ਗਏ ਜਿੱਥੇ ਅੰਮ੍ਰਿਤਸਰ ਦੇ ਵਸੇਬੇ ਦਾ ਕੰਮ ਅੱਗੇ ਤੋਰਿਆ।

ਇਸ ਨਗਰ ਦਾ ਨਕਸ਼ਾ ਅਤੇ ਵਿਓਂਤ ਬੰਦੀ ਵੇਖ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਿਸੇ ਨਿਰੋਲ ਸਾਧ–ਸੰਤ ਦਾ ਕੰਮ ਨਹੀਂ ਹੈ, ਸਗੋਂ ਕਿਸੇ ਰਾਜੇ ਵੱਲੋਂ ਆਪਣੀ ਰਾਜਧਾਨੀ ਨੂੰ ਰਾਜਸੀ ਵਿਓਂਤ ਨਾਲ਼ ਉਸਾਰਿਆ ਗਿਆ ਹੈ। ਸ਼ਹਿਰ ਨੂੰ ਕਈ ਮੁਹੱਲਿਆਂ ਵਿੱਚ ਵੰਡਿਆ ਗਿਆ, ਕੁੱਲ 52 ਕਿਸਮ ਦੇ ਕਿੱਤਿਆਂ ਦੇ ਨਾਮਵਰ ਪਰਿਵਾਰਾਂ ਨੂੰ ਦੂਰ–ਨੇੜੇ ਸੱਦੇ ਭੇਜ ਕੇ ਵੱਸਣ ਲਈ ਬੁਲਾਇਆ ਗਿਆ। ਅੱਜ ਵੀ ਅੰਮ੍ਰਿਤਸਰ ਦੇ ਬਜ਼ਾਰਾਂ ਦੇ ਨਾਂਵਾਂ ਤੋਂ ਹੀ ਇਸ ਦੀ ਸ਼ਹਿਰੀ ਯੋਜਨਾਬੰਦੀ ਦੇ ਉੱਚ ਮਿਆਰ ਦਾ ਪਤਾ ਲੱਗਦਾ ਹੈ, ਹਰ ਬਜ਼ਾਰ ਆਪਣੇ ਨਾਂ ਤੋਂ ਹੀ ਇਹ ਦੱਸ ਦਿੰਦਾ ਹੈ ਕਿ ਓਥੇ ਕਿਸ ਚੀਜ਼ ਦੀ ਕਾਰੀਗਰੀ ਹੁੰਦੀ ਹੈ। ਜਿਵੇਂ ਚੀਲ ਮੰਡੀ, ਬਜ਼ਾਰ ਮੋਚੀਆਂ, ਮਿਸ਼ਰੀ ਬਜ਼ਾਰ, ਆਟਾ ਮੰਡੀ, ਨਮਕ ਮੰਡੀ ਆਦਿ। ਇਹ ਸ਼ਹਿਰ ਛੇਤੀ ਹੀ ਜਿੱਥੇ ਲੋਹਾ, ਹਾਥੀ ਦੰਦ, ਰੰਗਰੇਜ਼




ਦੇ ਕੰਮਾਂ ਲਈ ਮਸ਼ਹੂਰ ਹੋ ਗਿਆ, ਓਥੇ ਹੀ ਗੁਰੂ ਸਾਹਿਬ ਵੱਲੋਂ ਸਮਾਜ ਦੀ ਕਾਣੀ–ਵੰਡ ਨੂੰ ਖ਼ਤਮ ਕਰਦੇ ਹੋਏ ਅਖੌਤੀ ਨੀਵੀਆਂ ਜਾਤਾਂ ਵਾਲ਼ਿਆਂ ਨੂੰ ਪੂਰਬ ਵੱਲ ਵਸਾ ਕੇ ਇਸ ਸ਼ਹਿਰ ਦੀ ਵਿਲੱਖਣਤਾ ਹੋਰ ਦ੍ਰਿੜ੍ਹ ਕਰ ਦਿੱਤੀ ਗਈ। ਓਸ ਵੇਲ਼ੇ ਦੇ ਸਮਾਜਿਕ ਢਾਂਚੇ ਵਿੱਚ ਨੀਵੇਂ ਸਮਝੇ ਜਾਣ ਵਾਲ਼ਿਆਂ ਨੂੰ ਪੱਛਮ ਵੱਲ ਸ਼ਹਿਰ ਤੋਂ ਬਾਹਰ ਵਸਾਇਆ ਜਾਂਦਾ ਸੀ, ਗੁਰੂ ਸਾਹਿਬ ਵੱਲੋਂ ਸਭ ਨੂੰ ਇੱਕੋ ਪਾਸੇ ਵਸਾ ਸਿੱਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿਧਾਂਤ ਨੂੰ ਅਮਲੀ ਤੌਰ ਉੱਤੇ ਨਾ ਸਿਰਫ਼ ਸਮਝਾਇਆ ਗਿਆ ਬਲਕਿ ਉਹਨਾਂ ਨੂੰ ਇਕੱਠੇ ਇੱਕੋ ਪਾਸੇ ਰੱਖ

**‘ਘਟ ਘਟ ਅੰਤਰਿ ਤੂੰਹੈ ਵੁਠਾ ॥**
**ਸਭੇ ਸਾਝੀਵਾਲ ਸਦਾਇਨਿ ਤੂੰ**
**ਕਿਸੈ ਨ ਦਿਸਹਿ ਬਾਹਰਾ ਜੀਉ ॥3॥’**

(ਅੰਗ 97)

ਨੂੰ ਜਿਊਣ ਦਾ ਵਾਤਾਵਰਣ ਵੀ ਸਿਰਜ ਕੇ ਦਿੱਤਾ।

ਇਹ ‘ਗੁਰੂ ਕਾ ਚੱਕ’ ਐਸਾ ਨਗਰ ਹੋ ਗਿਆ, ਜੋ ਨਾ ਤਾਂ ਕਿਸੇ ਖੇਤੀ ਜਾਂ ਵੱਸੋਂ ਦਾ ਉਜਾੜਾ ਕਰ ਕੇ ਬਣਾਇਆ ਗਿਆ ਸੀ ਅਤੇ ਨਾ ਹੀ ਇਹ ਕਿਸੇ ਦੁਨਿਆਵੀ ਬਾਦਸ਼ਾਹ ਦੇ ਅਧੀਨ ਆਉਂਦਾ ਸੀ। ਇੱਥੇ ਕੋਈ ‘ਜਜ਼ੀਆ’, ਕੋਈ ‘ਜ਼ਕਾਤ’ ਜਾਂ ਕਿਸੇ ਰਾਜੇ ਦਾ ਕੋਈ ‘ਕਰ’ ਨਹੀਂ ਸੀ ਲੱਗਦਾ। ਇਹ ਸ਼ਹਿਰ ਸਿੱਖਾਂ ਦੇ ਰਾਜਸੀ ਸੰਕਲਪ, ਸਿਧਾਂਤ ਅਤੇ ਪ੍ਰਭੂਸੱਤਾ ਦਾ ਪ੍ਰਤੀਕ ਸੀ। ਇਹੀ ਕਾਰਨ ਹੈ ਕਿ ਜਿਸ ਨੇ ਵੀ ਸਿੱਖਾਂ ਨੂੰ ਦਬਾਉਣਾ ਜਾਂ ਮਿਟਾਉਣਾ ਚਾਹਿਆ ਤਾਂ ਉਸ ਦਾ ਨਿਸ਼ਾਨਾ ਅੰਮ੍ਰਿਤਸਰ ਸਾਹਿਬ ਹੀ ਰਿਹਾ। ਅੱਜ ਵੀ ਜਦ ਹਕੂਮਤਾਂ ਨੇ ਇਹ ਪ੍ਰਯੋਗ ਕਰ ਕੇ ਵੇਖ ਲਿਆ ਹੈ ਕਿ ਕਿਸੇ ਗੋਲ਼ੀ ਜਾਂ ਡਰਾਵੇ ਤੋਂ ਇਹ ਲੋਕ ਡਰਨ ਵਾਲ਼ੇ ਨਹੀਂ ਤਾਂ ਉਹਨਾਂ ਨੇ ਸਾਡੀ ਓਸੇ ਅਣਖ਼ ਅਤੇ ਗ਼ੈਰਤ ਉੱਤੇ ਵਾਰ ਕੀਤਾ, ਜੋ ‘ਗੁਰੂ ਕੇ ਚੱਕ’ ਦੇ ਰੂਪ ਵਿੱਚ ਗੁਰੂ ਰਾਮਦਾਸ ਸਾਹਿਬ ਨੇ ਪ੍ਰਭਾਸ਼ਿਤ ਕੀਤੀ ਸੀ। ਜੇ ਸਾਨੂੰ ਅਜੇ ਵੀ ਸਮਝ ਨਾ ਆਵੇ ਕਿ ਓਥੇ ਦਰਬਾਰ ਸਾਹਿਬ ਦੇ ਗਲਿਆਰੇ ਵਿੱਚ ਭੰਗੜੇ–ਗਿੱਧੇ ਵਾਲ਼ੇ ਬੁੱਤ ਲਾਉਣੇ ਇੱਕ ਸਾਜ਼ਿਸ਼ ਹੈ ਤਾਂ ਸਾਨੂੰ ਆਪਣੀ ਜ਼ਹਿਨੀਅਤ ਬਾਰੇ ਵਿਚਾਰ ਕਰਨ ਦੀ ਲੋੜ ਹੈ। ਅਸੀਂ ਅੱਜ ਅੰਮ੍ਰਿਤਸਰ ਸਾਹਿਬ ਨੂੰ ਕੇਵਲ ਇੱਕ ਸ਼ਹਿਰ ਸਮਝਣ ਦੀ ਭੁੱਲ ਕਰ ਰਹੇ ਹਾਂ,

ਚਲਦਾ.....

# ਬੁੱਧੀਜੀਵੀ ਸਿੱਖ ਆਗੂ – ਪ੍ਰਿੰ: ਬਾਵਾ ਹਰਕਿਸ਼ਨ ਸਿੰਘ ਨੂੰ ਯਾਦ ਕਰਦਿਆਂ

**26 ਜੁਲਾਈ ਨੂੰ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਜਿਥੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਚੱਲ ਰਿਹਾ ਸੀ, ਇਸ ਨਾਲ ਪੰਜਾਬ ਦੀ ਧਰਤੀ 'ਤੇ ਗੁਰਦੁਆਰਾ ਸੁਧਾਰ ਲਹਿਰ ਵੀ ਆਪਣੇ ਸਿਖਰ ਨੂੰ ਛੋਹ ਰਹੀ ਸੀ। ਪੰਜਾਬ ਦੀ ਧਰਤੀ 'ਤੇ ਵੱਸਣ ਵਾਲੇ ਲੋਕ ਸਿੱਖਿਆ ਦੇ ਖੇਤਰ ਵਿੱਚ ਵੀ ਬਹੁਤ ਪਛੜੇ ਹੋਏ ਸਨ। ਸਿੱਖਾਂ ਅਤੇ ਦੂਸਰੀਆਂ ਕੌਮਾਂ ਵਿੱਚ ਬੁੱਧੀਜੀਵੀ ਆਗੂਆਂ ਦੀ ਘਾਟ ਵਜੋਂ ਬੱਚਿਆਂ ਦਾ ਭਵਿੱਖ ਵੀ ਧੁੰਦਲਾ ਨਜ਼ਰ ਆ ਰਿਹਾ ਸੀ। ਪਹਿਲੀ ਸੰਸਾਰ ਜੰਗ ਅਤੇ ਦੂਜੀ ਸੰਸਾਰ ਜੰਗ ਦਾ ਅਸਰ ਪੰਜਾਬ ਉੱਪਰ ਵੀ ਸਾਫ਼ ਨਜ਼ਰ ਆ ਰਿਹਾ ਸੀ। ਸਿੱਖਾਂ ਵਿੱਚ ਬੁੱਧੀਜੀਵੀ ਸਿੱਖ ਆਗੂ ਵੀ ਉਂਗਲਾਂ 'ਤੇ ਗਿਣਨ ਯੋਗ ਹੀ ਸਨ। ਉਸੇ ਸਮੇਂ ਦੇ ਸਿੱਖ ਆਗੂਆਂ ਵਿੱਚੋਂ ਪ੍ਰਿੰਸੀਪਲ ਹਰਕਿਸ਼ਨ ਸਿੰਘ ਅਜਿਹੇ ਸਿੱਖਿਆ ਸ਼ਾਸਤਰੀ ਸਨ, ਜਿਨ੍ਹਾਂ ਨੂੰ ਉਸ ਸਮੇਂ ਦੇ ਪੰਜਾਬ ਦੇ ਸਿਆਣੇ ਲੋਕ ਉਨ੍ਹਾਂ ਨੂੰ ਅਥਾਹ ਪਿਆਰ ਕਰਦੇ ਸਨ। ਲਹਿੰਦੇ ਪੰਜਾਬ ਦੇ ਬਾਵਾ ਪਰਿਵਾਰ ਵਿੱਚ ਸ. ਦਸੌਂਧਾ ਸਿੰਘ ਬਾਵਾ ਦੇ ਘਰ ਡੇਰਾ ਇਸਮਾਈਲ ਖਾਨ ਵਿੱਚ 26 ਜੁਲਾਈ 1892 ਈ: ਵਿੱਚ ਬਾਵਾ ਹਰਕਿਸ਼ਨ ਸਿੰਘ ਦਾ ਜਨਮ ਹੋਇਆ। ਬਾਵਾ ਹਰਕਿਸ਼ਨ ਸਿੰਘ ਨੇ 1912 ਈ: ਵਿੱਚ ਕ੍ਰਿਸ਼ਚੀਅਨ ਕਾਲਜ ਲਾਹੌਰ ਤੋਂ ਐੱਮ. ਏ. (ਅੰਗ੍ਰੇਜ਼ੀ) ਦੀ ਪ੍ਰੀਖਿਆ ਪਾਸ ਕੀਤੀ। ਇਸ ਤੋਂ ਪਿੱਛੋਂ ਜਲਦ ਹੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗ੍ਰੇਜ਼ੀ ਦੇ ਪ੍ਰੋਫ਼ੈਸਰ ਵਜੋਂ ਸੇਵਾ ਆਰੰਭ ਕੀਤੀ। ਇਸ ਤੋਂ ਥੋੜ੍ਹਾ ਸਮਾਂ ਬਾਅਦ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਖੇ ਨਿਯੁਕਤੀ ਹੋ ਗਈ। ਇਥੇ ਇਨ੍ਹਾਂ ਨੇ ਕਾਲਜ ਦੇ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਬੜੀ ਤਨਦੇਹੀ ਨਾਲ ਨਿਭਾਈ। ਜ਼ਿਲ੍ਹਾ ਗੁਰਦਾਸਪੁਰ ਦੇ ਕਾਦੀਆਂ ਅਤੇ ਪੰਜਾਬ ਦੇ ਵੱਖ-ਵੱਖ ਕਾਲਜਾਂ ਵਿੱਚ ਸੇਵਾ ਕਰਦਿਆਂ ਸਿੱਖਿਆ ਦੇ ਖੇਤਰ ਵਿੱਚ ਕਾਰਜਸ਼ੀਲ ਲੋਕ ਬਤੌਰ ਬੁੱਧੀਜੀਵੀ ਉਨ੍ਹਾਂ ਨਾਲ ਰਾਜਨੀਤਿਕ ਹਾਲਾਤਾਂ 'ਤੇ ਚਰਚਾ ਕਰਕੇ ਸਿੱਖਾਂ ਦੇ ਭਵਿੱਖ ਬਾਰੇ ਆਪਣੀ ਰਾਏ ਬਣਾਉਂਦੇ ਸਨ। ਪ੍ਰਿੰਸੀਪਲ ਵਜੋਂ ਲੰਬੀ ਸੇਵਾ ਨਿਭਾਉਂਦਿਆਂ ਨਾਲ-ਨਾਲ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡਾ ਯੋਗਦਾਨ ਪਾਇਆ ਬਿਨਾਂ ਕਿਸੇ ਚੌਧਰ ਤੇ ਲਾਲਚ ਅਗਾਂਹਵਧੂ ਆਗੂ ਵਜੋਂ ਵਿਚਰੇ। ਉਨ੍ਹਾਂ ਦੀਆਂ ਸੇਵਾਵਾਂ ਦੀ ਚਰਚਾ ਸਿੱਖਾਂ ਦੇ ਹਰ ਇਕੱਠ ਵਿੱਚ ਹੁੰਦੀ ਸੀ।

ਇਸੇ ਦੌਰ ਦੌਰਾਨ ਗੁਰਦੁਆਰਾ ਸੁਧਾਰ ਲਹਿਰ ਥਾਂ-ਪੁਰ-ਥਾਂ ਸੰਘਰਸ਼, ਮੋਰਚੇ ਤੇ ਸਿੱਖ ਸ਼ਹੀਦੀ ਜਾਮ ਪੀ ਰਹੇ ਸਨ। ਇਸ ਦੌਰਾਨ ਪ੍ਰਿੰਸੀਪਲ ਹਰਕਿਸ਼ਨ ਸਿੰਘ ਨੇ ਹਮੇਸ਼ਾਂ ਉਸਾਰੂ ਭੂਮਿਕਾ ਨਿਭਾਈ। ਉਨ੍ਹਾਂ ਹਮੇਸ਼ਾਂ ਖਿੜੇ ਮੱਥੇ ਕੌਮੀ ਫਰਜ਼ ਸਮਝਦਿਆਂ ਸਿਧਾਂਤਕ ਤੇ ਉਸਾਰੂ ਵਿਚਾਰ ਦਿੱਤੇ। 1922 ਈ: ਵਿੱਚ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਵੀ ਭਰਪੂਰ ਯੋਗਦਾਨ ਦਿੱਤਾ। ਆਪ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਵਜੋਂ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜ-ਗੱਦੀ ਨੂੰ ਬਹਾਲ ਕਰਨ ਲਈ ਚੱਲ ਰਹੀ ਜੱਦੋ-ਜਹਿਦ ਵਿੱਚ ਹਿੱਸਾ ਲੈਣ ਲਈ ਚੱਲ ਰਹੇ ਸੰਘਰਸ਼ ਦੇ ਮੋਢੀ ਆਗੂਆਂ ਵਿੱਚੋਂ ਸਨ। ਇਸੇ ਸਬੰਧ ਵਿੱਚ ਅੰਗ੍ਰੇਜ਼ ਹਕੂਮਤ ਨੇ 13 ਅਕਤੂਬਰ, 1923 ਵਿੱਚ ਆਪ ਨੂੰ ਗ੍ਰਿਫ਼ਤਾਰ ਕਰ ਲਿਆ। 1927 ਈ: ਵਿੱਚ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਇਮ ਕੀਤੀ ਰਹਿਤ ਮਰਿਯਾਦਾ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਇਸ ਸੇਵਾ ਨੂੰ ਵੀ ਉਨ੍ਹਾਂ ਗੁਰਮਤਿ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਬਾਖ਼ੂਬੀ ਨਿਭਾਇਆ।

1925 ਈ: ਵਿੱਚ ਜਦੋਂ ਗੁਰਦੁਆਰਾ ਐਕਟ ਬਨਾਉਣ ਸਮੇਂ ਸਿੱਖ ਆਗੂ ਦੋ ਹਿੱਸਿਆਂ ਵਿੱਚ ਵੰਡੇ ਗਏ। ਪ੍ਰਿੰ: ਹਰਕਿਸ਼ਨ ਸਿੰਘ ਨੇ ਨਿਰਪੱਖ ਤੇ ਉਸਾਰੂ ਵਿਚਾਰ ਦੇ ਕੇ ਸਮਝੌਤਾ ਕਰਵਾਉਣ ਲਈ ਵੀ ਯਤਨ ਕੀਤੇ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਹੋਰ ਸਿੱਖ ਨੇਤਾਵਾਂ ਨਾਲ ਮਿਲ ਕੇ ਦਸੰਬਰ, 1933 ਵਿੱਚ ਗੁਰ ਸੇਵਕ ਸਭਾ ਵੀ ਬਣਾਈ। 1955 ਈ: ਵਿੱਚ ਪੰਜਾਬੀ ਸੂਬੇ ਦੇ ਮੋਰਚੇ ਦੇ ਸਮੇਂ ਬਾਵਾ ਹਰਕਿਸ਼ਨ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਜਦੋਂ ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਬਾਵਾ ਹਰਕਿਸ਼ਨ ਸਿੰਘ ਨੂੰ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਵੀ ਫਰਜ਼ ਨਿਭਾਉਣੇ ਪਏ। ਜਦੋਂ ਮਾਸਟਰ ਤਾਰਾ ਸਿੰਘ ਨੂੰ ਰਿਹਾਅ ਕੀਤਾ ਗਿਆ ਤਾਂ ਇਨ੍ਹਾਂ ਅਹੁਦਾ ਛੱਡ ਕੇ ਮੁੜ ਸਿੱਖ ਬੁੱਧੀਜੀਵੀ ਵਜੋਂ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕਰ ਦਿੱਤੀ। ਇਸ ਤੋਂ ਪਿੱਛੋਂ ਕਈ ਵਾਰ ਇਨ੍ਹਾਂ ਨੂੰ ਕਈ ਕਮੇਟੀਆਂ, ਕਮਿਸ਼ਨਾਂ ਵਿੱਚ ਮੈਂਬਰ ਵਜੋਂ ਕਾਰਜਸ਼ੀਲ ਰਹਿਣ ਲਈ ਹੁਕਮ ਮਿਲਦੇ



ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ

ਰਹੇ, ਪਰ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੇ ਹਮੇਸ਼ਾ ਪਰਦੇ ਪਿੱਛੇ ਰਹਿੰਦਿਆਂ ਆਪਣੀ ਕੀਮਤੀ ਰਾਏ ਦਿੰਦਿਆਂ, ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਨੂੰ ਤਰਜੀਹ ਦਿੱਤੀ।

ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੇ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਲਈ ਇਕ ਨਿਸ਼ਠਾਵਾਨ ਵਜੋਂ ਵੱਡੇ ਕਾਰਜ ਕੀਤੇ। ਉਨ੍ਹਾਂ ਵੱਲੋਂ ਬਣਾਈ ਗੁਰ ਸੇਵਕ ਸਭਾ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਚਾਰ ਜਿਲਦਾਂ ਵਿੱਚ ਸ਼ਬਦਾਰਥ ਤਿਆਰ ਕਰਨ ਲਈ ਜਿਨ੍ਹਾਂ ਤਿੰਨ ਵਿਦਵਾਨਾਂ ਦੀ ਅਗਵਾਈ ਵਿੱਚ ਪ੍ਰੋਜੈਕਟ ਉਲੀਕਿਆ ਸੀ, ਉਹ 1941 ਵਿੱਚ ਮੁਕੰਮਲ ਕੀਤਾ ਗਿਆ। ਇਨ੍ਹਾਂ ਤਿੰਨ ਵਿਦਵਾਨਾਂ ਵਿੱਚ ਪ੍ਰਿੰਸੀਪਲ ਹਰਕਿਸ਼ਨ ਸਿੰਘ ਤੋਂ ਇਲਾਵਾ ਪ੍ਰੋ: ਤੇਜਾ ਸਿੰਘ ਅਤੇ ਪ੍ਰੋ: ਨਾਰਾਇਣ ਸਿੰਘ ਸ਼ਾਮਿਲ ਸਨ। ਇਸ ਮਹਾਨ ਕਾਰਜ ਨੂੰ ਪ੍ਰਮਾਣਿਕ ਕਾਰਜ ਸਮਝਿਆ ਜਾਂਦਾ ਹੈ। ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ 86 ਵਰ੍ਹਿਆਂ ਦੀ ਉਮਰ ਭੋਗ ਕੇ 20 ਅਗਸਤ, 1948 ਈ: ਵਿੱਚ ਦਿੱਲੀ ਦੇ ਮਿਲਟਰੀ ਹਸਪਤਾਲ ਵਿੱਚ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਅਜਿਹੇ ਨਿਸ਼ਕਾਮ ਬੁੱਧੀਜੀਵੀ ਸਿੱਖ ਆਗੂ ਨੂੰ ਅੱਜ ਵੀ ਪ੍ਰੇਰਨਾ ਸਰੋਤ ਵਜੋਂ ਯਾਦ ਕੀਤਾ ਜਾਂਦਾ ਹੈ।

## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**07966 388 388**

## ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ

**ਮੁੱਖ ਕੰਮ:-** ਸ਼੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।
**ਸਮਾਂ:-** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਬਿਨੈਕਾਰ ਆਪਣੀਆਂ ਅਰਜ਼ੀਆਂ 15 ਅਗਸਤ 2025 ਤੋਂ ਪਹਿਲਾਂ ਭੇਜਣ

## JOB TITLE: KEERTANI JATHA OF 3 REQUIRED at Sri Guru Gobind Singh Gurdwara Manchester, U.K.

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.
**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.
**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.
**Duration:** Fixed term contract, 6 months to 1 year.
**Benefits:** Excellent salary, Accommodation will be provided and Access to Gurdwara Sahib's food pantry.

**Must have right to work in U.K.**

Please contact: Parkash Singh on 07909 517494 or Tel: 0161 2267233

**Closing Date : Please Apply before 15th August 2025**

SRI GURU GOBIND SINGH GURDWARA Educational & Cultural Centre,
57 UPPER CHORLTON ROAD, WHALLEY RANGE, MANCHESTER, M16 7RQ.
www.manchestergurdwara.co.uk - Email:info@manchestergurdwara.co.uk
Charity Registration No. 1104110

## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 35 'ਤੇ ਪੜ੍ਹੋ**

618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?

**ਅੰਮ੍ਰਿਤ ਬਾਣੀ:**

ਗੁਰੂ ਅਨੁਸਾਰੀ ਅੰਮ੍ਰਿਤ (ਅਮਰ ਕਰਨ ਵਾ.ਲੀ) ਬਾਣੀ ਬੋਲਦਾ ਹੈ ਤੇ ਸਭ ਵਿਚ ਇਕ ਪ੍ਰਭੂ ਦੀ ਜੋਤਿ ਨੂੰ ਹੀ ਪਛਾਣਦਾ/ਦੇਖਦਾ ਹੈ। "ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ ॥ ਅੰਗ 69" । ਸਤਿਗੁਰੂ ਦੀ ਸੰਗਤ ਵਿਚ ਉਸਦਾ ਮਨ ਡੋਲਦਾ ਨਹੀਂ । "ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ॥1॥ ਅੰਗ 183" । ਹੇ ਪ੍ਰਭੂ ਤੇਰੀ ਬਾਣੀ ਅੰਮ੍ਰਿਤ ਮਈ ਹੈ; ਤੇਰੇ ਭਗਤਾਂ ਦੇ ਹਿਰਦੇ 'ਚ ਸਮਾਈ ਹੋਈ ਹੈ । "ਅੰਮ੍ਰਿਤੁ ਤੇਰੀ ਬਾਣੀਆ ॥ ਤੇਰਿਆ ਭਗਤਾ ਰਿਦੈ ਸਮਾਣੀਆ ॥ ਅੰਗ 72" । ਹੇ ਹਰੀ! ਤੇਰੀ ਸਿਫ਼ਤਿ-ਸਾਲਾਹ ਦੀ ਬਾਣੀ ਅਮਰ ਕਰਨ ਵਾ.ਲੀ ਹੈ (ਜਨਮ ਮਰਨ ਤੋਂ ਛੁਟਕਾਰਾ ਦੁਆਉਣ ਵਾ.ਲੀ ਹੈ), ਵਾਰ ਵਾਰ ਸੁਣ ਕੇ ਮੇਰੀ ਸਭ ਤੋਂ ਉੱਚੀ ਆਤਮਕ ਅਵਸਥਾ ਬਣਦੀ ਜਾ ਰਹੀ ਹੈ । "ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥ ਅੰਗ 103" । ਸਤਿਗੁਰੂ ਜੀ ਪ੍ਰਭੂ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਤੇਰਾ ਉਪਦੇਸ਼ ਸੱਚਾ ਹੈ ਤੇ ਤੇਰੀ ਬਾਣੀ ਅੰਮ੍ਰਿਤ ਮਈ ਹੈ । "ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਅੰਗ 562" । ਗੁਰੂ ਦੀ ਬਾਣੀ ਅੰਮ੍ਰਿਤ ਮਈ ਤੇ ਮਿੱਠੀ ਹੁੰਦੀ ਹੈ । "ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਅੰਗ 113" । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਸੇਵਕ ਨਾਨਕ ਅੰਮ੍ਰਿਤ ਬਾਣੀ ਉਚਾਰਦਾ ਹੈ । "ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਅੰਗ 96" । ਅਤੇ "ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਅੰਗ 877" । ਜਿਹੜਾ ਅੰਮ੍ਰਿਤ ਬਾਣੀ ਰਾਹੀਂ ਸਦਾ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, ਉਹ ਅੰਮ੍ਰਿਤ ਬਾਣੀ ਰਾਹੀਂ (ਨਾਮ) ਅੰਮ੍ਰਿਤ ਦੀ ਪ੍ਰਾਪਤੀ ਕਰ ਲੈਂਦਾ ਹੈ। "ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤੁ ਅੰਮ੍ਰਿਤੁ ਪਾਵਣਿਆ ॥1॥ ਅੰਗ 118"। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮੈਂ ਉਸ ਮਨੁੱਖ ਤੋਂ ਵਾਰ ਵਾਰ ਕੁਰਬਾਨ ਜਾਂਦਾ ਹਾਂ, ਜੋ ਅਮਰ ਕਰ ਦੇਣ ਵਾਲੀ ਬਾਣੀ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ । ਜੋ ਅੰਮ੍ਰਿਤ ਬਾਣੀ ਮਨ ਵਿਚ ਵਸਾਉਂਦਾ ਹੈ ਉਹ ਪ੍ਰਭੂ ਦਾ ਅੰਮ੍ਰਿਤ ਨਾਮ ਧਿਆਉਂਦਾ ਹੈ, ਭਾਵ ਸਿਮ-ਰਦਾ ਹੈ । "ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥ ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥1॥ਰਹਾਉ॥ ਅੰਗ 118"। ਆਪ ਹੀ ਗੁਰੂ (ਸਿੱਖ ਦੇ) ਮਨ 'ਚ ਆਪਣਾ ਸ਼ਬਦ ਵਸਾਉਂਦਾ ਹੈ । ਗੁਰੂ ਦੇ ਸ਼ਬਦ ਤੋਂ ਅੰਮ੍ਰਿਤ ਬਾਣੀ ਪੈਦਾ ਹੁੰਦੀ ਹੈ ਤੇ ਗੁਰੂ ਅਨੁਸਾਰੀ ਇਸਨੂੰ ਉਚਾਰਨ ਕਰਕੇ (ਹੋਰਨਾਂ ਨੂੰ) ਸੁਣਾਉਂਦਾ ਹੈ । "ਆਪੇ ਸਬਦੁ ਗੁਰ ਮੰਨਿ ਵਸਾਏ ॥ ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥3॥ ਅੰਗ 125" । ਗੁਰੂ ਦੇ ਸ਼ਬਦ ਰਾਹੀਂ ਅੰਮ੍ਰਿਤ ਬਾਣੀ ਪਛਾਣੀ ਜਾਂਦੀ ਹੈ ਜੋ ਕਿ ਦੁਖ ਤੇ ਹਉਮੈ ਨੂੰ ਮਾਰਦੀ ਹੈ । "ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥1॥ ਅੰਗ 1153" । ਗੁਰੂ ਅਨੁਸਾਰੀ ਅੰਮ੍ਰਿਤ ਮਈ ਬਾਣੀ ਬੋਲਦਾ ਹੈ । ਸਤਿਗੁਰੂ ਦੀ ਸੰਗਤ ਵਿਚ ਉਸਦਾ ਮਨ ਅਡੋਲ ਰਹਿੰਦਾ ਹੈ । "ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥1॥ ਅੰਗ 183" । ਸਤਿਗੁਰਾਂ ਨੇ ਪ੍ਰਭੂ ਦੇ ਨਾਮ ਤੇ ਅੰਮ੍ਰਿਤ ਬਾਣੀ ਨੂੰ ਕਲਮ ਤੇ ਦਵਾਤ ਲੈ ਕੇ ਕਾਗਜ਼ ਤੇ ਲਿਖਣ ਦਾ ਫੁਰਮਾਨ ਕੀਤਾ ਹੈ । "ਲਿਖੁ ਲੇਖਣਿ ਕਾਗਦਿ ਮਸਵਾਣੀ ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥1॥ਰਹਾਉ॥ ਅੰਗ 185" । ਜਦੋਂ ਸਤਿਗੁਰੂ ਨੇ ਜੀਵ ਇਸਤਰੀ ਨੂੰ ਪ੍ਰਭੂ ਨਾ.ਲ ਮਿਲਾ ਦਿੱਤਾ ਤਾਂ ਪ੍ਰੀਤਮ ਪ੍ਰਭੂ ਨੇ ਜੀਵ ਇਸਤਰੀ ਨੂੰ ਮਾਣਿਆ ਤੇ ਉਹ ਪ੍ਰਭੂ ਦੀ ਅੰਮ੍ਰਿਤ ਬਾਣੀ ਨਾ.ਲ ਖਿੜ ਗਈ । "ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ ॥ ਅੰਗ 243"। ਗੁਰੂ ਦੀ ਸਿੱਖਿਆ ਰੂਪੀ ਅੰਮ੍ਰਿਤ ਮਈ ਬਾਣੀ ਨੂੰ ਪੀਂਦਿਆਂ ਹੀ (ਭਾਵ ਮਨ ਅੰਦਰ ਜਿਾਣ ਨਾ.ਲ) ਬੰਦਾ ਪ੍ਰਭੂ ਦੇ ਦਰ ਤੇ ਕਬੂਲ ਹੋ ਜਾਂਦਾ ਹੈ । "ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ ਅੰਗ 360" । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਦਾਸ ਨਾਨਕ ਉਸ ਪਭੂ ਦੇ ਚਰਨ ਜਪਦਾ ਹੈ ਤੇ ਅੰਮ੍ਰਿਤ ਮਈ ਬਾਣੀ ਬੋਲਦਾ ਹੈ । "ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥1॥ ਰਹਾਉ ॥ ਅੰਗ 422" । ਅੰਮ੍ਰਿਤ ਬਾਣੀ ਰਾਹੀਂ ਹਰੀ ਦਾ ਜਸ ਉਚਾਰਦਾ ਹਾਂ ਤੇ ਹੇ ਸਰਬ ਵਿਆਪਕ ਪ੍ਰਭੂ ਮੈਨੂੰ ਤੇਰਾ ਭਾਣਾ ਮਿੱਠਾ ਲੱਗਦਾ ਹੈ । "ਅੰਮ੍ਰਿਤ ਬਾਣੀ ਓਚਰਾ ਹਰਿ ਜਸੁ ਮਿਠਾ ਲਾਗੈ ਤੇਰਾ ਭਾਣਾ ਰਾਮ ॥ ਅੰਗ 543" । ਮੇਰੀ ਜਾਨ, ਭਗਤਾਂ ਦੀ ਬਾਣੀ ਵੀ ਅੰਮ੍ਰਿਤ ਮਈ ਹੁੰਦੀ ਹੈ ਜਿਸਨੂੰ ਮਨ ਲਾ ਕੇ ਸੁਣਨ ਨਾ.ਲ ਪ੍ਰਭੂ ਨਾ.ਲ ਅਟੁੱਟ ਪ੍ਰੇਮ ਪੈ ਜਾਂਦਾ ਹੈ। "ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥ ਅੰਗ 538" । ਇਸੇ ਕਰਕੇ ਸਤਿਗੁਰੂ ਅਰਜਨ ਦੇਵ ਜੀ ਨੇ ਭਗਤ ਸਾ-ਹਬਾਨ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਿਲ ਕੀਤਾ ਹੈ! ਜਿਸਨੇ ਪ੍ਰੀਤਮ ਪ੍ਰਭੂ, ਕਰਮਾਂ ਦੇ ਲਿਖਾਰੀ, ਨੂੰ ਜਾਣ ਲਿਆ ਉਹ ਅੰਮ੍ਰਿਤ ਬਾਣੀ ਉਚਾਰਨ ਕਰਦਾ ਹੈ । "ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ ਬੋਲੇ ਅੰਮ੍ਰਿਤ ਬਾਣੀ ॥ ਅੰਗ 582" । ਪ੍ਰਭੂ ਦਾ ਦਾਸ ਪ੍ਰਭੂ ਦੀ ਅੰਮ੍ਰਿਤ ਬਾਣੀ ਗਾਉਂਦਾ ਹੈ ਤੇ ਸਾਧਾਂ ਦੀ ਧੂੜੀ 'ਚ ਨਹਾਉਂਦਾ ਹੈ । "ਜਨ ਬੋਲਹਿ ਅੰਮ੍ਰਿਤ ਬਾਣੀ ॥ ਅੰਗ 626" । ਅਤੇ "ਹਰਿ ਅੰਮ੍ਰਿਤ ਬਾਣੀ ਗਾਵੈ॥ ਸਾਧਾ ਕੀ ਧੂਰੀ ਨਾਵੈ ॥ ਅੰਗ 623" । ਸਾਧੂਆਂ ਦੀ ਬਾਣੀ ਅੰਮ੍ਰਿਤ ਬਚਨ ਹੁੰਦੇ ਹਨ। "ਅੰਮ੍ਰਿਤ ਬਚਨ ਸਾਧ ਕੀ ਬਾਣੀ ॥ ਅੰਗ 744" । ਭਗਤ ਨਾਮ ਦੇਵ ਜੀ ਬਚਨ ਕਰਦੇ ਹਨ ਕਿ ਹੁਣ ਮੈਂ ਦੁਬਾਰਾ ਇਸ ਦੁਨੀਆਂ ਤੇ ਨਹੀਂ ਆਵਾਂਗਾ। (ਕਿਉਂਕਿ) ਮੈਂ ਦਿਲੋਂ ਪ੍ਰਭੂ ਦੀ ਅੰਮ੍ਰਿਤ ਬਾਣੀ ਉਚਾਰਦਾ ਹਾਂ ਤੇ ਆਪਣੀ ਆਤਮਾ ਨੂੰ ਸਮਝਾਉਂਦਾ ਹਾਂ (ਗੁਰਮਤਿ ਤੇ ਚੱਲਣ ਲਈ ਕਹਿੰਦਾ ਹਾਂ!) । "ਪਾਛੈ ਬਹੁਰਿ ਨ ਆਵਨੁ ਪਾਵਉ ॥ ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥1॥ ਰਹਾਉ ॥ ਅੰਗ 696" । ਸਾਰਾ ਸੰਸਾਰ ਮਾਇਆ ਦੇ ਤਿੰਨਾ ਗੁਣਾ ਦੇ ਭਰਮ ਵਿਚ ਸੁੱਤਾ ਪਿਆ ਹੈ ਤੇ ਸੁੱਤਿਆਂ ਹੀ ਜੀਵਨ ਰਾਤ੍ਰੀ ਬੀਤ ਜਾਂਦੀ ਹੈ । ਗੁਰੂ ਕਿਰਪਾ ਨਾ.ਲ ਉਹ ਸੇਵਕ ਜਾਗਦੇ ਹਨ ਜਿਹਨਾਂ ਦੇ ਮਨ 'ਚ ਪ੍ਰਭੂ ਵਸ ਜਾਂਦਾ ਹੈ ਤੇ ਅੰਮ੍ਰਿਤ ਬਾਣੀ ਉਚਾਰਦੇ ਹਨ । "ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥ ਅੰਗ 920" । ਅੰਮ੍ਰਿਤ ਬਾਣੀ ਅਸਲੀਅਤ ਬਿਆਨ ਕਰਦੀ ਹੈ ਤੇ ਇਹ ਬਾਣੀ ਪ੍ਰਭੂ ਦੇ ਗਿਆਨ ਤੋਂ ਤੇ ਪ੍ਰਭੂ ਵਿਚ ਸੁਰਤਿ ਜੋੜਿਆਂ ਪਰਗਟ ਹੋਈ ਹੈ । "ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਅੰਗ 1243" । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਅੰਮ੍ਰਿਤ ਬਾਣੀ ਨੂੰ ਸੁਣ ਕੇ ਮੈਂ ਪੂਰਨ ਖਿੜਾਓ ਵਿਚ ਆ ਗਿਆ ਹਾਂ । ਮੇਰੇ ਵਿਸ਼ ਮਾਇਆ ਤੇ ਵਿਕਾਰਾਂ ਦੇ ਸਾਰੇ ਜਾ.ਲ ਨਾਸ ਹੋ ਗਏ ਹਨ । "ਅੰਮ੍ਰਿਤ ਬਾਣੀ ਸੁਣਤ ਨਿਹਾਲ ॥ ਬਿਨਸਿ ਗਏ ਬਿਖਿਆ ਜੰਜਾਲ ॥1॥ ਅੰਗ 1340" । ਅੰਮ੍ਰਿਤ ਬਾਣੀ ਤੱਤ (ਬ੍ਰਹਮ) ਗਿਆਨ ਹੈ ਤੇ ਗੁਰੂ ਅਨੁਸਾਰੀ ਦੇ ਮਨ 'ਚ ਆ ਕੇ ਵਸ ਜਾਂਦੀ ਹੈ । ਉਸਦਾ ਹਿਰਦਾ ਕਮਲ ਖਿੜ ਜਾਂਦਾ ਹੈ ਤੇ ਉਸਦੀ ਜੋਤ (ਆਤਮਾ) ਜੋਤੀ ਪ੍ਰਭੂ ਵਿਚ ਮਿਲ ਜਾਂਦੀ ਹੈ । "ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥ ਅੰਗ 1424" ।

**ਬਾਕੀ ਹਿਸਾ ਅਗਲੇ ਹਫ਼ਤੇ**

## ਸਰੀ ਵਿੱਚ ਪੰਜਾਬੀ ਮੂਲ ਦੇ ਦੋ ਨੌਜਵਾਨਾਂ ਨੂੰ 3 ਸਾਲ ਦੀ ਕੈਦ

ਕੈਨੇਡਾ ਦੇ ਸਰੀ ਸ਼ਹਿਰ ਵਿੱਚ ਦੋ ਪੰਜਾਬੀ ਨੌਜਵਾਨਾਂ ਗਗਨਪ੍ਰੀਤ ਸਿੰਘ (22) ਅਤੇ ਜਗਦੀਪ ਸਿੰਘ ਨੂੰ ਸੜਕ ਹਾਦਸੇ ਦੇ ਮਾਮਲੇ ਵਿੱਚ 3 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਪੂਰੀ ਹੋਣ ਤੋਂ ਬਾਅਦ ਦੋਵਾਂ ਨੂੰ ਦੇਸ਼ ਨਿਕਾਲਾ ਦੇਣ ਦੀ ਸੰਭਾਵਨਾ ਹੈ। 27 ਜਨਵਰੀ 2024 ਨੂੰ ਸਰੀ ਦੀ 132ਵੀਂ ਸਟ੍ਰੀਟ ਤੇ ਵਾਪਰੇ ਇਸ ਹਾਦਸੇ ਵਿੱਚ ਦੋਵਾਂ ਨੇ ਇੱਕ ਵਿਅਕਤੀ ਨੂੰ ਆਪਣੀ ਕਾਰ ਹੇਠ ਕਰੀਬ ਸਵਾ ਕਿਲੋਮੀਟਰ ਤੱਕ ਘੜੀਸਿਆ ਅਤੇ ਫਿਰ ਉਸ ਦੀ ਲਾਸ਼ ਨੂੰ ਇੱਕ ਬੰਦ ਗਲੀ ਵਿੱਚ ਸੁੱਟ ਕੇ ਫਰਾਰ ਹੋ ਗਏ। ਦੋਵਾਂ ਨੇ ਖ਼ਤਰਨਾਕ ਡ੍ਰਾਈਵਿੰਗ, ਮੌਕੇ ਤੋਂ ਭੱਜਣ ਅਤੇ ਲਾਸ਼ ਨੂੰ ਖ਼ੁਰਦ-ਬੁਰਦ ਕਰਨ ਦੇ ਦੋਸ਼ ਕਬੂਲ ਕਰ ਲਏ ਹਨ। ਮਿਲੀ ਜਾਣਕਾਰੀ ਮੁਤਾਬਕ ਹਾਦਸੇ ਦੌਰਾਨ ਕਾਰ ਗਗਨਪ੍ਰੀਤ ਚਲਾ ਰਿਹਾ ਸੀ ਅਤੇ ਜਗਦੀਪ ਸਿੰਘ ਨਾਲ ਬੈਠਾ ਸੀ। ਕਾਰ ਵਿੱਚ ਇੱਕ ਤੀਜਾ ਨੌਜਵਾਨ ਵੀ ਸੀ, ਜਿਸ ਤੇ ਕੋਈ ਦੋਸ਼ ਨਹੀਂ ਲਗਾਇਆ ਗਿਆ। ਗਵਾਹਾਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਸੜਕ ਤੇ ਇੱਕ ਵਿਅਕਤੀ ਨੂੰ ਲੰਮੇ ਪਏ ਵੇਖਿਆ ਅਤੇ ਜਦੋਂ ਉਹ 911 ਤੇ ਕਾਲ ਕਰਨ ਲੱਗੇ। ਇਸੇ ਦੌਰਾਨ ਇੱਕ ਕਾਰਨ ਨੇ ਉਸ ਨੂੰ ਟੱਕਰ ਮਾਰੀ ਅਤੇ ਵਿਅਕਤੀ ਕਾਰ ਹੇਠ ਫਸ ਗਿਆ। ਗਵਾਹਾਂ ਦੀਆਂ ਚੀਕਾਂ 911 ਕਾਲ ਵਿੱਚ ਰਿਕਾਰਡ ਹੋਈਆਂ।

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME............................................................
ADDRESS........................................................
..............................POST CODE..............................
TEL...............................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**



**ਫੋਨ : 07853 317 891**


Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 34**

# ਇੱਕ ਮੇਰੀ ਅੱਖ ਕਾਸ਼ਣੀ...

**ਅਖੀਰ ਪੰਜ ਮਹੀਨਿਆਂ ਬਾਅਦ ਜਾ ਕੇ ਕੋਈ ਠੰਢਾ ਸੀਤ ਬੁੱਲਾ ਆਇਆ। ਸੁਣਨ ਵਿੱਚ ਆਇਆ ਕਿ ਫ਼ਲਾਈਟਾਂ ਅਗਲੇ ਹਫ਼ਤੇ ਤੋਂ ਸ਼ੁਰੂ ਹੋ ਰਹੀਆਂ ਸਨ। ਥਾਂ-ਥਾਂ ਫ਼ਸੇ ਲੋਕਾਂ ਨੂੰ ਮਸਾਂ 'ਰਾਹਤ' ਮਿਲ਼ੀ ਸੀ। ਜੋ ਟਿਕਟਾਂ ਡੇਵ ਦਾ ਪ੍ਰੀਵਾਰ ਲੈ ਕੇ ਆਇਆ ਸੀ, ਉਹ ਨਾ ਤਾਂ 'ਰੀਫੰਡ' ਹੋ ਸਕਦੀਆਂ ਸਨ, ਅਤੇ ਨਾ ਹੀ ਹੁਣ ਉਹਨਾਂ 'ਤੇ ਸਫ਼ਰ ਕੀਤਾ ਜਾ ਸਕਦਾ ਸੀ। ਉਹਨਾਂ ਦੀ 'ਡੇਟ' ਲੰਘ ਚੁੱਕੀ ਸੀ। ਹੁਣ ਏਅਰਲਾਈਨਾਂ ਦੇ ਨਜ਼ਾਰੇ ਬੱਝੇ ਹੋਏ ਸਨ। ਜੋ ਟਿਕਟ ਲੰਡਨ ਲਈ ਪੰਜਾਹ ਸੱਠ ਹਜ਼ਾਰ ਦੀ ਮਿਲ਼ ਜਾਂਦੀ ਸੀ, ਉਹੀ ਟਿਕਟ ਹੁਣ ਦੋ-ਦੋ, ਢਾਈ-ਢਾਈ ਲੱਖ ਰੁਪਏ ਦੀ ਮਿਲ਼ ਰਹੀ ਸੀ। ਪਰ "ਪੰਜਾਬ - ਪੰਜਾਬ" ਪਿੱਟਣ ਵਾਲ਼ੇ ਅਤੇ ਪੰਜਾਬ ਪ੍ਰਤੀ 'ਮੋਹ' ਜਿਹਾ ਜਤਾਉਣ ਅਤੇ ਦਿਖਾਉਣ ਵਾਲ਼ੇ ਲੋਕ ਹੁਣ ਇਸੇ 'ਰੰਗਲੇ ਪੰਜਾਬ' ਵਿੱਚੋਂ "ਬੂਅ" ਕਰ ਕੇ ਨਿਕਲ਼ਣ ਵਾਲ਼ੇ ਹੋਏ ਪਏ ਸਨ। ਹੁਣ ਪਤਾ ਨਹੀਂ ਉਹਨਾਂ ਦਾ ਪੰਜਾਬ ਪ੍ਰਤੀ 'ਅਮੁੱਕ ਮੋਹ' ਕਿਉਂ ਖੰਭ ਲਾ ਕੇ 'ਉਡ' ਗਿਆ ਸੀ...?**




## ਕਾਂਡ 17

ਪਰ ਉਸ ਨੂੰ ਰੌਨੀ 'ਤੇ ਕਦੇ ਕੋਈ ਸ਼ੱਕ ਨਾ ਹੋਈ। ਸ਼ੱਕ ਦੀ ਕੋਈ ਗੁੰਜ਼ਾਇਸ਼ ਵੀ ਨਹੀਂ ਸੀ, ਕਿਉਂਕਿ ਰਹਿੰਦਾ ਤਾਂ ਉਹ ਸਾਰਾ ਦਿਨ ਘਰ ਹੀ ਸੀ। ਕਿਤੇ ਜਾ ਤਾਂ ਸਕਦਾ ਨਹੀਂ ਸੀ।

-"ਮਿੱਲੀ...।"

-"ਜੀ ਪਾਬੀ...?"

-"ਤੈਨੂੰ ਭਾਬੀ ਕਹਿਣਾ ਨਾ ਆਇਆ, ਮੈਂ ਤੈਨੂੰ ਸਿਖਾਉਂਦੀ ਥੱਕ ਗਈ...।" ਅਮਨ ਨੇ ਉਸ ਦੀ ਗੱਲ੍ਹ 'ਤੇ ਚੁਪੇੜੀ ਜਿਹੀ ਮਾਰੀ।

-".......।" ਮਿੱਲੀ ਉਚੀ-ਉਚੀ ਹੱਸ ਪਈ।

-"ਤੇਰਾ ਵੀਰ ਸਾਰਾ ਦਿਨ ਫ਼ੋਨ 'ਤੇ ਕੀਹਦੇ ਨਾਲ਼ ਲੱਗਿਆ ਰਹਿੰਦੈ...?"

-"ਆਈ ਡੋਂਟ ਨੋਅ...।" ਮਿੱਲੀ ਮੋਢੇ ਛੰਡ ਕੇ ਬੋਲੀ।

-"ਪਤਾ ਕਰ ਨ੍ਹਾਂ...।"

-"ਯੂ ਸ਼ੁੱਡ ਆਸਕ ਹਿੰਮ, ਯੂ ਆਰ ਹਿੱਜ਼ ਵਾਈਫ਼, ਨ੍ਹੋਟ ਮੀ...। ਇੱਟ'ਜ਼ ਯੂਅਰ ਰਾਈਟ ਟੂ ਆਸਕ ਹਿੰਮ...।"

-"............।" ਅਮਨ ਉਸ ਦੀਆਂ ਨਾਦਾਨ ਜਿਹੀਆਂ ਗੱਲਾਂ 'ਤੇ ਹੱਸ ਛੱਡਦੀ।

ਅਖੀਰ ਪੰਜ ਮਹੀਨਿਆਂ ਬਾਅਦ ਜਾ ਕੇ ਕੋਈ ਠੰਢਾ ਸੀਤ ਬੁੱਲਾ ਆਇਆ। ਸੁਣਨ ਵਿੱਚ ਆਇਆ ਕਿ ਫ਼ਲਾਈਟਾਂ ਅਗਲੇ ਹਫ਼ਤੇ ਤੋਂ ਸ਼ੁਰੂ ਹੋ ਰਹੀਆਂ ਸਨ। ਥਾਂ-ਥਾਂ ਫ਼ਸੇ ਲੋਕਾਂ ਨੂੰ ਮਸਾਂ 'ਰਾਹਤ' ਮਿਲ਼ੀ ਸੀ। ਜੋ ਟਿਕਟਾਂ ਡੇਵ ਦਾ ਪ੍ਰੀਵਾਰ ਲੈ ਕੇ ਆਇਆ ਸੀ, ਉਹ ਨਾ ਤਾਂ 'ਰੀਫੰਡ' ਹੋ ਸਕਦੀਆਂ ਸਨ, ਅਤੇ ਨਾ ਹੀ ਹੁਣ ਉਹਨਾਂ 'ਤੇ ਸਫ਼ਰ ਕੀਤਾ ਜਾ ਸਕਦਾ ਸੀ। ਉਹਨਾਂ ਦੀ 'ਡੇਟ' ਲੰਘ ਚੁੱਕੀ ਸੀ। ਹੁਣ ਏਅਰਲਾਈਨਾਂ ਦੇ ਨਜ਼ਾਰੇ ਬੱਝੇ ਹੋਏ ਸਨ। ਜੋ ਟਿਕਟ ਲੰਡਨ ਲਈ ਪੰਜਾਹ ਸੱਠ ਹਜ਼ਾਰ ਦੀ ਮਿਲ਼ ਜਾਂਦੀ ਸੀ, ਉਹੀ ਟਿਕਟ ਹੁਣ ਦੋ-ਦੋ, ਢਾਈ-ਢਾਈ ਲੱਖ ਰੁਪਏ ਦੀ ਮਿਲ਼ ਰਹੀ ਸੀ। ਪਰ "ਪੰਜਾਬ - ਪੰਜਾਬ" ਪਿੱਟਣ ਵਾਲ਼ੇ ਅਤੇ ਪੰਜਾਬ ਪ੍ਰਤੀ 'ਮੋਹ' ਜਿਹਾ ਜਤਾਉਣ ਅਤੇ ਦਿਖਾਉਣ ਵਾਲ਼ੇ ਲੋਕ ਹੁਣ ਇਸੇ 'ਰੰਗਲੇ ਪੰਜਾਬ' ਵਿੱਚੋਂ "ਬੂਅ" ਕਰ ਕੇ ਨਿਕਲ਼ਣ ਵਾਲ਼ੇ ਹੋਏ ਪਏ ਸਨ। ਹੁਣ ਪਤਾ ਨਹੀਂ ਉਹਨਾਂ ਦਾ ਪੰਜਾਬ ਪ੍ਰਤੀ 'ਅਮੁੱਕ ਮੋਹ' ਕਿਉਂ ਖੰਭ ਲਾ ਕੇ 'ਉਡ' ਗਿਆ ਸੀ...? ਹੁਣ ਪਤਾ ਨਹੀਂ ਕਿਉਂ ਉਹ ਪੰਜਾਬ ਵਿੱਚੋਂ ਭੱਜਣ ਲਈ 'ਤੋੜ' ਜਿਹੀ ਕਰ ਰਹੇ ਸਨ...?? ਹੁਣ ਪਤਾ ਨਹੀਂ ਉਹਨਾਂ ਦਾ ਪੰਜਾਬ ਤੋਂ ਮੋਹ 'ਭੰਗ' ਕਿਉਂ ਹੋ ਗਿਆ ਸੀ..??? ਅਸਲ ਵਿੱਚ ਉਹਨਾਂ ਦਾ ਮੋਹ ਪੰਜਾਬ ਨਾਲ਼ੋਂ ਨਹੀਂ, ਪੰਜਾਬ ਦੇ 'ਭਰਿਸ਼ਟ ਸਿਸਟਮ' ਕਾਰਨ 'ਭੰਗ' ਹੁੰਦਾ ਸੀ। ਜਿੱਥੇ ਕੋਈ ਵਕੀਲ, ਦਲੀਲ ਜਾ ਅਪੀਲ ਨਹੀਂ ਕੰਮ ਕਰਦੀ ਸੀ। ਕਿਉਂਕਿ ਸਾਡੇ 'ਕੁਰੱਪਟ ਸਿਸਟਮ' ਵਿੱਚ ਅੰਨ੍ਹੀਂ ਪੀਂਹਦੀ ਤੇ ਕੁੱਤਾ ਚੱਟਦਾ ਸੀ। "ਅੰਨ੍ਹੀ ਕੋ ਬੋਲ਼ਾ ਘੜ੍ਹੀਸੇ, ਨਾ ਉਸ ਸੁਣੇ ਨਾ ਉਸ ਦੀਸੇ" ਵਾਲ਼ੀ ਹਾਲਤ ਅੱਜ ਕੱਲ੍ਹ ਪੰਜਾਬ ਦੀ ਹੋਈ ਪਈ ਸੀ। ਅੱਜ ਕੱਲ੍ਹ ਹੋਰ ਅਦਾਰਿਆਂ ਨਾਲ਼ੋਂ ਮੈਡੀਕਲ ਅਦਾਰੇ ਚੰਮ ਦੀਆਂ ਚਲਾ ਰਹੇ ਸਨ ਅਤੇ ਉਹਨਾਂ ਨੂੰ ਨਾ ਤਾਂ ਕੋਈ ਰੋਕਣ ਵਾਲ਼ਾ ਸੀ ਅਤੇ ਨਾ ਟੋਕਣ ਵਾਲ਼ਾ ਸੀ।

ਡੇਵ ਨੇ ਫ਼ੋਨ ਕਰ ਕੇ ਆਪਣੇ ਮਿੱਤਰ ਬਲਦੇਵ ਨੂੰ ਫ਼ਿਰ ਬੁਲਾ ਲਿਆ।

-"ਕਿਸੇ ਏਜੰਟ ਨਾਲ਼ ਹੈ ਜਾਣ ਪਛਾਣ..?"

-"ਤੂੰ ਹੁਕਮ ਕਰ ਡੇਵ ਸਿਆਂ...। ਤੇਰੀ ਖਾਤਰ ਚਿੜੀਆਂ ਦਾ ਦੁੱਧ ਨਾ ਲਿਆ ਦਿਆਂ...?" ਉਸ ਨੇ ਫੌਜੀਆਂ ਵਾਲ਼ੀ ਬੜ੍ਹਕ ਮਾਰੀ ਤਾਂ ਡੇਵ ਨੇ ਮਾਣ ਨਾਲ਼ ਉਸ ਨੂੰ ਜੱਫੀ ਪਾ ਲਈ। ਬਲਦੇਵ ਵਾਕਿਆ ਹੀ ਡੇਵ ਲਈ 'ਦੇਵਤਾ' ਬਣ ਬਹੁੜਦਾ ਸੀ।

-"ਮਾਣ ਐਂ ਬਾਈ ਬਲਦੇਵ ਤੇਰੇ 'ਤੇ..।"

ਬਲਦੇਵ ਨੇ ਆਪਣੇ ਇੱਕ ਜਾਣਕਾਰ ਏਜੰਟ ਨੂੰ ਫ਼ੋਨ ਕੀਤਾ।

ਜਦ ਹੀ ਕਰਫ਼ਿਊ ਵਿੱਚ ਢਿੱਲ ਦਿੱਤੀ ਗਈ, ਏਜੰਟ ਆ ਪਧਾਰਿਆ।

-"ਮੈਂ 'ਵੱਨ ਵੇਅ' ਦੀਆਂ ਪੰਜ ਟਿਕਟਾਂ ਛੇ ਲੱਖ ਵਿੱਚ ਦੁਆ ਸਕਦੈਂ ਬਾਈ...।" ਏਜੰਟ ਬੋਲਿਆ।

-"ਥੋੜ੍ਹਾ ਘੱਟ ਕਰ ਲੈ, ਡੇਵ ਹੋਰੀਂ ਆਪਣੇ ਪੁਰਾਣੇ ਮਿੱਤਰ ਨੇ..।"

-"ਏਅਰਲਾਈਨਾਂ ਨੀ ਮੰਨਦੀਆਂ ਬਾਈ ਬਲਦੇਵ...! ਲੋਕ ਤਾਂ ਪਤੰਦਰ ਜਾ ਕੇ ਏਅਰਪੋਰਟ 'ਤੇ ਬਿਸਤਰੇ ਵਿਛਾਅ ਕੇ ਪਏ ਐ, ਬਈ ਜਿਹੜੀ ਵੀ ਟਿਕਟ ਮਿਲ਼ੀ, ਲੈ ਕੇ ਚੜ੍ਹ ਜਾਣੈ...! ਏਅਰਲਾਈਨਾਂ ਦੀ ਤਾਂ ਹੁਣ ਚਾਂਦੀ ਐ ਬਾਈ ਸਿਆਂ...!"

-"ਜਿੱਥੇ 'ਲੌਕਡਾਊਂਨ' ਵਿੱਚ ਲੋਕਾਂ ਨੇ ਮਜਬੂਰੀ ਵਿੱਚ ਵਾਲ਼ ਤੇ ਦਾਹੜ੍ਹੀਆਂ ਰੰਗਣੀਆਂ ਛੱਡਤੀਆਂ, ਓਥੇ ਤੇਰੇ ਅਰਗੇ ਲੋਕ ਹੁਣ ਹੱਥ ਰੰਗਣ ਲੱਗੇ ਵੇ ਐ...।" ਬਲਦੇਵ ਨੇ ਟਾਂਚ ਕੀਤੀ।

-"ਮੈਨੂੰ ਤਾਂ ਛੇ ਲੱਖ ਵਿੱਚੋਂ ਛੇ ਹਜ਼ਾਰ ਆਉਣੈ, ਉਹ ਥੋਨੂੰ ਛੱਡਿਆ, ਉਹ ਨਾ ਦਿਓ ਬਾਈ, ਹੋਰ ਦੱਸ...?"

-"ਨਹੀਂ ਯਾਰ ਇਹ ਵੀ ਗੱਲ ਨੀ...! ਤੂੰ ਸਾਡੀਆਂ ਟਿਕਟਾਂ ਕਰਵਾ, ਤੈਨੂੰ ਛੇ ਲੱਖ ਹੀ ਦੇਵਾਂਗੇ...।"

-"ਏਅਰਪੋਰਟਾਂ 'ਤੇ ਤੰਗ ਤਾਂ ਨੀ ਕਰਦੇ...?" ਡੇਵ ਨੇ ਪੁੱਛਿਆ।

-"ਏਅਰਪੋਰਟਾਂ ਦੀ ਸੁਣ ਲਓ...!" ਉਸ ਨੇ ਅੱਖੀਂ ਦੇਖੀ ਅਤੇ ਕੰਨੀਂ ਸੁਣੀਂ ਗੱਲ ਦੱਸਣੀ ਸ਼ੁਰੂ ਕੀਤੀ, "ਸਾਡੇ ਇੱਕ ਮਿੱਤਰ ਦਾ ਸਾਲ਼ਾ ਆਇਆ ਸੀ ਇੰਗਲੈਂਡ ਤੋਂ...। ਉਹਦੀ ਭੈਣ ਨੂੰ ਕੈਂਸਰ ਸੀ, ਤੇ ਉਹ ਵਿਚਾਰੀ ਆਖਰੀ ਸਟੇਜ਼ 'ਤੇ ਸੀ...। ਭਰਾ ਨੇ ਸੋਚਿਆ ਵੱਡੀ ਭੈਣ ਮਾਂਵਾਂ ਵਰਗੀ ਐ, ਜ਼ਿੰਦਗੀ ਦਾ ਕੋਈ ਭਰੋਸਾ ਨਹੀਂ, ਜਾ ਕੇ ਭੈਣ ਦਾ ਪਤਾ ਲੈ ਆਵਾਂ...। ਚਲੋ ਜੀ, ਉਹ ਕੋਵਿੱਡ ਦੇ ਟੈਸਟ ਬਗੈਰਾ ਕਰਵਾ ਕੇ, ਤੇ ਲੈ ਕੇ ਮਹਿੰਗੀ ਟਿਕਟ ਦਿੱਲੀ ਆ ਉੱਤਰਿਆ...। ਸਾਰੀਆਂ 'ਵੈਕਸੀਨਾਂ' ਵੀ ਉਹਦੇ ਲੱਗੀਆਂ ਸੀ....।"

-"......................।"

-"ਸੁਵਿਧਾ ਫ਼ਾਰਮ ਦਿਖਾ ਕੇ, ਤੇ ਅੱਗੇ ਇੰਮੀਗਰੇਸ਼ਨ ਤੋਂ ਵਿਹਲਾ ਹੋ ਕੇ ਅੱਗੇ ਜਦ ਉਸ ਨੇ ਕੋਵਿੱਡ ਟੈਸਟ ਦਾ ਸਰਟੀਫ਼ਿਕੇਟ ਕਰਮਚਾਰੀਆਂ ਦੇ ਅੱਗੇ ਰੱਖਿਆ ਤਾਂ ਇੱਕ ਪੁਲੀਸ ਵਾਲ਼ਾ ਕਹਿੰਦਾ ਅਖੇ ਤੈਨੂੰ ਤਾਂ 'ਕੁਆਰਨਟਾਈਨ' ਕਰਨਾ ਪਊ, ਤੇ ਉਹ ਵੀ ਦੋ ਹਫ਼ਤੇ...। ਉਹ ਵਿਚਾਰਾ ਬੜਾ ਪਿੱਟਿਆ ਬਈ ਮੈਂ ਕਿਸੇ ਖ਼ੁਸ਼ੀ ਨੂੰ ਨੀ ਆਇਆ, ਮੇਰੀ ਭੈਣ ਕੈਂਸਰ ਦੀ ਮਰੀਜ਼ ਐ, ਤੇ ਹੁਣ ਆਖਰੀ ਸਟੇਜ਼ 'ਤੇ ਐ, ਮੈਂ ਤਾਂ ਉਹਦੇ 'ਦਰਸ਼ਣ' ਕਰਨ ਆਇਐਂ, ਮੇਰੇ 'ਤੇ ਰਹਿਮ ਕਰੋ...! ਚਲੋ, ਰਹਿਮ ਦੇ ਬਹਾਨੇ ਇੱਕ ਪੁਲੀਸ ਕਰਮਚਾਰੀ ਨੇ ਉਸ ਨੂੰ ਆਪਣੀ ਸਰਕਾਰੀ ਗੱਡੀ ਵਿੱਚ ਬਿਠਾ ਲਿਆ ਅਤੇ ਹੋਟਲ ਵੱਲ ਨੂੰ ਲੈ ਕੇ ਤੁਰ ਪਿਆ, ਜਿੱਥੇ 'ਕੁਆਰਨਟਾਈਨ' ਕਰਨਾ ਸੀ...। ਓਥੇ ਹੋਟਲ ਦੇ ਬਾਹਰ ਹੀ ਗੱਡੀ ਰੋਕ ਕੇ ਪੁਲ਼ਸ ਕਰਮਚਾਰੀ ਉਹਨੂੰ ਪੁੱਛਦੈ, ਦੇਖ ਲੈ, ਦੋ ਹਫ਼ਤੇ ਹੋਟਲ 'ਚ ਰਹਿਣੈ, ਜਾਂ ਘਰ ਜਾਣੈ...? ਤਾਂ ਅਗਲਾ ਵਿਚਾਰਾ ਪਿੱਟ ਉਠਿਆ, ਬਈ ਮੇਰੀ ਭੈਣ ਆਖਰੀ ਸਾਹਾਂ 'ਤੇ ਐ, ਮੈਨੂੰ ਘਰ ਜਾਣ ਦਿਓ...। ਤੇ ਪੁਲ਼ਸ ਕਰਮਚਾਰੀ ਕਹਿੰਦਾ ਦੋ ਹਫ਼ਤੇ ਦਾ ਹੋਟਲ ਦਾ ਖਰਚਾ ਵੀ ਤੀਹ ਕੁ ਹਜ਼ਾਰ ਆ ਜਾਊ, ਤੇ ਤੇਰੇ ਦੋ ਹਫ਼ਤੇ ਵੀ ਖਰਾਬ ਹੋਣਗੇ, ਅਖੇ ਤੂੰ ਮੈਨੂੰ ਤੀਹ ਹਜ਼ਾਰ ਰੁਪਈਆ ਦੇ-ਦੇ, ਤੇ ਮੈਂ ਤੈਨੂੰ ਪੰਜਾਬ ਜਾਣ ਵਾਲ਼ੀ ਗੱਡੀ 'ਚ ਬਿਠਾ ਆਉਨੈ...।"

-"ਕਿੱਡਾ ਲੋਹੜੈ...।"

-"ਲਓ ਜੀ, ਓਸ ਫ਼ਸੇ ਫ਼ਸਾਏ ਬੰਦੇ ਨੇ ਮਜਬੂਰੀ 'ਚ ਵੀਹ ਕੁ ਹਜ਼ਾਰ 'ਚ ਉਹ ਕਰਮਚਾਰੀ ਮਸਾਂ ਮਨਾਇਆ, ਤੇ ਵੀਹ ਹਜ਼ਾਰ ਉਹਨੂੰ ਮੱਥਾ ਟੇਕ ਕੇ ਮਸਾਂ ਓਹਤੋਂ ਖਹਿੜ੍ਹਾ ਛੁਡਾਇਆ...। ਆਹ ਹਾਲ ਤਾਂ ਆਪਣੇ ਏਅਰਪੋਰਟਾਂ ਦਾ ਐ ਜਨਾਬੇ ਆਲੀ...।"

-"ਮੋਹ ਮਰਿਆਦਾ, ਜਾਂ ਹੈਦਿਆ ਤਾਂ ਲੋਕਾਂ ਦੇ ਮਨਾਂ 'ਚੋਂ ਖੰਭ ਲਾ ਕੇ ਉਡਗੀ ਬਾਈ...! ਹੁਣ ਤਾਂ ਜੀਹਦਾ ਲੋਟ ਲੱਗਦੈ, ਲੁੱਟਣ ਨੂੰ ਪੈਂਦੇ ਐ ਖ਼ਸਮਾਂ ਨੂੰ ਖਾਣੇ..।"

-"ਤੇ ਕੀ ਤੇਰੇ ਭਾਅ ਦਾ ਗੌਰਮਿੰਟ ਨੂੰ ਇਹਨਾਂ ਗੱਲਾਂ ਦੀ ਕਨਸੋਅ ਹੈਨ੍ਹੀ...?"

-"ਹੈਗ੍ਹੀ ਐ...! ਹੈ ਕਿਉਂ ਨੀ...? ਇਹਨਾਂ ਦੀ ਤਾਂ ਉਹ ਗੱਲ ਐ; ਬਈ ਕਹਿਣਾ ਮੋੜਨਾ ਨੀ, ਤੇ ਡੱਕਾ ਤੋੜਨਾ ਨੀ...।"

-"ਕੁੱਤੀ ਚੋਰਾਂ ਨਾਲ਼ ਰਲ਼ੀ ਹੋਈ ਐ, ਬਾਈ...।"

-"ਇੱਕ ਗੱਲ ਹੋਰ ਸੁਣ ਲਓ...!"

-"............................।"

-"ਇੱਕ ਬੰਦਾ ਦਿੱਲੀਓਂ ਚੜ੍ਹਨ ਲੱਗਿਆ, ਤਾਂ ਸਕਿਊਰਿਟੀ ਚੈੱਕ ਕਰਨ ਵੇਲ਼ੇ ਉਹਦੇ ਕੋਲ਼ੋਂ ਇੱਕ ਪਿਸਟਲ ਦਾ 'ਕਾਰਤੂਸ' ਨਿਕਲ਼ ਆਇਆ, ਰੱਬ ਜਾਣੇ ਕਿਸੇ ਦੋਖੀ ਨੇ ਕੋਈ ਕਿੜ੍ਹ ਕੱਢਣ ਲਈ ਪਾ ਦਿੱਤਾ, ਜਾਂ ਕਰਮਚਾਰੀਆਂ ਦੀ ਆਬਦੀ ਹੀ ਰਚੀ 'ਖੇਡ' ਸੀ, ਇਹ ਰੱਬ ਜਾਣੇ...! ਚਲੋ ਜੀ, ਉਹਨੂੰ ਇੱਕ ਪੁਲ਼ਸ ਕਰਮਚਾਰੀ ਗ੍ਰਿਫ਼ਤਾਰ ਕਰ ਕੇ ਸਰਕਾਰੀ ਗੱਡੀ 'ਚ ਬਿਠਾ ਕੇ ਲੈ ਤੁਰਿਆ, ਅਖੇ ਤੈਨੂੰ ਜੇਲ੍ਹ ਭੇਜਣੈ...। ਉਹ ਬੰਦਾ ਵਿਚਾਰਾ ਨਿਰਦੋਸ਼, ਉਹ ਪਿੱਟੇ ਬਈ ਮੇਰੇ ਕੋਲ਼ ਤਾਂ ਕੋਈ ਹਥਿਆਰ ਵੀ ਹੈਨ੍ਹੀ, ਮੈਂ ਇਹ ਕਾਰਤੂਸ ਸਿਰ 'ਚ ਮਾਰਨੈ...?"

-"ਨਾਲ਼ੇ ਰੱਖਣ ਵਾਲ਼ਾ ਕੋਈ ਇੱਕ ਕਾਰਤੂਸ ਥੋੜ੍ਹੋ ਰੱਖੂ...? ਉਹ ਤਾਂ ਝੋਲ਼ਾ ਭਰ ਕੇ ਰੱਖੂ...।"

-"ਚਲੋ ਜੀ, ਨਾ ਠਾਣੇ ਲੈ ਕੇ ਗਿਆ, ਨਾ ਕਿਸੇ ਜੇਲ੍ਹ, ਤੇ ਨਾ ਉਹਦੇ 'ਤੇ ਕੋਈ ਪਰਚਾ ਦਰਜ ਕੀਤਾ..। ਤੇ ਲੱਖ ਰੁਪਈਆ ਲੈ ਕੇ ਉਹਨੂੰ ਛੱਡਤਾ...। ਉਹ ਫਿਰ ਪਿੱਟੇ ਬਈ ਮੇਰੀ ਤਾਂ ਫ਼ਲਾਈਟ ਵੀ ਕੱਢਤੀ ਤੁਸੀਂ...। ਪਰ ਸੁਣਦਾ ਕੌਣ ਐਂ...? ਕਰਮਚਾਰੀ ਕਹਿੰਦਾ, ਜੇ ਹੁਣ ਬੋਲਿਐਂ, ਕੇਸ ਦਰਜ ਕਰ ਕੇ ਤਿਹਾੜ 'ਚ ਮਾਰੂੰ, ਭੁਗਤਦਾ ਫ਼ਿਰੀਂ ਤਰੀਕਾਂ ਤੇ ਸੜੀਂ ਜੇਲ੍ਹ 'ਚ...। ਆਹ ਕੁਛ ਹੁੰਦੈ ਬਾਈ ਇੱਥੇ, ਪਰ ਪੁੱਛਦਾ ਕੋਈ ਨੀ...। ਉਹਨੇ ਵਿਚਾਰੇ ਨੇ ਨਵੇਂ ਸਿਰਿਓਂ ਇੱਕ ਹੋਰ ਟਿਕਟ ਲਈ, ਤੇ ਪੰਜਵੇਂ ਦਿਨ ਜਾ ਕੇ ਇੰਗਲੈਂਡ ਆਬਦੇ ਘਰ ਪਹੁੰਚਿਆ...।

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**

**-ਸੰਪਾਦਕ**

# ਗੁਰੂ ਅੰਗਦ ਗੁਰ ਅੰਗੁ ਤੇ


- ਲੇਖਕ -

ਗਿ: ਗੁਰਬਖ਼ਸ਼ ਸਿੰਘ ਗੁਲਸ਼ਨ

ਸੰਪਰਕ ਲਈ:

+44 7956 302743




## ਆਖਰੀ ਕਿਸ਼ਤ

ਸ੍ਰੀ ਅੰਗਦ ਤੁਸ਼ਨ ਮੁਖ ਧਾਰੀ।
(ਦਾਸੂ ਦੀ ਗੱਲ ਸੁਣ ਹਜ਼ੂਰ ਚੁੱਪ ਹੋ ਗਏ)
ਭਲੀ ਬੁਰੀ ਸੁਤ ਸੋਂ ਨ ਉਚਾਰੀ।
(ਉਨ੍ਹਾਂ ਨੂੰ ਕੁਝ ਚੰਗਾ ਮਾੜਾ ਨ ਕਿਹਾ)
ਪੁਨ ਸੰਗਤ ਮਹਿੰ ਕਹਯੋ ਸੁਨਾਈ।
(ਫਿਰ ਸੰਗਤ ਨੂੰ ਕਿਹਾ)
'ਮਮ ਸਰੂਪ ਅਬਿ ਇਹੈ ਸੁਹਾਈ।28॥
('ਹੁਣ ਸ੍ਰੀ ਅਮਰ ਜੀ ਸਾਡਾ ਰੂਪ ਹਨ)
ਮੋ ਮਹਿੰ ਇਸ ਮਹਿੰ ਭੇਦ ਨ ਜਾਨਹੁਂ।
(ਮੇਰੇ ਤੇ ਇਨ੍ਹਾਂ ਵਿਚ ਕੋਈ ਫ਼ਰਕ ਨ ਜਾਨਣਾ)
ਏਕ ਸਰੂਪ ਦੁਹੂੰਨ ਕੋ ਮਾਨਹੁਂ'।..29॥27॥
(ਅਰ ਦੋਹਾਂ ਨੂੰ ਇਕ ਰੂਪ ਹੀ ਮੰਨਣਾ')
ਗ.ਪ੍ਰ.ਸੂ.

ਫਿਰ ਸਤਿਗੁਰੂ ਅੰਗਦ ਸਾਹਿਬ ਜੀ ਨੇ ਸਭਨਾਂ ਨੂੰ ਕਹਿਆ ਸਾਡੇ ਜਾਣ ਦਾ ਸਮਾਂ ਬਹੁਤ ਥੋੜਾ ਰਹਿ ਗਿਆ ਹੈ ਤੁਸੀਂ ਛੇਤੀ ਲੰਗਰ ਛਕ ਲਵੋ। ਸ੍ਰੀ ਅਮਰਦਾਸ ਜੀ ਨੂੰ ਕਿਹਾ ਕਿ ਚੰਗਾ ਹੋਵੇ ਜੇ ਆਪ ਜਾ ਕੇ ਸਾਰਿਆਂ ਨੂੰ ਲੰਗਰ ਛਕਾਉ ਅਰ ਆਪ ਵੀ ਛਕ ਆਵੋ। ਸਤਿਬਚਨ ਕਹਿੰਦਿਆਂ ਬਾਬਾ ਜੀ ਉੱਠ ਕੇ ਲੰਗਰ ਵਿਚ ਚਲੇ ਗਏ।

ਥੋੜੇ ਸਮੇਂ ਵਿਚ ਹੀ ਸੰਗਤਾਂ ਸਹਿਤ ਬਾਬਾ ਜੀ ਵਾਪਸ ਆ ਗਏ। ਹਜ਼ੂਰ ਨੇ ਦੁਹਰਾਇਆ ਕਿ ਗੁਰੂ-ਬਾਬਾ ਜੀ ਦੇ ਬਚਨ ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ॥ ਅਨੁਸਾਰ ਇਸ ਜਗਤ ਵਿਚ ਆਏ ਹਰ ਜੀਵ ਨੇ ਜ਼ਰੂਰ ਜਾਣਾ ਹੁੰਦਾ ਹੈ, ਉਸ ਅਨੁਸਾਰ ਹੀ ਸਾਡੇ ਜਾਣ ਦਾ ਸਮਾਂ ਆ ਗਿਆ ਹੈ, ਅਸੀਂ ਤਿਆਰੇ ਕਰ ਲਏ ਹਨ। ਕਿਸੇ ਨੇ ਰੋਣਾ-ਧੋਣਾ ਨਹੀਂ ਅਰ ਸ਼ੁਕਰ ਕਰਨਾ ਕਿ ਕਰਤਾਰ ਦੀ ਕਿਰਪਾ ਸਦਕਾ ਧੰਨ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰ ਕੇ ਸਿਮਰਨ ਅਤੇ ਸੇਵਾ ਨਾਲ ਸਾਡਾ ਜਿਉਣਾ ਲੇਖੇ ਲੱਗ ਗਿਆ ਹੈ'।

### ਅੰਤਮ ਸੰਸਕਾਰ ਰੀਤਿ

ਇੰਨੇ ਬਚਨ ਕਰ ਹੀ ਰਹੇ ਸਨ ਕਿ ਦੋਵੇਂ ਸਾਹਿਬਜ਼ਾਦੇ ਅੰਦਰ ਮੁੜ ਆਏ। ਦਾਸ ਅਤੇ ਦਾਤਾ ਨੇ ਹੁਣ ਹੱਥ ਜੋੜ ਕੇ ਕਿਹਾ,

'ਪਿਤਾ ਜੀ! ਆਪ ਜੀ ਨੇ ਜਾਣ ਦੀ ਤਿਆਰੀ ਕਰ ਲਈ ਹੈ, ਕਿਰਪਾ ਕਰ ਕੇ ਸਾਨੂੰ ਦੱਸੋ ਕਿ ਆਪ ਜੀ ਤੋਂ ਬਾਦ ਸਾਨੂੰ ਕਿਰਿਆ ਕਿਵੇਂ ਕਰਨੀ ਚਾਹੀਦੀ ਹੈ'?

ਦੋਨੋਂ ਪੁੱਤ੍ਰ ਆਏ ਤਿਸ ਕਾਲਾ।
(ਉਸ ਵੇਲੇ ਦੋਵੇਂ ਸਾਹਿਬਜ਼ਾਦੇ ਆਏ)
ਪਰੇ ਚਰਨ ਅਰਬਿੰਦ ਕ੍ਰਿਪਾਲਾ।10॥
(ਸਤਿਗੁਰਾਂ ਨੂੰ ਮੱਥਾ ਟੇਕਿਆ)
'ਦਯਾ ਧਾਰਿ ਬਿਵਹਾਰ ਬਤਾਵਹੁ।
('ਕਿਰਪਾ ਕਰ ਕੇ ਸਾਨੂੰ ਦੱਸੋ)
ਜਿਮਿ ਪੀਛੇ ਹਮ ਕਰਹਿਂ ਜਨਾਵਹੁ'।
(ਜਿਵੇਂ ਸਾਨੂੰ ਪਿਛੋਂ ਕਰਨਾ ਚਾਹੀਦਾ ਹੈ')

ਗੁਰਦੇਵ ਜੀ ਨੇ ਕਿਹਾ,

'ਪੁੱਤਰ! ਚੰਗਾ ਹੋਇਆ ਤੁਸੀਂ ਆ ਗਏ ਅਤੇ ਪੁੱਛ ਲਿਆ। ਸਾਡੇ ਜਾਣ ਬਾਦ ਕਿਸੇ ਨੇ ਵੀ ਰੋਣਾ ਨਹੀਂ, ਗੁਰੂ-ਬਾਬਾ ਜੀ ਦੀ ਬਾਣੀ ਦਾ ਪਾਠ ਕਰਨਾ। ਤੁਹਾਨੂੰ ਚੇਤਾ ਹੋਵੇਗਾ ਕਿ ਜੁਲਾਹੇ ਦੀ ਤਾਣੀ ਦੇ ਕਿੱਲੇ ਨੂੰ ਸ੍ਰੀ ਅਮਰਦਾਸ ਜੀ ਦਾ ਚਰਨ ਲੱਗਣ ਕਰ ਕੇ ਜਦੋਂ ਇਹ ਹਰਾ ਹੋ ਗਿਆ ਸੀ ਤਾਂ ਜੁਲਾਹੇ ਕੋਲੋਂ ਉਸ ਦਾ ਸਾਰਾ ਥਾਂ ਆਪਾਂ ਖ਼ਰੀਦ ਲਿਆ ਸੀ। ਉਸ ਕਿੱਲੇ ਦੇ ਨੇੜੇ ਸਾਡਾ ਸਸਕਾਰ ਕਰ ਦੇਣਾ। ਸਾਰਿਆਂ ਮਿਲ ਕੇ ਕੀਰਤਨ ਸਤਸੰਗ ਕਰਨਾ ਅਰ ਕਰਤਾਰ ਦੇ ਪਾਸ ਸਾਡਾ ਜੀਵਨ ਗੁਰੂ-ਸੇਵਾ ਵਿਚ ਲਾਉਣ ਦੇ ਸ਼ੁਕਰਾਨੇ ਦੀ ਅਰਦਾਸ ਕਰਦਿਆਂ ਸੰਗਤੀ ਆਸੀਸਾਂ ਬਖ਼ਸ਼ਣੀਆਂ 'ਜਿਉ ਹੋਵੈ ਸਾਹਿਬ ਸਿਉ ਮੇਲੁ'॥ ਆਪਣੀ ਮਾਤਾ ਦਾ ਧਿਆਨ ਰੱਖਣਾ ਅਰ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਨਾ।

ੳ. ਸੁਨਿ ਸ੍ਰੀ ਸਤਿਗੁਰ ਬਾਕ ਉਚਾਰੇ।
(ਸੁਣ ਕੇ ਗੁਰੂ ਸਾਹਿਬ ਬਚਨ ਕੀਤੇ)
'ਜਗ ਅਰ ਕੁਲ ਕੇ ਜਿਤਕ ਅਚਾਰੇ।
('ਲੋਕ ਰੀਤਿ ਅਰ ਪ੍ਰਵਾਰ ਰੀਤਿ)
ਹਮਰੇ ਹੇਤ ਨਹੀਂ ਕਛ ਕਰਨਾ।
(ਸਾਡੀ ਬਿਲਕੁਲ ਨਹੀਂ ਕਰਨਾ)
ਕੀਰਤਿ ਪਠਿ ਸੁਨਿ ਨਾਮ ਸਿਮਰਨਾ।12॥
(ਕੀਰਤਨ ਕਥਾ ਸੋਹਿਲਾ ਪੜ੍ਹਨਾ ਸੁਨਣਾ)
ਕਰਹੁ ਆਨੰਦ ਮੰਗਲਾਚਾਰਾ।
(ਆਨੰਦ ਮੰਗਲ ਕਰਦੇ ਹੋਏ)
ਦੇਹੁ ਸਰੀਰ ਅਗਨਿ ਸਸਕਾਰਾ'।..13॥28॥
(ਸਰੀਰ ਦਾ ਦਾਹ ਸਸਕਾਰ ਕਰ ਦੇਣਾ')
ਗ.ਪ੍ਰ.ਸੂ.

ਅ. ਤਬ ਸ੍ਰੀ ਮੁਖ ਗੁਰ ਬਚਨ ਉਚਾਰਾ।
ਕ੍ਰਿਆ ਕਰਮ ਅਰ ਕੁਲ ਆਚਾਰਾ।
ਹਮਰੈ ਕਾਜ ਕਛੂ ਨਹੀ ਕਰਨਾ।
ਨਹੀ ਕਰਨਾ ਕੋਊ ਜਗ ਆਚਰਨਾ।23॥
ਹਰਿ ਭਜਨ ਕਰੋ ਪੀਛੇ ਮਮ ਪਿਆਰੇ।
ਕਰੋ ਆਨੰਦ ਮੰਗਲ ਸੁਖ ਸਾਰੇ।
ਦੇਹ ਸਿਸਕਾਰ ਅਗਨ ਮੋ ਕਰਨਾ।
ਕੀਰਤਨ ਭਜਨ ਤੋਖ ਚਿਤ ਧਰਨਾ।
24॥16॥ ਮ.ਪ੍ਰ

### ਗੁਰੂ-ਬਾਬਾ ਜੀ ਦਾ ਵਾਕ ਚੇਤੇ ਰੱਖਣਾ:

ਦੀਵਾ ਮੇਰਾ ਏਕੁ ਨਾਮੁ
ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ
ਚੂਕਾ ਜਮ ਸਿਉ ਮੇਲੁ॥1॥
ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ
ਏਕ ਰਤੀ ਲੇ ਭਾਹਿ॥1॥ ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ
ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥2॥
ਗੰਗ ਬਨਾਰਸਿ ਸਿਫਤਿ ਤੁਮਾਰੀ
ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ
ਜਾ ਅਹਿਨਿਸਿ ਲਾਗਾ ਭਾਉ॥3॥
ਇਕ ਲੋਕੀ ਹੋਰੁ ਛਮਿਛਰੀ
ਬ੍ਰਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ
ਕਬਹੂ ਨਿਖੂਟਸਿ ਨਾਹਿ॥4॥2॥32॥
ਗ.ਗ੍ਰ.ਸਾ. ਪੰਨਾ 358

### ਦਾਸ ਤੇ ਦਾਤਾ ਦੀ ਸੌਂਪਣਾ

ਇਤਨੇ ਬਚਨ ਕਰ ਕੇ ਗੁਰੂ ਸਾਹਿਬ ਨੇ ਗੁਰੂ ਅਮਰਦਾਸ ਸਾਹਿਬ ਜੀ ਨੂੰ ਨੇੜੇ ਸੱਦ ਕੇ ਕਿਹਾ: -ਪੁਰਖਾ ਪਾਰਬ੍ਰਹਮ ਕੇ ਪੰਥ ਕੇ ਵਾਸਤੇ ਕਹਾ ਥਾ। ਤੁਮ ਕਿਰਪਾ ਕੀ ਨਜਰ ਕਰ ਕੇ ਜਗਤ ਕੇ ਜੀਵ ਹੈ ਇਨ ਕੋ ਪਰਮੇਸਰ ਕਾ ਉਪਦੇਸ ਦਿੜਾਵੋ। ਸਾਰਾ ਕੰਮ ਜਗਤ ਪਰ ਇਹੀ ਹੈ- ਮ.ਪ੍ਰ.ਵਾਰਤਕ

ਇਸ ਘੜੀ ਦੀ ਵਿਚਾਰ ਕਰਦਿਆਂ ਸਾਨੂੰ ਭਾਈ ਨੰਦ ਲਾਲ ਗੋਯਾ ਜੀ ਦੇ ਗੰਜਨਾਮਹ ਵਿਚਲੇ ਬੋਲ ਯਾਦ ਆ ਰਹੇ ਹਨ। ਜਦੋਂ ਕਰਤਾਰ ਨੇ ਸਾਰੀਆਂ ਸ਼ਕਤੀਆਂ ਦੇ ਕੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸਾਰੀ ਖਲਕਤ ਨੂੰ ਕੇਵਲ ਕਰਤਾਰ ਨਾਲ ਜੋੜਨ ਦਾ ਹੁਕਮ ਕੀਤਾ ਤਾਂ ਪਾਤਸ਼ਾਹ ਜੀ ਨੇ ਜੋ ਕਿਹਾ, ਮਾਨੋ, ਉਹੀ ਕੁਝ ਅੱਜ ਬਾਬਾ ਸ੍ਰੀ ਅਮਰਦਾਸ ਜੀ ਦੁਹਰਾ ਰਹੇ ਹਨ:

ਸ਼ਾਹ ਗੁਫ਼ਤਾ 'ਚਿ ਲਾਇਕ ਆਨਮ (ਪਾਤਸ਼ਾਹ (ਗੁਰੂ ਨਾਨਕ) ਨੇ ਕਿਹਾ, 'ਮੈਂ ਇਸ ਦੇ ਕੀ ਲਾਇਕ ਹਾਂ)
ਕਿ ਦਿਲ-ਇ ਜੁਮਲਾ ਬਾਜ਼ ਗਰਦਾਨਮ।5॥(ਕਿ ਸਭਨਾਂ ਦੇ ਦਿਲਾਂ ਨੂੰ ਸਿੱਧੇ ਪਾਸੇ ਮੋੜ ਦਿਆਂ)
ਮਨ ਕੁਜਾ ਵ ਚੁਨੀਂ ਕਮਾਲ ਕੁਜਾ।
(ਮੈਂ ਕਿੱਥੇ ਤੇ ਅਜਿਹਾ ਕਮਾਲ ਕਿੱਥੇ?)
ਮਨ ਕਿਹ ਵ ਫ਼ਰੇ ਜ਼ੁਲਜਲਾਲ ਕੁਜਾ।51॥
(ਮੈਂ ਨਿਗੁਣਾ ਕਿੱਥੇ ਅਤੇ ਤੇਰੇ/ਰੱਬ ਸਰੂਪ ਦੀ ਸ਼ਾਨ ਸ਼ੌਕਤ ਕਿੱਥੇ)
ਲੇਕ ਹੁਕਮਤ ਕਸ਼ਮ ਬ-ਜਾਨ ਓ ਦਿਲ।
(ਪਰ, ਤੇਰਾ ਹੁਕਮ ਮੇਰੇ ਸਿਰ ਮੱਥੇ ਤੇ ਹੈ)
ਨ ਸ਼ਵਮ ਯਕ ਜ਼ਮਾਂ ਅਜ਼ ਓ ਗ਼ਾਫ਼ਿਲ।52॥
(ਮੈਂ ਇਕ ਛਿਨ ਲਈ ਵੀ ਉਸ ਤੋਂ ਗ਼ਾਫ਼ਿਲ ਨਹੀਂ ਰਹਾਂਗਾ)
ਹਾਦੀ ਓ ਰਹਿਨੁਮਾਈ ਜੁਮਲਾ ਤੁ ਈ।
(ਤੂੰ ਹੀ ਸਭ ਦਾ ਰਾਹ ਵਿਖਾਊ ਤੇ ਹਾਦੀ ਹੈਂ)
ਰਹਿਬਰ ਓ ਦਿਲਗਿਰਾਮੀ-ਇ ਜੁਮਲਾ ਤੁ ਈ। 53॥ (ਤੂੰ ਹੀ ਸਭ ਦੇ ਦਿਲਾਂ ਨੂੰ, ਮੋੜਨ ਵਾਲਾ ਹੈਂ') ਗੰਜਨਾਮਹ ਡਾ.ਗੰਡਾ ਸਿੰਘ

ਸਾਹਿਬ ਜੀ ਨੇ ਕੋਲ ਬਿਠਾ ਕੇ ਪਿਆਰ ਨਾਲ ਹੋਰ ਸਮਝਾਇਆ ਕਿ ਤੁਸੀਂ ਸਾਡੇ ਪਿਛੋਂ ਗੋਇੰਦਵਾਲ ਚਲੇ ਜਾਣਾ ਤਾਂ ਕਿ ਗੁਰਮਤ ਪ੍ਰਚਾਰ ਵਿਚ ਕਦੀ ਰੋਕ ਨ ਪਵੇ। ਮਹਾਂਕਵੀ ਜੀ ਕਾਰਨ ਇਉਂ ਬਿਆਨ ਕਰਦੇ ਹਨ:

ਦਾਸੂ ਦਾਤੂ ਸਦਨ ਰਹੈਂਗੇ।
(ਦਾਸੂ ਅਤੇ ਦਾਤੂ ਇਥੇ ਰਹਿਣਾ ਹੈ)
ਪਿਖਹਿੰ ਨ ਤੁਮ ਇਰਖਾ ਨ ਲਹੈਂਗੇ।
(ਇਹ ਤੁਹਾਨੂੰ ਵੇਖ ਵੇਖ ਔਖੇ ਨਹੀਂ ਹੋਣਗੇ)
ਨਾਹਿੰ ਤ ਦੇਖਿ ਪ੍ਰਤਾਪ ਤਿਹਾਰੋ।
(ਨਹੀਂ ਤਾਂ ਤੁਹਾਡੀ ਵਡਿਆਈ ਵੇਖ ਕੇ)
ਜਰਹਿੰ ਰਿਦੈ ਨਹਿੰ, ਪਰਹਿੰ ਬਿਗ-ਾਰੋ।40॥17॥ (ਸਹਿਣਗੇ ਨਹੀਂ, ਵਿਗਾੜ ਪਵੇਗਾ)

ਅਰ, ਫਿਰ ਦੋਹਾਂ ਸਾਹਿਬਜ਼ਾਦਿਆਂ ਦੀਆਂ ਬਾਹਾਂ ਉਨ੍ਹਾਂ ਹੱਥੀਂ ਸੌਂਪਦਿਆਂ ਕਿਹਾ, 'ਇਨ੍ਹਾਂ ਨੂੰ ਆਪਣੇ ਨਾਲ ਜੋੜੀ ਰੱਖਣਾ'। ਦੋਹਾਂ ਨੇ ਗੁਰੂ ਸਾਹਿਬ ਨੂੰ ਮੱਥਾ ਟੇਕਿਆ।

ਦੋਹਰਾ॥ ਦਾਸ ਦਾਤਾ ਜੀ ਸੁਨਤ ਹੀ
ਆਏ ਤਹ ਤਤਕਾਲ।
ਹਾਥ ਪਕਰਿ ਗੁਰ ਅਮਰ ਸੋਂ
ਸਉਪਿਓ ਸਤਿਗੁਰ ਦਿਆਲ।21॥ ਮ.ਪ੍ਰ.

ਸੰਮੂਹ ਸੰਗਤ ਨੂੰ ਫਿਰ ਸੰਬੋਧਨ ਕਰਦੇ ਕਿਹਾ ਕਿ ਸ੍ਰੀ ਅਮਰਦਾਸ ਜੀ ਨੂੰ ਅਸਾਂ ਆਪਣੇ ਸਥਾਨ 'ਤੇ ਬਿਠਾਇਆ ਹੈ, ਸਾਡੇ ਅਤੇ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ, ਜਿਹੜਾ ਫ਼ਰਕ ਸਮਝੇਗਾ, ਪਛੁਤਾਵੇਗਾ। ਅਸੀਂ ਇਨ੍ਹਾਂ ਨੂੰ ਗੁਰੂ-ਬਾਬਾ ਨਾਨਕ ਜੀ ਦੀਆਂ ਸਾਰੀਆਂ ਬਰਕਤਾਂ ਦੇ ਦਿੱਤੀਆਂ ਹਨ। ਲੋਕ ਪ੍ਰਲੋਕ ਦੇ ਸੁਖਾਂ ਦੇ ਇਹ ਦਾਤੇ ਹੋਣਗੇ। ਜੋ ਇਨ੍ਹਾਂ ਦੀ ਸ਼ਰਨ ਆਵੇਗਾ ਸੁਖ ਪਾਵੇਗਾ, ਜੋ ਈਰਖਾ ਕਰੇਗਾ ਆਪਣਾ ਵਿਗਾੜੇਗਾ।

ੳ. 'ਭੁਗਤਿ ਮੁਕਤਿ ਸਭ ਇਨ ਕੇ ਹਾਥ।
(ਲੋਕ ਪ੍ਰਲੋਕ ਦੇ ਸੁਖ ਇਨ੍ਹਾਂ ਦੇ ਹੱਥ ਹਨ)
ਜੋ ਸੇਵਹਿ ਹੋਵਹਿ ਸੁਖ ਸਾਥਿ।(ਜੋ ਸੇਵਾ ਕਰੇਗਾ, ਝੋਲੀਆਂ ਭਰੇਗਾ)
ਸ਼ਰਨ ਪਰੈ ਸੋਊ ਜਗ ਤਰੈ॥
(ਜੋ ਸ਼ਰਨ ਪਵੇਗਾ,ਉਸ ਦਾ ਉਧਾਰ ਹੋਵੇਗਾ)
ਹੋਇ ਦੁਖੀ ਦ੍ਰੋਹ ਜੋ ਉਰ ਧਰੈ।15॥
(ਜੋ ਵਿਰੋਧ ਕਰੇਗਾ ਉਹ ਦੁਖੀ ਹੋਵੇਗਾ)
ਇਰਖਾ ਕਰੈ ਸਰੈ ਨਹਿੰ ਕਾਰ।
(ਈਰਖਾਲੂ ਨੂੰ ਕੁਝ ਪ੍ਰਾਪਤ ਨਹੀਂ ਹੋਵੇਗਾ)
ਉਲਟੋ ਆਪਨੋ ਲੇਹਿ ਬਿਗਾਰ'।..16॥28॥
(ਸਗੋਂ ਆਪਣਾ ਵਿਗਾੜ ਲਵੇਗਾ')

ਅ. ਦੋਹਰਾ॥ ਅਮਰ ਗੁਰੂ ਨਿਜ ਰੂਪ ਮਮ
ਯਾ ਮੋ ਨਾਹੀ ਭੇਦ।
ਜੋ ਅਭੇਦ ਜਾਨੇ ਗੁਰੂ ਨਹੀ
ਜਨਮ ਮਰਨ ਤਿਹ ਖੇਦ।26॥16॥ ਮ.ਪ੍ਰ.

ੲ. ਪੰਡ ਚੁਕਣ ਦੇ ਲਾਇਕ ਮੈਂ ਏਹੋ ਡਿੱਠਾ। ਮਨੋ ਬਚਨ ਮੇਰਾ ਕਰਿ ਮਿਠਾ।
ਅਮਰਦਾਸ ਸੀਸੁ ਚਰਨਾ ਪਰਿ ਧਰਿਆ। ਜੀ ਮੈਂ ਹਾਂ ਟਹਿਲੀਆ ਦਾਸੁ ਚਰਨਾ ਪਰਿ ਪਰਿਆ।
127॥
ਨਹੀ ਸੇ ਮੰਨਦੇ ਪਰ ਗੁਰ ਅੰਗਦ ਜੀ ਮਨਾਈ।
ਪੰਡ ਗੁਰਿਆਈ ਦੀ ਗੁਰੂ ਅਮਰਦਾਸ ਨੂੰ ਚੁਕਾਈ।
ਆਪ ਸਵਾਰਾ ਕਰਨ ਦੀ ਕੀਤੀ ਤਿਆਰੀ।
ਸੰਮਤ ਸੋਲਾਂ ਸੌ ਅਤੇ ਨੌ ਚੇਤ ਸੁਦੀ
ਚਉਥ ਬਿਚਾਰੀ।128॥ ਚਰਣ 2, ਬੰਸਾਵਲੀਨਾਮਾ


ਗੁਰੂ ਅੰਗਦ ਦੇਵ ਜੀ

### ਜੋਤੀ ਅੰਦਰ ਜੋਤਿ ਸਮਾਣੀ

ਅੱਜ 9 ਚੇਤਰ, ਸੁਦੀ 4 ਸੰਮਤ 1609 ਬਿਕਰਮੀ/ 1552 ਈ. ਦਾ ਦਿਨ ਸੀ। ਸਿੰਘਾਸਣ 'ਤੇ ਬੈਠੇ ਸਭਨਾਂ ਨਾਲ ਬਚਨ ਕਰਦਿਆਂ ਆਪ ਜੀ ਦੇ ਨੇਤ੍ਰ ਮੁੰਦੇ ਗਏ ਅਰ ਮੁੰਦੇ ਨੇਤਰਾਂ ਨਾਲ ਹੀ ਸਿੰਘਾਸਣ 'ਤੇ ਚਾਦਰ ਲੈ ਕੇ ਲੇਟ ਗਏ। ਭਾਈ ਵੀਰ ਸਿੰਘ ਇਸ ਘੜੀ ਦਾ ਬਹੁਤ ਸੁੰਦਰ ਲਫ਼ਜ਼ਾਂ ਵਿਚ ਵਰਨਣ ਕਰਦੇ ਹਨ: ਇਸ ਤਰ੍ਹਾਂ ਮੀਟੇ ਨੈਣਾਂ ਵਿਚ ਬੈਠੇ ਲੇਟ ਗਏ ਸਿੰਘਾਸਣ ਉੱਪਰ ਹੀ, ਚਾਦਰ ਤਾਣ ਲਈ ਸਰੀਰ ਉੱਤੇ। ਸੈਂ ਗਏ ਲੇਟੇ ਲੇਟੇ ਹੀ। ਹਾਂ ਅੱਜ ਸਦਾ ਦੀ ਨੀਂਦੇ ਸੁਆ ਦਿੱਤਾ ਸਰੀਰ ਨੂੰ, ਸੁਹਣੇ, ਪਵਿੱਤ੍ਰ, ਨੇਕੀ ਦੇ ਪੁੰਜ, ਬ੍ਰਹਮ ਦੇ ਰੂਪ ਨੂੰ ਅੰਦਰ ਲਈ ਬੈਠੇ ਸਰੀਰ ਨੂੰ ਸੁਆ ਦਿੱਤਾ ਸਦਾ ਲਈ। ਜੋਤਿ ਤਿਆਗ ਗਈ ਸੁਹਣੇ ਸਰੀਰ ਨੂੰ, ਜਿਵੇਂ ਤਿਆਗ ਜਾਂਦੀ ਹੈ ਸੁਗੰਧੀ ਫੁੱਲ ਨੂੰ।

ਜੋਤੀ ਅੰਦਰ ਜੋਤਿ ਸਮਾਣੀ
ਆਪੁ ਪਛਾਤਾ ਆਪੈ॥ਗ.ਗ੍ਰ.ਸਾ. ਪੰਨਾ 1110

ਕੁਝ ਹੀ ਪਲਾਂ ਬਾਦ ਦਾਸ ਜੀ ਨੇ ਸਾਹਿਬ ਜੀ ਦੇ ਚਿਹਰੇ ਤੋਂ ਚਾਦਰ ਹਟਾ ਕੇ ਵੇਖਿਆ ਕਿ ਸਭਨਾਂ ਨੂੰ ਵਿਗਾਸ ਬਖ਼ਸ਼ਣ ਵਾਲੇ ਨੇਤ੍ਰ ਹੁਣ ਵੀ ਮੁੰਦੇ ਹੋਏ ਸਨ, ਚਿਹਰਾ ਦਗ ਦਗ ਕਰ ਰਿਹਾ ਸੀ ਪਰ ਜੀਅ ਦਾਨ ਦੇਣ ਵਾਲੇ ਅੰਮ੍ਰਿਤ ਵਚਨ ਹੁਣ ਨਹੀਂ ਸਨ ਸੁਣ ਰਹੇ,

ਬਾਕੀ ਹਿਸਾ ਅਗਲੇ ਸਫ਼ੇ 32 ਤੇ ਪੜ੍ਹੋ

# ਮਾਂ ਬੋਲੀ ਦੀ ਸੇਵਾ ਦੇ ਨਾਂਅ 'ਤੇ "ਸਾਹਿਤਕ ਠਿੱਬੀਆਂ" ਕੀ ਸੁਨੇਹਾ ਦਿੰਦੀਆਂ ਹਨ?

## ਸਮਾਜ ਬਦਲਣ ਦੀਆਂ ਗੱਲਾਂ ਕਰਨ ਵਾਲੇ ਇੱਕ ਦਿਨ ਲਈ ਜੀਭ ਦਾ ਸੁਆਦ ਤਾਂ ਬਦਲ ਨਹੀਂ ਸਕਦੇ

**ਮਨਦੀਪ ਖੁਰਮੀ ਹਿੰਮਤਪੁਰਾ (ਸਕਾਟਲੈਂਡ)**



ਮਾਂ ਬੋਲੀ ਦੀ 'ਸੇਵਾ' ਦੇ ਨਾਮ 'ਤੇ ਦੇਸ਼ ਵਿਦੇਸ਼ ਵਿੱਚ ਹਜ਼ਾਰਾਂ ਸਾਹਿਤ ਸਭਾਵਾਂ, ਸੰਸਥਾਵਾਂ ਬਣੀਆਂ ਮਿਲ ਜਾਣਗੀਆਂ। ਉਹਨਾਂ ਵਿੱਚੋਂ ਉਂਗਲਾਂ ਦੇ ਪੋਟਿਆਂ 'ਤੇ ਗਿਣੀਆਂ ਜਾ ਸਕਣ ਵਾਲੀਆਂ ਸੰਸਥਾਵਾਂ ਜਾਂ ਲੋਕ ਹੀ ਹੋਣਗੇ ਜੋ ਅਸਲ ਮਾਅਨਿਆਂ ਵਿੱਚ ਸੇਵਾ ਕਰਦੇ ਮਿਲਣਗੇ। ਨਹੀਂ ਤਾਂ ਵੱਡੀਆਂ ਬੰਨਾਂ ਵਾਲੇ ਸਾਹਿਤਕ ਢੱਠਿਆਂ ਦੀ ਭਰਮਾਰ ਹੀ ਮਿਲੇਗੀ। ਇਹ ਸਭਾਵਾਂ/ ਸੰਸਥਾਵਾਂ ਆਪਣੀ ਹੈਂਕੜ ਨੂੰ ਪੱਠੇ ਪਾਉਣ ਜਾਂ ਹੋਰਾਂ ਨੂੰ ਠਿੱਬੀਆਂ ਲਾਉਣ ਵਾਲੇ ਟੂਰਨਾਮੈਂਟਾਂ ਦਾ ਮੈਦਾਨ ਵਧੇਰੇ ਬਣਦੀਆਂ ਹਨ। ਸੱਤਵੀਂ ਜਮਾਤ 'ਚ ਪੜ੍ਹਦਾ ਸੀ ਜਦੋਂ ਤਰਕਸ਼ੀਲ ਸੁਸਾਇਟੀ ਦੇ ਮੇਲੇ ਕਰਵਾਉਣ ਦੀਆਂ ਵੱਡੀਆਂ ਜਿੰਮੇਵਾਰੀਆਂ ਨਿਭਾਉਣ ਦੇ ਵੱਲ ਸਿੱਖ ਲਏ। ਫਿਰ ਸਰਵ ਭਾਰਤ ਨੌਜਵਾਨ ਸਭਾ 'ਚ ਲੰਮਾ ਸਮਾਂ ਵਿਚਰਨ ਦਾ ਮੌਕਾ ਮਿਲਿਆ। ਅਸਲੋਂ ਵਿਦਵਾਨ ਸਖਸ਼ੀਅਤਾਂ 'ਚ ਵਿਚਰ ਕੇ ਚੰਗੇ ਮਾੜੇ ਦੀ ਪਰਖ ਆ ਗਈ। ਛੋਟੀ ਉਮਰ ਵਿੱਚ ਹੀ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਨਿਭਾ ਲੈਣ ਕਰਕੇ ਹੀ ਸ਼ਾਇਦ ਜਵਾਨੀ ਤੱਕ ਪ੍ਰਧਾਨਗੀਆਂ, ਸਕੱਤਰੀਆਂ ਦਾ ਝੱਸ ਮਨੋਂ ਲਹਿ ਜਿਹਾ ਗਿਆ। ਕੰਮ ਕਰਨ ਲਈ ਹਰ ਵੇਲੇ ਤਿਆਰ ਪਰ ਅਹੁਦਿਆਂ ਦੀ ਭੁੱਖ ਤੋਂ ਦੂਰ। ਸ਼ਾਇਦ ਇਹੀ ਵਜ੍ਹਾ ਹੋਵੇਗੀ ਕਿ ਮੈਂ ਹੁਣ ਤੱਕ ਕਿਸੇ ਵੀ ਸਭਾ ਜਾਂ ਸੰਸਥਾ ਦਾ ਮੈਂਬਰ ਵੀ ਨਹੀਂ ਬਣਿਆ।

ਬਰਤਾਨੀਆ ਦੀ ਧਰਤੀ 'ਤੇ 2009 'ਚ ਪਹਿਲੀ ਵਾਰ ਕਿਸੇ ਸਾਹਿਤਕ ਲੋਕਾਂ ਦੀ ਮੀਟਿੰਗ ਵਿੱਚ ਬੈਠਣ ਦਾ ਮੌਕਾ ਮਿਲਿਆ ਸੀ। ਉਸ ਮੀਟਿੰਗ ਦਾ 'ਕੱਲਾ 'ਕੱਲਾ ਪਲ ਅੱਜ ਵੀ ਓਵੇਂ ਈ ਯਾਦ ਐ। ਓਸ ਸਮੇਂ ਮੇਰੀ ਉਮਰ 29 ਸਾਲ ਸੀ ਪਰ ਉਮਰ ਦੇ ਬੀਤੇ 29 ਸਾਲਾਂ 'ਚ ਸਾਹਿਤ ਦੇ ਨਾਂ 'ਤੇ ਹੁੰਦੀਆਂ ਹਰਾਮਜ਼ਾਦਗੀਆਂ ਪਹਿਲਾਂ ਕਦੇ ਨਹੀਂ ਦੇਖੀਆਂ ਸਨ।

ਜਨਰਲ ਸਕੱਤਰ ਸ਼ਬਦ ਦੀ ਆਪਣੇ ਨਾਂ ਪੱਕੀ ਰਜਿਸਟਰੀ ਕਰਵਾਉਣ ਵਾਲੇ ਇੱਕ ਵੀਰ ਦੇ ਘਰ ਮੈਂ ਤੇ ਬਾਈ ਜੱਗੀ ਕੁੱਸਾ ਬੈਠੇ ਸਾਂ। ਨਵੀਂ ਸਭਾ ਦਾ ਕੋਠਾ ਛੱਤਣ ਤੇ ਪ੍ਰਧਾਨ, ਸਕੱਤਰ ਤੇ ਬਾਕੀ ਲੁੰਗਲਾਣਾ ਚੁਣਨ ਲਈ ਦੁਪਹਿਰੇ ਕਿਸੇ ਹੋਰ ਥਾਂ ਇਕੱਠੇ ਹੋਣਾ ਸੀ। ਪ੍ਰਧਾਨਗੀ ਤੇ ਸਕੱਤਰੀ ਦੇ ਦੋਵੇਂ ਅਹੁਦਿਆਂ ਲਈ ਤਿੰਨ ਧਿਰਾਂ ਮੁੱਠੀਆਂ 'ਚ ਥੁੱਕੀ ਫਿਰਦੀਆਂ ਸਨ। ਇਉਂ ਲਗਦਾ ਸੀ ਜਿਵੇਂ ਮਾਂ ਬੋਲੀ ਦੀ 'ਸੇਵਾ' ਲਈ 'ਸ਼ਹੀਦ' ਹੋਣ ਲਈ ਵੀ ਤਿਆਰ ਹੋਣ। ਸਕੱਤਰੀ ਦੇ ਰਜਿਸਟਰੀ ਹੋਲਡਰ ਵੀਰ ਜੀ ਇੱਕ ਉਮੀਦਵਾਰ ਦਾ ਫੋਨ ਰੱਖਣ ਤਾਂ ਦੂਜੇ ਦਾ ਆ ਜਾਵੇ, ਦੂਜੇ ਦਾ ਰੱਖਣ ਤਾਂ ਤੀਜੇ ਦਾ ਆ ਜਾਵੇ। ਇੱਕ ਡਾਕਟਰ ਬੀਬੀ ਵੀ ਪ੍ਰਧਾਨ ਬਣਨ ਦੀ ਦਾਅਵੇਦਾਰ ਸੀ ਤੇ ਭਾਈ ਸਾਹਿਬ ਓਸ ਬੀਬੀ ਨੂੰ ਗੱਲਾਂ ਗੱਲਾਂ 'ਚ ਪ੍ਰਧਾਨ ਬਣਾਈ ਹੀ ਬੈਠੇ ਸਨ।

-"ਭੈਣ ਜੀ, ਕੋਈ ਜੰਮਿਆ ਈ ਨੀ, ਜਿਹੜਾ ਆਪਣੀ ਗੱਲ ਉਲੱਦ ਜਾਵੇ। ਤੁਸੀਂ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਤੁਸੀਂ ਮੀਟਿੰਗ 'ਚ ਆਓ ਜਲਦੀ ਜਲਦੀ। ਆਪਣੇ ਮੂਹਰੇ ਬੋਲੂ ਕੌਣ? ਹੈ ਕਿਸੇ 'ਚ ਹਿੰਮਤ?"

ਇਹ ਸੁਣ ਕੇ ਇਉਂ ਲੱਗੇ ਜਿਵੇਂ ਸਭਾ ਤਾਂ ਬਣੀ ਹੋਈ ਐ, ਐਲਾਨ ਬਾਕੀ ਐ। ਨਾਲ ਈ ਓਹ ਭਾਈ ਸਾਬ੍ਹ ਆਵਦੇ ਹੁਣ ਤੱਕ ਦੇ ਇੱਕ ਜੋਟੀਦਾਰ ਨੂੰ ਪ੍ਰਧਾਨਗੀ ਵਾਲਾ ਲੱਕੜ ਦਾ ਮੁੰਡਾ ਦੇ ਰਹੇ ਸਨ ਕਿ "ਦਵਿੰਦਰਪਰੀਤ, ਚਿੰਤਾ ਨਾ ਕਰ। ਤੂੰ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਆਪਣੇ ਮੂਹਰੇ ਕੌਣ ਖੰਘਜੂ?"

ਤੀਜੀ ਧਿਰ ਸੀ ਪੁਰਾਣੇ ਸਥਾਪਿਤ ਲੇਖਕਾਂ ਦੀ, ਜਿਹਨਾਂ ਨੇ ਘਾਟ ਘਾਟ ਦਾ ਪਾਣੀ ਪੀਤਾ ਸੀ। ਲੱਕੜ ਦਾ ਮੁੰਡਾ, ਉਹਨਾਂ ਨੂੰ ਵੀ ਉਹੋ ਜਿਹਾ ਈ ਦਿੱਤਾ ਜਾ ਰਿਹਾ ਸੀ। "ਅੰਕਲ ਜੀ, ਤੁਸੀਂ ਤਾਂ ਸਾਨੂੰ ਰਾਹ ਦਿਖਾਉਣੇ ਆ। ਤੁਸੀਂ ਪ੍ਰਧਾਨ ਬਣਿਓ, ਆਪਾਂ ਸਕੱਤਰ ਹੀ ਠੀਕ ਆਂ।"

ਚਲੋ ਜੀ ਜਿਉਂ ਹੀ ਮੀਟਿੰਗ ਸ਼ੁਰੂ ਹੋਈ, ਸਭ ਤਿਕੜਮਬਾਜ਼ੀਆਂ ਪੁੱਠੀਆਂ ਹੋ ਗਈਆਂ ਪਰ ਭਾਈ ਸਾਬ੍ਹ ਦੀ ਸਕੱਤਰੀ ਬਚੀ ਰਹਿ ਗਈ। ਪਰ ਪ੍ਰਧਾਨਗੀ ਤਿੰਨੇ ਦਾਅਵੇਦਾਰਾਂ ਦੇ ਹੱਥ 'ਚੋਂ ਚਲਾਕ ਚਿੜੀ ਵਾਂਙ ਨਿੱਕਲ ਕੇ ਘਰ ਬਿਮਾਰ ਪਏ ਇੱਕ ਲੇਖਕ ਬਾਬੇ ਦੇ ਸਿਰ ਦਾ ਤਾਜ਼ ਬਣ ਗਈ। ਓਸ ਰਜਿਸਟਰੀ ਹੋਲਡਰ ਸਕੱਤਰ ਭਾਈ ਸਾਬ੍ਹ ਨੇ 16 ਸਾਲ ਬੀਤਣ 'ਤੇ ਵੀ ਆਵਦੀ ਸਕੱਤਰੀ ਨੂੰ ਆਂਚ ਨਹੀਂ ਆਉਣ ਦਿੱਤੀ। ਪ੍ਰਧਾਨਗੀ ਲਈ ਰਬੜ ਦੀਆਂ ਮੋਹਰਾਂ ਸ਼ਿੰਗਾਰ ਕੇ ਰੱਖਦੇ ਆਏ। ਜਦੋਂ ਪਹਿਲੀ ਮੀਟਿੰਗ ਵਿੱਚ ਪ੍ਰਧਾਨ ਬਣਨ ਦਾ ਲਾਰਾ ਲੈ ਕੇ ਬੇਆਬਰੂ ਹੋ ਕੇ ਨਿਰਾਸ਼ ਮੁੜੀ ਬੀਬੀ ਨੂੰ ਅਜੇ ਵੀ ਪ੍ਰਧਾਨਗੀ ਰਹਿਤ ਮਾਂ ਬੋਲੀ ਦੀ 'ਸੇਵਾ' ਕਰਦਿਆਂ ਦੇਖਦਾਂ ਤਾਂ ਹੈਰਾਨੀ ਹੁੰਦੀ ਐ ਕਿ ਉਸ ਡਾਕਟਰ ਬੀਬੀ ਦੇ ਸਾਹਿਤਕ ਤਿਕੜਮਬਾਜ਼ਾਂ ਨੇ ਪੈਰ ਹੀ ਨਾ ਲੱਗਣ ਦਿੱਤੇ।

ਓਸ ਭਾਈ ਸਾਬ੍ਹ ਨੇ ਸਭਾ ਨੂੰ ਵੀ 16-17 ਸਾਲ 'ਵਰਤ' ਕੇ ਆਵਦੇ ਪੁਰਾਣੇ ਬੇਲੀ ਨਾਲ ਰਲ ਕੇ ਬਰਾਬਰ ਇੱਕ ਵੱਖਰੀ ਦੁਕਾਨ ਖੋਲ੍ਹ ਲਈ ਤਾਂ ਹੁਣ ਅਗਲੇ ਪਿਛਲੇ ਸਭ 'ਸੇਵਾਦ-ਾਰ' ਠਿੱਠ ਜਿਹੇ ਹੋਏ ਇਉਂ ਤੁਰੇ ਫਿਰਦੇ ਹੁੰਦੇ ਹਨ ਜਿਵੇਂ ਮੇਲੇ 'ਚ ਬਿਨ ਕਸੂਰੋਂ ਈ ਕੋਈ ਪੁਲਸ ਵਾਲਾ ਜੂਤ-ਪਤਾਣ ਕਰ ਗਿਆ ਹੋਵੇ। ਮਾਂ ਬੋਲੀ ਦੀ 'ਸੇਵਾ' ਲਈ ਖੁੱਲ੍ਹੀ ਨਵੀਂ ਦੁਕਾਨ 'ਚ ਸੌਦਾ ਪੱਤਾ ਤਾਂ ਪੁਰਾਣੇ 'ਸੇਵਾਦਾਰ' ਵੀ ਸੇਵਾ ਵਜੋਂ ਵੇਚ ਜਾਂਦੇ ਹਨ ਪਰ ਜਦੋਂ ਇਹ ਗੱਲ ਯਾਦ ਆਉਂਦੀ ਐ ਕਿ ਮਲਾਈ ਤਾਂ ਦੋਵੇਂ ਜੋਟੀਦਾਰ ਖਾਣਗੇ... ਫੇਰ ਮੂੰਹ ਮਜੌਰਾਂ ਦੀ ਮਾਂ ਵਾਂਙੂੰ ਕਰ ਲੈਂਦੇ ਹਨ। ਓਸੇ ਮੀਟਿੰਗ ਦੀ ਇੱਕ ਹੋਰ ਯਾਦ ਵੀ ਐ ਕਿ ਜਦੋਂ ਸਾਰੇ 'ਵਿੱਦਵਾਨ' ਆਪੋ ਆਪਣੇ ਵਿਚਾਰ ਪੇਸ਼ ਕਰ ਚੁੱਕੇ ਤਾਂ ਦਾਸ ਨੇ ਵੀ ਬੋਲਣ ਲਈ ਸਮਾਂ ਮੰਗਿਆ। ਮੈਂ ਜਿਹੜੇ ਦੋ ਕੁ ਸ਼ਬਦ ਆਖੇ, ਸ਼ਾਇਦ ਓਹ ਹੀ "ਸਾਹਿਤ ਸਵਾਹ" ਵਾਲਿਆਂ ਦੇ ਹਜ਼ਮ ਨਾ ਆਏ ਹੋਣ। ਮੈਂ ਕਿਹਾ ਕਿ ਸਾਲ ਬਾਅਦ ਤੁਸੀਂ ਇੱਕ ਦਿਨ ਕਵੀ ਦਰਬਾਰ ਕਰਦੇ ਹੋ ਪਰ ਓਸ ਦਿਨ ਜਿਆਦਾਤਰ ਕਵੀ ਬੀਅਰ ਜਾਂ ਸ਼ਰਾਬ ਨੂੰ ਦੇਖ ਕੇ ਇਉਂ ਲਾਚੜ ਜਾਂਦੇ ਹਨ ਜਿਵੇਂ ਖਿੱਲਾਂ ਦੇਖ ਕੇ ਬਾਂਦਰ ਲਾਚੜਦੈ। ਆਪਾਂ ਸਾਰੇ ਸਮਾਜ ਬਦਲਣ ਲਈ ਲਿਖਣ ਦਾ ਦਾਅਵਾ ਕਰਦੇ ਹਾਂ ਪਰ ਸਮਾਜ ਸਵਾਹ ਬਦਲਣੈ? ਇੱਕ ਦਿਨ ਲਈ ਜੀਭ ਦਾ ਸੁਆਦ ਤਾਂ ਬਦਲ ਨਹੀਂ ਸਕਦੇ? ਓਥੇ ਹਾਜ਼ਰ ਬੀਬੀਆਂ ਨੇ ਤਾਂ ਮੇਰੇ ਹੱਕ 'ਚ ਵੋਟ ਪਾਈ ਪਰ 'ਬੀਅਰ ਮਾਰਕਾ ਸਾਹਿਤਕਾਰ' ਮੇਰੇ ਵੱਲ ਇਉਂ ਝਾਕੇ ਜਿਵੇਂ ਮੈਂ ਡਾਂਗ ਮਾਰ ਦਿੱਤੀ ਹੋਵੇ। ਸ਼ਾਇਦ ਉਹਨਾਂ ਨੂੰ ਸੋਫੀ ਕਵੀ ਦਰਬਾਰ ਦੀ ਥਾਂ "ਉਰਲ੍ਹ ਉਰਲ੍ਹ ਕਵੀ ਦਰਬਾਰ" ਵਧੇਰੇ ਚੰਗਾ ਲਗਦਾ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਆਪਾਂ ਨੂੰ ਓਸ ਸਭਾ ਵਾਲਿਆਂ ਨੇ ਸਮਾਗਮ 'ਚ ਸੱਦਣਾ ਵੀ ਮੁਨਾਸਿਬ ਨਾ ਸਮਝਿਆ। ਹੁਣ ਜਦੋਂ ਓਸ ਸਭਾ ਤੋਂ ਪਾਸੇ ਹੋ ਕੇ ਮਲਾਈ ਛਕਣ ਦੇ ਚਾਹਵਾਨ ਜੋੜੇ ਨੇ ਆਪਣੀ ਵੱਖਰੀ ਦੁਕਾਨ ਖੋਲ੍ਹ ਲਈ ਤਾਂ ਸਾਹਿਤਕਾਰਾਂ ਦੇ ਮੇਲੇ ਦੇ ਨਾਂ 'ਤੇ ਬੀਅਰਾਂ ਦਾ ਦੌਰ ਓਵੇਂ ਹੀ ਚੱਲਿਆ। ਦੋ ਦੋ ਕਵਿਤਾਵਾਂ ਸੁਣਾ ਕੇ ਕਵੀਜਨ ਆਥਣ ਨੂੰ ਬੀਅਰਾਂ ਵਿਸਕੀ ਨੂੰ ਇਉਂ ਲਪਕੇ ਜਿਵੇਂ ਮੱਝ ਸੁਆ ਕੇ ਆਏ ਹੋਣ। 16 ਸਾਲ ਪਹਿਲਾਂ ਵਾਲੀ ਮੀਟਿੰਗ 'ਚ ਬੈਠੀਆਂ ਬੀਬੀਆਂ ਅੱਜ ਸੀਲ ਮੁਰਗੀਆਂ ਵਾਂਗ ਬੈਠੀਆਂ ਅੱਖਾਂ ਸਾਹਮਣੇ ਬੀਅਰ ਵਿਸਕੀ ਦੇ ਜਾਮ ਖੜਕਦੇ ਦੇਖ ਰਹੀਆਂ ਸਨ।

ਸੋ ਮਹਾਂਪੁਰਸ਼ੋ! ਇਸ ਲਿਖਤ ਦਾ ਤੱਤ ਸਾਰ ਇਹ ਐ ਕਿ ਅੱਜ ਕੱਲ੍ਹ ਮਾਂ ਬੋਲੀ ਦੀ ਸੇਵਾ ਦੇ ਨਾਂ 'ਤੇ ਜੁਗਾੜ ਸ਼ਬਦ ਵਧੇਰੇ ਵਧ ਫੁੱਲ ਰਿਹਾ ਹੈ। ਧਾਰਮਿਕ ਅਦਾਰਿਆਂ ਤੋਂ ਲੋਕਾਂ ਦਾ ਦਸਵੰਧ ਫੰਡ ਦੇ ਰੂਪ 'ਚ ਲੈ ਕੇ ਜਦੋਂ ਲੇਖਕ ਭਾਈਚਾਰਾ ਮੁਫਤ ਦਾ ਲਾਹਣ 'ਡੱਫ' ਕੇ ਗੱਡੀਆਂ 'ਚ ਉਲਟੀਆਂ ਕਰਦਾ ਦਿਸਦੈ ਤਾਂ ਇਹੀ ਸ਼ਬਦ ਮੂੰਹੋਂ ਨਿੱਕਲਦੇ ਹਨ ਕਿ "ਮਾਂ ਬੋਲੀਏ! ਤੇਰਾ ਦ੍ਰੋਪਦੀ ਵਾਂਙ ਚੀਰਹਰਨ ਕਰਨ ਵਾਲੇ ਕੋਈ ਹੋਰ ਨਹੀਂ, ਸਗੋਂ ਤੇਰੇ ਆਵਦੇ ਸਕੇ ਪੁੱਤ ਹੀ ਹਨ। ਇਹ ਐਨੇ ਕੁ ਅੰਨ੍ਹੇ ਹੋ ਗਏ ਹਨ ਕਿ ਆਵਦੀ ਪ੍ਰਧਾਨਗੀ ਜਾਂ ਸਕੱਤਰੀ ਦੀ ਸਲਾਮਤੀ ਲਈ ਤੈਨੂੰ ਕਿਸੇ ਦਾ ਵੀ ਬਿਸਤਰਾ ਗਰਮ ਕਰਨ ਲਈ ਮਜਬੂਰ ਕਰ ਸਕਦੇ ਹਨ।"

---

### 31 ਸਫੇ ਦੀ ਬਾਕੀ

31 ਸਫੇ ਦੀ ਬਾਕੀ

**ਸਭ ਪਾਸੇ ਖ਼ਾਮੋਸ਼ੀ......। ਦਾਸ ਜੀ ਨੂੰ ਸਤੰਭ ਹੋ ਖਲੋਤੇ ਵੇਖ ਕੇ ਗੁਰੂ ਅਮਰਦਾਸ ਜੀ, ਭਾਈ ਬੁੱਢਾ ਜੀ ਅਰ ਹੋਰ ਸਿੱਖਾਂ ਨੇ ਉੱਠ ਕੇ ਦਰਸ਼ਨ ਕੀਤਾ। ਸ੍ਰੀ ਮਾਤ ਖੀਵੀ ਜੀ ਨੇ ਮੱਥਾ ਟੇਕਿਆ।**

**ਥੋੜੇ ਸਮੇਂ ਬਾਦ ਸਰੀਰ ਨੂੰ ਸ਼ਨਾਨ ਕਰਵਾ ਕੇ ਨਿਰਮਲ ਬਸਤ੍ਰ ਪੁਆਏ ਗਏ, ਬਿਬਾਨ 'ਤੇ ਪਾ ਕੇ ਸ੍ਰੀ ਗੁਰੂ ਅਮਰਦਾਸ ਜੀ, ਬਾਬਾ ਬੁੱਢਾ ਜੀ, ਦਾਸ ਜੀ ਦਾਤਾ ਜੀ ਨੇ ਮੋਢਾ ਦਿੱਤਾ ਅਰ ਕਰੀਰ ਦੇ ਕਿੱਲੇ ਕੋਲ ਲੈ ਆਏ। ਚੰਦਨ ਦੀ ਲੱਕੜੀ ਵਾਲੀ ਚਿਤਾ ਤਿਆਰ ਕੀਤੀ ਗਈ। ਅਰਦਾਸ ਉਪਰੰਤ ਦਾਸ ਜੀ ਨੇ ਚਿਤਾ ਨੂੰ ਅਗਨਿ ਦਿਖਾਈ। ਧਰਮਸਾਲ ਅੰਦਰ ਆ ਬੈਠੇ ਤਾਂ ਭਾਈ ਬਲਵੰਡ ਜੀ ਨੇ ਗਾਇਆ:**

**ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥ ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ॥ ਆਗੈ ਸਰਪਰਿ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ॥ ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ॥ ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ॥ ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥2॥**

**ਗੁ.ਗ੍ਰੰ.ਸਾ. ਪੰਨਾ 579**

**ਸੋਹਿਲੇ ਦੇ ਗਾਇਣ ਉਪਰੰਤ ਭਾਈ ਬੁੱਢਾ ਜੀ ਨੇ ਪ੍ਰਭੂ ਚਰਨਾਂ ਵਿਚ ਅਰਦਾਸ ਕੀਤੀ।**

**ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ:**

**ਦੋਹਰਾ॥ ਨਿਰਮਲ ਸਤਿਗੁਰ ਦੇਹ ਕੋ**
**ਪੁਨ ਰਾਖ ਪੁਨੀਤ ਬਿਬਾਨ।**
**ਸਿਸਕਾਰਨ ਸਿਖ ਲੇ ਚਲੇ**
**ਪਰਮ ਪਵਿਤ੍ਰ ਸਥਾਨ।31॥**
**ਚੌਪਈ॥ ਉਸੀ ਠੌਰ ਹੋਆ ਸਿਸਕਾਰ।**
**ਮਹਾ ਅੰਨਦ ਭਜਨ ਸੁਖਸਾਰ।**
**ਪੁਨ ਬੁਢੇ ਆਦਿ ਜੋ ਸਿਖ ਪ੍ਰਮਾਨਾ।**
**ਤਿਨ ਨਾਨਕ ਅੰਗਦ ਅਮਰ ਗੁਰ ਜਾਨਾ।32॥**
**ਸਤ ਸੰਗਤ ਗੁਰਪੁਰਬ ਤਹ ਕੀਆ।**
**ਪਰਮਾਨੰਦ ਮਹਾ ਸੁਖ ਥੀਆ।**
**ਲੇ ਅਮਰ ਗੁਰੂ ਸੰਗਤ ਸੰਗ ਆਏ।**
**ਗੋਬਿੰਦਵਾਲ ਸਤਿਗੁਰ ਗੁਨ ਗਾਏ।33॥**

**ਧੰਨ ਗੁਰੂ ਅੰਗਦ ਸਾਹਿਬ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਭੱਟ ਟਲ੍ ਜੀ ਨੇ ਇਉਂ ਸ਼ਰਧਾ ਦੇ ਫੁੱਲ ਭੇਟ ਕੀਤੇ:**

**ਅਮਿਅ ਦ੍ਰਿਸਟਿ ਸੁਭ ਕਰੈ**
**ਹਰੈ ਅਘ ਪਾਪ ਸਕਲ ਮਲ॥**
**ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥**
**ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥**
**ਗੁਰੁ ਨਵ ਨਿਧਿ ਦਰੀਆਉ**
**ਜਨਮ ਹਮ ਕਾਲਖ ਧੋਵੈ॥**
**ਸੁ ਕਹੁ ਟਲ੍ ਗੁਰ ਸੇਵੀਐ**
**ਅਹਿਨਿਸਿ ਸਹਜਿ ਸੁਭਾਇ॥**
**ਦਰਸਨ ਪਰਸਿਐ ਗੁਰੂ ਕੈ**
**ਜਨਮ ਮਰਣ ਦੁਖੁ ਜਾਇ॥10॥**

**ਗੁ.ਗ੍ਰੰ.ਸਾ. ਪੰਨਾ 1391**

**ਭਾਈ ਗੁਰਦਾਸ ਜੀ ਨੇ ਅੱਜ ਦੇ ਇਸ ਇਤਿਹ-ਾਸਕ ਕੌਤਕ ਨੂੰ ਇਉਂ ਕਲਮਬੰਦ ਕੀਤਾ ਹੈ:**

**ਸੋ ਟਿਕਾ ਸੋ ਛਤ੍ਰੁ ਸਿਰਿ**
**ਸੋਈ ਸਚਾ ਤਖਤ ਟਿਕਾਈ।**
**ਗੁਰ ਨਾਨਕ ਹੰਦੀ ਮੁਹਰਿ ਹਥਿ**
**ਗੁਰ ਅੰਗਦ ਦੀ ਦੋਹੀ ਫਿਰਾਈ।**
**ਦਿਤਾ ਛੋਡਿ ਕਰਤਾਰਪੁਰੁ**
**ਬੈਠਿ ਖਡੂਰੇ ਜੋਤਿ ਜਗਾਈ।**
**ਜੰਮੇ ਪੂਰਬਿ ਬੀਜਿਆ**
**ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।**
**ਲਹਣੇ ਪਾਈ ਨਾਨਕੋ**
**ਦੇਣੀ ਅਮਰਦਾਸਿ ਘਰਿ ਆਈ।**
**ਗੁਰੂ ਬੈਠਾ ਅਮਰੁ ਸਰੂਪ ਹੋਇ**
**ਗੁਰਮੁਖਿ ਪਾਈ ਦਾਤਿ ਇਲਾਹੀ।**
**ਫੇਰਿ ਵਸਾਇਆ ਗੋਇੰਦਵਾਲ**
**ਅਚਰਜੁ ਖੇਲੁ ਨ ਲਖਿਆ ਜਾਈ।**
**ਦਾਤਿ ਜੋਤਿ ਖਸਮੈ ਵਡਿਆਈ।46॥1॥**

# ਵੋਟਰਾਂ ਦਾ ਸ਼ੁੱਧੀਕਰਨ ਅਤੇ ਨਾਗਰਿਕਤਾ

ਗੁਰਮੀਤ ਸਿੰਘ ਪਲਾਹੀ
9815802070





2020 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਇੱਕ ਫ਼ੀਸਦੀ ਵੋਟਾਂ ਦੇ ਫੇਰਬਦਲ ਨਾਲ ਸਰਕਾਰ ਦਾ ਗਣਿਤ ਬਦਲ ਗਿਆ ਸੀ। ਕਈ ਵਿਧਾਨ ਸਭਾ ਸੀਟਾਂ ਉਤੇ ਉਮੀਦਵਾਰਾਂ ਦੀ ਜਿੱਤ ਕੁਝ ਸੈਂਕੜੇ ਵੋਟਾਂ ਤੱਕ ਸੀਮਤ ਸੀ। ਇਸ ਕਰਕੇ ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਮਹਿਜ਼ 4 ਕੁ ਮਹੀਨੇ ਪਹਿਲਾਂ ਵੋਟਰ ਸੂਚੀਆਂ ਦੀ ਸੁਧਾਈ ਜਾਂ ਪੁਨਰ- ਨਿਰੀਖਣ ਦਾ ਕੰਮ ਵੱਡੇ ਸਵਾਲ ਖੜੇ ਕਰ ਰਿਹਾ ਹੈ। ਚੋਣ ਕਮਿਸ਼ਨ ਦੀ ਇਸ ਕਾਰਵਾਈ ਨਾਲ ਦੇਸ਼ ਭਰ 'ਚ ਬਵਾਲ ਮਚਿਆ ਹੋਇਆ ਹੈ। ਬਿਹਾਰ 'ਚ ਸਿਆਸੀ ਪਾਰਟੀਆਂ ਪ੍ਰੇਸ਼ਾਨ ਹਨ। ਬਿਹਾਰ ਵਿੱਚ ਪੁਨਰ ਨਿਰੀਖਣ ਦੇ ਨਾਂਅ 'ਤੇ ਅੱਧੇ-ਅਧੂਰੇ ਫਾਰਮ ਭਰਵਾਕੇ, ਫਾਰਮ ਦੀ ਕਾਪੀ ਪ੍ਰਾਰਥੀ ਨੂੰ ਨਾ ਦੇਕੇ , ਮੀਡੀਆ ਵਿੱਚ ਅਪੁਸ਼ਟ ਖ਼ਬਰਾਂ ਲੀਕ ਕਰਕੇ ਭਾਰਤੀ ਚੋਣ ਕਮਿਸ਼ਨ ਅਧਿਕਾਰੀ ਕੀ ਕਾਨੂੰਨ ਨਹੀਂ ਤੋੜ ਰਹੇ ? ਕੀ ਇਹ "ਵੱਡੇ ਹਾਕਮਾਂ" ਵੱਲੋਂ ਮਿਲੇ ਦਿਸ਼ਾ -ਨਿਰਦੇਸ਼ ਤਾਂ ਨਹੀਂ ? ਕੀ ਇਹ ਚੋਣ ਜਿੱਤਣ ਲਈ ਨਵੀਂ ਕਿਸਮ ਦੀ ਕਵਾਇਦ ਤਾਂ ਨਹੀਂ ?

ਸਾਲ 1952, 1961, 1983, 1992, 2002, ਅਤੇ 2004 ਵਿੱਚ ਵੱਖ-ਵੱਖ ਸੂਬਿਆਂ ਵਿੱਚ ਅਜਿਹੀ ਵੋਟਰ ਸੁਧਾਈ ਹੋਈ ਸੀ। ਬਿਹਾਰ ਵਿੱਚ ਇਹ ਸੁਧਾਈ 2003 ਵਿੱਚ ਹੋਈ। ਪਰ ਹੁਣ ਅਚਾਨਕ ਨਾਗਰਿਕਤਾ ਪਛਾਣ ਦੇ ਨਾਂਅ 'ਤੇ ਪੁਨਰ ਮੁਲਾਂਕਣ ਕਰਵਾਉਣਾ, ਉਹ ਵੀ ਵੋਟਾਂ 'ਚ ਥੋੜਾ ਸਮਾਂ ਰਹਿਣ 'ਤੇ ਕੀ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਹੈ ? ਕੀ ਇਹ ਨਾਗਰਿਕਤਾ ਹੱਕ 'ਚ ਬਿਨ੍ਹਾਂ ਵਜਹ ਦਖ਼ਲ ਨਹੀਂ ?

ਭ੍ਰਿਸ਼ਟ ਤਰੀਕੇ ਨਾਲ ਵੋਟਰ ਲਿਸਟ ਵਿੱਚ ਨਾਂਅ ਸ਼ਾਮਲ ਕਰਵਾਉਣਾ ਜਾਂ ਸਹੀ ਵੋਟਰਾਂ ਦਾ ਨਾਂਅ ਕਟਵਾਉਣਾ, ਕੀ ਗਲਤ ਨਹੀਂ ਹੈ ? ਜਵਾਬ ਹੋਏਗਾ ਬਿਲਕੁਲ ਗਲਤ ਹੈ। ਬਿਹਾਰ ਦੀ ਵੋਟਰ ਲਿਸਟ ਸੰਬੰਧੀ ਹੰਗਾਮੇ ਦੇ ਦੌਰਾਨ ਚੰਦਰ ਬਾਬੂ ਨਾਇਡੋ ਨੇ ਆਂਧਰਾ ਪ੍ਰਦੇਸ਼ ਅਤੇ ਦੂਜੇ ਰਾਜਾਂ ਵਿੱਚ ਚੋਣਾਂ ਤੋਂ ਕਾਫ਼ੀ ਸਮਾਂ ਪਹਿਲਾਂ ਵਿਗਿਆਨਕ ਤਰੀਕੇ ਨਾਲ ਸਹੀ ਵੋਟਰਾਂ ਦੀ ਪਛਾਣ ਦੀ ਮੰਗ ਕੀਤੀ ਹੈ। ਦੂਜੇ ਪਾਸੇ ਅਸਾਮ ਦੇ ਮੁੱਖ ਮੰਤਰੀ ਹਿੰਮਤ ਵਿਸਵਾ ਸਰਮਾ ਨੇ ਐਨ.ਆਰ.ਸੀ. ਦਾ ਰਾਗ ਛੇੜਕੇ ਸੰਵਿਧਾਨਿਕ ਮਾਮਲੇ 'ਚ ਪੇਚੀਦਗੀ ਵਧਾ ਦਿੱਤੀ ਹੈ।

ਪੱਛਮੀ ਦੇਸ਼ਾਂ ਵਿੱਚ ਨਾਗਰਿਕਤਾ ਦਾ ਸਖ਼ਤ ਨਿਯਮ ਹੈ, ਲੇਕਿਨ ਭਾਰਤ ਵਿੱਚ ਨਾਗਰਿਕਤਾ ਦਾ ਮਾਮਲਾ ਸੰਸਦੀ ਅਸਫਲਤਾ, ਸੱਤਾ ਦੀ ਸਿਆਸਤ ਅਤੇ ਪ੍ਰਸ਼ਾਸ਼ਨਿਕ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਰਿਹਾ ਹੈ। ਇਸ ਰੌਲੇ-ਘਚੋਲੇ ਵਿੱਚ ਨਾਗਰਿਕਤਾ ਸਿੱਧ ਕਰਨ ਦੀ ਜ਼ੁੰਮੇਵਾਰੀ ਕਿਸ ਦੀ ਹੈ, ਬਾਰੇ ਵੀ ਬਹਿਸ ਛਿੜ ਪਈ ਹੈ। ਕੀ ਨਾਗਰਿਕਤਾ ਸਿੱਧ ਕਰਨ ਦੀ ਜ਼ੁੰਮੇਵਾਰੀ ਭਾਰਤੀ ਚੋਣ ਕਮਿਸ਼ਨ ਦੀ ਹੈ ?

ਪਿਛਲੇ ਹਫ਼ਤੇ ਸੁਪਰੀਮ ਕੋਰਟ ਵੱਲੋਂ ਬਿਹਾਰ ਵਿੱਚ ਵੋਟਾਂ ਦੀ ਸੁਧਾਈ ਦੀ ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਨੂੰ ਸੰਵਿਧਾਨਿਕ ਕਰਾਰ ਦਿੱਤਾ ਗਿਆ ਹੈ ਅਤੇ ਇਸਨੂੰ ਬਿਹਾਰ ਵਿੱਚ ਅਭਿਆਸ ਜਾਰੀ ਰੱਖਣ ਲਈ ਕਿਹਾ ਹੈ। ਭਾਰਤੀ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਹੈ ਕਿ ਬਿਹਾਰ ਵਿੱਚ ਵੱਡੀ ਗਿਣਤੀ ਵਿੱਚ ਨੇਪਾਲ, ਬੰਗਲਾਦੇਸ਼ ਅਤੇ ਮਯਾਂਮਾਰ ਦੇ ਨਾਗਰਿਕਾਂ ਦਾ ਪਤਾ ਲੱਗਾ ਹੈ, ਜਿਹਨਾ ਵੋਟਾਂ ਬਣਾਈਆਂ ਸਨ ਤੇ ਹੁਣ ਇਹਨਾ ਦੇ ਨਾਂ ਕੱਟੇ ਜਾਣਗੇ। ਚੋਣ ਕਮਿਸ਼ਨ ਨੇ ਇਹ ਐਲਾਨ ਵੀ ਕੀਤਾ ਹੈ ਕਿ ਉਹ ਅੰਤ ਵਿੱਚ ਦੇਸ਼-ਭਰ 'ਚ ਵੋਟਰ ਸੂਚੀਆਂ ਦੀ ਡੂੰਘਾਈ ਨਾਲ ਸਮੀਖਿਆ ਕਰੇਗਾ ਤਾਂ ਜੋ ਵਿਦੇਸ਼ੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਹਨਾ ਦੇ ਜਨਮ ਸਥਾਨ ਦੀ ਜਾਂਚ ਕਰਕੇ ਵੋਟਰ ਸੂਚੀਆਂ 'ਚੋਂ ਕੱਟਿਆ ਜਾਵੇ।

ਦੇਸ਼ ਦੀਆਂ ਵਿਰੋਧੀ ਪਾਰਟੀਆਂ ਨੇ ਸੁਪਰੀਮ ਕੋਰਟ 'ਚ ਪਟੀਸ਼ਨਾਂ ਦਾਇਰ ਕੀਤੀਆਂ ਹਨ। ਕੇਸਾਂ ਦੀ ਸੁਣਵਾਈ 28 ਜੁਲਾਈ ਸੁਪਰੀਮ ਕੋਰਟ 'ਚ ਨੀਅਤ ਹੈ। ਵਿਰੋਧੀ ਧਿਰ ਦੀਆਂ ਪਟੀਸ਼ਨਾਂ 'ਚ ਦਾਅਵਾ ਕੀਤਾ ਗਿਆ ਕਿ ਇਹ ਪੂਰਾ ਅਮਲ, ਯੋਗ ਨਾਗਰਿਕਾਂ ਨੂੰ ਉਹਨਾ ਦੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦੇਵੇਗਾ। ਸੰਵਿਧਾਨ ਦੀ ਧਾਰਾ-5 ਜਨਮ ਅਤੇ ਜਨਮ ਸਥਾਨ ਦੇ ਅਧਾਰ 'ਤੇ ਆਪਣੇ ਆਪ ਨਾਗਰਿਕਤਾ ਦਿੰਦੀ ਹੈ ਅਤੇ ਧਾਰਾ-326 ਇਸਦੀ ਲਗਾਤਾਰਤਾ ਪੱਕਿਆਂ ਕਰਦੀ ਹੈ। ਜਨਮ ਅਤੇ ਜਨਮ ਸਥਾਨ ਨੂੰ ਲੈ ਕੇ ਜੇਕਰ ਕੋਈ ਵਿਵਾਦ ਹੈ ਤਾਂ ਇਹ ਸੂਬੇ ਦੀ ਜ਼ੁੰਮੇਵਾਰੀ ਹੈ ਨਾ ਕਿ ਨਾਗਰਿਕਾਂ ਦੀ ਕਿ ਉਹ ਇਹ ਸਿੱਧ ਕਰੇ ਕਿ ਫਲਾਨਾ ਬੰਦਾ ਭਾਰਤ ਦਾ ਨਾਗਰਿਕ ਹੈ ਕਿ ਨਹੀਂ। ਅਸੀਂ ਨਾਗਰਿਕਤਾ ਦੇ ਲਈ ਸੰਬੰਧਤ ਸੂਬੇ ਦੇ ਸਾਹਮਣੇ ਅਰਜ਼ੀ ਨਹੀਂ ਦੇ ਸਕਦੇ ਅਤੇ ਇਹ ਨਾਗਰਿਕਤਾ ਜੀਵਨ ਭਰ ਰਹਿੰਦੀ ਹੈ। ਫਿਰ ਉਸ ਤੋਂ ਬਾਅਦ ਨਾਗਰਿਕਤਾ ਦੇ ਮਾਮਲੇ ਤੇ ਕਿਸੇ ਵੀ ਸੂਬੇ 'ਤੇ ਵਿਵਾਦ ਦੇ ਲਈ ਕੇਂਦਰ ਦਾ ਗ੍ਰਹਿ ਵਿਭਾਗ ਹੈ, ਜਿਸਨੂੰ ਦੇਸ਼ ਦੀ ਸੁਪਰੀਮ ਕੋਰਟ ਨੇ ਸਪਸ਼ਟ ਰੂਪ 'ਚ ਸਾਰੀਆਂ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਸਪਸ਼ਟ ਕਰ ਦਿੱਤਾ ਹੈ ਕਿ ਅਪਰਾਧ ਨਿਆ ਸ਼ਾਸ਼ਤਰ ਵਿੱਚ ਅਪਰਾਧ ਸਿੱਧ ਕਰਨ ਦੀ ਜ਼ੁੰਮੇਵਾਰੀ ਆਰੋਪ ਲਾਉਣ ਵਾਲੇ ਦੀ ਹੈ, ਨਾ ਕਿ ਜਿਸ ਉਤੇ ਆਰੋਪ ਲਗਦਾ ਹੈ ਉਸਦੀ। ਜੇਕਰ ਕੋਈ ਵਿਅਕਤੀ ਪਿਛਲੀਆਂ ਆਮ ਚੋਣਾਂ ਵਿੱਚ ਵੋਟਰ ਸੀ ਤਾਂ ਉਸ ਨੂੰ ਫਿਰ ਕੁਝ ਚੁਣੇ ਹੋਏ ਸਬੂਤਾਂ, ਕਾਗਜਾਂ ਪੱਤਰਾਂ ਦੇ ਅਧਾਰ 'ਤੇ ਆਪਣਾ ਵੋਟਰ ਹੋਣ ਦਾ ਅਧਿਕਾਰ ਸਿੱਧ ਕਰਨ ਲਈ ਕਹਿਣਾ ਧਾਰਾ-326 ਦੀ ਉਲੰਘਣਾ ਹੈ।

ਨਾਗਰਿਕਤਾ ਦੇ ਮਾਮਲੇ 'ਚ ਕੁਝ ਬਿੰਦੂਆਂ ਨੂੰ ਸਮਝਣ ਦੀ ਲੋੜ ਹੈ। ਸਾਲ 1951 ਵਿੱਚ ਮਰਦਮਸ਼ੁਮਾਰੀ ਦੇ ਅਨੁਸਾਰ ਪਹਿਲਾ ਰਾਸ਼ਟਰੀ ਨਾਗਰਿਕ ਰਜਿਸਟਰ (ਐਨ.ਆਰ.ਸੀ.) ਬਣਿਆ। ਪਰ ਉਸਤੋਂ ਬਾਅਦ ਇਹ ਅੱਪਡੇਟ ਨਹੀਂ ਹੋ ਸਕਿਆ। ਨਾਗਰਿਕਤਾ ਕਾਨੂੰਨ ਦੇ ਅਨੁਸਾਰ 2003 ਵਿੱਚ ਐਨ.ਆਰ.ਸੀ. ਸੋਧਾਂ ਨੂੰ ਲਾਗੂ ਕਰਨ ਦੀ ਮੁਹਿੰਮ 2019 ਵਿੱਚ ਸੁਪਰੀਮ ਕੋਰਟ ਦੇ ਠੰਡੇ ਬਸਤੇ 'ਚ ਚਲੀ ਗਈ। ਅਸਾਮ ਸਮਝੌਤਾ ਲਾਗੂ ਕਰਨ ਲਈ ਨਾਗਰਿਕਤਾ ਕਾਨੂੰਨ 'ਚ ਜੋੜੀ ਗਈ ਧਾਰਾ 6-ਏ ਨੂੰ ਸੁਪਰੀਮ ਕੋਰਟ ਦੀ ਸੰਵਿਧਾਨਿਕ ਬੈਂਚ ਨੇ ਪਿਛਲੇ ਸਾਲ ਸਹੀ ਠਹਿਰਾਇਆ। ਪਰ ਸੁਪਰੀਮ ਕੋਰਟ ਵੱਲੋਂ ਨਾਗਰਿਕਤਾ ਨਾਲ ਜੁੜੇ ਅਨੇਕਾਂ ਪੈਂਡਿੰਗ ਪਏ ਮਾਮਲਿਆਂ ਦੀ ਸੁਣਵਾਈ ਅਤੇ ਫ਼ੈਸਲਿਆਂ ਲਈ ਸੁਪਰੀਮ ਕੋਰਟ ਕਈ ਸਾਲਾਂ ਤੋਂ ਸੰਵਿਧਾਨਿਕ ਬੈਂਚ ਹੀ ਨਹੀਂ ਬਣਾ ਸਕੀ। ਭਾਵੇਂ ਕਿ ਹੁਣ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਸੱਚਾਈ ਜਾਨਣ ਲਈ ਚੋਣਾਂ ਤੋਂ ਪਹਿਲਾਂ ਪੁਨਰ ਨਿਰੀਖਣ ਕਰਵਾਉਣ ਲਈ ਚੋਣ ਕਮਿਸ਼ਨ ਨੂੰ ਨਸੀਹਤ ਦਿੱਤੀ ਹੈ।

ਜਨ ਸੰਖਿਆ ਦਾ ਕਾਨੂੰਨ 1948 ਵਿੱਚ ਬਣਿਆ। ਲੇਕਿਨ ਰਾਸ਼ਟਰੀ ਜਨਸੰਖਿਆ ਰਜਿਸਟਰ(ਐਨ.ਆਰ. ਸੀ.) ਦੇ ਲਈ 2003 ਵਿੱਚ ਜਾਕੇ ਨਿਯਮ ਬਣੇ। ਉਸਦੇ ਅਨੁਸਾਰ ਭਾਰਤ ਵਿੱਚ ਸਾਰੇ ਨਿਵਾਸੀਆਂ ਲਈ ਐਨ.ਸੀ.ਆਰ. ਵਿੱਚ ਰਜਿਸਟਰੇਸ਼ਨ ਜ਼ਰੂਰੀ ਹੈ। 2010 ਵਿੱਚ ਪਹਿਲਾਂ ਐਨ. ਸੀ. ਆਰ. ਤਿਆਰ ਹੋਣ ਦੇ ਪੰਜ ਸਾਲ ਬਾਅਦ ਅੱਪਡੇਟ ਕੀਤਾ ਗਿਆ। ਲੇਕਿਨ ਆਧਾਰ ਕਾਰਡ ਦੇ ਵਾਂਗਰ ਐਨ.ਸੀ.ਆਰ. ਵਿੱਚ ਵੇਰਵਾ ਹੋਣਾ ਨਾਗਰਿਕਤਾ ਦਾ ਅਧਿਕਾਰਕ ਸਬੂਤ ਨਹੀਂ ਹੈ।

ਸੀ.ਏ.ਏ.(ਨਾਗਰਿਕਤਾ ਸੰਸ਼ੋਧਨ ਕਾਨੂੰਨ) ਨੂੰ ਦਸੰਬਰ 2019 ਵਿੱਚ ਮਨਜ਼ੂਰੀ ਮਿਲੀ। ਉਸਦੇ ਅਨੁਸਾਰ ਪਾਕਿਸਤਾਨ, ਅਫਗਾਨਿਸਤਾਨ ਅਤ ਬੰਗਲਾਦੇਸ਼ ਤੋਂ ਗ਼ੈਰ-ਮੁਸਲਿਮ, ਧਾਰਮਿਕ ਘੱਟ ਗਿਣਤੀ ਸ਼ਰਨਾਰਥੀਆਂ ਨੂੰ ਭਾਰਤ ਵਿੱਚ ਨਾਗਰਿਕਤਾ ਮਿਲ ਸਕਦੀ ਹੈ। ਉਸ ਕਾਨੂੰਨ ਦੇ ਅਨੁਸਾਰ ਸ਼ਰਨਾਰਥੀ ਨੂੰ ਨਾਗਰਿਕਤਾ ਲੈਣ ਲਈ ਭਾਰਤ ਵਿੱਚ ਰਿਹਾਇਸ਼ ਦੇ ਸਬੂਤ ਦੇ ਤੌਰ 'ਤੇ 20 ਕਿਸਮ ਦੇ ਦਸਤਾਵੇਜਾਂ ਵਿੱਚੋਂ ਇੱਕ ਅਤੇ ਗੁਆਂਢੀ ਦੇਸ਼ਾਂ ਦੇ ਰਿਹਾਇਸ਼ ਦੇ ਸਬੂਤਾਂ ਦੇ ਤੌਰ 'ਤੇ 9 ਵਿੱਚੋਂ ਇੱਕ ਦਸਤਾਵੇਜ ਦੇਣ ਦੀ ਜ਼ਰੂਰਤ ਹੈ।

ਸੀ.ਏ.ਏ. ਅਤੇ ਰੌਹੰਗੇ ਸ਼ਰਨਾਰਥੀਆਂ ਦੇ ਮਾਮਲੇ ਸੁਪਰੀਮ ਕੋਰਟ ਵਿੱਚ ਲਮਕੇ ਪਏ ਹਨ। ਇਸ ਲਈ ਵੋਟਰ ਲਿਸਟ ਵਿੱਚ ਪਛਾਣ ਦੇ ਬਾਵਜੂਦ ਵਿਦੇਸ਼ੀ ਲੋਕਾਂ ਦੇ ਖਿਲਾਫ਼ ਉਹਨਾ ਨੂੰ ਦੇਸ਼ ਨਿਕਾਲੇ ਦੀ ਕਾਰਵਾਈ ਲਈ ਗ੍ਰਹਿ ਮੰਤਰਾਲਾ ਹੀ ਐਕਸ਼ਨ ਲੈ ਸਕਦਾ ਹੈ।

ਸੁਪਰੀਮ ਕੋਰਟ ਨੇ ਅਗਸਤ 2013 ਵਿੱਚ ਕਿਹਾ ਸੀ ਕਿ ਆਧਾਰ ਕਾਰਡ ਦੇ ਜ਼ਰੂਰੀ ਨਾ ਹੋਣ ਬਾਰੇ ਭਾਰਤ ਸਰਕਾਰ ਮੀਡੀਆ 'ਚ ਪ੍ਰਚਾਰ ਕਰੇ ਪਰ ਅਦਾਲਤ ਦੇ ਅਨੇਕਾਂ ਹੁਕਮਾਂ ਦੇ ਬਾਵਜੂਦ ਸਰਕਾਰ ਨੇ ਆਧਾਰ ਕਾਰਡ ਨੂੰ ਪਿਛਲੇ ਦਰਵਾਜੇ ਰਾਹੀਂ ਜ਼ਰੂਰੀ ਬਣਾ ਦਿੱਤਾ। ਜਾਂਚ ਤੋਂ ਬਿਨ੍ਹਾਂ ਨਿੱਜੀ ਏਜੰਸੀਆਂ ਰਾਹੀਂ ਬਣਾਏ ਗਏ ਆਧਾਰ ਕਾਰਡ ਹੁਣ ਸਰਕਾਰ ਤੋਂ ਬਿਨ੍ਹਾਂ ਭਾਰਤੀ ਚੋਣ ਕਮਿਸ਼ਨ ਦੇ ਗਲੇ ਦੀ ਹੱਡੀ ਬਣੇ ਹੋਏ ਹਨ।

ਸੁਪਰੀਮ ਕੋਰਟ ਦੇ ਪੁਰਾਣੇ ਫ਼ੈਸਲੇ ਅਨੁਸਾਰ ਵੋਟਰ ਲਿਸਟ ਦੀ ਆੜ ਵਿੱਚ ਚੋਣ ਕਮਿਸ਼ਨ ਨਾਗਰਿਕਤਾ ਦੀ ਪੜਤਾਲ ਨਹੀਂ ਕਰ ਸਕਦਾ। ਐਨ. ਆਰ. ਸੀ. ਅਤੇ ਨਾਗਰਿਕਤਾ ਦਾ ਮਾਮਲਾ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਦੇ ਅਧੀਨ ਹੈ। 18 ਸਾਲ ਦੀ ਉਮਰ ਤੋਂ ਉਪਰ ਨਾਗਰਿਕਾਂ ਦੇ ਨਾਂ ਵੋਟਰ ਲਿਸਟ ਵਿੱਚ ਸ਼ਾਮਲ ਕਰਨ ਦੇ ਬਾਰੇ ਵਿੱਚ ਚੋਣ ਕਮਿਸ਼ਨ ਨੂੰ ਸੰਵਿਧਾਨ ਅਨੁਸਾਰ ਪੂਰੇ ਹੱਕ ਹਨ। ਬਿਨ੍ਹਾਂ ਸ਼ੱਕ ਅਜ਼ਾਦਾਨਾ, ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਵੋਟਰ ਲਿਸਟ ਦਾ ਸ਼ੁੱਧੀਕਰਨ ਚੋਣ ਕਮਿਸ਼ਨ ਦੀ ਜ਼ੁੰਮੇਵਾਰੀ ਹੈ। ਪਰ ਨਾਗਰਿਕਤਾ ਚੋਣ ਜਾਂ ਰੱਦ ਕਰਨ ਦਾ ਅਧਿਕਾਰ ਚੋਣ ਕਮਿਸ਼ਨ ਕੋਲ ਨਹੀਂ ਹੈ।

ਜੇਕਰ ਚੋਣ ਕਮਿਸ਼ਨ ਆਪਣੀ ਇਸ ਸੰਵਿਧਾਨਿਕ ਸੀਮਾ ਦੀ ਉਲੰਘਣਾ ਕਰਦੀ ਹੈ ਤਾਂ ਉਸਨੂੰ ਆਪਣੇ ਮਕਸਦ ਨੂੰ ਪੂਰਿਆਂ ਕਰਨ ਲਈ ਕਾਨੂੰਨੀ ਕਦਮ ਚੁਕਣੇ ਪੈ ਸਕਦੇ ਹਨ ਅਤੇ ਸੁਪਰੀਮ ਕੋਰਟ ਨੂੰ ਵੀ ਇਹਨਾ ਸਾਰੀਆਂ ਚੀਜ਼ਾਂ ਦੇ ਨਾਲ ਇਹ ਦੇਖਣਾ ਹੋਏਗਾ ਕਿ ਚੋਣ ਕਮਿਸ਼ਨ ਇਸ ਮਾਮਲੇ ਵਿੱਚ ਆਪਣੀ ਸੀਮਾ ਤੋਂ ਬਾਹਰ ਤਾਂ ਨਹੀਂ ਜਾ ਰਿਹਾ।

ਬਿਹਾਰ ਤੋਂ ਬਾਅਦ ਪੰਜ ਹੋਰ ਰਾਜਾਂ ਅਸਾਮ, ਕੇਰਲ, ਪੁਡੂਚੇਰੀ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ 2026 'ਚ ਹੋਣੀਆਂ ਹਨ, ਇਸ ਸਮੇਂ ਦੋਰਾਨ ਵੋਟਰ ਸੂਚੀਆਂ ਦੇ ਸ਼ੁੱਧੀਕਰਨ ਅਤੇ ਨਾਗਰਿਕਤਾ ਦਾ ਮਸਲਾ ਪੂਰੀ ਤਰ੍ਹਾਂ ਭਖਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਚੋਣਾਂ 'ਚ ਜਿੱਤ-ਹਾਰ ਹੁਣ ਕੁਝ ਵੋਟਾਂ ਦੇ ਫ਼ਰਕ ਤੱਕ ਸੀਮਤ ਹੁੰਦੀ ਜਾ ਰਹੀ ਹੈ, ਜਿਵੇਂ ਕਿ ਪਿਛਲੀ ਵਿਧਾਨ ਸਭਾ ਚੋਣਾਂ 'ਚ ਬਿਹਾਰ 'ਚ ਹੋਇਆ ਸੀ।

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ

**ਸਰਵਜੀਤ ਸਿੰਘ ਸੈਕਰਾਮੈਂਟੋ**



ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਮੁਤਾਬਕ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ 4 ਸਾਵਣ, ਸਾਵਣ ਵਦੀ 9 (19 ਜੁਲਾਈ) ਦਿਨ ਸ਼ਨਿੱਚਰਵਾਰ ਨੂੰ ਮਨਾਇਆ ਗਿਆ ਹੈ। ਪਰ ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਮੁਤਾਬਕ ਗੁਰੂ ਜੀ ਦਾ ਜਨਮ 8 ਸਾਵਣ, ਸਾਵਣ ਵਦੀ 10, ਸੰਮਤ 1713 ਬਿਕ੍ਰਮੀ ਨੂੰ ਹੋਇਆ ਸੀ।

Sri Guru Har Krishan ji was born on Sawna vadi 10 (8 Sawan) Bikrami Savamt 1713, (July 7,1656) at Kiratpur Sahib." (sgpc.net)

ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ (dsgmc.in) ਉੱਪਰ ਵੀ ਇਹ ਇਬਾਰਤ ਹੀ ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ 'ਸਿੱਖ ਇਤਿਹਾਸ ਭਾਗ ੧', ਪ੍ਰੋ ਕਰਤਾਰ ਸਿੰਘ ਦੀ ਕਿਤਾਬ ਵਿੱਚ ਗੁਰੂ ਜੀ ਦੀ ਜਨਮ ਤਾਰੀਖ, ਸਾਵਣ ਵਦੀ 10, ਸੰਮਤ 1713 ਮੁਤਾਬਕ, 7 ਜੁਲਾਈ ਸੰਨ 1656 ਦਰਜ ਹੈ। (ਪੰਨਾ 291)

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਛਾਪੀ ਗਈ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ, 'ਗੁਰਮਤਿ ਗਿਆਨ ਭਾਗ ਦੂਜਾ' ਵਿੱਚ ਵੀ 7 ਜੁਲਾਈ 1656 ਈ: ਦਰਜ ਹੈ। (ਡਾ ਗੋਗੋਆਣੀ, ਪੰਨਾ 35) ਇਹ ਸਾਵਣ ਵਦੀ 10 ਬਣਦੀ ਹੈ।

ਪ੍ਰੋ: ਸਾਹਿਬ ਸਿੰਘ ਜੀ ਵੀ ਇਹ ਤਾਰੀਖ, "ਸੋਮਵਾਰ ਦਾ ਦਿਨ, 8 ਸਾਵਣ 1713, ਚੰਦਰਮਾ ਦੇ ਹਿਸਾਬ ਸਾਵਣ ਵਦੀ 10 ਸੀ। ਈਸਵੀ ਸਨ 1656 ਤੇ ਜੁਲਾਈ ਦੀ 7 ਤਰੀਕ" ਹੀ ਲਿਖਦੇ ਹਨ।



ਪ੍ਰਿੰਸੀਪਲ ਸਤਬੀਰ ਸਿੰਘ ਜੀ ਵੀ '7 ਜੁਲਾਈ 1656 ਈ' ਨਾਲ ਸਹਿਮਤ ਹਨ। (ਅਸ਼ਟਮ ਬਲਬੀਰਾ, ਪੰਨਾ 34)

ਡਾ. ਹਰਜਿੰਦਰ ਸਿੰਘ ਦਿਲਗੀਰ, ਮੁਤਾਬਕ "20 ਹਰਿਰਾਇ ਮਾਹ, 1652- ਪ੍ਰਕਾਸ਼ ਪੁਰਬ ਗੁਰੂ ਹਰਿਕ੍ਰਿਸ਼ਨ ਸਾਹਿਬ,"। ਡਾ ਦਿਲਗੀਰ ਨੇ ਸਾਲ 1652 ਈ:, ਗੁਰੂ ਕੀਆਂ ਸਾਖੀਆਂ ਮੁਤਾਬਕ, 'ਸੰਮਤ ਸਤਰਾਂ ਸੈ ਨਾਵਾਂ ਸਾਵਣ ਵਦੀ ਦਸਮੀ ਕੇ ਦਿਹੁੰ' (ਪੰਨਾ 43) ਲਿਖਿਆ ਹੈ। '20 ਹਰਿਰਾਇ ਮਾਹ, 1652' (20 ਜੁਲਾਈ) ਨੂੰ ਚੰਦ ਮੁਤਾਬਕ ਤਾਂ ਸਾਵਣ ਵਦੀ 10 ਹੀ ਬਣਦੀ ਹੈ ਪਰ, ਸਾਵਣ 19, ਦਿਨ ਮੰਗਲਵਾਰ ਬਣਦਾ ਹੈ।

ਡਾ ਜਸਬੀਰ ਸਿੰਘ ਸਰਨਾ ਜੀ ਵੀ 20 ਜੁਲਾਈ 1652 ਈ: ਹੀ ਲਿਖਦੇ ਹਨ"। (ਜੀਵਨ ਪਾਤਸ਼ਾਹੀ ਸੱਤਵੀਂ ਤੇ ਅੱਠਵੀਂ ਪੰਨਾ 59) ਚੰਦ ਦੇ ਕੈਲੰਡਰ ਅਨੁਸਾਰ ਇਹ ਵੀ ਸਾਵਣ ਵਦੀ 10 ਹੀ ਬਣਦੀ ਹੈ।

| ਸੰਮਤ ਨ: ਸ: / ਈ: | ਧੁਮੱਕੜਸ਼ਾਹੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 548 (16-17) | 13 ਸਾਵਣ | 28 ਜੁਲਾਈ | 8 ਸਾਵਣ | 23 ਜੁਲਾਈ |
| 549 (17-18) | 3 ਸਾਵਣ | 18 ਜੁਲਾਈ | 8 ਸਾਵਣ | 23 ਜੁਲਾਈ |
| 550 (18-19) | 22 ਸਾਵਣ | 6 ਅਗਸਤ | 8 ਸਾਵਣ | 23 ਜੁਲਾਈ |
| 551 (19-20) | 11 ਸਾਵਣ | 26 ਜੁਲਾਈ | 8 ਸਾਵਣ | 23 ਜੁਲਾਈ |
| 552 (20-21) | 31 ਹਾੜ | 14 ਜੁਲਾਈ | 8 ਸਾਵਣ | 23 ਜੁਲਾਈ |
| 553 (21-22) | 18 ਸਾਵਣ | 2 ਅਗਸਤ | 8 ਸਾਵਣ | 23 ਜੁਲਾਈ |
| 554 (22-23) | 7 ਸਾਵਣ | 22 ਜੁਲਾਈ | 8 ਸਾਵਣ | 23 ਜੁਲਾਈ |
| 555 (23-24) | 27 ਹਾੜ | 11 ਜੁਲਾਈ | 8 ਸਾਵਣ | 23 ਜੁਲਾਈ |
| 556 (24-25) | 14 ਸਾਵਣ | 29 ਜੁਲਾਈ | 8 ਸਾਵਣ | 23 ਜੁਲਾਈ |
| 557 (25-26) | 4 ਸਾਵਣ | 19 ਜੁਲਾਈ | 8 ਸਾਵਣ | 23 ਜੁਲਾਈ |

ਡਾ ਸੁਖਦਿਆਲ ਸਿੰਘ ਜੀ ਲਿਖਦੇ ਹਨ, "ਗੁਰੂ ਹਰਿ ਕਰਿਸ਼ਨ ਜੀ ਦਾ ਜਨਮ ਨੌ ਸਾਵਣ, ਵਦੀ 10, ਦਿਨ ਬੁੱਧਵਾਰ, ਸੰਮਤ 1713 ਬਿ. ਮੁਤਾਬਕ 7 ਜੁਲਾਈ, 1656 ਈ: ਨੂੰ ਮਾਤਾ ਕਰਿਸ਼ਨ ਕੌਰ ਦੀ ਪਵਿੱਤਰ ਕੁੱਖ ਵਿੱਚੋਂ, ਕੀਰਤਪੁਰ ਸਾਹਿਬ ਵਿਖੇ ਹੋਇਆ"। (ਪੰਨਾ 150) ਇਥੇ 9 ਸਾਵਣ ਅਤੇ ਦਿਨ ਬੁੱਧਵਾਰ ਗਲਤ ਹੈ। ਸ਼ਾਇਦ ਇਨ੍ਹਾਂ ਨੇ 'ਤਵਾਰੀਖ਼ ਗੁਰੂ ਖਾਲਸਾ' ਤੋਂ ਤਾਰੀਖ ਲਈ ਹੋਵੇਗੀ।

"ਏਹ ਗੁਰੂ 9 ਸੌਣ ਵਦੀ 10 ਸੰਮਤ 1713 ਬਿਕ੍ਰਮੀ ਤੇ ਸਾਲ 187 ਗੁਰੂ, ਬੁੱਧਵਾਰ ਪੁਨਰਬਸਾ ਨਛੱਤਰ ਛੀ ਘੜੀ ਦਿਨ ਚੜੇ ਗੁਰੂ ਹਰਿਰਾਇ ਜੀ ਦੇ ਘਰ ਮਾਤਾ ਕਿਸ਼ਨ ਕੌਰ ਥੀਂ ਕੀਰਤਪੁਰ ਪ੍ਰਗਟ ਹੋਏ ਸਨ"। (ਤਵਾਰੀਖ਼ ਗੁਰੂ ਖਾਲਸਾ, ਗਿਆਨੀ ਗਿਆਨ ਸਿੰਘ) ਇਥੇ ਦਿਨ, ਨਛੱਤਰ ਅਤੇ ਪ੍ਰਵਿਸ਼ਟੇ ਦਾ ਕੋਈ ਮੇਲ ਨਹੀਂ ਬਣਦਾ। ਪਰ ਇਥੇ ਵੀ 'ਸੌਣ ਵਦੀ 10' ਹੀ ਹੈ ਜੋ ਕਿ ਸਹੀ ਹੈ।

ਸਿੱਖ ਇਤਿਹਾਸ ਰੀਸਰਚ ਬੋਰਡ ਵੱਲੋਂ 'ਸਿੱਖ ਕੈਲੰਡਰ/ਡਾਇਰੀ 1965-66 ਈ: ਵਿੱਚ, ਗੁਰੂ ਜੀ ਦੀ ਜਨਮ ਤਾਰੀਖ 8 ਸਾਵਣ, 1713 ਸੰਮਤ, 7 ਜੁਲਾਈ ਸੰਨ 1656 ਈ: ਦਰਜ ਹੈ।

ਖਾਲਸਾ ਡਾਇਰੀ 1975-76 ਵਿੱਚ, ਸਾਵਣ ਵਦੀ 10, ਸਾਵਣ ਪ੍ਰਵਿਸ਼ਟੇ 8 ਸੰਮਤ 1713 ਬਿ: 7 ਜੁਲਾਈ ਸੰਨ 1656 ਈ:, ਸੋਮਵਾਰ ਦਰਜ ਹੈ।

ਸ਼੍ਰੋਮਣੀ ਡਾਇਰੀ 1991 ਵਿੱਚ, ਸਾਵਣ ਵਦੀ 10, ਸੰਮਤ 1713 ਬਿ: 7 ਜੁਲਾਈ ਸੰਨ 1656 ਈ: ਦਰਜ ਹੈ।

ਸ਼੍ਰੋਮਣੀ ਡਾਇਰੀ 1992, ਸਾਵਣ ਵਦੀ 9 ਸੰਮਤ 1713 ਬਿ: ਮੁਤਾਬਿਕ 7 ਜੁਲਾਈ ਸੰਨ 1656 ਈ:। ਇਥੇ ਸਾਵਣ ਵਦੀ 9 ਅਤੇ 7 ਜੁਲਾਈ ਵਿੱਚੋਂ ਇਕ ਗਲਤ ਹੈ।

ਸ਼੍ਰੋਮਣੀ ਕਮੇਟੀ ਵੱਲੋਂ 2003 ਈ: ਵਿੱਚ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਪਿਛੋਂ ਇਹ ਦਿਹਾੜਾ ਹਰ ਸਾਲ 8 ਸਾਵਣ (23 ਜੁਲਾਈ) ਨੂੰ ਹੀ ਮਨਾਇਆ ਜਾਂਦਾ ਰਿਹਾ ਹੈ। ਮਾਰਚ 2010 ਈ: ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਸੋਧ ਦੇ ਨਾਮ ਹੇਠ ਵਿਗਾੜ ਕੇ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਗਿਆ ਸੀ ਪਰ ਸੰਮਤ 546 ਨਾਨਕਸ਼ਾਹੀ (2014-15) ਤੀਕ ਇਹ ਦਿਹਾੜਾ, 8 ਸਾਵਣ (23 ਜੁਲਾਈ) ਨੂੰ ਮਨਾਇਆ ਜਾਂਦਾ ਰਿਹਾ ਸੀ।

ਸੰਮਤ 547 ਨਾਨਕਸ਼ਾਹੀ (2015-16) ਦੇ ਕੈਲੰਡਰ ਵਿੱਚ ਇਹ ਦਿਹਾੜਾ 24 ਸਾਵਣ (8 ਅਗਸਤ) ਦਾ ਦਰਜ ਸੀ, ਇਸ ਦਿਨ ਸਾਵਣ ਵਦੀ 9 ਸੀ। ਇਸ ਤੋਂ ਪਿਛੋਂ ਇਹ ਦਿਹਾੜਾ ਹਰ ਸਾਲ ਸਾਵਣ ਵਦੀ 9 ਨੂੰ ਮਨਾਇਆ ਜਾਂਦਾ ਹੈ। ਪਰ ਦਰਜ ਪ੍ਰਵਿਸ਼ਟਿਆਂ ਵਿੱਚ ਕੀਤਾ ਜਾਣ ਕਾਰਨ ਹਰ ਸਾਲ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਉਪ੍ਰੋਕਤ ਵਸੀਲਿਆਂ ਦੀ ਵਿਚਾਰ ਤੋਂ 8 ਸਾਵਣ, ਸਾਵਣ ਵਦੀ 10, 7 ਜੁਲਾਈ ਅਤੇ ਦਿਨ ਸੋਮਵਾਰ ਸਾਂਝੇ ਤੌਰ ਤੇ ਮਿਲਦੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਾਵਣ ਵਦੀ 9 ( 7 ਸਾਵਣ, 6 ਜੁਲਾਈ ਦਿਨ ਐਤਵਾਰ ) ਨੂੰ ਕਿਉ ਚੁਣਿਆ ਹੈ ? ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਮਾਰਚ 2010 ਈ: ਵਿੱਚ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ 'ਗੁਰਬਾਣੀ ਪਾਠ ਦਰਪਣ' ਵਿੱਚ ਦਰਜ ਤਾਰੀਖਾਂ ਨੂੰ ਹੀ ਮੁੱਖ ਰੱਖਿਆ ਗਿਆ ਹੈ। ਜਦੋਂ ਕਿ ਹੋਰ ਬਹੁਤੀਆਂ ਤਾਰੀਖਾਂ ਵਾਗੂੰ 'ਗੁਰਬਾਣੀ ਪਾਠ ਦਰਪਣ' ਦੀ ਇਹ ਤਾਰੀਖ "1713 ਬਿ: ਸਾਵਣ ਵਦੀ ਨੌਵੀਂ, ਦਿਨ ਵੀਰਵਾਰ 14 ਜੁਲਾਈ 1656 ਈ: ਪੁਨਰਵਸੀ ਨਛੱਤਰ" ਵੀ, 'ਗੜਬੜ ਚੌਦਸ' ਹੀ ਹੈ। ਸਾਵਣ ਵਦੀ ਨੌਵੀਂ ਨੂੰ 6 ਜੁਲਾਈ ਦਿਨ ਵੀਰਵਾਰ ਨਹੀਂ, ਐਤਵਾਰ ਸੀ, 14 ਜੁਲਾਈ ਨੂੰ ਵੇਖੀਏ ਤਾਂ ਸਾਵਣ ਸੁਦੀ 3, 15 ਸਾਵਣ ਦਿਨ ਸੋਮਵਾਰ, ਨਛੱਤਰ ਮਘਾ ਸੀ। ਜੇ ਸੱਤਵੇਂ ਨਛੱਤਰ 'ਪੁਨਰਵਸ' ਨੂੰ ਸਹੀ ਮੰਨੀਏ ਤਾਂ ਉਸ ਦਿਨ 12 ਸਾਵਣ, ਸਾਵਣ ਵਦੀ 15, ਜੁਲਾਈ 11 ਦਿਨ ਸ਼ੁੱਕਰਵਾਰ ਬਣਦਾ ਹੈ। ਜਿਨ੍ਹਾਂ ਦੀ ਆਪਣੀ ਗੁੜਵੀ ਰੁੜੀ ਫਿਰਦੀ ਹੈ, ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਪ੍ਰਭਾਵ ਹੇਠ ਇਤਿਹਾਸਿਕ ਤਾਰੀਖਾਂ ਬਾਰੇ ਫੈਸਲੇ ਕਰਦੀ ਹੈ।

ਖਾਲਸਾ ਜੀ ਜਾਗੋ । ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਬਾਰਾਮਾਂਹ, ਰੁੱਤੀ ਸਲੋਕ, ਸੂਰਜੀ ਕੈਲੰਡਰ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾਕਿ ਚੰਦ ਨਾਲ। ਸਾਲ ਦੀ ਲੰਬਾਈ ਭਾਵ ਧਰਤੀ ਦਾ ਸੂਰਜ ਦੁਵਾਲੇ ਇਕ ਚੱਕਰ 365 ਦਿਨਾਂ ਵਿੱਚ ਪੂਰਾ ਹੁੰਦਾ ਹੈ ਨਾ ਕਿ 354 ਦਿਨਾਂ ਵਿੱਚ । ਜੇ ਵੈਸਾਖੀ ਹਰ ਸਾਲ 1 ਵੈਸਾਖ, ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 8 ਪੋਹ ਅਤੇ 13 ਪੋਹ ਨੂੰ ਮਨਾਏ ਜਾ ਸਕਦੇ ਹਨ ਤਾਂ ਸਾਰੇ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ ਕਿਉ ਨਹੀਂ ਮਨਾਏ ਜਾ ਸਕਦੇ ? ਜੇ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 8 ਸਾਵਣ ਨੂੰ ਮਨਾਇਆ ਜਾਵੇ ਤਾਂ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ ? ਸ਼੍ਰੋਮਣੀ ਕਮੇਟੀ ਜੇ ਕਿਸੇ ਕਾਰਨ ਵਦੀ-ਸੁਦੀ ਦੇ ਮੱਕੜ ਜਾਲ ’ਚ ਬਾਹਰ ਨਹੀਂ ਨਿਕਲਣਾ ਚਾਹੁੰਦੀ ਤਾਂ ਘੱਟੋ-ਘੱਟ ਇਹ ਦਿਹਾੜਾ ਅਸਲ ਦਿਨ, ਭਾਵ ਸਾਵਣ ਵਦੀ 10 ਨੂੰ ਤਾਂ ਮਨਾਵੇ। ਇਤਿਹਾਸਕ ਤਾਰੀਖਾਂ ਨੂੰ ਮਨ-ਮਰਜੀ ਨਾਲ ਬਦਲ ਕੇ, ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਕੀ ਸਾਬਿਤ ਕਰਨਾ ਚਾਹੁੰਦੀ ਹੈ ?

# ਪੰਜਾਬ-ਰਿਹਾਇਸ਼ੀ ਲੋੜਾਂ ਲਈ ਜ਼ਮੀਨ ਇਕੱਠੀ ਕਰਨੀ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000



ਪੰਜਾਬ ਜੋ 1980 ਦਹਾਕੇ ਵਿੱਚ ਖੇਤੀ ਵਿੱਚ ਨੰਬਰ ਇੱਕ ਤੇ ਸੀ ਉਦਯੋਗ ਵਿੱਚ ਨੰਬਰ 2 ਤੇ। ਇਸ ਨਾਲ ਸੁਬਾਵਕ ਹੈ ਬਾਕੀ ਚੀਜ਼ਾਂ ਜਿਵੇਂ ਕਿ ਰੁਜ਼ਗਾਰ, ਰਹਿਣ ਸਹਿਣ ਸਭ ਉੱਪਰ ਨੂੰ ਗਿਆ। ਇਸ ਸਮੇਂ ਵਿੱਚ ਲੋਕਾਂ ਦੇ ਘਰਾਂ ਵਿੱਚ ਜਰੂਰੀ ਚੀਜ਼ਾਂ ਦੇ ਨਾਲ-ਨਾਲ ਅਰਾਮਦਾਇਕ ਵਸਤੂਆਂ ਦੀ ਮੰਗ ਵੀ ਵਧੀ। ਉਸ ਸਮੇਂ ਸਰਕਾਰ ਨੇ ਕਈ ਸ਼ਹਿਰਾਂ ਵਿੱਚ ਇੰਪਰੂਵਮੈਂਟ ਟਰੱਸਟ ਬਣਾਏ ਅਤੇ ਉਹਨਾਂ ਨੇ ਲੋੜ ਅਨੁਸਾਰ ਸਰਕਾਰੀ ਕਲੌਨੀਆਂ ਕੱਟੀਆਂ। ਇਹਨਾਂ ਕਲੌਨੀਆਂ ਦਾ ਪੁੱਖਤਾ ਮਾਸਟਰ ਪਲੈਨ ਨਾਲ ਵਿਕਾਸ ਕੀਤਾ ਗਿਆ। ਪਰ ਇਸ ਵਿੱਚ ਮੁੱਖ ਸੀ ਕਿ ਮੰਗ ਅਨੁਸਾਰ ਜ਼ਮੀਨ ਐਕਵਾਇਰ ਕਰਕੇ ਇਸ ਨੂੰ ਕੱਟਿਆ ਜਾਂਦਾ ਸੀ। ਇਸ ਸਭ ਵਿੱਚ ਹੋਰ ਪਾਰ ਦਰਸ਼ਿਤਾ ਲਿਆਉਣ ਅਤੇ ਇਹਨਾਂ ਦੀਆਂ ਖਾਮੀਆਂ ਨੂੰ ਦੂਰ ਕਰਨ ਲਈ ਪੰਜਾਬ ਰੀਜਨਲ ਟਾਊਨ ਡਿਵੈਲਪਮੈਂਟ ਬੋਰਡ ਐਕਟ 1995 ਬਣਾਇਆ ਗਿਆ।

ਇਸ ਬੋਰਡ ਤਹਿਤ ਪੁੱਡਾ, ਗਲਾਡਾ ਵਰਗੀਆਂ ਅਥਾਰਟੀਆਂ ਬਣਾਈਆਂ ਗਈਆਂ। ਪਰ ਅਫਸੋਸ ਕਿ ਕੰਮ ਸੁਧਰਨ ਦੀ ਬਜਾਏ ਵਿਗੜ ਗਿਆ। ਇਸ ਵਿੱਚ ਮੁੱਖ ਗੱਲ ਸੀ ਕਿ ਜਿਹੜੇ ਸ਼ਹਿਰਾਂ ਦੇ ਪੁਰਾਣੇ ਤੰਗ ਇਲਾਕੇ ਸਨ ਉਹਨਾਂ ਨੂੰ ਸੁਧਾਂਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸੜਕਾਂ ਇਹਨੀਆਂ ਭੀੜੀਆਂ ਹਨ ਲੋੜ ਪੈਣ ਤੇ ਫਾਇਰਬਰਗੇਡ ਵੀ ਅੰਦਰ ਨਹੀਂ ਜਾਂਦੀ। ਇਸ ਵਿੱਚ ਪੁਰਾਣੇ ਸ਼ਹਿਰ ਦਾ ਹਾਲ ਤਾਂ ਕੀ ਸੁਧਾਰਨਾ ਸੀ ਸਗੋਂ ਇਹਨਾਂ ਅਥਾਰਟੀਆਂ ਦੇ ਨੱਕ ਹੇਠ ਅਣਧਿਕਾਰਤ ਕਲੌਨੀਆਂ ਦਾ ਕੰਮ ਧੜੱਲੇ ਨਾਲ ਚੱਲਿਆ। ਨੌਬਤ ਇਥੋਂ ਤੱਕ ਆ ਗਈ ਕਿ ਨਵੀਆਂ ਕਲੌਨੀਆਂ ਵਿੱਚ ਵੀ ਸੜਕਾਂ 24 ਫੁੱਟ ਦੀਆਂ ਰਹਿ ਗਈਆਂ। ਇੱਕ ਇੱਕ ਏਕੜ ਵਿੱਚ 50-50 ਗਜ਼ ਦੇ ਘਰ ਕੱਟੇ ਗਏ। ਕੀ ਇਹ ਕੰਮ ਨੂੰ ਰੋਕਣ ਦਾ ਫਰਜ਼ ਇਹਨਾਂ ਅਥਾਰਟੀਆਂ ਦਾ ਨਹੀਂ ਸੀ।

ਕਹਿਣ ਦਾ ਭਾਵ ਇਹਨਾਂ ਨੇ ਆਪਣਾ ਕੰਮ ਤਸੱਲੀਬਖਸ਼ ਨਹੀਂ ਕੀਤਾ। ਹਰ ਸਰਕਾਰ ਨੇ ਸੈਕੜੇ ਅਣਅਧਿਕਾਰਤ ਕਲੌਨੀਆਂ ਨੂੰ ਅਧਿਕਾਰਤ ਪਰ ਉਨ੍ਹੀਆਂ ਹੀ ਅਣਅਧਿਕਾਰਤ ਹੋਰ ਖੜੀਆਂ ਹੋ ਜਾਂਦੀਆਂ ਹਨ ਇਹ ਸਿਲਸਿਲਾ ਲਗਾਤਾਰ ਇਸ ਕਰਕੇ ਚੱਲਦਾ ਹੈ ਕਿ ਵੋਟਾਂ ਵੇਲੇ ਹਰ ਸਰਕਾਰ ਲੋਕਾਂ ਨੂੰ ਰਿਆਇਤਾਂ ਦਿੰਦੀ ਹੈ। ਨਗਰਪਾਲੀਕਾ ਕਮੇਟੀ ਅਤੇ ਕਾਰਪੋਰੇਸ਼ਨਾਂ ਦਾ ਇਹਨਾਂ ਦੇ ਸੁਧਾਰ ਵੱਲ ਕੋਈ ਧਿਆਨ ਨਹੀਂ। ਇਸ ਵੇਲੇ ਇੱਕ ਹੋਰ ਵੱਡੀ ਸਮੱਸਿਆ ਚੱਲ ਰਹੀ ਸੀ ਕਿ ਜਿੱਥੇ ਵੀ ਜ਼ਮੀਨ ਐਕਵਾਇਰ ਹੁੰਦੀ ਹੈ ਉਥੇ ਹੀ ਰੌਲਾ ਪੈਂਦਾ ਹੈ ਖਾਸ ਕਰਕੇ ਮੁਆਵਜੇ ਦਾ। ਇਸ ਵਿੱਚ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਰਾਈਟ ਟੂ ਫੈਅਰ ਕੰਪੈਨਸੇਸ਼ਨ ਐਨਡ ਟਰਾਂਸਪਰੈਨਸੀ ਇਨ ਲੈਂਡ ਐਕਊਜ਼ੀਸ਼ਨ ਰੀਹੈਬਲੀਏਸ਼ਨ ਐਂਡ ਰੀਸੈਟਲਮੈਂਟ ਐਕਟ 2013 ਲਿਆਂਦਾ।

ਇਸ 2013 ਦੇ ਲੈਂਡ ਐਕਉਜੀਸ਼ਨ ਐਕਟ ਵਿੱਚ ਮੁੱਖ ਗੱਲ ਸੀ ਕਿ ਮੁਆਵਜਾ ਕਿੰਨ੍ਹਾਂ ਹੋਵੇਗਾ ਅਤੇ ਉਸ ਨੂੰ ਨਿਰਧਾਰਤ ਕਰਨ ਦੀ ਪ੍ਰਕਿਰਿਆ ਪਾਰਦਰਸ਼ੀ ਹੋਵੇਗੀ। ਇਸ ਵਿੱਚ ਮੁਆਵਜਾ ਮਾਰਕੀਟ ਕੀਮਤ ਦਾ ਚਾਰ ਗੁਣਾ ਅਤੇ ਦੋ ਗੁਣਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਦੋ ਹੋਰ ਸ਼ਬਦ ਲਿਆਂਦੇ ਪਹਿਲਾ ਰੀਹੈਬਲੀਟੇਸ਼ਨ ਯਾਨੀ ਉਹਨਾਂ ਨੂੰ ਸਿੱਖਿਆ ਦੇਣਾ ਕਿ ਕਿਸ ਤਰ੍ਹਾਂ ਤੇ ਕਿੱਥੇ ਕਰਾਈ ਜਾਵੇਗੀ ਉਸਦਾ ਪੁਖਤਾ ਪਲੈਨ ਹੋਣਾ ਚਾਹੀਦਾ ਹੈ।

ਇਸ ਵਿੱਚ ਇੱਕ ਹੋਰ ਬੜੀ ਵੱਡੀ ਗੱਲ ਸੀ ਕਿ ਜਿਸ ਚੀਜ਼ ਲਈ ਜਗ੍ਹਾ ਲਈ ਉਥੇ ਉਹੋ ਕੁੱਝ ਹੀ ਬਣੇਗਾ ਉਦਾਹਰਣ ਦੇ ਤੌਰ ਤੇ ਜਗ੍ਹਾ ਹਸਪਤਾਲ ਲਈ ਹੈ ਤਾਂ ਹਸਪਤਾਲ ਹੀ ਬਣੇਗਾ, ਅਗਰ ਤਿੰਨ ਸਾਲਾਂ ਵਿੱਚ ਹਸਪਤਾਲ ਨਾ ਬਣਿਆ ਤਾਂ ਉਹ ਜਗ੍ਹਾ ਵਾਪਸ ਉਹਨਾਂ ਦੇ ਮਾਲਕਾਂ ਨੂੰ ਦਿੱਤੀ ਜਾਵੇਗੀ। ਪਰ ਮੌਜੂਦਾ ਕੇਂਦਰ ਸਰਕਾਰ ਜਦੋਂ 2014 ਵਿੱਚ ਸਤ੍ਹਾ ਵਿੱਚ ਆਈ ਤਾਂ ਇਹਨਾਂ ਨੇ ਇਸ 2013 ਦੇ ਐਕਟ ਵਿੱਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ। ਹੋਇਆ ਇਹ ਕਿ ਅੱਜ ਵੀ ਇਹ ਐਕਟ ਅੱਧ ਪਚੱਦਾ ਜਿਸ ਦਾ ਜਿਵੇਂ ਜੀਅ ਕਰਦਾ ਮੋੜ ਦਿੰਦਾ ਹੈ। ਅੱਜ ਵੀ ਮੁਆਵਜ਼ਿਆਂ ਦਾ ਰੌਲਾ ਪਿਆ ਹੋਇਆ ਹੈ। ਇਸ ਮੁਆਵਜੇ ਦੇ ਚੱਕਰ ਤੋਂ ਬਚਣ ਲਈ ਇਹ ਲੈਂਡ ਪੁਲਿੰਗ ਸਕੀਮ ਲਿਆਂਦੀ ਗਈ।

ਇਸ ਸਕੀਮ ਦੇ ਸਰਕਾਰ ਨੂੰ ਫਾਇਦੇ ਕੀ ਹਨ। ਇੱਕ ਤਾਂ ਕਿਸੇ ਨੂੰ ਮੁਆਵਜਾ ਦੇਣਾ ਹੀ ਨਹੀਂ ਪੈਣਾ ਯਾਨੀ ਜੋ ਹੋਣਾ ਹੀ ਨਾ ਮੁਮਕਿਨ ਸੀ ਕਿਉਂਕਿ ਸਰਕਾਰੀ ਖਜ਼ਾਨਾ ਡਾਵਾਂ ਡੋਲ ਅਤੇ ਪੰਜਾਬ ਕਰਜ਼ੇ ਤੇ ਚੱਲ ਰਿਹਾ ਹੈ। ਇਸ ਵਿੱਚ ਘੱਟੋ-ਘੱਟ ਤਿੰਨ ਸਾਲਾਂ ਬਾਅਦ 1 ਏਕੜ (4840 ਗਜ਼) ਮਗਰ ਤਕਰੀਬਨ 1200 ਗਜ ਡਿਵੈਲਪਡ ਜ਼ਮੀਨ ਦੇਸੀ ਹੈ ਯਾਨੀ 25 ਫੀਸਦੀ ਮੁੜ ਕੇ ਮਾਲਕ ਨੂੰ ਮਿਲੂਗੀ। ਇਸ ਵਿੱਚ 25 ਫੀਸਦੀ ਹੋਰ ਜੋੜ ਲਈਏ ਜੋ ਸੜਕਾਂ, ਪਾਰਕਾਂ ਦੀ ਵੇਸਟੇਜ਼ ਵਿੱਚ ਚਲੀ ਜਾਊਗੀ ਤਾਂ ਤਕਰੀਬਨ ਸਰਕਾਰੀ ਅੰਕੜਿਆਂ ਮੁਤਾਬਕ 2640 ਗਜ਼ ਜ਼ਮੀਨ ਸਰਕਾਰ ਕੋਲ ਬਚੇਗੀ ਜਿਸ ਨੂੰ ਵੇਚ ਕੇ ਸਰਕਾਰ ਮੁਨਾਫਾ ਕਮਾਏਗੀ। ਇਸ ਬਾਰੇ ਤਾਂ ਕਿਆਸ ਰਾਹੀਆਂ ਹੀ ਹਨ ਕਦੋਂ ਤੇ ਕਿਵੇਂ ਮੁਆਫਜਾ ਆਵੇਗਾ ਇਹ ਸਿਰਫ ਹਜੇ ਖਿਆਲੀ ਪਲਾਓ ਹੀ ਹਨ ।

ਦੂਜੀ ਕੀ ਇਹ ਸਕੀਮ ਦਾ ਕਿਸਾਨਾਂ ਨੂੰ ਫਾਇਦਾ ਦਿਊਂਗੀ: ਇਸ ਵਿੱਚ ਕਿਸਾਨਾਂ ਦਾ ਕੋਈ ਫਾਇਦਾ ਨਜ਼ਰ ਨਹੀਂ ਆਉਂਦਾ ਪਹਿਲੀ ਗੱਲ ਕਿ ਅੱਜ ਕੋਈ ਮੁਆਵਜਾ ਨਹੀਂ ਮਿਲਨਾ, ਘੱਟੋ ਘੱਟ ਤਿੰਨ ਸਾਲ ਬਾਅਦ ਪਲਾਟ ਮਿਲਣਗੇ, ਇਹ ਸਮਾਂ ਵੱਧ ਵੀ ਸਕਦਾ ਹੈ ਕਿਉਂਕਿ ਕੋਈ ਵੀ ਸਰਕਾਰੀ ਕੰਮ ਸਮੇਂ ਸਿਰ ਪੂਰਾ ਨਹੀਂ ਹੁੰਦਾ। ਜਿਹੜੇ ਪਲਾਟ, ਮਿਲਣਗੇ ਉਹ ਕਦੋਂ ਤੇਕਿਵੇਂ ਵਿਕਣਗੇ ਇਸ ਬਾਰੇ ਕੋਈ ਪੁਖਤਾ ਨੀਤੀ ਨਹੀਂ। ਇਹ ਉਸ ਵੇਲੇ ਦੀ ਮੰਗ ਤੇਂ ਨਰਭਰ ਕਰਦਾ ਹੈ। ਅੱਜ ਜਿਹਨਾਂ ਦੇ ਘਰ ਉਜੜ ਗਏ ਉਹ ਤਿੰਨ ਸਾਲ ਕੀ ਕਰਨਗੇ। ਘਰਾਂ ਦਾ ਮੁਆਵਜਾ 2013 ਦੀ ਲੈਂਡ ਐਕੁਜਿਸ਼ਨ ਮੁਤਾਬਕ ਦਿੱਤਾ ਜਾਊਗਾ। ਇਸ ਦਾ ਮੁਲਆਂਕਣ ਔਖਾ ਹੋਵੇਗਾ ਕਿਉਂ ਕਿਸੇ ਨੇ ਕੜੀਆਂ ਬਾਲਿਆਂ ਦੀ ਛੱਤ ਪਾਈ ਹੈ ਤੇ ਕਿਸੇ ਦਾ ਪੱਕਾ ਮਕਾਨ ਕੰਮ ਅੱਜ ਦੋਵਾਂ ਦਾ ਹੀ ਵੱਧੀਆ ਚੱਲੀ ਜਾਂਦਾ ਹੈ। ਇਸ ਤਰ੍ਹਾਂ ਜਿਸ ਕੋਲ ਇੱਕ ਏਕੜ ਹੈ ਉਹ ਡੇਅਰੀ ਜਾਂ ਸਬਜ਼ੀਆਂ ਬੀਜ ਕੇ ਲੁਧਿਆਣੇ ਵੇਚਦਾ ਹੈ ਉਹ 30,000/- ਰੁਪਏ ਮਹੀਨਾ ਕਮਾਉਂਦਾ ਹੈ। ਇਸ ਹੋਰ ਵੱਡਾ ਘਾਟਾ ਹੈ ਪਲਾਟ ਮਿਲਣ ਤੋਂ ਬਾਅਦ ਮਾਲਕਾਂ ਨੂੰ ਡਿਵੈਲਪਮੈਂਟ ਚਾਰਜਿਜ ਵੀ ਦੇਣੇ ਪੈਂਣੇ ਹਨ। ਨਾਲੇ ਵਾਧੂ ਜ਼ਮੀਨ ਗਈ ਨਾਲ ਚਾਰਜਿਜ ਵੀ ਦਿਉਂ।

ਇਸ ਵਿੱਚ ਬਹੁ ਚਰਚਿਤ "ਆਈ ਸਿਟੀ ਮੋਹਾਲੀ" ਦੀ ਉਦਾਹਰਣ ਚਲਦੀ ਹੈ, 7 ਜੁਲਾਈ, 2025 ਦੀ ਹਿੰਦੁਸਤਾਨ ਟਾਈਮਜ਼ ਵਿੱਚ ਛਪੀ ਖਬਰ ਮੁਤਾਬਕ 8000 ਕਿਸਾਨਾਂ ਵਿੱਚੋਂ ਸਿਰਫ 15 ਨੇ ਸਹਿਮਤੀ ਦਿੱਤੀ ਹੈ ਲੈਂਡ ਪੁਲਿੰਗ ਲਈ। ਇਸ ਨਾਂਹ ਵਰਗੇ ਰਵੱਈਏ ਦਾ ਮੁੱਖ ਕਾਰਨ ਹੈ ਜਦੋਂ ਆਈਟੀ ਸਿਟੀ ਅਤੇ ਐਰੋਂ ਕੱਟੀਆਂ ਸਨ ਤਾਂ ਪਹਿਲਾਂ ਤਾਂ ਸਾਲਾਂ ਦੀ ਜਦੋ-ਜਹਿਦ ਤੋਂ ਬਾਅਦ ਪਲਾਟ ਮਿਲੇ ਹਨ ਜਿਹੜੇ ਮਿਲੇ ਹਨ ਉਹ ਵੀ ਪੂਰੀ ਤਰ੍ਹਾਂ ਡਿਵੈਲਪਡ ਨਹੀਂ ਹਨ ਦਿੱਤੇ ਵੀ ਪਿੱਛੇ ਹਟਵੇਂ ਹਨ। ਚੰਗੀਆਂ ਤੇ ਡਿਵੈਲਪਡ ਜਗ੍ਹਾ ਤੇ ਕਾਰਪੋਰੇਟ ਨੇ ਕਲੌਨੀਆਂ ਬਣਾ ਲਈਆਂ ਅਤੇ ਕਰੋੜਾਂ ਦੇ ਵੇਚ ਰਹੇ ਹਨ। ਯਾਨੀ ਸਸਤੇ ਮਕਾਨ ਅਤੇ ਵਪਾਰਕ ਅਦਾਰਾ ਮਿਲਣ ਦੀ ਆਮ ਆਦਮੀ ਨੂੰ ਉਮੀਦ ਨਾਂਹ ਦੇ ਬਰਾਬਰ ਹੀ ਹੈ।

ਕਿਸੇ ਚੀਜ਼ ਦੀ ਮੰਗ ਲੋਕਾਂ ਦੀ ਲੋੜ ਅਤੇ ਜੇਬ ਅਨੁਸਾਰ ਹੁੰਦੀ ਹੈ। ਜੇਬ ਰੋਜ਼ਗਾਰ ਨਾਲ ਜੁੜੀ ਹੈ। ਨਾ ਤਾਂ ਰੋਜ਼ਗਾਰ ਲੋਕਾਂ ਨੂੰ ਲੋੜ ਅਨੁਸਾਰ ਮਿਲ ਰਿਹਾ ਹੈ ਅਤੇ ਜਿਹਨਾਂ ਨੂੰ ਮਿਲਿਆ ਹੈ ਉਹਨਾਂ ਦੀ ਤਨਖਾਹ ਇੰਨ੍ਹੀ ਥੌੜ੍ਹੀ ਹੈ ਕਿ ਦੋ ਵਕਤ ਦੀ ਰੋਟੀ ਅਤੇ ਬੱਚਿਆਂ ਦੀ ਪੜ੍ਹਾਈ ਹੀ ਪੂਰੀ ਨਹੀਂ ਆਉਂਦੀ ਪ੍ਰਾਪਰਟੀ ਵੱਲ ਤਾਂ ਕੋਈ ਤਾਂ ਜਵੇਗਾ ਜੇ ਚਾਰ ਪੈਸੇ ਬਚਣਗੇ ਤਾਂ ਸਰਕਾਰੀ ਨੌਕਰੀ ਮਿਲਦੀ ਨਹੀਂ ਜਿਹੜੀ ਮਿਲਦੀਆਂ ਉਹ ਵੀ ਠੇਕੇ ਤੇ।

ਪਿਛਲੇ ਸਮਿਆਂ ਵਿੱਚ ਪ੍ਰਾਪਰਟੀਆਂ ਵਿੱਕੀਆਂ ਕਿਉਂਕਿ ਤਨਖਾਹਾਂ ਚੰਗੀਆਂ ਸਨ ਖੇਤੀ ਵਪਾਰ ਅਤੇ ਇੰਡਸਟਰੀ ਵਿੱਚ ਵੀ ਮੁਨਾਫਾ ਸੀ ਅੱਜ ਹਰ ਚੀਜ਼ ਮਹਿੰਗਾਈ ਦੀ ਮਾਰ ਝੱਲ ਰਹੀ ਹੈ ਇਸ ਕਰਕੇ ਪ੍ਰਾਪਰਟੀ ਦੀ ਅਸਲ ਮੰਗ ਬਹੁਤ ਘੱਟ ਹੈ ਬਹੁਤੇ ਇੰਨਵੈਸਟਮੈਂਟ ਵਾਲੇ ਹੀ ਪ੍ਰਾਪਰਟੀ ਏਧਰ ਉਧਰ ਕਰਦੇ ਹਨ। ਇਸ ਵੇਲੇ ਸੋਚਣ ਦੀ ਗੱਲ ਤਾਂ ਇਹ ਹੈਕਿ ਕੀ ਸਰਕਾਰ ਨੇ ਕੀ ਕੋਈ ਸਰਵੇ ਕਰਵਾਇਆ ਹੈ ਕਿ ਸਾਨੂੰ ਵਾਕਿਆਂ ਹੀ ਐਨੇ ਵੱਡੇ ਪੱਧਰ ਤੇ ਘਰ, ਉਦਯੋਗ ਅਤੇ ਵਪਾਰ ਲਈ ਜਗ੍ਹਾ ਇਕੋ ਵਕਤ ਚਾਹੀਦੀ ਹੈ।

ਇਸ ਵੇਲੇ ਮੇਰੇ ਹਿਸਾਬ ਨਾਲ ਸਰਕਾਰ ਨੂੰ ਕਿਸਾਨਾਂ ਤੋਂ ਜ਼ਮੀਨ ਲੈਣ ਦੀ ਬਜਾਏ ਪਹਿਲਾਂ ਜੋ ਕੱਟੀਆਂ ਕਲੋਨੀਆਂ ਹਨ ਉਹਨਾਂ ਦਾ ਰਿਮੋਟਸੈਨਸਿੰਗ ਤੋਂ ਸਰਵੇ ਕਰਾਵਾਵੇ ਕੇ ਕਿੰਨੇ ਪਲਾਟ/ਜਗ੍ਹਾ ਖਾਲੀ ਪਏ ਹਨ। ਉਹਨਾਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ। ਇਹਨਾਂ ਕਲੋਨੀਆਂ ਵਿੱਚ ਜਿਹਨਾਂ ਦੇ ਪਲਾਟ ਹੋਣ ਉਹਨਾਂ ਨੂੰ ਨਿਰਧਾਰਿਤ ਸਮੇਂ ਵਿੱਚ ਘਰ ਬਣਾਉਣਾ ਲਾਜ਼ਮੀ ਹੋਵੇ।

ਇਹ ਚੀਜ਼ ਪਹਿਲਾਂ ਵੀ ਲੁਧਿਆਣਾ ਇੰਪਰੂਵਮੈਂਟ ਟਰੱਸਟ ਦੀਆਂ ਕਲੌਨੀਆਂ ਵਿੱਚ ਲਾਗੂ ਹੈ। ਜਿਥੇ ਤੱਕ ਘਰਾਂ ਦੀ ਸਮੱਸਿਆ ਦਾ ਸਵਾਲ ਹੈ ਸਰਕਾਰ ਨੂੰ ਪ੍ਰਈਵੇਟ ਖੇਤਰ ਦੀ ਮਦਦ ਲੈਣੀ ਚਾਹੀਦੀ ਹੈ। ਅੱਜ ਦੇ ਕਿਰਾਏ ਦੇ ਕਾਨੂੰਨ ਮਾਲਕ ਦੇ ਹੱਕ ਵਿੱਚ ਨਹੀਂ ਹਨ। ਜੇ ਮਾਲਕ ਨੂੰ ਮਹਿੰਗਾਈ ਅਨੁਸਾਰ ਕਿਰਾਇਆ ਵਧਾਉਣ ਅਤੇ ਕਿਰਾਇਆ ਨਾ ਦੇਣ ਦੀ ਸੂਰਤ ਵਿੱਚ ਮਕਾਨ ਖਾਲੀ ਕਰਾਉਣ ਦਾ ਹੱਕ ਮਿਲ ਜਾਵੇ ਤਾਂ ਪ੍ਰਾਈਵੇਟ ਇੰਨਵੇਸਟਮੈਂਟ ਵਾਲੇ ਜਿਹਨਾਂ ਦੇ ਪਲਾਟ ਖਾਲੀ ਪਏ ਹਨ, ਛੋਟੇ ਘਰਾਂ ਦੀਆਂ ਲਾਈਨਾਂ ਲਗਾ ਕੇ ਝੋਪੜੀਆਂ ਖਤਮ ਕਰ ਦੇਣਗੇ।

ਪ੍ਰੋਜੇਕਟ ਤਹਿਤ ਬਹੁਤੇ ਕਿਸਾਨਾਂ ਦਾ ਉਜਾੜਾ ਤਹਿ ਹੈ ਉੱਧਰ ਪੰਜਾਬ ਦੀ ਜਰਖੇਜ਼ ਜ਼ਮੀਨ ਹੌਲੀ ਹੌਲੀ ਕਾਰਪੋਰੇਟ ਦੇ ਹੱਥ ਆ ਜਾਏਗੀ। ਠੱਗੀ ਹੋਰ ਵੱਧ ਜਾਵੇਗੀ ਪਹਿਲਾਂ ਹੀ ਅੱਜ ਸ਼ਹਿਰਾਂ ਵਿੱਚ ਭੂ ਮਾਫੀਆ ਪਸਰਿਆ ਜਾਂਦਾ ਹੈ। ਇਹਨਾਂ ਦਾ ਕੰਮ ਹੈ ਕਿ ਬੰਦਾ ਵੇਖਣਾ ਜੇ ਐਨ ਆਰ ਆਈ,ਜਾਂ ਫਿਰ ਕਮਜ਼ੋਰ ਹੈ ਜਾਂ ਆਪਸ ਵਿੱਚ ਰੌਲਾ ਹੈ ਉਸਦੇ ਜਾਅਲੀ ਕਾਗਜ਼ ਮਾਲ ਮਹਿਕਮੇ ਨਾਲ ਰਲਕਿ ਤਿਆਰ ਕਰਕੇ ਹਥਿਆਇਆ ਜਾਂਦਾ ਹੈ। ਅਸਲੀ ਮਾਲਕ ਪੁਲਿਸ, ਕਚਿਹਰੀ ਅਤੇ ਸਿਆਸਤਦਾਨਾਂ ਦੇ ਚੱਕਰ ਲਗਾਉਂਦੇ ਰਹਿੰਦੇ ਹਨ।

ਇਥੋਂ ਤੱਕ ਕਿ ਕਈ ਪਲਾਟ ਜਿਹਨਾਂ ਦੀਆਂ ਰਜਿਸਟਰੀਆਂ ਵਿੱਚ ਪਹਿਲਾਂ ਪੁੱਡਾ ਅਪਰੂਵਡ ਲਿਖਿਆ ਹੈ, ਅੱਜ ਨਕਸ਼ਾ ਬਦਲ ਦਿੱਤਾ ਤੇ ਹੁਣ ਉਸਨੂੰ ਪੁੱਡਾ ਅਪਰੂਵਡ ਨਹੀਂ ਗਿਣਿਆ ਜਾਂਦਾ। ਇਸ ਨੋਟੀਫਿਕੇਸ਼ਨ ਨਾਲ ਨਾਂ ਤਾਂ ਹੁਣ ਉਹਨਾਂ ਕਿਸਾਨਾਂ ਦੀ ਜ਼ਮੀਨ ਵਿਕਣੀ ਹੈ ਅਤੇ ਨਾ ਹੀ ਉਸ ਨੂੰ ਗਿਰਵੀ ਰੱਖ ਕੇ ਕਰਜ਼ਾ ਲੇਣ ਜੋਗਾ ਰਹੂਗਾ। ਇਹ ਪਾਲਿਸੀ ਕਿਸਾਨਾਂ ਦੀ ਆਮਦਨ ਖਤਮ ਕਰਨ ਦਾ ਸਭ ਤੋਂ ਵੱਡਾ ਹਥਿਆਰ ਹੈ।


ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਸਕੀਮ ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਕਿ ਸਾਡੀ ਮੰਗ ਕਿੰਨੀ ਹੈ। ਕੀ ਜੋ ਨਜਾਇਜ਼ ਕਲੌਨੀਆਂ ਹਨ ਜੇ ਸਰਕਾਰ ਉਹਨਾਂ ਨੂੰ ਠੀਕ ਢੰਗ ਨਾਲ ਡਿਵੈਲਪ ਕਰ ਲਵੇ ਤਾਂ ਇਹ ਮੰਗ ਪੂਰੀ ਹੁੰਦੀ ਹੈ ਜੇ ਘੱਟਦੀ ਹੈ ਤਾਂ ਕਿੰਨੀ ਹੋਰ ਦੀ ਲੋੜ ਹੈ। ਇਸ ਨਾਲ ਉਪਜਾਊ ਜ਼ਮੀਨ ਦਾ ਤੇ ਉਥੋਂ ਦੇ ਵਸਿੰਦਿਆਂ ਦਾ ਉਜਾੜਾ ਨਹੀਂ ਹੋਊਗਾ। ਕਿਉਂਕਿ ਮੁੜ ਵਸੇਬੇ ਦੀਆਂ ਜੋ ਸਰਕਾਰੀ ਯੋਜਨਾਵਾਂ ਹਨ ਉਹ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਹਨ। ਇਹ ਨਾ ਹੋਵੇ ਕਿ ਪਹਿਲਾਂ ਹੀ ਨਿਰਾਸ਼ਾ ਅਤੇ ਬੇਰੁਜ਼ਗਾਰੀ ਨਾਲ ਜੂਝਦੇ ਪੰਜਾਬੀਆਂ ਦੀ ਜਵਾਨੀ ਕਿਤੇ ਹੋਰ ਕੁਰਾਹੇ ਪੈ ਜਾਵੇ।

*******

ਲੜੀਵਾਰ ਨਾਵਲ

ਕਮਲ ਗਿੱਲ


Mob : +44 07454 394684



ਕਿਸ਼ਤ-34

# ਗੰਧਲੇ ਰਿਸ਼ਤੇ

**ਰਵੀ ਦਾ ਫੂਨ ਵਾਰ-ਵਾਰ ਆ ਰਿਹਾ ਸੀ, ਮੇਰਾ ਮਨ ਕੈਲਾਸ਼ ਦੀਆਂ ਗੱਲਾਂ ਸੁਣ-ਸੁਣ ਇੰਨਾ ਦੁਖੀ ਸੀ ਕਿ ਫੂਨ ਚੁੱਕਣ ਦਾ ਮਾੜਾ ਮਨ ਨਹੀਂ ਹੋ ਰਿਹਾ ਸੀ। ਮੈਂ ਰਵੀ ਨੂੰ ਕੈਲਾਸ਼ ਜੀ ਬਾਰੇ ਦੱਸਿਆ ਕਿ ਇੱਥੇ ਉਨ੍ਹਾਂ ਕੋਲ ਬੈਠੀ ਹਾਂ ਤਾਂ ਰਵੀ ਨੇ ਵੀ ਸਰਸਰੀ ਜਿਹੀ ਗੱਲ ਕਰਕੇ ਉਸਨੇ ਫੂਨ ਕੱਟ ਦਿੱਤਾ ਪਰ ਮੇਰੀ ਆਵਾਜ਼ ਸੁਣ ਕੇ ਉਹ ਭਾਂਪ ਗਿਆ ਸੀ ਕਿ ਕੋਈ ਢੂੰਘੀ ਤੇ ਸੀਰੀਅਸ ਗੱਲ ਚੱਲ ਰਹੀ ਹੈ। ਰਵੀ ਦਾ ਫੂਨ ਆਉਂਦਿਆਂ ਸਾਰ ਕੈਲਾਸ਼ ਥੱਲੇ ਕਮਰੇ ਵਿਚ ਚਲੇ ਗਈ, ਸ਼ਾਇਦ ਉਹ ਸੋਚਦੀ ਹੋਵੇਗੀ ਕਿ ਮੈਂ ਬੇਝਿੱਕ ਹੋ ਕੇ ਰਵੀ ਨਾਲ ਗੱਲ ਕਰ ਲਵਾਂ। ਫੂਨ ਕੱਟ ਕੇ ਮੈਂ ਥੋੜ੍ਹੀ ਦੇਰ ਉਨ੍ਹਾਂ ਨੂੰ ਉੱਪਰ ਬਾਲਕੋਨੀ ਵਿੱਚ ਹੀ ਉਡੀਕਿਆ ਜਦ ਉਹ ਨਾ ਆਏ ਤਾਂ ਮੈਂ ਆਪ ਥੱਲੇ ਆ ਗਈ ।ਉਹ ਕਿਸੇ ਨਾਲ ਸਪੈਨਸ਼ ਭਾਸ਼ਾ 'ਚ ਗੱਲਾਂ ਕਰ ਰਹੇ ਸਨ।**



ਆਪਾਂ ਛੁੱਟੀਆਂ ਲਈਆਂ ਦੋਹਾਂ ਨੇ ਬਾਹਰ ਜਾਣ ਲਈ। ਜੇ ਖਰਚੇ ਦੀ ਵੀ ਗੱਲ ਤਾਂ ਮੈਂ ਕਰ ਦਿੰਦੀ ਹਾਂ ਪਰ ਆਪਾਂ ਨੂੰ ਬਾਹਰ ਜਾਣਾ ਚਾਹੀਦਾ ਹੈ ਜਿੱਦਾਂ ਆਪਾਂ ਪ੍ਰੋਗਰਾਮ ਬਣਾਇਆ ਹੀ ਸੀ।''

''ਫਿਰ ਕੀ ਹੋਇਆ?''

''ਹੋਣਾ ਕੀ ਸੀ ਉਹ ਚੱਲਦੀ ਗੱਡੀ 'ਚ ਹੀ ਭੜਕ ਪਿਆ, ''ਤੈਨੂੰ ਕੀ ਬਿਮਾਰੀ ਆ, ਮੇਰੀ ਮਾਮ ਨਾਲ ਤੇਰੀ ਕੀ ਪ੍ਰੋਬਲਮ ਆ, ਤੂੰ ਨਹੀਂ ਚਾਹੁੰਦੀ ਉਹ ਵੀ ਖੁਸ਼ ਹੋ ਜਾਏ, ਇਹ ਵੀ ਤੇਰਾ ਹੀ ਘਰ ਆ ਤੈਨੂੰ ਅੱਗ ਲੱਗੀ ਆ ਬਾਹਰ ਜਾਣ ਦੀ। ਘਰ 'ਚ ਮਾਮ ਨਾਲ ਬਰਥਡੇ ਮਨਾਉਣ ਨੂੰ ਤੈਨੂੰ ਬਿਮਾਰੀ ਪੈਂਦੀ ਆ ।''

ਪਤਾ ਨਹੀਂ ਕੀ ਕੁਝ ਗੁੱਸੇ 'ਚ ਬੋਲ ਰਿਹਾ ਸੀ।

''ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਗੱਲ ਇਹ ਨਹੀਂ ਹੈ, ਗੱਲ ਇਹ ਹੈ ਕਿ ਤੂੰ ਪਹਿਲਾਂ ਲਾਰੇ ਕਿਉਂ ਲਾ ਰਿਹਾ ਸੀ। ਪਹਿਲਾਂ ਤੈਨੂੰ ਨਹੀਂ ਪਤਾ ਸੀ ਕਿ ਮਾਮ ਦਾ ਬਰਥਡੇ ਵੀ ਹੈ ਤੂੰ ਉਸ ਵੇਲੇ ਸਿੱਧਾ ਮੇਰੇ ਨਾਲ ਗੱਲ ਕਰ ਲੈਂਦਾਂ।

ਮੈਨੂੰ ਉਸ ਦੇ ਝੂਠ, ਉਸ ਦੇ ਲਾਰ੍ਹਿਆਂ ਤੋਂ ਖਿੱਝ ਆ ਰਹੀ ਸੀ ।

ਜਦ ਮੈਂ ਆਪਣਾ ਪੱਖ ਰੱਖ ਕੇ ਗੱਲ ਕਰਨ ਦੀ ਕੋਸ਼ਿਸ਼ ਕੀਤਾ ਤਾਂ ਬਹੁਤ ਖਿੱਝ ਗਿਆ।

''ਫਿਰ ਕੀ ਹੋਇਆ?''

ਓਨੀ ਦੇਰ 'ਚ ਅਸੀਂ ਉਸ ਦੇ ਭਰਾ ਦੇ ਘਰ ਉਸ ਦੀ ਡਰਾਇਵ 'ਚ ਪਹੁੰਚ ਚੱਕੇ ਸੀ।

ਇਹ ਪਹਿਲੀ ਵਾਰ ਸੀ ਜਦ ਆਪਣੇ ਹੱਕ ਲਈ ਮੈਂ ਵੀ ਬੋਲੀ ਸਾਂ, ਜੋ ਉਸ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਸੀ। ਬਾਹਰ ਕਹਿਰਾਂ ਦਾ ਮੀਂਹ ਪੈ ਰਿਹਾ ਸੀ, ਹਨੇਰੀ ਫੁੱਲ ਸਪੀਡ 'ਤੇ ਚੱਲ ਰਹੀ ਸੀ ਤੇ ਹਨ੍ਹੇਰਾ ਵੀ ਹੋ ਗਿਆ ਸੀ ਬਾਹਰ ।

ਉਸ ਨੇ ਆਪਣੇ ਭਰਾ ਦੀ ਡਰਾਇਵ 'ਤੇ ਕਾਰ ਲਾਈ ਤੇ ਮੇਰੇ ਵੱਲ ਦੇਖ ਕੇ ਕਹਿੰਦਾ ''ਮੇਰੇ ਨਾਲ ਬਹਿਸ ਕਰਨ ਦੀ ਲੋੜ ਨਹੀਂ, ਮੈਂ ਕਹਿ ਤਾਂ ਸੋ ਕਹਿ ਤਾ.... ਬਰਥਡੇ ਇੱਥੇ ਮਾਮ ਨਾਲ ਹੀ ਮਨਾਉਣਾ ਸੋ ਇੱਥੇ ਹੀ ਮਨਾਉਣਾ, ਫਾਲਤੂ ਬਕਵਾਸ ਕਰਨ ਦੀ ਲੋੜ ਨਹੀਂ ਮੇਰੇ ਮੋਹਰੇ ਤੇ ਨਾ ਰੋਣ ਦੀ, ਜੇ ਆਹੀ ਰੋਣ-ਪਿੱਟਣ ਦਾ ਡਰਾਮਾ ਹੀ ਕਰਨਾ ਆ ਤਾਂ ਇੱਦਾਂ ਕਰ ਘਰ ਚੱਲ ਤੇ ਆਪਣੀ ਕਾਰ ਚੁੱਕ ਤੇ ਚਲੀ ਜਾ ਮੇਰੇ ਘਰੋਂ।''

''ਸੱਚੀ, ਇਸ ਤਰ੍ਹਾਂ ਕਿਹਾ ਉਸ ਨੇ!''

''ਹਾਂ ਬੀਰਾਂ''

''ਫਿਰ ਤੁਸੀਂ ਕੀ ਕਿਹਾ?''

''ਕੁਝ ਨਹੀਂ, ਹੁਣ ਸ਼ਾਇਦ ਮੇਰੀ ਵੀ ਬਸ ਹੋ ਗਈ ਸੀ ਮੈਂ, ਉਸੇ ਵੇਲੇ ਕਾਰ 'ਚੋਂ ਤਾਜ ਨੂੰ ਫੂਨ ਲਗਾਇਆ ਤੇ ਕਿਹਾ ਕਿ ਮੈਂ ਵਾਪਸ ਆਉਣ ਲੱਗੀ ਹਾਂ ਪੁੱਤ ਤੇ ਨਾਲ ਹੀ ਮੈਂ ਆਪਣੇ ਪੁੱਤ ਕੋਲ ਧਾਂਹਾ ਮਾਰ ਕੇ ਰੋ ਪਈ।''

ਉਸ ਨੇ ਅੱਖਾਂ ਭਰ ਲਈਆਂ, ਮੈ ਕੋਲ ਜਾ ਕੇ ਚੁੱਪ ਕਰਾਇਆ।

ਹਾਏ ਸੱਚੀ ਵਿਚਾਰੀ ਕਿੰਨਾ ਬੇਵਕੂਫਾਂ 'ਚ ਫਸ ਗਈ ਸੀ, ਮੈਨੂੰ ਉਸ ਦੇ ਮੂੰਹ ਵੱਲ ਦੇਖ ਤਰਸ ਆ ਰਿਹਾ ਸੀ। ਇਹ ਤਾਂ ਸਿੱਧਾ-ਸਿੱਧਾ ਮਾਨਸਿਕ ਟੋਰਚਰ ਹੋ ਰਿਹਾ ਸੀ ਉਸ 'ਤੇ।

''ਫਿਰ ਤੁਸੀਂ ਆ ਗਏ ਵਾਪਸ?''

''ਉਸ ਨੇ ਕਾਰ ਪਿੱਛੇ ਮੋੜਨੀ ਸ਼ੁਰੂ ਕੀਤੀ ਤਾਂ ਉਸ ਦੇ ਭਰਾ ਭਰਜਾਈ ਦੋਵੇਂ ਬਾਹਰ ਆ ਗਏ ਕਾਰ ਕੋਲ।

ਉਹਨੂੰ ਪਿਛਾਂਹ ਮੁੜਦੇ ਨੂੰ ਜਬਰੀ ਰੋਕ ਲਿਆ, ਉਸ ਵੇਲੇ ਤੱਕ ਮੈਂ ਕਾਫੀ ਰੋ ਰਹੀ ਸੀ।

ਸਾਨੂੰ ਦੋਹਾਂ ਨੂੰ ਉਹ ਕਾਰ ਵਿੱਚੋਂ ਕੱਢ ਆਪਣੇ ਘਰ ਦੇ ਅੰਦਰ ਲੈ ਗਏ। ਮੈਨੂੰ ਉਨ੍ਹਾਂ ਵੱਲ ਦੇਖ ਵੀ ਸ਼ਰਮ ਆ ਰਹੀ ਸੀ। ਆਪਣਾ ਆਪ ਮਜ਼ਾਕ ਦਾ ਪਾਤਰ ਮਹਿਸੂਸ ਕਰ ਰਹੀ ਸੀ ਮੈਂ।

''ਫਿਰ ਉਨ੍ਹਾਂ ਕੀ ਆਖਿਆ?''

''ਉਸ ਦਾ ਭਰਾ ਭਾਂਵੇ ਉਸ ਤੋਂ ਛੋਟਾ ਸੀ ਪਰ ਅਕਲ 'ਚ ਬਹੁਤ ਸਿਆਣਾ। ਆਪਣੀ ਮਾਂ ਦੀ ਰੱਗ-ਰੱਗ ਤੋਂ ਉਹ ਵਾਕਫ ਸੀ, ਮੈਂ ਸਾਰੀ ਗੱਲ ਉਸ ਨੂੰ ਸੱਚ-ਸੱਚ ਦੱਸੀ । ਮੈਨੂੰ ਬਰਥਡੇ ਦਾ ਕੋਈ ਦੁੱਖ ਨਹੀਂ ਸੀ ਖਸਮਾਂ ਨੂੰ ਖਾਂਦਾ ਬਰਥਡੇ ਉਸ ਸਮੇ ਮੈਨੂੰ ਦੁੱਖ ਉਸ ਦੇ ਬੋਲਾਂ ਦਾ ਸੀ ਜੋ ਉਹ ਜ਼ੁਬਾਨ 'ਚੋਂ ਕੱਢਦਾ ਸੀ। ਹੁਣ ਤੱਕ ਉਹ ਮੈਨੂੰ ਬਹੁਤ ਵਾਰ ਇਹ ਕਹਿ ਚੱਕਿਆ ਸੀ। ਮੈਂ ਤਾਂ ਇੱਦਾਂ ਦਾ ਹੀ ਹਾਂ ਤੈਨੂੰ ਪੁੱਗਦਾ ਤਾਂ ਰਹਿ ਲਾ ਨਹੀ ਤਾਂ ਤੂੰ ਆਪਣਾ ਦੇਖ ਲੈ। ਇਸ ਵਾਰ ਤਾਂ ਉਸ ਨੇ ਹੱਦ ਹੀ ਕਰ ਦਿੱਤੀ ਸੀ। ਇਸ ਤਰ੍ਹਾਂ ਦੇ ਖਤਰਨਾਕ ਮੌਸਮ ਵਿਚ ਉਹ ਮੈਨੂੰ ਆਖ ਰਿਹਾ ਸੀ ਕਿ ਰਾਤ ਦੀ ਚਾਰ ਪੰਜ ਘੰਟੇ ਦੀ ਡਰਾਇਵ ਕਰ ਕੇ ਵਾਪਸ ਆਪਣੇ ਘਰ ਨੂੰ ਚਲੇ ਜਾ।

''ਉਫ...! ਤੁਸੀਂ ਕਿਸ ਪਾਗਲ ਬੰਦੇ ਨਾਲ ਫਸ ਗਏ ਸੀ, ਤੁਹਾਨੂੰ ਪਹਿਲਾਂ ਪਤਾ ਹੀ ਨਹੀਂ ਲੱਗਿਆ?''

''ਬੀਰਾ ਲੋਕ ਬਹੁਤ ਤੇਜ਼ ਹਨ ਇਹ ਮਖੌਟੇ ਪਹਿਨ ਕੇ ਰੱਖਦੇ ਹਨ। ਪਹਿਲਾਂ ਕੁਝ ਤੇ ਬਾਅਦ ਵਿੱਚ ਕੁਝ। ਅਸਲੀ ਚਿਹਰੇ ਸੌਖੇ ਸਾਹਮਣੇ ਨਹੀਂ ਆਉਂਦੇ ਲੋਕਾਂ ਦੇ।''

''ਫਿਰ ਉਸ ਰਾਤ ਕੀ ਹੋਇਆ ਕੈਲਾਸ਼ ਜੀ?''

''ਹੋਣਾ ਕੀ ਸੀ ਉਸ ਦਾ ਛੋਟਾ ਭਰਾ ਜੀ ਭਰ ਕੇ ਉਸ ਨੂੰ ਬੋਲਿਆ। ਮੇਰੇ ਤੋਂ ਮਾਫੀ ਮੰਗਣ ਲਈ ਵੀ ਕਿਹਾ। ਉਹਦੇ ਸਾਹਮਣੇ ਉਸ ਨੇ ਮੇਰੇ ਤੋਂ ਮੁਆਫੀ ਮੰਗੀ ਕਿ ਮੁੜ ਕਦੇ ਮੈਨੂੰ ਇਸ ਤਰ੍ਹਾਂ ਘਰੋਂ ਜਾਣ ਲਈ ਅਤੇ ਤੂੰ ਆਪਣਾ ਸੋਚ ਲਾ ਇਹੋ ਜਿਹੀਆਂ ਗੱਲਾਂ ਨਹੀਂ ਕਹੇਂਗਾ ।''

''ਮੈਂ ਬਹੁਤ ਰੋਈ ਉਸ ਦਿਨ ਉਨ੍ਹਾਂ ਦੇ ਘਰ। ਉਸ ਦਿਨ ਮੈਨੂੰ ਇਹ ਅਹਿਸਾਸ ਹੋ ਗਿਆ ਕਿ ਮੇਰਾ ਕੋਈ ਵਜੂਦ ਨਹੀਂ ਹੈ, ਨਾ ਇਸ ਬੰਦੇ ਦੀਆਂ ਨਜ਼ਰਾਂ 'ਚ ਤੇ ਨਾ ਇਸ ਦੇ ਘਰ 'ਚ ਹੀ।

ਤਾਜ ਨੇ ਉਸ ਦੇ ਭਰਾ ਨਾਲ ਉਸੇ ਰਾਤ ਫੂਨ 'ਤੇ ਗੱਲ ਕੀਤੀ। ਉਹ ਵੀ ਬਹੁਤ ਅੱਪਸੈਟ ਸੀ, ਮੈਨੂੰ ਵਾਰ-ਵਾਰ ਆਖ ਰਿਹਾ ਸੀ, ਮਾਂ ਵਾਪਸ ਆ ਜਾ ਘਰ ਹੁਣ ਹੀ ਇਹ ਤੇਰੀ ਜਗ੍ਹਾ ਨਹੀਂ ਹੈ।

ਪਰਮ ਦੇ ਭਰਾ ਨੂੰ ਤਾਜ ਨੇ ਇੱਥੋਂ ਤੱਕ ਆਖ ਦਿੱਤਾ ਕਿ ਜੇ ਅੱਜ ਮੇਰੀ ਮਾਂ ਦੀ ਇਸ ਬੰਦੇ ਨਾਲ ਕੋਰਟ ਮੈਰਜ ਹੋਈ ਹੁੰਦੀ ਤਾਂ ਇਹ ਭੁੱਲ ਕੇ ਵੀ ਮਾਂ ਨੂੰ ਇੱਥੋਂ ਰਾਤ ਨੂੰ ਜਾਣ ਲਈ ਨਾਂ ਕਹਿੰਦਾ ਨਾ ਘੜੀ-ਘੜੀ ਇਹ ਆਖਦਾ ਕਿ ਤੂੰ ਆਪਣਾ ਸੋਚ ਲਾ।''

''ਹਾਂ ਤਾਜ ਬਿਲਕੁੱਲ ਸਹੀ ਸੀ ਕੈਲਾਸ਼ ਜੀ, ਉਸ ਮੂਰਖ ਇਨਸਾਨ ਨੂੰ ਤੁਹਾਡੀ ਕੋਈ ਕਦਰ ਨਹੀਂ ਸੀ, ਉਹ ਤਾਂ ਬਸ ਬੁੱਡੀ ਦੀ ਪੂੰਛ ਬਣ ਹੀ ਖੁਸ਼ ਸੀ।''

''ਹਾਂ ਬਿਲਕੁੱਲ ਸਹੀ ਕਹਿ ਰਹੀ ਹੈ ਤੂੰ ਬੀਰਾਂ। ਉਸ ਦੀ ਦੁਨੀਆਂ ਮਾਤਾ ਤੋਂ ਸ਼ੁਰੂ ਹੋ ਉਸੇ 'ਤੇ ਹੀ ਮੁੱਕਦੀ ਸੀ।''

''ਫਿਰ ਅਗਾਂਹ ਕੀ ਹੋਇਆ?''

''ਉਸ ਰਾਤ ਉਨਾਂ ਦੇ ਘਰੇ ਉਸ ਮੇਰੇ ਤੋ ਆਪਣੀ ਗਲਤੀ ਦੀ ਮਾਫੀ ਮੰਗੀ, ਮੈਨੂੰ ਉਹਦੇ ਭਰਾ ਭਰਜਾਈ ਨੇ ਸਮਝਾਇਆ ਕਿ ਇਸ ਵਾਰ ਗਲਤੀ ਮਾਫ ਕਰ ਦਿਓ ਤੇ ਇਸ ਵੇਲੇ ਮਿਡਲੈਂਡ ਨਾ ਜਾਇਓ। ਮੈਂ ਵਾਪਸ ਆਉਣ ਲਈ ਕਾਹਲੀ ਪੈ ਰਹੀ ਸੀ।

ਖ਼ੈਰ ਉਨ੍ਹਾਂ ਤਾਜ ਨੂੰ ਵੀ ਫੂਨ 'ਤੇ ਸਮਝਾ ਬੁਝਾ ਠੰਡਾ ਕੀਤਾ।

ਅਸੀਂ ਦੋਵੇਂ ਤਿੰਨ-ਚਾਰ ਘੰਟੇ ਉਨ੍ਹਾਂ ਦੇ ਘਰ ਰਹਿਣ ਬਾਅਦ ਵਾਪਸ ਪਰਮ ਦੇ ਘਰ ਆ ਗਏ। ਫੂਨ 'ਤੇ ਉਸ ਦੀ ਮਾਂ ਨੂੰ ਸਾਡੀ ਹੋਈ ਇਸ ਲੜਾਈ ਦੀ ਸਾਰੀ ਜਾਣਕਾਰੀ ਮਿਲ ਗਈ ਸੀ ਆਪਣੇ ਦੋਹਾਂ ਪੁੱਤਾਂ ਕੋਲੋਂ । ਪਰ ਸਾਡੇ ਵਾਪਸ ਆਉਂਦਿਆ ਉਹ ਜਨਾਨੀ ਜੋ 12 ਵਜੇ ਤੱਕ ਰੋਜ਼ ਕੰਨਸਰਵਟੀ 'ਚ ਬੈਠੀ ਟੀਵੀ ਦੇਖਦੀ ਰਹਿੰਦੀ ਸੀ ਅੱਜ 9 ਵਜੇ ਹੀ ਉੱਪਰ ਆਦਮੀ ਨੂੰ ਲੈ ਕੇ ਰੂਮ 'ਚ ਜਾ ਵੜੀ ਸੀ।

ਮੈਂ ਮਰ ਕੇ ਉਹ ਰਾਤ ਉਸ ਦੇ ਘਰ ਕੱਟੀ, ਸਾਰੀ ਰਾਤ ਮੈਂ ਸੌਂ ਨਾ ਸਕੀ ਵਾਰ-ਵਾਰ ਰੋਣਾ ਆ ਰਿਹਾ ਸੀ। ਉਸ ਦੇ ਬੋਲ ਮੇਰੇ ਕੰਨਾਂ 'ਚ ਗੂੰਜ ਰਹੇ ਸਨ ।

ਦੂਸਰੇ ਦਿਨ ਸਵੇਰੇ ਸੱਤ ਵਜੇ ਹੀ ਉਸ ਨੂੰ ਬਾਏ ਆਖ ਮੈਂ ਆਪਣੇ ਘਰ ਵੱਲ ਤੁਰ ਪਈ।

''ਉਸ ਦੇ ਮਾਂ ਪੇ ਨਹੀਂ ਮਿਲੇ ਤੁਹਾਨੂੰ ਫਿਰ?''

''ਨਹੀਂ ਉਹ ਸਾਰੇ ਸੁੱਤੇ ਸਨ।''

ਤੇ ਤਕਰੀਬਨ 12 ਕੁ ਵਜੇ ਮੈਂ ਆਪਣੇ ਘਰ ਆ ਪਹੁੰਚੀ ।

''ਇੰਨਾਂ ਆਖ ਉਸ ਲੰਬਾਂ ਹੌਕਾ ਲਿਆ ਜਿੱਦਾ ਉਸ ਦਿਨ ਦੀ ਤਕਲੀਫ ਅੱਜ ਵੀ ਉਸ ਦਾ ਮਨ ਜ਼ਖਮੀ ਕਰ ਰਹੀ ਸੀ।''

ਰਵੀ ਦਾ ਫੂਨ ਵਾਰ-ਵਾਰ ਆ ਰਿਹਾ ਸੀ, ਮੇਰਾ ਮਨ ਕੈਲਾਸ਼ ਦੀਆਂ ਗੱਲਾਂ ਸੁਣ-ਸੁਣ ਇੰਨਾ ਦੁਖੀ ਸੀ ਕਿ ਫੂਨ ਚੁੱਕਣ ਦਾ ਮਾੜਾ ਮਨ ਨਹੀਂ ਹੋ ਰਿਹਾ ਸੀ। ਮੈਂ ਰਵੀ ਨੂੰ ਕੈਲਾਸ਼ ਜੀ ਬਾਰੇ ਦੱਸਿਆ ਕਿ ਇੱਥੇ ਉਨ੍ਹਾਂ ਕੋਲ ਬੈਠੀ ਹਾਂ ਤਾਂ ਰਵੀ ਨੇ ਵੀ ਸਰਸਰੀ ਜਿਹੀ ਗੱਲ ਕਰਕੇ ਉਸਨੇ ਫੂਨ ਕੱਟ ਦਿੱਤਾ ਪਰ ਮੇਰੀ ਆਵਾਜ਼ ਸੁਣ ਕੇ ਉਹ ਭਾਂਪ ਗਿਆ ਸੀ ਕਿ ਕੋਈ ਢੂੰਘੀ ਤੇ ਸੀਰੀਅਸ ਗੱਲ ਚੱਲ ਰਹੀ ਹੈ। ਰਵੀ ਦਾ ਫੂਨ ਆਉਂਦਿਆਂ ਸਾਰ ਕੈਲਾਸ਼ ਥੱਲੇ ਕਮਰੇ ਵਿਚ ਚਲੇ ਗਈ, ਸ਼ਾਇਦ ਉਹ ਸੋਚਦੀ ਹੋਵੇਗੀ ਕਿ ਮੈਂ ਬੇਝਿੱਕ ਹੋ ਕੇ ਰਵੀ ਨਾਲ ਗੱਲ ਕਰ ਲਵਾਂ। ਫੂਨ ਕੱਟ ਕੇ ਮੈਂ ਥੋੜ੍ਹੀ ਦੇਰ ਉਨ੍ਹਾਂ ਨੂੰ ਉੱਪਰ ਬਾਲਕੋਨੀ ਵਿੱਚ ਹੀ ਉਡੀਕਿਆ ਜਦ ਉਹ ਨਾ ਆਏ ਤਾਂ ਮੈਂ ਆਪ ਥੱਲੇ ਆ ਗਈ ।ਉਹ ਕਿਸੇ ਨਾਲ ਸਪੈਨਸ਼ ਭਾਸ਼ਾ 'ਚ ਗੱਲਾਂ ਕਰ ਰਹੇ ਸਨ। ਮੈਂ ਹੈਰਾਨ ਸੀ ਕਿ ਬਹੁਤ ਹੀ ਸੋਹਣੀ ਸਪੈਨਿਸ਼ ਬੋਲ ਲੈਂਦੇ ਸਨ। ਬਿਲਕੁਲ ਸਪੈਨਿਸ਼ਾਂ ਵਾਂਗ ਹੀ। ਮੈਂ ਅਗਾਂਹ ਸੀਟਿੰਗ ਰੂਮ ਵਿਚ ਜਾ ਕੇ ਟੀਵੀ ਲਾ ਲਿਆ। ਟੀਵੀ 'ਤੇ ਪਹਿਲਾਂ ਹੀ ਨੈੱਟਫਲਿਕਸ ਚੱਲ ਰਿਹਾ ਸੀ। ਉਸ 'ਤੇ ਅਮੈਰਕਨ ਸੀਰੀਜ਼ 'ਲੋਸਟ' ਚੱਲ ਰਹੀ ਸੀ ਪੰਜਵਾਂ ਐਪੀਸੋਡ ।

ਚਲਦਾ....

ਪ੍ਰੋ: ਕੁਲਬੀਰ ਸਿੰਘ
9417153513

# ਪੰਜਾਬ ਮਾਡਲ: ਕਿਰਤ ਕਰੋ, ਵੰਡ ਛਕੋ, ਨਾਮ ਜਪੋ



ਬੀਤੇ ਦਿਨੀਂ 'ਪੰਜਾਬ ਟੈਲੀਵਿਜ਼ਨ' 'ਤੇ ਇਕ ਪ੍ਰੋਗਰਾਮ ਵੇਖ ਰਿਹਾ ਸਾਂ। ਗੱਲ ਪੰਜਾਬ ਮਾਡਲ ਦੀ ਚੱਲ ਰਹੀ ਸੀ। ਪੰਜਾਬ ਮਾਡਲ ਸਿੱਖ ਫ਼ਿਲਾਸਫੀ ਨਾਲ ਸੰਬੰਧਤ ਹੈ। 'ਕਿਰਤ ਕਰੋ, ਵੰਡ ਛਕੋ, ਨਾਮ ਜਪੋ।' ਅਰਥਾਤ ਇਮਾਨਦਾਰੀ ਨਾਲ ਕੰਮ ਕਰੋ, ਆਪਣੀ ਕਮਾਈ ਦਾ ਦਸਵੰਦ ਕੱਢੋ, ਅਤੇ ਪ੍ਰਮਾਤਮਾ ਨਾਲ ਜੁੜਨ ਲਈ ਧਿਆਨ ਲਗਾਓ। ਸਿੱਖ ਫ਼ਿਲਾਸਫੀ ਅਨੁਸਾਰ ਸਾਨੂੰ ਉਦੇਸ਼ਪੂਰਨ ਜੀਵਨ ਜਿਊਣਾ ਚਾਹੀਦਾ ਹੈ। ਸਮਾਜ ਲਈ, ਲੋਕਾਂ ਲਈ ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਹੈ। ਨਿਮਰਤਾ ਧਾਰਨ ਕਰਨੀ ਚਾਹੀਦੀ ਹੈ।

ਕਿਰਤ ਕਰਨ ਨਾਲ ਹੀ ਅਸੀਂ ਆਤਮ-ਨਿਰਭਰ ਅਤੇ ਅਰਥ-ਭਰਪੂਰ ਜੀਵਨ ਬਸਰ ਕਰ ਸਕਦੇ ਹਾਂ। ਲੋੜਵੰਦਾਂ ਦੀ ਮਦਦ ਕਰਨ ਨਾਲ ਭਾਈਚਾਰੇ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਨਿਰਸੁਆਰਥ ਸੇਵਾਵਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਮੈਡੀਟੇਸ਼ਨ ਅਤੇ ਪ੍ਰਾਰਥਨਾ ਦੁਆਰਾ ਪ੍ਰਮਾਤਮਾ ਨਾਲ ਲਿਵ ਜੋੜ ਕੇ ਮਨ ਨੂੰ ਥਿਰ ਰੱਖਣ ਵਿਚ ਮਦਦ ਮਿਲਦੀ ਹੈ।

ਗੁਰੂ ਨਾਨਕ ਫ਼ਿਲਾਸਮੀ ਦੇ ਇਨ੍ਹਾਂ ਮੂਲ ਸਿਧਾਂਤਾਂ 'ਤੇ ਚਲ ਕੇ ਹੀ ਸਾਰਥਕ ਜੀਵਨ ਜੀਵਿਆ ਜਾ ਸਕਦਾ ਹੈ। ਇਹ ਸਿੱਖੀ ਦੇ ਤਿੰਨ ਥੰਮ੍ਹ ਹਨ ਅਤੇ ਅਸਲ ਵਿਚ ਇਹੀ ਪੰਜਾਬ ਮਾਡਲ ਹੈ ਜਿਸਨੂੰ ਸਾਰੀਆਂ ਧਿਰਾਂ ਭੁੱਲਦੀਆਂ ਜਾ ਰਹੀਆਂ ਹਨ। ਇਹ ਤਿੰਨ ਸਿਧਾਂਤ ਆਪਸ ਵਿਚ ਅੰਤਰ-ਸੰਬੰਧਤ ਹਨ ਅਤੇ ਸੰਤੁਲਿਤ ਤੇ ਅਰਥ-ਭਰਪੂਰ ਜੀਵਨ ਦੀ ਬੁਨਿਆਦ ਬਣਦੇ ਹਨ।

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਉਪਜਾਊ ਧਰਤੀ, ਅਮੀਰ ਸਭਿਆਚਾਰ, ਭੂਗੋਲਿਕ ਖੂਬਸੂਰਤੀ ਅਤੇ ਮਿਲਾਪੜਾ ਤੇ ਮਿਹਨਤੀ ਸੁਭਾਅ ਇਸਦੀਆਂ ਮੁੱਖ ਵਿਸ਼ੇਸ਼ਤਾਵਾਂ ਰਹੀਆਂ ਹਨ। ਸਮੇਂ ਨਾਲ ਇਹ ਵਿਸ਼ੇਸ਼ਤਾਵਾਂ ਇਸ ਤੋਂ ਖੁਸ ਰਹੀਆਂ ਹਨ। ਪੰਜਾਬ ਨੂੰ ਵਾਪਿਸ ਇਸ ਮਾਡਲ, ਇਨ੍ਹਾਂ ਵਿਸ਼ੇਸ਼ਤਾਵਾਂ 'ਤੇ ਆਉਣ ਦੀ, ਲਿਆਉਣ ਦੀ ਲੋੜ ਹੈ।

ਪਾਠਕ ਹੈਰਾਨ ਹੋਣਗੇ ਕਿ ਪੰਜਾਬ ਨੂੰ ਕਦੇ 'ਟੱਕ ਦੇਸ਼', ਕਦੇ 'ਸਮਤ ਸਿੰਧੂ', ਕਦੇ 'ਪੰਚਨਦ' ਕਦੇ 'ਪੈਂਟਾਪੋਟਾਮੀਆ', ਕਦੇ 'ਲਾਹੌਰ ਸੂਬਾ' ਅਤੇ ਕਦੇ 'ਪੰਜਾਬ ਪ੍ਰਾਂਤ' ਕਿਹਾ ਜਾਂਦਾ ਸੀ।

ਸਿਆਸੀ, ਸਮਾਜਕ, ਸਭਿਆਚਾਰਕ, ਧਾਰਮਿਕ ਤੇ ਆਰਥਿਕ ਪ੍ਰਭਾਵਾਂ ਨੇ ਇਸ ਖਿੱਤੇ ਦੇ ਮੂੰਹ-ਮੁਹਾਂਦਰੇ ਨੂੰ ਵੱਡੀ ਪੱਧਰ 'ਤੇ ਪ੍ਰਭਾਵਤ ਕੀਤਾ। ਇਹ ਆਕਾਰ ਪੱਖੋਂ ਹੀ ਨਹੀਂ ਸੁੰਗੜਿਆ, ਸੋਚ ਤੇ ਸੁਭਾਅ ਪੱਖੋਂ ਵੀ ਬਦਲ ਗਿਆ ਹੈ, ਬਦਲ ਰਿਹਾ ਹੈ। ਬਦਲ ਗਏ, ਬਦਲ ਰਹੇ ਪੰਜਾਬ ਨੂੰ ਮੁੜ ਗੁਰੂਆਂ ਦੇ ਮਾਡਲ ਨਾਲ ਜੋੜਨ ਦੀ ਲੋੜ ਹੈ।

## ਵਿਊ ਪੁਆਇੰਟ

ਵਿਸ਼ਵ ਪੱਧਰ 'ਤੇ ਨਜ਼ਰ ਮਾਰੀਏ ਤਾਂ ਪੰਜਾਬੀ ਚੈਨਲਾਂ ਦੇ ਕੁਝ ਪ੍ਰੋਗਰਾਮ ਅਜਿਹੇ ਹਨ ਜਿਨ੍ਹਾਂ ਨੂੰ ਸੂਝਵਾਨ ਦਰਸ਼ਕ ਉਚੇਚ ਨਾਲ ਵੇਖਦੇ ਸੁਣਦੇ ਹਨ। ਜਿਨ੍ਹਾਂ ਤਹਿਤ ਅਜੋਕੇ ਸਮਿਆਂ ਦੀ ਸੰਤੁਲਿਤ ਤੇ ਮਿਆਰੀ ਗੱਲਬਾਤ ਹੁੰਦੀ ਹੈ। 'ਵਿਊ ਪੁਆਇੰਟ' ਉਨ੍ਹਾਂ ਵਿਚੋਂ ਇਕ ਹੈ।

ਲਗਾਤਾਰ ਸਾਲਾਂ ਤੋਂ ਸਖ਼ਤ ਮਿਹਨਤ ਨੇ ਜਿੱਥੇ ਟੈਲੀਵਿਜ਼ਨ ਪ੍ਰੋਗਰਾਮ 'ਵਿਊ ਪੁਆਇੰਟ' ਨੂੰ ਮਿਆਰੀ ਬਣਾਇਆ ਹੈ ਉਥੇ ਚਰਚਿਤ ਵੀ ਕਰ ਦਿੱਤਾ ਹੈ। ਵੱਖ ਵੱਖ ਖੇਤਰਾਂ ਦੀਆਂ ਪਹਿਲੀ ਕਤਾਰ ਦੀਆਂ ਸ਼ਖ਼ਸੀਅਤਾਂ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਦੀਆਂ ਹਨ। ਚਾਹੇ ਕੋਈ ਚਲੰਤ ਮਾਮਲਾ ਹੋਵੇ ਤੇ ਚਾਹੇ ਵਿਸ਼ੇਸ਼ ਮੁਲਾਕਾਤ, ਸਵਾਲਾਂ ਦੀ ਚੋਣ, ਪ੍ਰੋਗਰਾਮ ਦੀ ਗਹਿਰਾਈ ਤੇ ਮਿਆਰ ਨੂੰ ਹਮੇਸ਼ਾ ਤਰਜੀਹ ਦਿੱਤੀ ਜਾਂਦੀ ਹੈ, ਬਰਕਰਾਰ ਰੱਖਿਆ ਜਾ ਸਕਦਾ ਹੈ।

ਕੇ ਪੀ ਸਿੰਘ ਇਸ ਪ੍ਰੋਗਰਾਮ ਦੇ ਐਂਕਰ ਹਨ। ਪੂਰੀ ਤਿਆਰੀ ਨਾਲ ਆਉਂਦੇ ਹਨ। ਪੰਜਾਬ ਸਿਆਸਤ ਦੀ, ਪੰਜਾਬ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਦੀ, ਅਕਾਲੀ ਦਲ ਦੀ ਅੰਦਰੂਨੀ ਸਿਆਸਤ ਦੀ ਕੇ ਪੀ ਸਿੰਘ ਨੂੰ ਬਾਰੀਕ ਸਮਝ ਹੈ। ਉਹ ਜਿਸ ਵੀ ਵਿਸ਼ੇ 'ਤੇ ਗੱਲ ਕਰਦੇ ਹਨ, ਜਿਸ ਵੀ ਸ਼ਖ਼ਸੀਅਤ ਨਾਲ ਇੰਟਰਵਿਊ ਕਰਦੇ ਹਨ ਉਸ ਬਾਰੇ ਪਹਿਲਾਂ ਵਿਸਥਾਰ ਵਿਚ ਜਾਣਕਾਰੀ ਇਕੱਤਰ ਕਰਦੇ ਹਨ। ਵਾਹਵਾ ਸਾਰਾ 'ਹੋਮ ਵਰਕ' ਕਰਦੇ ਹਨ। ਅਧਿਐਨ ਕਰਦੇ ਹਨ। ਵਿਚਾਰ ਵਿਟਾਂਦਰਾ ਕਰਦੇ ਹਨ। ਤਦ ਪ੍ਰੋਗਰਾਮ ਦੀ, ਇੰਟਰਵਿਊ ਦੀ ਰੂਪ-ਰੇਖਾ ਤਿਆਰ ਹੁੰਦੀ ਹੈ। ਖ਼ਾਕਾ ਬਣਦਾ ਹੈ। ਮਨ ਵਿਚ ਸਵਾਲ ਉੱਭਰਦੇ ਹਨ।

ਜਦ ਉਨ੍ਹਾਂ ਮੇਰੇ ਨਾਲ ਮੇਰੀ ਸਵੈ-ਜੀਵਨੀ' ਮੀਡੀਆ ਆਲੋਚਕ ਦੀ ਆਤਮਕਥਾ' ਸੰਬੰਧੀ ਲੰਮੀ ਇੰਟਰਵਿਊ ਕੀਤੀ ਤਾਂ ਪਹਿਲਾਂ ਉਸਦਾ ਅੱਖਰ ਅੱਖਰ ਪੜ੍ਹਿਆ। ਹਰੇਕ ਮਹੱਤਵਪੂਰਨ ਪਹਿਲੂ ਨੂੰ ਸਵਾਲਾਂ ਦੇ ਘੇਰੇ ਅੰਦਰ ਲਿਆਂਦਾ ਅਤੇ ਇੰਟਰਵਿਊ ਆਕਰਸ਼ਕ ਤੇ ਪ੍ਰਭਾਵਸ਼ਾਲੀ ਰਹੀ।

ਉਨ੍ਹਾਂ ਦੀ ਹਾਜ਼ਰ-ਦਿਮਾਗ਼ੀ, ਉਨ੍ਹਾਂ ਦਾ ਵਰਤਮਾਨ ਪਲਾਂ ਵਿਚ ਮੌਜੂਦ ਹੋਣ, ਪ੍ਰੋਗਰਾਮ ਵਿਚ ਸ਼ਾਮਲ ਸ਼ਖ਼ਸੀਅਤ ਵਿਚ ਪੂਰੀ ਦਿਲਚਸਪੀ ਲੈਣ ਵਰਗੇ ਗੁਣ ਉਨ੍ਹਾਂ ਦੇ ਪ੍ਰੋਗਰਾਮ ਨੂੰ ਚਾਰ-ਚੰਨ ਲਾ ਦਿੰਦੇ ਹਨ। ਇੰਟਰਵਿਊ ਲਈ ਉਹ ਰਸਮੀ ਜਿਹੇ ਸਵਾਲ ਨਹੀਂ ਕਰਦੇ, ਅੱਧੇ-ਅਧੂਰੇ ਮਨ ਨਾਲ ਨਹੀਂ ਬੈਠਦੇ, ਉਹ ਪੂਰੇ ਦੇ ਪੂਰੇ ਸਾਰੇ ਦੇ ਸਾਰੇ ਹਾਜ਼ਰ ਹੁੰਦੇ ਹਨ। ਹਾਜ਼ਰ ਹਸਤਾਖ਼ਰ ਦੀ ਸ਼ਖ਼ਸੀਅਤ ਦੇ ਜੁਦਾ ਜੁਦਾ ਪਹਿਲੂ ਦਰਸ਼ਕਾਂ ਸਨਮੁਖ ਉਭਾਰ ਕੇ ਰੱਖ ਦਿੰਦੇ ਹਨ। ਇਸੇ ਵਿਚ ਬਤੌਰ ਐਂਕਰ ਉਨ੍ਹਾਂ ਦੀ ਸਫ਼ਲਤਾ ਹੈ। ਸਤਿਕਾਰ ਵੀ ਕਰਦੇ ਹਨ, ਲਿਹਾਜ਼ ਵੀ ਨਹੀਂ ਕਰਦੇ। ਮਹਿਮਾਨ ਨੂੰ ਗੱਲ ਕਹਿਣ ਦਾ ਪੂਰਾ ਮੌਕਾ ਦਿੰਦੇ ਹਨ ਪਰ ਬਤੌਰ ਐਂਕਰ ਆਪਣਾ ਕੋਈ ਮੌਕਾ ਵੀ ਨਹੀਂ ਛੱਡਦੇ।

------ 0 ------

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**


**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਆਓ ਛੇਵੀਂ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**




**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਨੱਚਦਾ ਟੱਪਦਾ ਪੰਜਾਬ


– ਲੇਖਕ –
ਬਲਵਿੰਦਰ ਸਿੰਘ
ਮੱਲ੍ਹੀ ਐਮ. ਏ.
ਲੈਸਟਰ, (ਯੂ.ਕੇ.)



07475446171 / 07969750120
Email:Bmalhi1948@gmail.com


ਮੈਨੂੰ ਹੁਣੇ ਹੁਣੇ, ਰਿਸ਼ਤੇਦਾਰਾਂ ਦੇ ਵਿਆਹ ਵਿੱਚ ਸ਼ਾਮਿਲ ਹੋਣ ਤੇ ਮੇਰੀ ਕੈਨੇਡਾ ਫੇਰੀ 'ਤੇ ਮੈਨੂੰ ਭਗਵੰਤ ਮਾਨ ਦੀ ਗੱਲ ਯਾਦ ਆਈ ਕਿ ਉਹ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਦੇਣਗੇ। ਇਸ ਬਾਰੇ ਅੱਜ ਬਹੁਤ ਸਾਰੀਆਂ ਰਾਜਨੀਤਕ ਪਾਰਟੀਆਂ ਵਿੱਚ ਮੱਤਭੇਦ ਹਨ। ਕੋਈ ਇਸ ਨੂੰ ਗੰਦਲੇ ਪੰਜਾਬ ਦਾ ਨਾਮ ਦੇ ਰਿਹਾ ਹੈ ਅਤੇ ਕੋਈ ਤਬਦੀਲੀ ਨੂੰ ਗਰੀਬੀ ਦਾ ਨਾਂਅ ਦੇ ਰਿਹਾ ਹੈ। ਪਰ ਮੈਂ ਪੰਜਾਬੋਂ ਬਾਹਰ ਕੈਨੇਡਾ ਵਿੱਚ ਇਕ ਰੰਗਲਾ, ਨਾਤਾ ਧੋਤਾ, ਨੱਚਦਾ ਟੱਪਦਾ ਛੋਟਾ ਪੰਜਾਬ ਦੇਖਿਆ। ਸਾੜ੍ਹੀਆਂ, ਲਹਿੰਗਿਆਂ, ਸ਼ਰਾਰਿਆਂ ਅਤੇ ਪੰਜਾਬੀ ਸੂਟਾਂ ਵਿੱਚ ਭੰਗੜੇ ਪਾਉਂਦਾ ਪੰਜਾਬ ਦੇਖਿਆ, ਕੁੜਤੇ ਪਜਾਮੇ ਅਤੇ ਕੁੜਤੀ ਵਿੱਚ ਧਮਾਲਾਂ ਪਾਉਂਦਾ ਪੰਜਾਬ ਦੇਖਿਆ। ਭਾਵੇਂ ਉਥੇ ਦੇ ਬੱਚੇ ਇੰਨੇ ਪੰਜਾਬੀ ਵਿੱਚ ਨਿਪੁੰਨ ਨਹੀਂ, ਪਰ ਪੰਜਾਬੀ ਗਾਣਿਆਂ ਨਾਲ ਗੁਣ ਗੁਣਾਉਂਦਾ ਦੇਖਿਆ। ਵੱਡੇ ਵਿਆਹ ਹਾਲਾਂ ਵਿੱਚ ਬੜੀ ਸ਼ਾਨੋ ਸ਼ੌਕਤ ਨਾਲ ਸ਼ਾਹੀ ਪਕਵਾਨਾਂ ਨਾਲ ਰੱਬ ਨੇ ਥੋੜ ਕੋਈ ਨਾ ਰੱਖੀ, ਜੱਟ ਮੌਜਾਂ ਕਰਦਾ ਦੇਖਿਆ। ਇੰਗਲੈਂਡ ਦੀ ਤੁਲਨਾ ਵਿੱਚ ਇਕ ਨਵਾਂ ਨਿਕੋਰ, ਵੱਧ ਪੰਜਾਬੀਅਤ ਵਾਲਾ ਪੰਜਾਬ ਦੇਖਿਆ। ਗੁਰਦੁਆਰਿਆਂ ਦੀਆਂ ਵਧੀਆ ਇਮਾਰਤਾਂ ਵਿੱਚ ਸੁਹਣੇ ਲੰਗਰ ਹਾਲਾਂ ਵਿੱਚ ਵਧੀਆ ਲੰਗਰਾਂ ਦੇ ਨਾਲ ਲੂਣੀ ਅਤੇ ਮਿੱਠੀ ਲੱਸੀ ਦਾ ਸੁਆਦ ਵੀ ਦੇਖਿਆ। ਨਵੀਂ ਰਿਵਾਇਤ ਦੇ ਮੁਤਾਬਕ, ਸ਼ਾਦੀ ਦੇ ਚਾਰ ਰੋਜ਼ਾ, ਸੰਗੀਤ ਰਾਤ, ਮਹਿੰਦੀ ਦੀ ਰਸਮ, ਗੁਰਦੁਆਰਾ ਸਾਹਿਬ ਇਥੇ ਲਾਵਾਂ ਦੀ ਰਸਮ ਅਤੇ ਸੁਆਗਤ ਵਿੱਚ ਆਪਸੀ ਮਿਲਣ ਦੀ ਸ਼ਾਮ ਸਮੇਂ ਪੰਜਾਬੀ ਗਾਣਿਆਂ ਦੀ ਭਰਮਾਰ ਵਿੱਚ ਪੰਜਾਬੀਆਂ ਦੀ ਸ਼ਾਨੋ ਸ਼ੌਕਤ ਨੂੰ ਦੇਖਿਆ। ਕੈਨੇਡਾ ਵਿੱਚ ਜੰਮ ਪਲ ਬੱਚੇ ਭਾਵੇਂ ਪੰਜਾਬੀ ਘੱਟ ਬੋਲਦੇ ਹਨ, ਪਰ ਉਨ੍ਹਾਂ ਦੀ ਪੰਜਾਬੀ ਆਉ ਭਗਤ ਨੂੰ ਬੇਮਿਸਾਲ ਦੇਖਿਆ। ਹਰ ਪਾਸੇ ਨਿੱਕੀਆਂ ਮੋਟੀਆਂ ਸੇਵਾਵਾਂ ਕਰਕੇ ਪੰਜਾਬ ਤੋਂ ਆਏ ਵਿੱਦਿਆਰਥੀ ਦੇ ਚਿਹਰਿਆਂ ਦੀ ਮਸੂਮੀਅਤ, ਥਕਾਨ ਅਤੇ ਬੇਬਸੀ ਨੂੰ ਦੇਖਿਆ। ਇੰਗਲੈਂਡ ਅਤੇ ਕੈਨੇਡਾ ਵਿੱਚ ਆਪਣਿਆਂ ਰਾਹੀਂ ਹੀ ਇਨ੍ਹਾਂ ਦੀ ਮਜਬੂਰੀ ਦਾ ਫਾਇਦਾ ਲੈਂਦਿਆਂ ਅਤੇ ਲੁੱਟ ਘਸੁੱਟ ਨੂੰ ਦੇਖਿਆ। ਵਿਆਹ ਹਾਲ ਵਿੱਚ ਮਕਈ ਦੀ ਰੋਟੀ ਅਤੇ ਸਰੋਂ ਦੇ ਸਾਗ ਦਾ ਪੰਜਾਬ ਵਰਗਾ ਸੁਆਦ ਮਾਣਿਆ। ਇੰਗਲੈਂਡ ਤੋਂ ਵੱਖ, ਪਹਿਲਾਂ ਮੁੰਡੇ ਦੇ ਮਾਂ ਪਿਉ, ਦਾਦਾ ਦਾਦੀ, ਨਾਨਾ ਨਾਨੀ, ਇਸੇ ਤਰ੍ਹਾਂ ਕੁੜੀ ਦੇ ਮਾਂ ਪਿਉ, ਦਾਦਾ ਦਾਦੀ, ਨਾਨਾ ਨਾਨੀ ਨੂੰ ਸਟੇਜ 'ਤੇ ਵੱਖੋ ਵੱਖ ਭੰਗੜਾ ਪਾਉਣ ਲਈ ਬੁਲਾਉਂਦੇ ਵੇਖਿਆ। ਲੜਕੇ ਲੜਕੀ ਨੂੰ ਇਕੱਠੇ ਨੱਚਦਿਆਂ ਧੂੰਏਂ ਦੇ ਗੁਬਾਰ ਜਿਵੇਂ ਬੱਦਲਾਂ ਵਿੱਚ ਅਲੋਪ ਹੋ ਰਹੇ ਹੋਣ ਦੇ ਹਸੀਨ ਨਜ਼ਾਰੇ ਨੂੰ ਦੇਖਿਆ।

ਪੰਜਾਬੀਆਂ ਦੇ ਮਹਿੰਗੇ ਖੁੱਲ੍ਹੇ ਵੱਡੇ ਘਰ ਅਤੇ ਬਾਹਰ ਵੱਡੀਆਂ ਕੀਮਤੀ ਗੱਡੀਆਂ ਦੇ ਝੁੰਡ ਨੂੰ ਦੇਖਿਆ। ਘਰਾਂ ਅੰਦਰ ਦੇਸੀ ਪੰਜਾਬੀ ਆਉ ਭਗਤ ਅਤੇ ਦੇਸੀ ਗਾਣਿਆਂ ਨਾਲ ਭੰਗੜੇ ਦੀ ਪੈਂਦੀ ਧਮਾਲ ਨੂੰ ਦੇਖਿਆ। ਪੰਜਾਬੀਆਂ ਦੀ ਕਾਰੋਬਾਰੋ ਚੜ੍ਹਤ ਨੂੰ ਦੇਖਕੇ ਆਪਣਾ ਦਿਲੋ ਦਿਮਾਗ ਵੀ ਬਾਗੋ ਬਾਗ ਹੁੰਦੇ ਜਜ਼ਬਾਤ ਨੂੰ ਦੇਖਿਆ। ਜਿਥੇ ਵੀ ਗਏ, ਭਾਵੇਂ ਨਿਆਗਰਾ ਫਾਲ ਹੋਵੇ, ਸੈਂਟਰ ਆਈਲੈਂਡ, ਕੈਨੇਡਾ ਦਾ ਸੀ.ਐਨ.ਟਾਵਰ, ਮੱਛੀਆਂ ਦੀ ਪਰਦਰਸ਼ਨੀ ਦਾ ਅਜਾਇਬਘਰ, ਬਲਿਊ ਮਾਊਨਟੇਨ (ਨੀਲਾ ਪਹਾੜ), ਨਿਆਗਰਾ ਔਨ ਲੇਕ (ਨਿਆਗਰਾ ਦਾ ਪੁਰਾਣਾ ਇਤਿਹਾਸਕ ਪਿੰਡ), ਚਾਇਨਾ ਟਾਊਨ, ਟਰਾਂਟੋ ਦੀ ਯੌਂਗ ਸਟਰੀਟ (Yonge Street), ਜੋ ਕਿ 56 ਕਿਲੋਮੀਟਰ ਜਾਂ 34 ਮੀਲ ਲੰਮੀ ਹੈ, ਨੂੰ ਟਰਾਂਟੋ ਦੀ ਹੀ ਨਹੀਂ ਦੁਨੀਆਂ ਦੀ ਸਭ ਤੋਂ ਲੰਮੀ ਸਟਰੀਟ ਸਮਝਿਆ ਜਾਂਦਾ ਹੈ, ਉਥੇ ਹੀ ਪੰਜਾਬ ਤੋਂ ਆਏ ਛੁੱਟੀਆਂ ਸਮੇਂ ਵਿੱਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਦੀ ਭਰਮਾਰ ਨੂੰ ਦੇਖਿਆ।

ਉਨਟਾਰਿਉ (Ontorio Lake) ਜੋ ਕਿ ਨਿਆਗਰਾ ਫਾਲ ਤੋਂ ਲੈ ਕੇ ਟਰਾਂਟੋ ਤੱਕ ਅਤੇ ਇਸ ਤੋਂ ਵੀ ਅੱਗੇ ਦੂਰ ਦੂਰ ਤੱਕ ਫੈਲੀ ਹੋਈ ਹੈ, ਦੇ ਕੁਦਰਤੀ ਨਜ਼ਾਰਿਆਂ ਨੂੰ ਵੀ ਦੇਖਿਆ। ਤੁਸੀਂ ਟਰਾਂਟੋ, ਬਰੈਂਪਟਨ, ਹੈਮਿਲਟਨ ਜਾਂ ਬਰਟਿੰਗਟਨ, ਕਿਤੇ ਵੀ ਹੋਵੋ, ਤੁਹਾਨੂੰ ਕੁਝ ਹੀ ਮੀਲ ਜਾ ਕੇ ਇਸ ਦਾ ਸਮੁੰਦਰੀ ਜਾਂ ਰੇਤ ਵਾਲਾ ਕੰਢਾ ਮਿਲ ਜਾਵੇ- ਗਾ। ਲੋਕ ਕੰਮ ਦੀ ਥਕਾਨ ਨੂੰ ਦੂਰ ਕਰਨ ਲਈ ਸ਼ਾਮ, ਛਨਿੱਚਰ ਐਤਵਾਰ ਇਸ ਦੇ ਕੰਢਿਆਂ 'ਤੇ ਜਾ ਕੇ ਖਾਣੇ ਦਾ ਆਨੰਦ ਮਾਣਦੇ ਹਨ। ਇਸ ਦੇ ਰੇਤਲੇ ਕੰਢਿਆਂ 'ਤੇ ਵਸਨੀਕਾਂ ਨੂੰ ਵਾਲੀਬਾਲ (Volley Ball) ਜਾਂ ਬਾਸਕਿਟ ਬਾਲ ਖੇਡਦਿਆਂ ਦੇਖਿਆ। ਟਰਾਂਟੋ ਕਾਫੀ ਪਹਾੜੀ ਹੋਣ ਕਰਕੇ ਸਰਕਾਰ ਰਾਹੀਂ ਸੜਕ ਕਿਨਾਰੇ ਕਾਫੀ ਥੋੜ੍ਹੀ ਥੋੜ੍ਹੀ ਦੂਰ 'ਤੇ ਸਟੇਸ਼ਨ ਬਣਾਏ ਹੋਏ ਹਨ, (ਜਾਂ ਕਹਿ ਲਉ ਕੰਕਰੀਟ ਦਾ ਥੜ੍ਹਾ) ਜਿਥੇ ਖੜ੍ਹਕੇ ਤੁਸੀਂ ਹੇਠਾਂ ਵੱਸਦੇ ਲੋਕਾਂ ਦੇ ਨਜ਼ਾਰੇ ਦੇਖ ਸਕਦੇ ਹੋ। ਮੈਂ ਆਪਣੇ ਛੋਟੇ ਚਚੇਰੇ ਭਰਾ ਅਤੇ ਸ: ਮੁਹਿੰਦਰ ਸਿੰਘ ਮੱਲ੍ਹੀ ਦਾ ਅਭਾਰੀ ਹਾਂ, ਜੋ ਕਿ ਕੈਨੇਡਾ ਦਾ ਵਸਨੀਕ ਹੋਣ ਦੇ ਨਾਲ ਨਾਲ ਇਨ੍ਹਾਂ ਕੁਦਰਤੀ ਨਜ਼ਾਰਿਆਂ ਦਾ ਸ਼ੌਕੀਨ ਹੈ ਅਤੇ ਉਸ ਦੀ ਦਿਨ ਰਾਤ ਕੋਸ਼ਿਸ਼ਾਂ ਕਰਕੇ ਮੈਂ, ਮੇਰੀ ਸਾਥਨ ਗੁਰਬਖਸ਼ ਕੌਰ ਮੱਲ੍ਹੀ, ਮੇਰੀ ਭੈਣ ਸੁੱਖਵਿੰਦਰ ਕੌਰ, (ਲੈਸਟਰ ਯੂ.ਕੇ.) ਇਨ੍ਹਾਂ ਕੁਦਰਤੀ ਨਜ਼ਾਰਿਆਂ ਨੂੰ ਦੇਖਣ ਵਿੱਚ ਉਸ ਦੇ ਸ਼ਰੀਕ ਬਣ ਸਕੇ। ਅਸੀਂ ਦੋਵੇਂ ਯੂਨੀਵਰਸਿਟੀ ਦੇ ਦਿਨਾਂ ਤੋਂ ਲੈ ਕੇ ਕੋਈ 49 ਸਾਲ ਬਾਅਦ ਆਪਸ ਵਿੱਚ ਮਿਲੇ। ਕੈਨੇਡਾ ਦੇ ਨਜ਼ਾਰਿਆਂ ਤੋਂ ਵੱਡਾ ਨਜ਼ਾਰਾ ਸੀ, ਸਾਡੇ ਪਿੰਡ ਦੀਆਂ ਸਾਂਝੀਆਂ ਗੱਲਾਂ। ਅਸੀਂ ਜਿਥੇ ਆਪਣੇ ਵੱਡੇ ਵਡੇਰਿਆਂ ਦੀਆਂ ਗੱਲਾਂ ਕੀਤੀਆਂ, ਉਥੇ ਹੀ ਸਾਡੇ ਪਿੰਡ ਦੇ ਮਜ਼ਾਕੀਏ ਬਾਬਾ ਮਾਣਾਂ ਵਾਲਾ, ਛਨਿਚਰ ਮੰਗਣ ਵਾਲਾ ਯੋਗੀ, ਢੋਲ ਵਾਲਾ ਯੋਗੀ ਅਤੇ ਉਸ ਦੇ ਪਿਉ ਦੇ ਮੱਕਬਰੇ 'ਤੇ ਪੈਂਦੀ ਰਾਸ ਅਤੇ ਵਿਸਾਖੀ ਵੇਲੇ ਚਾਰੇ ਗਰੀਬ ਦਾਸ ਦਾ ਕਹੀ ਨਾਲ ਭੰਗੜਾ। ਮੱਲ੍ਹੀ ਸਾਹਿਬ ਦੇ ਨਾਨਾ ਸਰਦਾਰ ਸਾਵਨ ਸਿੰਘ, ਜੋ ਕਿ ਬਾਬਾ ਜੀ ਕਰਕੇ ਸਾਰੇ ਪੰਜਾਬ ਵਿੱਚ ਮਸ਼ਹੂਰ ਸਨ। ਸਾਡੇ ਹਾਸੇ ਦਾ ਸਭ ਤੋਂ ਵੱਧ ਵਿਸ਼ਾ ਸੀ, ਬਾਬਾ ਮਾਣਾਂ ਵਾਲੇ ਦਾ ਭੂਡੇ ਨਾਮ੍ਹੇ ਨੂੰ ਲੈ ਕੇ ਮਜ਼ਾਕ ਜੋ ਕਿ ਅਨਪੜ੍ਹ ਮਾਂ ਦੀ ਗਲਤੀ ਅਤੇ ਅਣਭੋਲ ਪੁਣੇ ਕਾਰਨ ਉਹ 13 ਮਹੀਨਿਆਂ ਬਾਅਦ ਪੈਦਾ ਹੋਇਆ ਸੀ। ਸ਼ਾਇਦ ਮੇਰੀ ਜੀਵਨ ਸਾਥਨ ਨੇ ਮੈਨੂੰ ਇਸ ਤੋਂ ਪਹਿਲਾਂ ਇਨ੍ਹਾਂ ਹੱਸਦਿਆਂ ਜਾਂ ਖ਼ੁਸ਼ ਨਹੀਂ ਸੀ ਦੇਖਿਆ। ਅੱਜ ਕੱਲ੍ਹ ਉਹ ਮਜ਼ਾਕਿਆ ਤੌਰ 'ਤੇ ਸਾਡੇ ਹਾਸਿਆਂ ਦਾ, ਹੀ, ਹੀ, ਕਰਕੇ ਮਖ਼ੌਲ ਉਡਾਂਦੀ ਹੈ। ਇਹ ਹੀ ਵਜ੍ਹਾ ਸੀ, ਮੇਰਾ ਖ਼ੂਨੀ ਦਬਾਅ, ਬਿਨਾਂ ਗੋਲੀਆਂ ਤੋਂ ਠੀਕ ਹੋ ਚੁੱਕਾ ਸੀ। ਇਸ ਯਾਤਰਾ ਵਿੱਚ ਵੱਡੇ ਹਾਸਿਆਂ ਕਾਰਨ ਹੀ ਮੱਲ੍ਹੀ ਸਾਹਿਬ ਅਤੇ ਉਸ ਦੀ ਸਾਥਣ ਗੁਰਿੰਦਰ ਮੱਲ੍ਹੀ, ਮੈਂ ਅਤੇ ਮੇਰੀ ਸਾਥਣ ਅਤੇ ਸੁੱਖਜਿੰਦਰ ਇਕ ਨਵੇਂ ਹਾਸ ਰੱਸ ਦੇ ਰਿਸ਼ਤੇ ਵਿੱਚ ਬੱਝ ਚੁੱਕੇ ਹਾਂ ਅਤੇ ਹੋਰ ਵੀ ਇਹੋ ਜਿਹੇ ਸੈਰ ਸਪਾਟਿਆਂ ਦੀ ਯੋਜਨਾ ਬਣਾ ਰਹੇ ਹਾਂ।

ਅਸੀਂ ਜਦੋਂ ਵੀ ਦੂਰ ਦੁਰਾਡੇ ਘੁਮਣ ਜਾਂਦੇ ਤਾਂ ਵੱਡੇ ਵੱਡੇ ਫਾਰਮਾਂ ਵਿੱਚ, ਵੱਡੇ ਵੱਡੇ ਘਰਾਂ ਵਿੱਚ ਬਾਹਰ, ਹਰੀਆਂ, ਪੀਲੀਆਂ ਅਤੇ ਹੋਰ ਰੰਗਦਾਰ ਪੱਗਾਂ ਸਜਾਈ, ਪੰਜਾਬੀ ਸਰਦਾਰਾਂ ਨੂੰ ਵੇਖਿਆ। ਇਕ ਚਾਅ ਅਤੇ ਉਮੰਗ ਜਿਹੀ ਕਿ ਕਿਵੇਂ ਇਨ੍ਹਾਂ ਪੰਜਾਬੋਂ ਹਜ਼ਾਰਾਂ ਮੀਲ ਦੂਰ ਆਪਣੀ ਮਿਹਨਤ ਸਦਕਾ ਇਕ ਹਸੀਨ ਜ਼ਿੰਦਗੀ ਵਿਸ਼ਾ ਰੱਖੀ ਹੈ। ਜਦੋਂ ਕਿ ਆਪਣੀ ਜਨਮ ਭੂਮੀ 'ਤੇ ਇਹੋ ਕਿਸਾਨ ਆਪਣੀ ਰੋਜ਼ੀ ਰੋਟੀ ਦੀ ਕੋਸ਼ਿਸ਼ ਵਿੱਚ ਹਰ ਰੋਜ਼ ਆਤਮ ਹੱਤਿਆ ਕਰ ਰਿਹਾ ਹੈ। ਕਦੇ ਕਦੇ ਇਨ੍ਹਾਂ ਲੰਮੇ ਪੈਂਡਿਆਂ ਵਿੱਚ ਮੈਂ ਆਪਣੇ ਚਚੇਰੇ ਭਰਾ ਨੂੰ ਬਚਪਨ ਵਿੱਚ ਉਸ ਦੀ ਸੰਗੀਤ ਪ੍ਰਤੀ ਰੁਚੀ ਰੱਖਦਿਆਂ, ਸ਼ਿਵ ਬਟਾਲਵੀ, (ਸਾਡੇ ਸ਼ਹਿਰ ਦੀ ਸਾਂਝ) ਦੇ ਗਾਣੇ ਸਨਾਉਣ ਲਈ ਮਜਬੂਰ ਕਰਦਾ। ਅੱਜ ਵੀ 65 ਸਾਲ ਦੀ ਉਮਰ ਤੋਂ ਉਪਰ ਬਚਪਨ ਵਾਲੀ ਆਵਾਜ਼ ਅਤੇ ਉਹ ਹੀ ਲੈਅ ਅਤੇ ਦਰਦ ਸੀ। ਆਲੇ ਦੁਆਲੇ ਦੇ ਹਸੀਨ ਨਜ਼ਾਰਿਆਂ ਵਿੱਚ ਮੁਹਿੰਦਰ ਜਦੋਂ ਚੁੱਪ ਚਾਪ ਗਾਣਿਆਂ ਦੀ ਧੁੰਨ ਛੇੜਦਾ ਤਾਂ ਜਜ਼ਬਾਤਾਂ ਵਿੱਚ ਕਈ ਮਿਠੀਆਂ ਯਾਦਾਂ ਘੁੱਲ ਮਿਲ ਜਾਂਦੀਆਂ। ਸਾਨੂੰ ਸਾਰਿਆਂ ਨੂੰ ਹਰ ਗਾਣੇ ਤੋਂ ਬਾਅਦ ਸ਼ਿਕਵਾ ਸੀ ਕਿ ਉਸ ਨੇ ਇਸ ਗੁਣ ਨੂੰ ਹੋਰ ਪ੍ਰਫੁੱਲਤ ਕਿਉਂ ਨਹੀਂ ਕੀਤਾ? ਕੀ ਇਹ ਹਾਲਾਤਾਂ ਨਾਲ ਸਮਝੌਤਾ ਸੀ ਜਾਂ ਪਰਾਈ ਧਰਤੀ 'ਤੇ ਵਸੇਬਾ। ਮੁਹਿੰਦਰ ਦੇ ਨਾਲ ਨਾਲ ਸੁੱਖਵਿੰਦਰ ਨੇ ਕੁਝ ਕਵਿਤਾਵਾਂ ਵੀ ਸੁਣਾਈਆਂ। ਇਹ ਸੁਭਾਵਿਕ ਸੀ ਕਿ ਮੈਂ ਉਨ੍ਹਾਂ ਨੂੰ ਆਪਣੇ ਜਜ਼ਬਾਤ ਕਲਮਬੰਦ ਕਰਨ ਲਈ ਕਲਮ ਤਿੱਖੀ ਕਰਨ ਲਈ ਕਹਿ ਰਿਹਾ ਸਾਂ। ਪੰਜਾਬੀ ਬੋਲੀ ਨੂੰ ਹੀ ਨਹੀਂ ਸਮਾਜ ਨੂੰ ਵੀ ਦੇਣ ਦੇ ਸਕਦੇ ਹਨ। ਮੇਰੀ ਸੋਚ ਮੁਤਾਬਕ ਹਰ ਕੋਈ ਪਲੈਟੋ, ਅਰਿਸਟੋਟਲ, ਸੁਕਰਾਤ, ਸ਼ਿਵ ਅਤੇ ਹੋਰ ਕਈ ਕੁਝ ਬਣ ਸਕਦਾ ਹੈ, ਪਰ ਸਾਡੀ ਮੁਸ਼ਕਿਲ ਹੈ ਕਿ ਅਸੀਂ ਆਪਣੇ ਵਿਚਾਰਾਂ ਨੂੰ ਕਲਮਬੰਦ ਨਹੀਂ ਕਰਦੇ।

ਕੈਨੇਡਾ ਅਮਰੀਕਾ ਨਾਲੋ 1.6 ਫੀਸਦੀ ਵੱਡਾ ਹੈ। ਇਸੇ ਕਰਕੇ ਹਰ ਸ਼ਹਿਰ ਨੂੰ ਇਕ ਦੂਜੇ ਤੋਂ ਦੂਰ ਦੁਰਾਡੇ ਦੇਖਿਆ। ਵੱਡੀਆਂ ਵੱਡੀਆਂ ਖੇਡਣ ਅਤੇ ਕਾਰ ਪਾਰਕਾਂ, ਹਰ ਇਮਾਰਤ ਵਿੱਚ ਦੂਰੀ ਜਿਸ ਕਰਕੇ ਹਰ ਕੋਈ ਕਾਰ ਸਵਾਰ ਅਤੇ ਸੜਕਾਂ 'ਤੇ ਪੈਦਲ ਘੱਟ ਵੇਖਿਆ। ਇਸ ਦੀ ਕੁੱਲ ਅਬਾਦੀ 40 ਮਿਲੀਅਨ, ਜੋ ਦਿੱਲੀ ਤੋਂ ਥੋੜ੍ਹੀ ਵੱਧ ਪਰ ਚੌੜੀਆਂ ਚੌੜੀਆਂ ਸੜਕਾਂ ਦਾ ਜਾਲ ਦੇਖਿਆ। ਕੈਨੇਡਾ ਨਦੀਆਂ ਨਾਲਿਆਂ ਦਾ ਦੇਸ਼ ਹੈ, ਇਸ ਕਰਕੇ ਵੀ ਭਾਵੇਂ ਇਹ ਅਕਾਰ ਵਿੱਚ ਅਮਰੀਕਾ ਤੋਂ ਕੁਝ ਵੱਡਾ, ਪਰ ਇਸ ਦੀ ਧਰਤੀ ਦਾ ਅਕਾਰ ਅਮਰੀਕਾ ਤੋਂ ਘੱਟ ਹੈ। ਕੈਨੇਡਾ ਦੀ ਕੁੱਲ ਅਰਥ ਵਿਵਸਥਾ ਦੂਸਰੇ ਦੇਸ਼ਾਂ ਦੇ ਮੁਕਾਬਲੇ ਕੋਈ (Ranking) ਜਾਂ ਖਾਸ ਸਥਾਨ ਨਹੀਂ ਰੱਖਦੀ, ਪਰ ਫਿਰ ਵੀ ਇਹ ਦੁਨੀਆਂ ਦੇ ਪਹਿਲੇ ਦੱਸ ਅਮੀਰ ਮੁਲਕਾਂ ਵਿੱਚੋਂ ਇਕ ਹੈ। ਇਸ ਦੇ ਵੀ ਕਈ ਕਾਰਨ ਹਨ, ਇਸ ਦੀ ਘੱਟ ਵੱਸੋ ਅਤੇ ਬੜ੍ਹਾ ਵੱਡਾ ਦੇਸ਼ (ਭਾਰਤ ਤੋਂ ਤਿੰਨ ਗੁਣਾ ਵੱਡਾ) ਹੋਣ ਕਰਕੇ ਇਸ ਕੋਲ ਕੁਦਰਤੀ ਸਾਧਨਾਂ ਦੇ ਭੰਡਾਰ ਹਨ। ਸੈਂਕੜੇ ਮੀਲ ਫੈਲੀ ਅੰਗੂਰਾਂ ਦੀ ਫਸਲ ਅਤੇ ਥਾਂ ਥਾਂ (Winery) ਅੰਗੂਰਾਂ ਤੋਂ ਸ਼ਰਾਬ (Wine) ਬਣਾਉਣ ਵਾਲੀ ਫੈਕਟਰੀ। ਭਾਵੇਂ ਖੇਤੀ ਬੜੀ ਕੋਈ ਲਾਭਦਾਇਕ ਧੰਦਾ ਨਹੀਂ, ਪਰ ਫਿਰ ਵੀ ਇਥੋਂ ਦਾ ਡੇਅਰੀ ਫਾਰਮਿੰਗ ਸੈਕਟਰ ਕਾਫੀ ਲਾਭਦਾਇਕ ਹੈ। ਪਾਣੀ ਦੀ ਬਹੁਤਾਤ ਹੋਣ ਕਰਕੇ ਇਸ ਲਈ ਇਹ ਵੀ ਲਾਹੇਵੰਦ ਕੁਦਰਤੀ ਸੋਮਾ ਹੈ। ਅਮਰੀਕਾ ਦੀ ਆਬਾਦੀ 340 ਮਿਲੀਅਨ ਹੈ ਅਤੇ ਕੈਨੇਡਾ ਦੀ 40 ਮਿਲੀਅਨ, ਜਿਸ ਕਰਕੇ ਜਿਥੋਂ ਤੱਕ (Per capita) ਪਰ ਵਿਅਕਤੀ ਦੀ ਆਮਦਨ ਦਾ ਸਬੰਧ ਹੈ, ਤਾਂ ਇਹ ਅਮਰੀਕਾ ਦੇ ਬਰਾਬਰ ਹੈ।

ਕੈਨੇਡਾ ਦੇ ਲੋਕ ਦਰੱਖਤਾਂ ਦੀ ਬਹੁਤ ਦੇਖਭਾਲ ਕਰਦੇ ਹਨ, ਇਸ ਲਈ ਇਨ੍ਹਾਂ ਕੋਲ ਹਰਿਆਲੀ ਅਤੇ ਲੱਕੜ ਦੇ ਭੰਡਾਰ ਹਨ। ਘਰਾਂ ਦਾ ਮੁੱਢਲਾ ਢਾਂਚਾ 100 ਫੀਸਦੀ ਲੱਕੜੀ ਨਾਲ ਖੜ੍ਹਾ ਕੀਤਾ ਜਾਂਦਾ ਹੈ। ਘਰ ਦੇ ਬਾਹਰ ਦਾਖਲੇ 'ਤੇ ਵਰਾਂਡਾ ਅਤੇ ਪਿੱਛੇ ਹੇਠਾਂ ਉਤੇ ਵਰਾਂਡੇ ਪੂਰੇ ਲੱਕੜ ਦੇ ਬਣੇ ਹੋਏ ਹਨ। ਘਰੋਂ ਬਾਹਰ ਬਰਾਂਡੇ ਤੇ ਆਮ ਆਪਣੇ ਪੰਜਾਬੀ ਪਰਿਵਾਰ ਦੇਖੇ। ਬੇਸਮੈਂਟ ਵਿੱਚ ਇਕ ਜਾਂ ਦੋ ਗੈਰੇਜਾਂ, ਘਰ ਦੇ ਅਕਾਰ ਦੇ ਹਿਸਾਬ ਨਾਲ ਅਤੇ ਪਿੱਛੇ ਇਕ ਤੋਂ ਦੋ ਬੈਡਰੂਮ ਦਾ Self contained ਰਿਹਾਇਸ਼। ਇਹ ਬੇਸਮੈਂਟਾਂ ਕਿਰਾਏ 'ਤੇ ਦੇ ਕੇ ਵਾਧੂ ਆਮਦਨ ਵੀ ਪੈਦਾ ਕੀਤੀ ਜਾ ਸਕਦੀ ਹੈ। ਕੈਨੇਡਾ ਵਿੱਚ ਗਰਮੀਆਂ ਵਿੱਚ ਤਾਪਮਾਨ 37 ਤੋਂ 38 ਡਿਗਰੀ ਤੱਕ ਚਲਾ ਜਾਂਦਾ ਹੈ, ਤਾਂ ਇਹ ਬੇਸਮੈਂਟ ਕਾਫੀ ਠੰਡੇ ਰਹਿੰਦੇ ਹਨ। ਲੱਕੜ ਦੇ ਘਰ ਹੋਣ ਕਰਕੇ ਇਹ ਗਰਮੀਆਂ ਵਿੱਚ ਘੱਟ ਗਰਮ ਅਤੇ ਸਰਦੀਆਂ ਵਿੱਚ ਘੱਟ ਸਰਦ। ਸਰਦੀਆਂ ਵਿੱਚ ਪਾਰਾ ਮਾਇਨਸ 46 ਤੱਕ ਚਲਾ ਜਾਂਦਾ ਹੈ, ਇਸ ਕਰਕੇ ਸਰਦੀਆਂ ਵਿੱਚ ਕਾਰਾਂ ਦੇ ਵੱਖਰੇ ਟਾਇਅਰ ਕਾਨੂੰਨੀ ਤੌਰ 'ਤੇ ਜਰੂਰੀ ਹਨ। ਅਸੀਂ 7 ਜੂਨ ਤੋਂ 30 ਜੂਨ ਤੱਕ ਉਥੇ ਰਹੇ, ਮੌਸਮ ਕਮਾਲ ਦਾ ਸੀ ਨਾ ਸਰਦ ਨਾ ਗਰਮ। ਕਿਉਂਕਿ ਉਥੇ ਯੂ.ਕੇ. ਦੀ ਤੁਲਨਾ ਵਿੱਚ ਮੌਸਮ ਗਰਮ ਹੈ, ਸੋ ਉਥੋਂ ਦੀਆਂ ਲੀਚੀਆਂ ਅਤੇ ਸਾਲਾਦ ਵਗੈਰਾ ਦਾ ਸੁਆਦ ਲਾ ਜਵਾਬ ਸੀ। ਬਾਹਰ ਕਿਤਨੀ ਗਰਮੀ ਹੈ, ਇਸ ਦਾ ਘਰ ਅੰਦਰ ਪਤਾ ਨਹੀਂ ਲੱਗਦਾ, ਕਿਉਂਕਿ ਉਥੋਂ ਦਾ A.C. ਸਿਸਟਮ ਤੁਹਾਨੂੰ ਤੁਹਾਡੀ ਚਾਹਤ ਦੇ ਹਿਸਾਬ ਨਾਲ ਠੰਡਕ ਦੇ ਰਿਹਾ ਹੈ। ਮੈਨੂੰ ਉਥੇ ਬਾਰ ਬਾਰ ਪੰਜਾਬ ਯਾਦ ਆ ਰਿਹਾ ਸੀ, ਅਥਾਹ ਗਰਮੀ ਅਤੇ ਮੱਛਰ ਵਿੱਚ ਕਦੇ ਬਿਜਲੀ ਚਲੀ ਜਾਂਦੀ ਹੈ ਅਤੇ ਕਦੇ A.C. ਵਿਗੜ ਜਾਂਦਾ ਹੈ, ਤਰਲੋ ਮੱਛੀ ਵਿੱਚ ਜ਼ਿੰਦਗੀ ਕੱਟੋ, ਲਾਉ ਨੀ ਕੋਈ ਕੈਨੇਡਾ ਵਾਲੀ ਮਲੱਮ ਇਲਾਹੀ ਮੇਰੇ ਜਨਮ ਭੂਮੀ ਵਾਲੇ ਪੰਜਾਬ ਦੇ ਜ਼ਖ਼ਮਾਂ 'ਤੇ।

ਕੈਨੇਡਾ ਜਿਥੇ ਨਵਾਂ ਵਿਕਸਤ ਮੁਲਕ ਹੈ, ਉਥੇ ਹੀ ਇਹ ਪ੍ਰਵਾਸੀਆਂ ਦਾ ਦੇਸ਼ ਹੈ। ਰੰਗ ਬਰੰਗੇ ਲੋਕਾਂ ਵਿੱਚ ਜਾਤ ਪਾਤ ਘਿਰਣਾ ਬਹੁਤ ਘੱਟ ਨਜ਼ਰ ਆਉਂਦੀ ਹੈ। ਪ੍ਰਵਾਸ ਵਿੱਚੋਂ ਇਹ ਦੇਸ਼ ਵਿਕਸਤ ਹੋਇਆ ਹੈ, ਇਸੇ ਕਰਕੇ ਪੰਜਾਬ ਤੋਂ ਆਉਣ ਵਾਲੇ ਵਿੱਦਿਆਰਥੀਆਂ 'ਤੇ ਪਾਬੰਦੀਆਂ ਕਾਰਨ ਇਸ ਦੀ ਅਰਥ ਵਿਵਸਥਾ ਗਿਰਾਵਟ ਵੱਲ ਹੈ।

* * * * * * * *

# ਅਮਰੀਕਾ ਦੇ ਹਮਲਿਆਂ ਕਾਰਣ ਈਰਾਨ ਦੇ ਪ੍ਰਮਾਣੂ ਸਥਾਨਾਂ ’ਤੇ ਸੀਮਤ ਹੋਇਆ ਸੀ ਅਸਰ

## ✪ ਟਰੰਪ ਦਾ ਦਾਅਵਾ ਕਿ ਪੂਰੀ ਤਬਾਹੀ ਹੋਈ, ਇਰਾਨ ਨੇ ਕੀਤਾ ਇਨਕਾਰ ✪ ਅਮਰੀਕੀ ਮੀਡੀਆ ਅਤੇ ਅੰਤਰਰਾਸ਼ਟਰੀ ਸਰੋਤਾਂ ਦੀਆਂ ਰਿਪੋਰਟਾਂ ਨੇ ਟਰੰਪ ਦੇ ਦਾਅਵੇ ਉਪਰ ਸੁਆਲ ਖੜੇ ਕੀਤੇ



ਪਿਛਲੇ ਮਹੀਨੇ ਜੂਨ 2025 ਵਿੱਚ ਅਮਰੀਕਾ ਨੇ ਇਜ਼ਰਾਈਲ ਦੇ ਸਮਰਥਨ ਵਿੱਚ ਈਰਾਨ ਦੇ ਤਿੰਨ ਪ੍ਰਮਾਣੂ ਸਥਾਨਾਂ-ਫੋਰਡੋ, ਨਤਾਂਜ਼ ਅਤੇ ਇਸਫਾਹਨ ’ਤੇ ਹਵਾਈ ਹਮਲੇ ਕੀਤੇ ਸਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਨੂੰ ਵੱਡੀ ਕਾਮਯਾਬੀ ਦੱਸਦਿਆਂ ਦਾਅਵਾ ਕੀਤਾ ਸੀ ਕਿ ਇਨ੍ਹਾਂ ਹਮਲਿਆਂ ਨਾਲ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ ਸੀ। ਟਰੰਪ ਦਾ ਦਾਅਵਾ ਸੀ ਕਿ ਈਰਾਨ ਨੂੰ ਇਹ ਸਥਾਨ ਮੁੜ ਬਣਾਉਣ ਵਿੱਚ ਸਾਲਾਂ ਲੱਗ ਜਾਣਗੇ। ਪਰ ਹੁਣ ਅਮਰੀਕੀ ਮੀਡੀਆ ਅਤੇ ਅੰਤਰਰਾਸ਼ਟਰੀ ਸਰੋਤਾਂ ਦੀਆਂ ਰਿਪੋਰਟਾਂ ਨੇ ਇਸ ਦਾਅਵੇ ਦੀ ਹਕੀਕਤ ਨੂੰ ਸਾਹਮਣੇ ਲਿਆਂਦਾ ਹੈ, ਜਿਸ ਵਿੱਚ ਕਈ ਸਵਾਲ ਖੜ੍ਹੇ ਹੋ ਰਹੇ ਹਨ। ਪਰ ਐਨਬੀਸੀ ਨਿਊਜ਼ ਦੀ ਰਿਪੋਰਟ ਨੇ ਇਸ ਦਾਅਵੇ ਦੀ ਪੋਲ ਖੋਲ੍ਹ ਦਿੱਤੀ ਹੈ।

ਐਨਬੀਸੀ ਨਿਊਜ਼ ਦੀ 17 ਜੁਲਾਈ 2025 ਦੀ ਰਿਪੋਰਟ ਮੁਤਾਬਕ, ਅਮਰੀਕੀ ਹਮਲਿਆਂ ਵਿੱਚ ਸਿਰਫ਼ ਇੱਕ ਪ੍ਰਮਾਣੂ ਸਥਾਨ-ਨਤਾਂਜ਼-ਨੂੰ ਗੰਭੀਰ ਨੁਕਸਾਨ ਪਹੁੰਚਿਆ, ਜਿਸ ਦੀ ਮੈਟਲ ਕਨਵਰਜ਼ਨ ਸੁਵਿਧਾ ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਦੇ ਮੁੜ ਨਿਰਮਾਣ ਵਿੱਚ ਸਾਲਾਂ ਲੱਗ ਸਕਦੇ ਹਨ। ਪਰ ਫੋਰਡੋ ਅਤੇ ਇਸਫਾਹਨ ਦੇ ਸਥਾਨਾਂ ਨੂੰ ਸੀਮਤ ਨੁਕਸਾਨ ਹੋਇਆ, ਜਿਨ੍ਹਾਂ ਨੂੰ ਈਰਾਨ ਅਗਲੇ ਕੁਝ ਮਹੀਨਿਆਂ ਵਿੱਚ ਠੀਕ ਕਰ ਸਕਦਾ ਹੈ। ਅਮਰੀਕੀ ਸੈਂਟਰਲ ਕਮਾਂਡ ਨੇ ਵਿਆਪਕ ਹਮਲਿਆਂ ਦੀ ਯੋਜਨਾ ਬਣਾਈ ਸੀ, ਪਰ ਟਰੰਪ ਨੇ ਇਸ ਨੂੰ ਰੱਦ ਕਰ ਦਿੱਤਾ ਸੀ, ਕਿਉਂਕਿ ਇਹ ਉਨ੍ਹਾਂ ਦੀ ਵਿਦੇਸ਼ ਨੀਤੀ ਨਾਲ ਮੇਲ ਨਹੀਂ ਖਾਂਦਾ ਸੀ। ਸੀਆਈਏ ਮੁਖੀ ਜੌਨ ਰੈਟਕਲਿਫ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਨਤਾਂਜ਼ ਦੀ ਸੁਵਿਧਾ ਨੂੰ ਵੱਡਾ ਨੁਕਸਾਨ ਹੋਇਆ, ਪਰ ਫੋਰਡੋ ਅਤੇ ਇਸਫਾਹਨ ਵਿੱਚ ਪਿਆ ਯੂਰੇਨੀਅਮ ਦਾ ਜ਼ਿਆਦਾਤਰ ਹਿੱਸਾ ਡੂੰਘਾ ਦੱਬਿਆ ਹੋਇਆ ਹੈ, ਜਿਸ ਨੂੰ ਈਰਾਨ ਲਈ ਮੁੜ ਸਰਗਰਮ ਕਰਨਾ ਮੁਸ਼ਕਲ ਹੋਵੇਗਾ।

ਰਿਊਟਰਜ਼ ਨੇ 17 ਜੁਲਾਈ ਨੂੰ ਦੱਸਿਆ ਸੀ ਕਿ ਅਮਰੀਕੀ ਹਮਲਿਆਂ ਨੇ ਸਿਰਫ਼ ਇੱਕ ਸਥਾਨ ਨੂੰ ਨੁਕਸਾਨ ਪਹੁੰਚਾਇਆ, ਅਤੇ ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਤਬਾਹ ਨਹੀਂ ਹੋਇਆ।

ਨਿਊਯਾਰਕ ਟਾਈਮਜ਼ ਤੇ ਵਾਸ਼ਿੰਗਟਨ ਪੋਸਟ ਅਖਬਾਰਾਂ ਨੇ ਅਮਰੀਕੀ ਹਮਲਿਆਂ ਨੂੰ ਸੀਮਤ ਸਫਲਤਾ ਵਾਲਾ ਦੱਸਿਆ ਅਤੇ ਕਿਹਾ ਕਿ ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਜਲਦੀ ਮੁੜ ਸਰਗਰਮ ਹੋ ਸਕਦਾ ਹੈ। ਉਨ੍ਹਾਂ ਨੇ ਅਮਰੀਕੀ ਖੁਫੀਆ ਏਜੰਸੀਆਂ ਦੇ ਅੰਦਾਜ਼ਿਆਂ ’ਤੇ ਸਵਾਲ ਉਠਾਏ ਸਨ।

ਸੀਐਨਐਨ ਨੇ ਕਿਹਾ ਸੀ ਕਿ ਅਮਰੀਕੀ ਹਮਲਿਆਂ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪਛਾੜ ਦਿੱਤਾ, ਪਰ ਪੂਰੀ ਤਬਾਹੀ ਦੇ ਦਾਅਵੇ ਅਤਿਕਥਨੀ ਸਨ।

ਈਰਾਨ ਨੇ ਅਮਰੀਕੀ ਹਮਲਿਆਂ ਨੂੰ ਸੰਯੁਕਤ ਰਾਸ਼ਟਰ ਚਾਰਟਰ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਦੱਸਿਆ ਸੀ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨਸੀਰ ਬਘਾਈ ਨੇ ਮੰਨਿਆ ਸੀ ਕਿ ਨਤਾਂਜ਼ ਨੂੰ ਗੰਭੀਰ ਨੁਕਸਾਨ ਹੋਇਆ, ਪਰ ਫੋਰਡੋ ਅਤੇ ਇਸਫਾਹਨ ਦੀ ਤਬਾਹੀ ਦੇ ਦਾਅਵਿਆਂ ਨੂੰ ਝੂਠ ਦੱਸਿਆ ਸੀ।

ਈਰਾਨ ਨੇ ਕਿਹਾ ਸੀ ਕਿ ਉਹ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਜਾਰੀ ਰੱਖੇਗਾ ਅਤੇ ਅਮਰੀਕੀ ਹਮਲਿਆਂ ਦਾ ਜਵਾਬ ਦੇਣ ਲਈ ਰਣਨੀਤੀ ਤਿਆਰ ਕਰ ਰਿਹਾ ਹੈ। ਈਰਾਨ ਦੇ ਸੁਪਰੀਮ ਲੀਡਰ ਅਲੀ ਖਾਮੇਨਈ ਨੇ ਅਮਰੀਕੀ ਸੈਨਿਕ ਠਿਕਾਣਿਆਂ ’ਤੇ ਜਵਾਬੀ ਹਮਲਿਆਂ ਦੀ ਚੇਤਾਵਨੀ ਦਿੱਤੀ ਸੀ, ਜਿਸ ਵਿੱਚ ਕਤਰ ਵਿੱਚ ਅਮਰੀਕੀ ਠਿਕਾਣੇ ’ਤੇ ਹਮਲਾ ਸ਼ਾਮਲ ਸੀ। ਈਰਾਨ ਨੇ ਸੰਯੁਕਤ ਰਾਸ਼ਟਰ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਅਮਰੀਕਾ ਅਤੇ ਇਜ਼ਰਾਈਲ ’ਤੇ ਉਸ ਦੀ ਪ੍ਰਭੂਸੱਤਾ ਦੀ ਉਲੰਘਣਾ ਦਾ ਦੋਸ਼ ਲਾਇਆ ਸੀ।

ਸੰਯੁਕਤ ਰਾਸ਼ਟਰ ਨੇ ਅਮਰੀਕੀ ਹਮਲਿਆਂ ਦੀ ਸਖ਼ਤ ਨਿੰਦਾ ਨਹੀਂ ਕੀਤੀ ਸੀ, ਪਰ ਸਕੱਤਰ ਜਨਰਲ ਨੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਅਤੇ ਗੱਲਬਾਤ ਰਾਹੀਂ ਸਮੱਸਿਆ ਦੇ ਹੱਲ ਦੀ ਅਪੀਲ ਕੀਤੀ ਸੀ। ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਈਰਾਨ ਨੇ ਅਮਰੀਕੀ ਹਮਲਿਆਂ ਨੂੰ ‘ਗੈਰ-ਕਾਨੂੰਨੀ’ ਦੱਸਿਆ ਸੀ, ਪਰ ਅਮਰੀਕਾ ਅਤੇ ਇਜ਼ਰਾਈਲ ਨੇ ਕਿਹਾ ਕਿ ਇਹ ਹਮਲੇ ਈਰਾਨ ਦੇ ਪ੍ਰਮਾਣੂ ਹਥਿਆਰਾਂ ਦੇ ਖਤਰੇ ਨੂੰ ਰੋਕਣ ਲਈ ਜ਼ਰੂਰੀ ਸਨ। ਸੰਯੁਕਤ ਰਾਸ਼ਟਰ ਨੇ ਸਾਰੀਆਂ ਧਿਰਾਂ ਨੂੰ ਸ਼ਾਂਤੀ ਅਤੇ ਸਥਿਰਤਾ ਲਈ ਕੰਮ ਕਰਨ ਦੀ ਸਲਾਹ ਦਿੱਤੀ ਸੀ, ਪਰ ਕੋਈ ਠੋਸ ਕਾਰਵਾਈ ਦਾ ਐਲਾਨ ਨਹੀਂ ਕੀਤਾ ਸੀ।

> ਪੰਜਾਬ ਟਾਈਮਜ਼ ਅਨੁਸਾਰ ਅਮਰੀਕੀ ਹਮਲਿਆਂ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਸੀਮਤ ਨੁਕਸਾਨ ਪਹੁੰਚਾਇਆ। ਨਤਾਂਜ਼ ਨੂੰ ਸਭ ਤੋਂ ਵੱਡਾ ਝਟਕਾ ਲੱਗਾ, ਪਰ ਫੋਰਡੋ ਅਤੇ ਇਸਫਾਹਨ ਦੀ ਮੁਰੰਮਤ ਸੰਭਵ ਹੈ। ਟਰੰਪ ਦਾ ‘ਪੂਰੀ ਤਬਾਹੀ’ ਦਾ ਦਾਅਵਾ ਅਤਿਕਥਨੀ ਸਾਬਤ ਹੋਇਆ। ਈਰਾਨ ਨੇ ਜਵਾਬੀ ਕਾਰਵਾਈ ਦੀ ਧਮਕੀ ਦਿੱਤੀ ਹੈ, ਜਿਸ ਨਾਲ ਖੇਤਰੀ ਤਣਾਅ ਵਧ ਸਕਦਾ ਹੈ। ਅਮਰੀਕੀ ਮੀਡੀਆ ਨੇ ਸਰਕਾਰ ਦੇ ਦਾਅਵਿਆਂ ’ਤੇ ਸਵਾਲ ਉਠਾਏ, ਜੋ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ।

ਮਾਮਲਾ ਮੋਹਾਲੀ ਇੰਟੈਲੀਜੈਂਸ ਹੈੱਡਕੁਆਰਟਰ ਹਮਲੇ ਦਾ

# ਰਿੰਦਾ ਸਮੇਤ 3 ਖਾੜਕੂ ਐਲਾਨੇ ਜਾਣਗੇ ਭਗੌੜੇ

## ✪ ਤਿਹਾੜ ਵਿਚ ਬੰਦ ਦਿਵਯਾਂਸ਼ੂ ਨੂੰ ਪੰਜਾਬ ਲਿਆਂਦਾ ਜਾਵੇਗਾ

ਚੰਡੀਗੜ੍ਹ-2022 ਦੇ ਮੋਹਾਲੀ ਇੰਟੈਲੀਜੈਂਸ ਹੈੱਡਕੁਆਰਟਰ ਹਮਲੇ ਦੇ ਮਾਮਲੇ ਵਿੱਚ ਤਿੰਨ ਮੁਲਜ਼ਮ ਖਾੜਕੂ ਹਰਵਿੰਦਰ ਸਿੰਘ ਰਿੰਦਾ, ਲਖਵੀਰ ਸਿੰਘ ਅਤੇ ਦੀਪਕ ਨੂੰ ਭਗੌੜਾ ਐਲਾਨਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ।

ਇੰਟੈਲੀਜੈਂਸ ਹੈੱਡਕੁਆਰਟਰ ’ਤੇ ਹਮਲੇ ਦੇ ਦੋਸ਼ੀ ਦਿਵਯਾਂਸ਼ੂ ਨੂੰ ਪੰਜਾਬ ਲਿਆਂਦਾ ਜਾਵੇਗਾ। ਇਸ ਵੇਲੇ ਦੋਸ਼ੀ ਤਿਹਾੜ ਜੇਲ੍ਹ ਵਿੱਚ ਬੰਦ ਹੈ। ਦਿਵਯਾਂਸ਼ੂ ਨੂੰ ਤਿਹਾੜ ਤੋਂ ਪੰਜਾਬ ਲਿਆਉਣ ਤੋਂ ਬਾਅਦ, ਉਸਨੂੰ ਪਟਿਆਲਾ ਜੇਲ੍ਹ ਵਿੱਚ ਰੱਖਿਆ ਜਾਵੇਗਾ।

ਹਮਲੇ ਦੇ ਮਾਮਲੇ ਦੇ ਪੰਜ ਮੁਲਜ਼ਮਾਂ - ਨਿਸ਼ਾਨ ਸਿੰਘ, ਚੜ੍ਹਤ ਸਿੰਘ, ਵਿਕਾਸ ਕੁਮਾਰ, ਬਲਜਿੰਦਰ ਸਿੰਘ ਅਤੇ ਗੁਰਪਿੰਦਰ ਸਿੰਘ ਪਿੰਦਾ - ਨੂੰ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਜਾ ਰਿਹਾ ਹੈ। ਇਸ ਦਾ ਨੋਟਿਸ ਲੈਂਦੇ ਹੋਏ, ਅਦਾਲਤ ਨੇ ਸਾਰੇ ਦੋਸ਼ੀਆਂ ਲਈ 19 ਅਗਸਤ ਲਈ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਹਨ।


ਮੁਲਜ਼ਮ ਨਿਸ਼ਾਨ ਸਿੰਘ ਵੱਲੋਂ ਧਾਰਾ 270 ਸੀਆਰਪੀਸੀ ਤਹਿਤ ਦਾਇਰ ਪਟੀਸ਼ਨ ’ਤੇ ਸੁਣਵਾਈ ਵੀ 19 ਅਗਸਤ ਨੂੰ ਹੋਵੇਗੀ। ਅਦਾਲਤ ਇਸ ਦਿਨ ਦੋ ਹੋਰ ਪਟੀਸ਼ਨਾਂ ’ਤੇ ਵੀ ਸੁਣਵਾਈ ਕਰੇਗੀ। ਇਨ੍ਹਾਂ ਵਿੱਚੋਂ ਇੱਕ ਅਰਜ਼ੀ ਚਲਾਨ ਦੀ ਕਾਪੀ ਨਾਲ ਸਬੰਧਤ ਹੈ ਅਤੇ ਦੂਜੀ ਸੋਹਾਣਾ ਥਾਣੇ ਦੇ ਸਟੇਸ਼ਨ ਹਾਊਸ



ਅਫਸਰ ਦੁਆਰਾ ਦਾਇਰ ਕੀਤੀ ਗਈ ਹੈ। ਮਾਮਲੇ ਦੀ ਫੋਰੈਂਸਿਕ ਰਿਪੋਰਟ ਵਿੱਚ ਇਹ ਸਪੱਸ਼ਟ ਹੋ ਗਿਆ ਹੈ ਕਿ ਇਹ ਅਪਰਾਧ ਰਾਕੇਟ ਲਾਂਚਰ ਦੀ ਵਰਤੋਂ ਕਰਕੇ ਕੀਤਾ ਗਿਆ ਸੀ। ਹਮਲੇ ਵਿੱਚ ਸ਼ਾਮਲ ਦਿਵਯਾਂਸ਼ੂ ਨੂੰ ਇੱਕ ਬਾਲਗ ਦੱਸਿਆ ਗਿਆ ਸੀ।

ਪਹਿਲਾਂ ਕਿਹਾ ਜਾ ਰਿਹਾ ਸੀ ਕਿ ਦਿਵਯਾਂਸ਼ੂ ਨਾਬਾਲਗ ਸੀ। ਪਰ ਜਾਂਚ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ। ਪਿਛਲੇ ਐਤਵਾਰ ਹੀ, ਪੰਜਾਬ ਪੁਲਿਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਤਿੰਨ ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਨੇ ਪੁਲਿਸ ਥਾਣਿਆਂ ਅਤੇ ਪੁਲਿਸ ਚੌਂਕੀਆਂ ’ਤੇ ਗ੍ਰਨੇਡ ਹਮਲੇ ਕੀਤੇ ਸਨ।

## ਸਿਹਤ ਤੇ ਸੁੰਦਰਤਾ



# ਕੋਰੋਨਾ-19 ਮਗਰੋਂ ਬਲੈਕ ਫੰਗਸ ਨੇ ਵਧਾਈ ਚਿੰਤਾ

## ✪ ਆਈਸੀਐਮਆਰ ਦੀ ਰਿਪੋਰਟ ਹੈਰਾਨਕੁੰਨ ਖੁਲਾਸਾ

ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈਸੀਐਮਆਰ) ਦੀ ਇੱਕ ਨਵੀਂ ਰਿਪੋਰਟ ਵਿੱਚ ਕੋਰੋਨਾ ਕਾਲ ਦੌਰਾਨ ਤੇਜ਼ੀ ਨਾਲ ਫੈਲਣ ਵਾਲੀ ਬਲੈਕ ਫੰਗਸ (ਮਿਊਕੋਰਮਾਈਕੋਸਿਸ) ਬਾਰੇ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਗਏ ਹਨ। ਇਸ ਰਿਪੋਰਟ ਅਨੁਸਾਰ, ਬਲੈਕ ਫੰਗਸ ਤੋਂ ਠੀਕ ਹੋਏ ਲੋਕਾਂ ਨੂੰ ਚਿਹਰੇ ਦਾ ਵਿਗੜਨਾ ਅਤੇ ਬੋਲਣ ਵਿੱਚ ਮੁਸ਼ਕਲ ਵਰਗੀਆਂ ਲੰਬੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਅਧਿਐਨ ਕਲੀਨਿਕਲ ਮਾਈਕ੍ਰੋਬਾਇਓਲੋਜੀ ਐਂਡ ਇਨਫੈਕਸ਼ਨ ਨਾਮਕ ਇੱਕ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਿਤ ਹੋਇਆ ਹੈ। ਇਸ ਵਿੱਚ ਦੇਸ਼ ਦੇ 26 ਹਸਪਤਾਲਾਂ ਵਿੱਚ ਦਾਖਲ 686 ਮਰੀਜ਼ਾਂ ਦੀ ਜਾਂਚ ਕੀਤੀ ਗਈ। ਅਧਿਐਨ ਦੇ ਲੇਖਕ ਡਾ. ਰਿਜ਼ਵਾਨ ਸੁਲੀਅਨਕਾਚੀ ਅਬਦੁਲ ਕਾਦਰ ਅਨੁਸਾਰ, ਬਲੈਕ ਫੰਗਸ ਤੋਂ ਠੀਕ ਹੋਣ ਦੇ ਇੱਕ ਸਾਲ ਬਾਅਦ ਵੀ, 70% ਤੋਂ ਵੱਧ ਮਰੀਜ਼ ਸਰੀਰਕ ਜਾਂ ਮਾਨਸਿਕ ਸਮੱਸਿਆਵਾਂ ਤੋਂ ਪਰੇਸ਼ਾਨ ਪਾਏ ਗਏ।

ਉਨ੍ਹਾਂ ਦੱਸਿਆ ਕਿ ਜਿਨ੍ਹਾਂ ਲੋਕਾਂ ਨੂੰ ਆਪ੍ਰੇਸ਼ਨ ਦੇ ਨਾਲ ਐਂਟੀਫੰਗਲ ਦਵਾਈਆਂ ਦਾ ਸੁਮੇਲ ਮਿਲਿਆ, ਉਨ੍ਹਾਂ ਦੇ ਬਚਣ ਦੀ ਸੰਭਾਵਨਾ ਵਧੇਰੇ ਸੀ ਪਰ ਇਲਾਜ ਤੋਂ ਬਾਅਦ, ਬਹੁਤ ਸਾਰੇ ਲੋਕਾਂ ਵਿੱਚ ਚਿਹਰੇ ਦੀ ਬਣਤਰ ਵਿਗੜਨ ਅਤੇ ਮਾਨਸਿਕ ਤਣਾਅ ਵਰਗੀਆਂ ਸਮੱਸਿਆਵਾਂ ਵੇਖੀਆਂ ਗਈਆਂ। ਇਹ



ਅਧਿਐਨ ਆਲ ਇੰਡੀਆ ਮਿਊਕੋਰਮਾਈਕੋਸਿਸ ਕੰਸੋਰਟੀਅਮ ਦੇ ਸਹਿਯੋਗ ਨਾਲ ਕੀਤਾ ਗਿਆ ਸੀ, ਜਿਸ ਵਿੱਚ ਸ਼ਹਿਰਾਂ ਅਤੇ ਪਿੰਡਾਂ ਦੋਵਾਂ ਦੇ ਮਰੀਜ਼ ਸ਼ਾਮਲ ਸਨ।

### ਮਰੀਜ਼ ਬਲੈਕ ਫੰਗਸ ਨਾਲ ਸੰਕਰਮਿਤ ਸਨ

ਇਨ੍ਹਾਂ ਵਿੱਚੋਂ ਜ਼ਿਆਦਾਤਰ ਮਰੀਜ਼ ਮਾਰਚ ਅਤੇ ਜੁਲਾਈ 2021 ਦੇ ਵਿਚਕਾਰ ਬਲੈਕ ਫੰਗਸ ਨਾਲ ਸੰਕਰਮਿਤ ਹੋਏ ਸਨ, ਅਤੇ ਇਨ੍ਹਾਂ ਵਿੱਚੋਂ 80% ਮਰੀਜ਼ ਉਹ ਸਨ ਜਿਨ੍ਹਾਂ ਨੂੰ ਕੋਰੋਨਾ ਵੀ ਸੀ। ਇਸ ਮਾਮਲੇ ਵਿੱਚ, ਡਾ. ਰਿਜ਼ਵਾਨ ਨੇ ਦੱਸਿਆ ਕਿ ਇਹ ਸਮੱਸਿਆਵਾਂ ਸਿਰਫ਼ ਸੋਚਣ ਬਾਰੇ ਨਹੀਂ ਹਨ, ਸਗੋਂ ਬਹੁਤ ਸਾਰੇ ਮਰੀਜ਼ਾਂ ਦੀ ਅਸਲ ਜ਼ਿੰਦਗੀ ਵਿੱਚ ਇੱਕ ਸਮੱਸਿਆ ਬਣ ਗਈਆਂ ਹਨ। ਜਿਵੇਂ ਕਿ ਚਿਹਰਾ ਖਰਾਬ ਹੋਣਾ, ਬੋਲਣ ਵਿੱਚ ਮੁਸ਼ਕਲ ਅਤੇ ਹਰ ਸਮੇਂ ਚਿੰਤਤ ਰਹਿਣਾ। ਉਨ੍ਹਾਂ ਕਿਹਾ ਕਿ ਅਜੇ ਵੀ ਸਮਾਂ ਹੈ ਜਦੋਂ ਭਾਰਤ ਨੂੰ ਨਾ ਸਿਰਫ਼ ਜਾਨਾਂ ਬਚਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ, ਸਗੋਂ ਠੀਕ ਹੋਏ ਮਰੀਜ਼ਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ।

### ਇੱਥੇ ਕੁਝ ਮਹੱਤਵਪੂਰਨ ਅੰਕੜੇ ਹਨ

686 ਮਰੀਜ਼ਾਂ ਵਿੱਚੋਂ, 14.7% (101 ਮਰੀਜ਼) ਇੱਕ ਸਾਲ ਦੇ ਅੰਦਰ ਮਰ ਗਏ। ਜ਼ਿਆਦਾਤਰ ਲੋਕਾਂ ਦੀ ਮੌਤ ਹਸਪਤਾਲ ਵਿੱਚ ਇਲਾਜ ਦੌਰਾਨ ਹੋਈ। ਜਿਨ੍ਹਾਂ ਮਰੀਜ਼ਾਂ ਨੂੰ ਐਮਫੋਟੇਰੀਸਿਨ ਬੀ ਅਤੇ ਪੋਸਾਕੋਨਾਜ਼ੋਲ ਵਰਗੀਆਂ ਦਵਾਈਆਂ ਦਿੱਤੀਆਂ ਗਈਆਂ ਸਨ, ਉਹ ਬਿਹਤਰ ਹਾਲਤ ਵਿੱਚ ਸਨ ਅਤੇ ਉਨ੍ਹਾਂ ਦੇ ਬਚਣ ਦੀ ਸੰਭਾਵਨਾ ਵੱਧ ਸੀ।

ਕੋਰੋਨਾ ਦੀ ਦੂਜੀ ਲਹਿਰ ਦੌਰਾਨ 80% ਮਰੀਜ਼ਾਂ ਨੂੰ ਬਲੈਕ ਫੰਗਸ ਹੋਇਆ। ਇਸਦਾ ਮੁੱਖ ਕਾਰਨ ਸ਼ੂਗਰ, ਸਟੀਰੌਇਡ ਅਤੇ ਆਕਸੀਜਨ ਥੈਰੇਪੀ ਮੰਨਿਆ ਗਿਆ ਸੀ।

### ਬਲੈਕ ਫੰਗਸ ਕੀ ਹੈ ?

ਬਲੈਕ ਫੰਗਸ, ਜਿਸਨੂੰ ਮਿਊਕੋਰਮਾਈਕੋਸਿਸ ਵੀ ਕਿਹਾ ਜਾਂਦਾ ਹੈ, ਇੱਕ ਗੰਭੀਰ ਫੰਗਲ ਇਨਫੈਕਸ਼ਨ ਹੈ। ਇਹ ਨੱਕ, ਸਾਹ ਦੀ ਨਾਲੀ, ਅੱਖਾਂ, ਦਿਮਾਗ ਅਤੇ ਜਬਾੜੇ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹ ਬਿਮਾਰੀ ਉਨ੍ਹਾਂ ਲੋਕਾਂ ਵਿੱਚ ਵਧੇਰੇ ਆਮ ਹੈ ਜੋ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਨ ਵਾਲੀਆਂ ਦਵਾਈਆਂ ਲੈਂਦੇ ਹਨ, ਜਿਵੇਂ ਕਿ ਕੈਂਸਰ ਜਾਂ ਟ੍ਰਾਂਸਪਲਾਂਟ ਮਰੀਜ਼। ਸ਼ੂਗਰ ਤੋਂ ਪੀੜਤ ਲੋਕਾਂ ਨੂੰ ਵੀ ਵਧੇਰੇ ਜੋਖਮ ਹੁੰਦਾ ਹੈ। ਕੋਰੋਨਾ ਦੌਰਾਨ ਕੁਝ ਦਵਾਈਆਂ ਦੀ ਵਰਤੋਂ ਕਾਰਨ ਇਸਦਾ ਫੈਲਾਅ ਹੋਰ ਵਧ ਗਿਆ ਸੀ।

## * ਚੁੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਅਕਾਲੀ ਦਲ ਨਾਲ ਭਾਜਪਾ ਦਾ ਸਮਝੌਤਾ ਹੁਣ ਦੂਰ ਦੀ ਗੱਲ- ਰਵਨੀਤ ਬਿੱਟੂ

-ਬਿੱਟੂ ਸਿਆਂ ਜਦੋਂ ਸਮਝੌਤਾ ਹੋਣੈ ਤੇਰੇ ਵਰਗਿਆਂ ਨੂੰ ਕੀਹਨੇ ਪੁੱਛਣੈ!

*ਅਮਰੀਕਾ 'ਚ ਨਕਲੀ ਦਵਾਈਆਂ ਵੇਚਣ ਦੇ ਦੋਸ਼ ਵਿਚ ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਸਜ਼ਾ- ਇਕ ਖ਼ਬਰ

-ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।




*ਬੇਅਦਬੀ ਦੇ ਮਾਮਲੇ 'ਤੇ ਪੰਜਾਬ ਸਰਕਾਰ ਨੇ ਸਿਰਫ਼ ਸਿਆਸਤ ਹੀ ਕੀਤੀ ਹੈ- ਸੁਖਬੀਰ ਬਾਦਲ

-ਤੁਸੀਂ ਵੀ ਤਾਂ ਆਪਣੇ ਰਾਜ ਵਿਚ ਇਹੋ ਕੰਮ ਕੀਤਾ ਸੀ।



*ਮਾਝੇ 'ਚ ਅਕਾਲੀ ਦਲ ਨੂੰ ਝਟਕਾ, ਹਰਮੀਤ ਸਿੰਘ ਸੰਧੂ 'ਆਪ' ਪਾਰਟੀ 'ਚ ਸ਼ਾਮਲ- ਇਕ ਖ਼ਬਰ

-ਜ਼ਮਾਨਤਾਂ ਜ਼ਬਤ ਕਰਵਾਉਣ ਵਾਲੀ ਪਾਰਟੀ ਦੇ ਨਾਲ ਨਾਲ ਹੁਣ ਝਟਕਿਆਂ ਵਾਲੀ ਪਾਰਟੀ ਦਾ 'ਮੈਡਲ' ਵੀ ਮਿਲ ਗਿਆ।



*ਬਿਹਾਰ, ਪੱਛਮੀ ਬੰਗਾਲ 'ਚ ਪ੍ਰਧਾਨ ਮੰਤਰੀ ਮੋਦੀ ਕਈ ਵਿਕਾਸ ਪ੍ਰਜੈਕਟਾਂ ਦੀ ਸ਼ੁਰੂਆਤ ਕਰਨਗੇ- ਇਕ ਖ਼ਬਰ

-ਚੋਣਾਂ ਆਈਆਂ, ਚੋਣਾਂ ਆਈਆਂ, ਵੰਡਾਂ ਮੈਂ ਰਿਉੜੀਆਂ।




*ਸਾਬਕਾ ਮੰਤਰੀ ਅਨਮੋਲ ਗਗਨ ਮਾਨ ਨੇ ਆਪਣੇ ਅਹੁਦੇ ਤੋਂ ਦਿਤਾ ਅਸਤੀਫ਼ਾ- ਇਕ ਖ਼ਬਰ

-ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਾ ਬਹਿੰਦੀ।




*ਦਿੱਲੀ ਦਾ ਦਖ਼ਲ ਪੰਜਾਬ ਵਾਸਤੇ ਖ਼ਤਰਨਾਕ-ਗੁਰਜੀਤ ਸਿੰਘ ਔਜਲਾ

-ਆਤਿਸ਼ ਲੈਣ ਬਿਗਾਨੇ ਘਰ ਦੀ, ਤੇ ਫੂਕ ਲੈਣ ਘਰ ਆਪਣਾ।



*ਅਮਰੀਕਾ ਵਲੋਂ ਸਰਹੱਦੀ ਕੰਧ ਦੇ ਨਿਰਮਾਣ ਦਾ ਮੈਕਸੀਕੋ ਵਲੋਂ ਸਖ਼ਤ ਵਿਰੋਧ- ਇਕ ਖ਼ਬਰ

-ਬਦੀਆਂ ਨਾ ਕਰ ਵੇ, ਕੈ ਦਿਨ ਦੀ ਜ਼ਿੰਦਗਾਨੀ।



*ਮੋਦੀ ਨੇ ਬਿਹਾਰ ਰੈਲੀ 'ਚ ਵਜਾਇਆ ਚੋਣ ਬਿਗੁਲ- ਇਕ ਖ਼ਬਰ

-ਰੁੱਤ ਯਾਰੀਆਂ ਲਾਉਣ ਦੀ ਆਈ, ਬੇਰੀਆਂ ਦੇ ਬੇਰ ਪੱਕ ਗਏ।

*ਵਿਆਹ ਦਾ ਝਾਂਸਾ ਦੇ ਕੇ ਕੁੜੀਆਂ ਨੇ ਠੱਗੇ ਪੰਜਾਬ ਦੇ ਸੱਤ ਕੁਆਰੇ ਮੁੰਡੇ-ਇਕ ਖ਼ਬਰ

-ਕਦੀ ਬਾਬੇ ਦੀਆਂ, ਕਦੇ ਪੋਤੇ ਦੀਆਂ।



*ਆਮ ਆਦਮੀ ਪਾਰਟੀ ਹੁਣ 'ਇੰਡੀਆ ਮਹਾਂਗੱਠਜੋੜ' ਦਾ ਹਿੱਸਾ ਨਹੀਂ- ਸੰਜੇ ਸਿੰਘ

-ਤੇਰੇ ਨਾਲ ਨਾ ਤਲੰਗਿਆ ਜਾਣਾ, ਛੱਡ ਜਾਏਂ ਟੇਸ਼ਣ 'ਤੇ।



*ਬੀ. ਕੇ. ਯੂ. (ਏਕਤਾ) ਉਗਰਾਹਾਂ ਸਰਬ ਪਾਰਟੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਵੇਗੀ- ਇਕ ਖ਼ਬਰ

-ਢਾਈ ਪਾ ਦੀ ਖਿਚੜੀ ਨੂੰ, ਅਸੀਂ ਤੁੜਕਾ ਅਲਹਿਦਾ ਲਾਉਣਾ।



*ਦੇਸ਼ ਭਰ 'ਚ ਬੰਗਾਲੀ ਭਾਸ਼ਾ ਬੋਲਣ ਵਾਲੇ ਲੋਕਾਂ ਨੂੰ ਭਾਜਪਾ ਪ੍ਰੇਸ਼ਾਨ ਕਰ ਰਹੀ ਹੈ- ਮਮਤਾ ਬੈਨਰਜੀ

-ਲੌਂਗ ਘੜਾ ਦਊਂਗਾ, ਗੁੱਸਾ ਛੱਡ ਮੁਟਿਆਰੇ।



*ਸਿਆਸਤਦਾਨ ਅਤੇ ਡਾਕਟਰ ਕਦੇ ਵੀ ਸੇਵਾਮੁਕਤ ਨਹੀਂ ਹੁੰਦੇ- ਉਮਾ ਭਾਰਤੀ

-ਗੁੱਝੀਆਂ ਰਮਜ਼ਾਂ ਦੇ, ਤੀਰ ਨਿਸ਼ਾਨੇ ਲਾਵੇ।

*ਕਾਂਗਰਸੀ ਵਿਧਾਇਕ ਵਲੋਂ ਸਦਨ ਵਿਚ ਗਾਲ੍ਹ ਕੱਢੀ ਗਈ- ਇਕ ਖ਼ਬਰ

-ਕਾਹਨੂੰ ਮਾਰਦੈਂ ਪਤਲਿਆ ਡਾਕੇ, ਔਖੀ ਹੋ ਜੂ ਕੈਦ ਕੱਟਣੀ।

ਦੇਗ ਤੇਗ ਫਤਿਹ॥ ੴ ਸਤਿਗੁਰੂ ਪ੍ਰਸਾਦਿ॥ ਪੰਥ ਕੀ ਜੀਤ॥

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ ।



ਸੁਰਜੀਤ ਸਿੰਘ ਪੁਰੇਵਾਲ ਸਰਪ੍ਰਸਤ | ਸੁਖਦੇਵ ਸਿੰਘ ਸਿੱਧੂ ਚੇਅਰਮੈਨ | ਸੁਰਿੰਦਰ ਸੈਣੀ ਡੀ.ਆਈ.ਜੀ.

# ਜੀ ਐਨ ਜੀ ਕਬੱਡੀ ਕਲੱਬ

## ਬਰਮਿੰਘਮ, ਸਮੈਦਿਕ

# 60ਵਾਂ ਗੋਲਡ ਕਬੱਡੀ ਕੱਪ



ਨੇਕਾ ਮੈਰੀਪੁਰੀਆ ਪ੍ਰਧਾਨ | ਗੁਰਨਾਮ ਸਿੰਘ ਸਿੱਧੂ ਜਨਰਲ ਸਕੱਤਰ



ਬਲਵਿੰਦਰ ਦੂਲੇ ਮੀਤ ਪ੍ਰਧਾਨ

## 27 ਜੁਲਾਈ 2025, ਦਿਨ ਐਤਵਾਰ



ਪਿੰਦੂ ਜੌਹਲ ਖਜ਼ਾਨਚੀ

Sandwell Valley Country Park Salter's Lane West Bromwich B71 4BG



ਪਿਆਰੇ ਦਰਸ਼ਕੋ, ਖੇਡ-ਪ੍ਰੇਮੀਓ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਅਤੇ ਜੀ. ਐਨ.ਜੀ. ਕਬੱਡੀ ਕਲੱਬ ਬ੍ਰਮਿੰਘਮ ਵੱਲੋਂ ਹਰ ਸਾਲ ਦੀ ਤਰ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਦੌਰਾਨ ਕਬੱਡੀ ਦੇ ਭਰਵੇਂ ਮੁਕਾਬਲੇ ਹੋਣਗੇ। ਯੂ ਕੇ ਭਰ ਤੋਂ ਕਬੱਡੀ ਦੀਆਂ ਟੀਮਾਂ ਪਹੁੰਚ ਰਹੀਆਂ ਹਨ। ਮਿਡਲੈਂਡ ਦਾ ਇਹ ਟੂਰਨਾਮੈਂਟ ਬਰਤਾਨੀਆ ਵਿੱਚ ਸਭ ਤੋਂ ਮਸ਼ਹੂਰ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕ ਟੂਰਨਾਮੈਂਟ ਦੇਖਣ ਲਈ ਯੂ ਕੇ ਦੇ ਕੋਨੇ ਕੋਨੇ ਵਿੱਚੋਂ ਪੁੱਜਦੇ ਹਨ। ਸੋ ਤੁਸੀਂ ਵੀ ਹੁੰਮ-ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**ਕਿਰਪਾ ਕਰਕੇ ਨੋਟ ਕਰੋ:-** ਸ਼ਰਾਬ ਪੀਣਾ, ਸਮੋਕਿੰਗ, 'ਤੇ ਮੀਟ ਖਾਣ ਦੀ ਇਥੇ ਸਖ਼ਤ ਮਨਾਹੀ ਹੈ। ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਕਿਉਰਟੀ ਵੱਲੋਂ ਮੈਦਾਨ ਵਿੱਚੋਂ ਕੱਢ ਦਿੱਤਾ ਜਾਵੇਗਾ।

**ਨੋਟ:- ਗਰਾਊਂਡ ਦੀ ਦਾਖਲਾ ਫੀਸ £15 (ਪੰਦਰਾਂ ਪੌਂਡ) ਹੈ**

**ਜਾਰੀ ਕਰਤਾ : ਜੀ. ਐਨ. ਜੀ. ਕਬੱਡੀ ਕਲੱਬ, ਬ੍ਰਮਿੰਘਮ**

**ਕਬੱਡੀ ਬਾਰੇ ਵਧੇਰੇ ਜਾਣਕਾਰੀ ਲਈ ਸੰਪਰਕ:-**

ਹਰਨੇਕ ਸਿੰਘ ਨੇਕਾ ਮੈਰੀਪੁਰੀਆ 07506 712284
ਸੁਰਜੀਤ ਸਿੰਘ ਪੁਰੇਵਾਲ 07736 444909
ਅਮਰੀਕ ਸਿੰਘ ਮੀਕਾ 07530 001111
ਬਲਵਿੰਦਰ ਸਿੰਘ ਦੂਲੇ 07949 609699
ਸੁਖਦੇਵ ਸਿੰਘ ਸਿੱਧੂ 07932 588400
ਅਤੇ ਪਿੰਦੂ ਜੌਹਲ 07949 293939

## GROUP-A ਬ੍ਰਮਿੰਘਮ ਟੂਰਨਾਮੈਂਟ ਦੀਆਂ ਟਾਈਆਂ

**Pool - A**
- HAYES / DERBY KC vs ERITH WOOLWICH / SOUTHALL KC — 3rd Match 11:40pm
- ST WOLVERHAMPTON / MEDWAY KC vs BIRMINGHAM / COVENTRY KC — 5th Match 12:50pm
- 7th Match 14:00pm

**Pool - B**
- BARKING / GRAVESEND KC vs LEICESTER / BRADFORD KC — 4th Match 12:15pm
- TELFORD Kabaddi Club vs SLOUGH / ICKENHAM KC — 6th Match 13:25pm
- 8th Match 14:45pm

10th Match Final 17:00 PM

## GROUP - B


- BABA DEEP SINGH JI (B TEAM) vs MAUR CLUB (B TEAM) — 1st Match 10:30am
- MIDLAND TIGERS (B TEAM) vs LONDON TIGERS (B TEAM) — 2nd Match 11:05am
- 9th Match 15:30pm B TEAM Final

**ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਨਾਨਕ ਗੁਰਦੁਆਰਾ ਸਮੈਦਿਕ**

ਪ੍ਰਧਾਨ - ਜਤਿੰਦਰ ਸਿੰਘ ਬਾਸੀ, ਜਨਰਲ ਸਕੱਤਰ - ਪ੍ਰਮਜੀਤ ਸਿੰਘ ਢਿੱਲੋਂ, ਖਜ਼ਾਨਚੀ - ਤਰਸੇਮ ਸਿੰਘ ਢੇਕਰ, ਸਟੇਜ ਸਕੱਤਰ - ਜਗਜੀਵਨ ਸਿੰਘ

# ਕੌਮਾਂ ਬਾਹਰਮੁੱਖੀ ਹਾਦਸਿਆਂ ਹੱਥੋਂ ਨਹੀਂ ਮਰਦੀਆਂ ਇਨ੍ਹਾਂ ਨੂੰ ਇਨ੍ਹਾਂ ਦੇ ਅੰਦਰਲੇ ਭਭੀਖਣ ਹੀ ਲੈ ਡੁੱਬਦੇ ਹਨ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



13 ਜੁਲਾਈ 2025 ਦਿਨ ਐਤਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਹੋਈ ਪੰਥਕ ਕਾਨਫਰੰਸ ਦੀ ਰਿਪੋਰਟ: ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਨੂੰ ਕਾਇਮ ਰੱਖਣ ਲਈ ਸਾਰੀਆਂ ਪੰਥਕ ਧਿਰਾਂ ਨੂੰ ਸੁਹਿਰਦ ਹੋਣ ਦੀ ਲੋੜ, ਦੇ ਸਿਰਲੇਖ ਹੇਠ ਇਸ ਹਫ਼ਤੇ ਦੇ ਪੰਜਾਬ ਟਾਈਮਜ਼ ਦੇ ਅੰਕ 3089 ਦੇ ਸਫ਼ਾ 42 ਉੱਤੇ ਛੱਪੀ ਹੈ। ਇਸੇ ਪੰਜਾਬ ਟਾਈਮਜ਼ ਦੇ ਅੰਕ 3089 ਦੇ ਸਫ਼ਾ 45 ਉੱਤੇ ਇਕ ਹੋਰ ਖ਼ਬਰ: ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੌਰਾਨ ਸ਼੍ਰੋਮਣੀ ਕਮੇਟੀ ਤਿਆਰੀਆਂ ਵਿੱਚ ਜੁਟੀ, ਦਾਸ ਨੇ ਇਸ ਖ਼ਬਰ ਦੇ ਕੇਵਲ ਉਸ ਹਿੱਸੇ ਦਾ ਹੀ ਜ਼ਿਕਰ ਕਰਨਾ ਹੈ ਜਿਸ ਦਾ ਸਬੰਧ ਦਾਸ ਦੇ ਹੱਥਲੇ ਲੇਖ ਦੇ ਵਿਸ਼ੇ ਨਾਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਗੁਰਤਾਗੱਦੀ ਦਿਵਸ ਨੂੰ ਵੀ ਇਸੇ ਸ਼ਤਾਬਦੀ ਨਾਲ ਜੋੜ ਕੇ ਮਨਾਇਆ ਜਾਵੇਗਾ। ਜਿਸ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਅਤੇ ਪ੍ਰੋਗਰਾਮ ਸ਼ਾਮਿਲ ਹੋਣਗੇ। ਉੱਚ ਪੱਧਰੀ ਤਾਲਮੇਲ ਕਮੇਟੀ ਦੀ ਪਲੇਠੀ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਸਾਹਬ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ, ਰਘੂਜੀਤ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਬੇਲਾਂ ਵਾਲੇ, ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਗਿਆਨੀ ਸਾਹਿਬ ਸਿੰਘ, ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁੱਖਵਿੰਦਰ ਸਿੰਘ ਭੂਰੀ ਵਾਲੇ, ਸੀਨੀਅਰ ਆਗੂ ਡਾ: ਦਿਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਸੁਆਮੀ ਜੀ ਸੁਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋ ਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਆਦਿ ਤੋਂ ਇਲਾਵਾ 2 ਭਗਵਾਂਧਾਰੀ ਆਰ. ਐੱਸ. ਐੱਸ. ਦੇ ਮੈਂਬਰ ਵੀ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਪਲੇਠੀ ਇਕੱਤਰਤਾ ਵਿੱਚ ਬੈਠੇ ਦਿੱਸ ਰਹੇ ਹਨ। ਉਕਤ ਆਰ. ਐੱਸ. ਐੱਸ. ਦੀ ਤਸਵੀਰਾਂ ਸਮੇਤ ਛਪੀ ਖ਼ਬਰ ਤੋਂ ਇਹ ਗੱਲ ਸੁਤੇ ਸਿੱਧ ਹੀ ਸਮਝ ਪੈ ਜਾਂਦੀ ਹੈ ਕਿ ਆਰ. ਐੱਸ. ਐੱਸ., ਗੁਰੂ ਤੇਗ਼ ਬਹਾਦਰ ਸਾਹਿਬ ਦੀ 350 ਸਾਲਾ ਸ਼ਤਾਬਦੀ ਮਨਾਉਣ ਵਾਲੇ ਪ੍ਰੋਗਰਾਮਾਂ ਵਿੱਚ ਸਿੱਧੀ ਦਖ਼ਲ ਅੰਦਾਜ਼ੀ ਕਰ ਰਹੀ ਹੈ। ਇਹ ਜਾਨਣ ਲਈ ਕਿ ਆਰ. ਐੱਸ. ਐੱਸ. ਦਖ਼ਲ ਅੰਦਾਜ਼ੀ ਕਿਉਂ ਕਰ ਰਹੀ ਹੈ ਸਾਨੂੰ ਪਿਛਲੇ ਹਫ਼ਤੇ ਦੇ ਪੰਜਾਬ ਟਾਈਮਜ਼ ਦੇ ਅੰਕ 3088 ਦੇ ਸਫ਼ਾ 4 'ਤੇ ਛਪੀ ਇਸ ਖ਼ਬਰ ਕਿ: ਸੰਘ ਪਰਿਵਾਰ ਸਿੱਖ ਇਤਿਹਾਸ ਕਿਉਂ ਬਦਲ ਰਿਹਾ ਹੈ, ਨਾਲ ਜੋੜ ਕੇ ਵੇਖਣਾ ਪਵੇਗਾ। ਉਕਤ ਇਸ ਖ਼ਬਰ ਦੀਆਂ ਇਹ ਸਤਰਾਂ ਚਿੰਤਾ ਦਾ ਵਿਸ਼ਾ ਅਤੇ ਵਿਚਾਰਨ ਯੋਗ ਹਨ: ਸੰਘ ਦੀਆਂ ਸੰਸਥਾਵਾਂ, ਜਿਵੇਂ ਵੀ. ਐੱਚ. ਪੀ. ਨੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਚੁਣੌਤੀ ਦਿੱਤੀ ਹੈ। ਸੰਘ ਪਰਿਵਾਰ ਵਾਲੇ ਸਿੱਖ ਸੱਭਿਆਚਾਰ ਦੇ ਪ੍ਰਤੀਕਾਂ (ਜਿਵੇਂ ਕਿਰਪਾਨ, ਪੰਜ ਕਕਾਰ) ਨੂੰ ਹਿੰਦੂ ਰੀਤੀ ਰਿਵਾਜਾਂ ਨਾਲ ਜੋੜਦੇ ਹਨ। ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਣ ਨਾਲ ਸਿੱਖਾਂ ਦੀ ਵੱਖਰੀ ਪਛਾਣ ਨੂੰ ਕਮਜ਼ੋਰ ਕਰਨਾ ਹੈ, ਤਾਂ ਜੋ ਹਿੰਦੂ ਰਾਸ਼ਟਰ ਨੂੰ ਹੁਲਾਰਾ ਮਿਲ ਸਕੇ। ਸੰਘ ਮੰਨਦਾ ਹੈ ਕਿ ਸਿੱਖ ਗੁਰੂਆਂ ਨੇ ਮੁਗ਼ਲਾਂ ਵਿਰੁੱਧ ਲੜਾਈ ਹਿੰਦੂ ਧਰਮ ਦੀ ਰਾਖੀ ਲਈ ਕੀਤੀ। ਆਰ. ਐੱਸ. ਐੱਸ. ਗੁਰੂ ਤੇਗ਼ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸਮਾਗਮਾਂ ਨੂੰ ਮਨਾਉਣ ਵਾਲੀ ਉੱਚ ਪੱਧਰੀ ਤਾਲਮੇਲ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ ਦਲ) ਦੇ ਕਾਰਕੁਨਾਂ ਦੇ ਬਰਾਬਰ ਮੇਜ 'ਤੇ ਬੈਠ ਕੇ ਆਰ. ਐੱਸ. ਐੱਸ. ਵਾਲੇ ਦੱਸਣਾ ਚਾਹੁੰਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਕੇਵਲ ਹਿੰਦੂ ਧਰਮ ਬਚਾਉਣ ਲਈ ਹੀ ਦਿੱਤੀ। ਜਦਕਿ ਸੱਚਾਈ ਇਸ ਦੇ ਬਿਲਕੁੱਲ ਉਲਟ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਹਲੇਮੀ ਰਾਜ ਦੇ ਮਿਸ਼ਨ ਦੀ ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ, ਅੰਗ 966) ਦੀ ਸੰਪੂਰਨਤਾ ਅਤੇ ਸਮੁੱਚੀ ਮਾਨਵਤਾ ਦੇ (ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ) ਭਲੇ ਲਈ ਸ਼ਹਾਦਤ ਦਿੱਤੀ। ਇਕ ਹੀ ਨੂਰ ਤੋਂ ਉਪਜੇ ਕੁਦਰਤ ਦੇ ਬੰਦਿਆਂ (ਅਵਲਿ ਅਲਹੁ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ) ਉੱਤੇ ਔਰੰਗਜ਼ੇਬ ਵੱਲੋਂ ਜੋਰ ਜੁਲਮ ਦੁਆਰਾ ਕਿਸੇ ਦੇ ਧਰਮ ਨੂੰ ਨਸ਼ਟ-ਭ੍ਰਸ਼ਟ ਕਰਕੇ ਧਰਮ ਬਦਲੀ ਲਈ ਮਜਬੂਰ ਕਰਨੋ ਠੱਲ੍ਹ ਪਾਉਣ ਲਈ ਵੀ ਸ਼ਹਾਦਤ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ, ਸੈਨਾਪਤਿ ਨੇ ਗੁਰੂ ਸੋਭਾ ਗ੍ਰੰਥ ਵਿੱਚ ਹੇਠ ਲਿਖੇ ਅਨੁਸਾਰ ਬਿਆਨ ਕੀਤਾ ਹੈ-

ਪ੍ਰਗਟ ਭਏ ਗੁਰ ਤੇਗ਼ ਬਹਾਦਰ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟਲ ਕਰੀ ਕਲਯੁਗ ਮੈ ਸਾਖੀ।
ਸਗਲ ਸ੍ਰਿਸਟਿ ਜਾ ਕਾ ਜਸਭਯੋ।
ਜਿਹ ਤੇ ਸਰਬ ਧਰਮ ਬੰਚਯੋ।
ਤੀਨ ਲੋਕ ਮੈ ਜੈ ਜੈ ਭਈ।
ਸਤਿਗੁਰਿ ਪੈਜ ਰਾਖਿ ਇਮ ਲਈ।
ਤਿਲਕ ਜਨੇਊ ਅਰਿ ਧਰਮਸਾਲਾ।
ਅਟਲ ਕਰੀ ਗੁਰ ਭਏ ਦਿਆਲਾ।

ਸ੍ਰੀ ਗੁਰ ਸੋਭਾ ਦੇ ਲਿਖਾਰੀ ਕਵੀ ਸੈਨਾਪਤਿ (ਅੰਮ੍ਰਿਤ ਛਕੇ ਬਣੇ ਕਵੀ ਸੈਨਾ ਸਿੰਘ) ਦੀਆਂ ਉਕਤ ਸਤਰਾਂ ਨੂੰ ਧਿਆਨ ਨਾਲ ਪੜ੍ਹੀਏ ਤੇ ਇਹ ਗੱਲ ਸੁਤੇ ਸਿਧ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਕੇਵਲ ਤਿਲਕ ਜਨੇਊ ਬਚਾਉਣ ਹੀ ਨਹੀਂ ਸਗੋਂ ਸਭ ਧਰਮਾਂ ਦੀ ਸੁਤੰਤਰਤਾ ਨੂੰ (ਸਰਬ ਧਰਮ ਬੰਚਯੋ) ਬਚਾਉਣ ਅਤੇ ਤਿਲਕ ਜਨੇਊ ਦੇ ਨਾਲ-ਨਾਲ ਸਿੱਖਾਂ ਦੇ ਧਾਰਮਿਕ ਅਸਥਾਨ ਧਰਮਸਾਲਾ ਬਚਾਉਣ ਲਈ ਵੀ ਸ਼ਹਾਦਤ ਦਿੱਤੀ ਹੈ ਅਰਥਾਤ ਤਿਲਕ ਜਨੇਊ ਅਰਿ ਧਰਮਸਾਲਾ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵਿੱਚੋਂ ਹੀ ਖ਼ਾਲਸਾ ਪ੍ਰਗਟ ਹੁੰਦਾ ਹੈ। ਸਿੱਖ ਪੰਥ, ਸਿੱਖ ਧਰਮ ਵਿੱਚ ਧਰਮ ਅਤੇ ਰਾਜਨੀਤੀ ਦਾ ਸੁਮੇਲ ਪੰਥ ਦੇ ਆਗੂਆਂ ਨੂੰ ਕਿਸੇ ਹੋਰ ਕੌਮ ਦੇ ਆਗੂਆਂ ਨਾਲੋਂ ਵਧੇਰੇ ਜ਼ਿੰਮੇਵਾਰ ਬਣਾਉਂਦਾ ਹੈ। ਸਿਆਸਤ ਵਿੱਚ ਪਏ ਹੋਏ ਵੱਖਰੇਵਿਆਂ ਨੂੰ ਮੇਟਣਾ ਸੌਖਾ ਹੁੰਦਾ ਹੈ ਪਰ ਧਰਮ-ਕਰਮ ਵਿੱਚ ਪਏ ਵੱਖਰੇਵੇਂ ਇਕ ਵਾਰ ਜੜ੍ਹ ਫੜ ਜਾਣ ਤਾਂ ਉਨ੍ਹਾਂ ਨੂੰ ਮੇਟਣਾ ਬਹੁਤ ਔਖਾ ਹੁੰਦਾ ਹੈ (ਲਕੀਰ, ਲੇਖਕ ਗਜਿੰਦਰ ਸਿੰਘ) ਹੁਣ ਅਸੀਂ ਵਿਚਾਰ ਕਰਾਂਗੇ ਕਿ ਸਿੱਖ ਧਰਮ ਵਿੱਚ ਵੱਖਰੇਵੇਂ ਭਾਵ ਦੁਬਿਧਾ ਪਾਉਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਨੂੰ ਢਾਅ ਲਾਉਣ ਲਈ ਆਰ. ਐੱਸ. ਐੱਸ. ਨੇ ਕਿਸ ਦੇ ਰਾਹੀਂ ਸਿੱਖ ਸੰਸਥਾਵਾਂ ਨੂੰ ਏਨਾ ਆਪਣੇ ਪ੍ਰਭਾਵ ਹੇਠ ਲੈ ਆਂਦਾ ਕਿ ਉਹ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਬਰਾਬਰ ਬੈਠ ਕੇ ਸਿੱਖ ਧਰਮ ਵਿੱਚ ਦਖ਼ਲ ਅੰਦਾਜ਼ੀ ਕਰ ਰਹੇ ਹਨ। ਇਸ ਗੱਲ ਦਾ ਜਵਾਬ ਸਾਨੂੰ ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਇਸ ਲੇਖ ਵਿੱਚੋਂ ਮਿਲ ਜਾਂਦਾ ਹੈ ਕਿ: ਬੁਝੋ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਇਆ। ਉਕਤ ਲੇਖ ਪੰਜਾਬ ਟਾਈਮਜ਼ 10 ਜੁਲਾਈ ਤੋਂ 17 ਜੁਲਾਈ 2025 ਦੇ ਅੰਕ 3088 ਦੇ ਸਫ਼ਾ 31 ਉੱਤੇ ਛਪਿਆ ਹੈ। ਸ: ਤਰਲੋਚਨ ਸਿੰਘ ਜੀ ਉਕਤ ਲੇਖ ਵਿੱਚ ਲਿਖਦੇ ਹਨ, ਪਰ ਜਦੋਂ ਇਹ ਦੋਵੇਂ ਮੈਂਬਰ (ਸ਼੍ਰੋਮਣੀ ਕਮੇਟੀ ਦੇ) ਖਹਿੜੇ ਹੀ (ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ) ਪੈ ਗਏ ਕਿ ਜੋ ਹੋ ਗਿਆ ਸੋ ਹੋ ਗਿਆ ਘੱਟ ਤੋਂ ਘੱਟ ਸਾਨੂੰ ਹੁਣ ਇਹ ਤਾਂ ਦੱਸ ਦਿਉ ਕਿ ਸ਼੍ਰੋਮਣੀ ਕਮੇਟੀ ਦੇ ਕਾਲਜ ਵਿੱਚ ਵਿੱਦਿਅਕ ਸ਼ਰਤਾਂ ਪੂਰੀਆਂ ਕਰਦੇ ਦੋ ਅੰਮ੍ਰਿਤਧਾਰੀ ਗੁਰਸਿੱਖ ਉਮੀਦਵਾਰਾਂ ਨੂੰ ਛੱਡ ਕੇ ਇਕ ਗੈਰ-ਸਿੱਖ ਨੂੰ ਨੌਕਰੀ ਕਿਸ ਦੇ ਕਹੇ ਤੋਂ ਦਿੱਤੀ ਗਈ? ਤਾਂ ਫਿਰ ਪ੍ਰਧਾਨ ਜੀ ਨੇ (ਕ੍ਰਿਪਾਲ ਸਿੰਘ ਬਡੂੰਗਰ) ਇਨ੍ਹਾਂ ਨੂੰ ਵਿੱਚਲੀ ਗੱਲ ਦੱਸੀ: ਬਈ ਜਥੇਦਾਰੋ.....! ਪ੍ਰਧਾਨ ਜੀ ਹੌਲੀ ਜਿਹੇ ਬੋਲੇ ਤੁਹਾਡਾ ਰੋਸ ਬਿਲਕੁੱਲ ਜਾਇਜ਼ ਹੀ ਹੈ। ਉਦਣ ਮੇਰੇ ਕੋਲ ਤੁਹਾਡੇ ਤੋਂ ਪਹਿਲਾਂ ਆਏ ਜਥੇਦਾਰ ..... ਸਿੰਘ ਦਾ ਸਿਫ਼ਾਰਸ਼ੀ ਮੁੰਡਾ ਮੈਂ ਸਿਲੈਕਟ ਕਰ ਲਿਆ ਸੀ। ਪਰ ਐਨ ਆਖਰੀ ਪਲਾਂ ਵਿੱਚ ਮੈਨੂੰ ਚੰਡੀਗੜ੍ਹੋਂ, ਪ੍ਰਧਾਨ ਸਾਹਿਬ ਦਾ ਫੋਨ ਆ ਗਿਆ ਸੀ ਕਿ ਮੈਂ ਇਸ ਮੁੰਡੇ (ਗੈਰ-ਸਿੱਖ) ਨੂੰ ਸਲਿਪ ਦੇ ਕੇ ਭੇਜ ਰਿਹਾਂ ਇਹਨੂੰ ਹੀ ਪੋਸਟ 'ਤੇ ਜੁਆਇਨ ਕਰਵਾਉਣਾ ਹੈ। ਪ੍ਰਧਾਨ ਬਡੂੰਗਰ ਜ਼ਰਾ ਹੋਰ ਧੀਮੀ ਵਾਜ ਵਿੱਚ ਬੋਲੇ ਕਿ ਬਾਦਲ ਸਾਹਿਬ ਨੂੰ ਇਸ ਮੁੰਡੇ ਦੀ ਸਿਫਾਰਸ਼ ਬਾਰੇ ਦਿੱਲੀਉਂ ਅਡਵਾਨੀ ਸਾਹਿਬ ਦਾ ਫੋਨ ਆ ਗਿਆ ਸੀ। (ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਉਸ ਵੇਲੇ ਕੇਂਦਰੀ ਗ੍ਰਹਿ ਮੰਤਰੀ ਸਨ ਅਤੇ ਇਹ ਉਹ ਹੀ ਲਾਲ ਕ੍ਰਿਸ਼ਨ ਅਡਵਾਨੀ ਹੈ ਜਿਸ ਨੇ ਆਪਣੀ ਕਿਤਾਬ ਮਾਈ ਕੰਟਰੀ ਮਾਈ ਲਾਈਫ਼ ਵਿੱਚ ਲਿਖਿਆ ਹੈ ਕਿ ਦਰਬਾਰ ਸਾਹਿਬ ਉੱਤੇ ਫੌਜੀ ਹਮਲਾ ਅਸੀਂ ਇੰਦਰਾ ਗਾਂਧੀ 'ਤੇ ਜੋਰ ਪਾ ਕੇ ਕਰਵਾਇਆ ਸੀ) ਤੇ ਅੰਤ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਜਥੇਦਾਰੋ! ਤੁਹਾਨੂੰ ਪਤਾ ਹੀ ਹੈ ਹੀਂ ਹੀਂ ਹੀ ਮਜਬੂਰੀ ਵੱਸ ਕਈ ਕੁਝ ਕਰਨਾ ਪੈਂਦਾ ਹੈ। ਸ: ਤਰਲੋਚਨ ਸਿੰਘ ਦੁਪਾਲਪੁਰੀ ਪੰਥ ਅੱਗੇ ਸੁਆਲ ਖੜ੍ਹਾ ਕਰਦੇ ਹਨ ਕਿ ਬੁੱਝੋ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਇਆ? ਪਰ ਪੰਥ ਧੜਿਆਂ, ਧਿਰਾਂ ਵਿੱਚ ਵੰਡਿਆ ਹੋਇਆ ਹੈ ਜਦਕਿ ਗੁਰੂ ਗ੍ਰੰਥ ਗੁਰੂ ਪੰਥ ਦੇ ਵਿਧਾਨ ਅਨੁਸਾਰ ਖ਼ਾਲਸਾ ਪੰਥ ਵਿੱਚ ਧੜਾ ਪ੍ਰਵਾਨ ਨਹੀਂ ਹੈ। ਅੱਜ ਪੰਥ ਆਪਣੀ ਅੱਡਰੀ, ਨਿਆਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਬਚਾਉਣ ਦੀ ਬਜਾਏ ਆਪਣੇ ਅਲੱਗ ਅਲੱਗ ਧੜਿਆਂ ਦੀ ਹੋਂਦ ਨੂੰ ਬਚਾਉਣ ਵਿੱਚ ਰੁੱਝਾ ਹੋਇਆ ਹੈ। ਸਿੱਖਾਂ ਦੀ ਸਮਾਜਿਕ ਤੇ ਰਾਜਨੀਤਕ ਹਸਤੀ ਨੂੰ ਖੋਰਾ ਲਾ ਕੇ ਪੰਥ ਦੀ ਅਜ਼ਾਦ ਹਸਤੀ ਨੂੰ ਤਹਿਸ ਨਹਿਸ ਕਰਨ ਲਈ ਮਰਹੂਮ ਪ੍ਰਕਾਸ਼ ਸਿੰਘ ਬਾਦਲ ਹਿੰਦੂਤਵੀ ਤਾਕਤਾਂ ਦੇ ਕੁਹਾੜੇ ਦਾ ਦਸਤਾ ਬਣਿਆ।

ਪੰਥ ਦੀ ਦੁਸ਼ਮਣ ਜਮਾਤ ਆਰ. ਐੱਸ. ਐੱਸ. ਤੇ ਭਾਜਪਾ ਨੂੰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖਾਂ ਦੀਆਂ ਪ੍ਰਮੁੱਖ ਸੰਸਥਾਵਾਂ 'ਤੇ ਸਿਰ ਉੱਤੇ ਬਿਠਾ ਦਿੱਤਾ। ਆਪਣੇ ਲਫਾਫਿਆਂ ਵਿੱਚੋਂ ਕੱਢੇ ਅਕਾਲ ਤਖ਼ਤ ਦੇ ਜਥੇਦਾਰਾਂ ਦੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਢਾਅ ਲਾਈ ਜਿਸ ਦਾ ਖ਼ਮਿਆਜਾ ਅੱਜ ਪੂਰੀ ਸਿੱਖ ਕੌਮ ਭੁਗਤ ਰਹੀ ਹੈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਉਕਤ ਵਰਤਾਰੇ 'ਤੇ ਇਹ ਟਿੱਪਣੀ ਪੂਰੀ ਤਰ੍ਹਾਂ ਢੁੱਕਦੀ ਹੈ ਕਿ: ਕੌਮਾਂ ਬਾਹਰਮੁੱਖੀ ਹਾਦਸਿਆਂ ਹੱਥੋਂ ਨਹੀਂ ਮਰਦੀਆਂ ਇਨ੍ਹਾਂ ਨੂੰ ਇਨ੍ਹਾਂ ਦੇ ਅੰਦਰਲੇ ਭਭੀਖਣ ਹੀ ਲੈ ਡੁੱਬਦੇ ਹਨ।

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

-----------

# ਈਰਥ ਵੂਲਿਚ ਕਬੱਡੀ ਟੂਰਨਾਮੈਂਟ 2025: ਸੰਦੀਪ ਨੰਗਲ ਅੰਬੀਆਂ ਟੈਲਫੋਰਡ ਦੀ ਟੀਮ ਨੇ ਜਿੱਤਿਆ ਕੱਪ ਅਤੇ ਗ੍ਰੇਵਜ਼ੈਂਡ/ਬਾਰਕਿੰਗ ਰਨਰ ਅੱਪ ਰਹੀ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੰਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk

## *ਬੂਰੀਆ ਸ਼ੇਸ਼ਰ ਸਰਬੋਤਮ ਧਾਵੀ ਅਤੇ ਲੰਬੜ ਮੱਲੀਆਂ ਸਰਬੋਤਮ ਜਾਫੀ ਬਣਿਆਂ *ਰਾਜਵੀਰ ਸਿੰਘ ਮਾਣਕ, ਸੁਰਿੰਦਰ ਸਿੰਘ ਮਾਣਕ ਭਰਾਵਾਂ ਅਤੇ ਜਰਨੈਲ ਸਿੰਘ ਜ਼ੈਲਾ ਵੱਲੋਂ ਪ੍ਰਸਿੱਧ ਕਬੱਡੀ ਖਿਡਾਰੀ ਬਿੰਦਰ ਫਿਰੋਜ਼ਪੁਰੀਏ ਦਾ ਸੋਨੇ ਦੇ ਤਗਮੇਂ ਨਾਲ ਸਨਮਾਨ



ਇੰਗਲੈਂਡ ਦਾ ਕਬੱਡੀ ਸੀਜ਼ਨ 2025 ਇਸ ਵਾਰ ਕਬੱਡੀ ਦੀ ਦੁਨੀਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਕਬੱਡੀ ਟੂਰਨਾਮੈਂਟ ਆਖਰੀ ਦੌਰ ਵਿੱਚ ਪਹੁੰਚ ਗਏ ਹਨ। ਹੁਣ ਤੱਕ ਹੋਏ ਟੂਰਨਾਮੈਂਟਾਂ ਵਿੱਚ ਜਿੱਥੇ ਕੁਦਰਤ ਪੂਰੀ ਤਰ੍ਹਾਂ ਮੇਹਰਵਾਨ ਰਹੀ ਹੈ। ਉੱਥੇ ਹੀ ਕਬੱਡੀ ਪ੍ਰੇਮੀਆਂ ਨੇ ਭਰਵਾਂ ਸਾਥ ਦਿੱਤਾ ਹੈ। ਹਰ ਸ਼ਹਿਰ ਦਾ ਟੂਰਨਾਮੈਂਟ ਪੂਰਾ ਰੌਣਕ ਵਾਲਾ ਰਿਹਾ ਅਤੇ ਮੁਕਾਬਲੇ ਵੀ ਪੂਰੀ ਤਰ੍ਹਾਂ ਗਹਿਗੱਚ ਹੋਏ।

ਈਰਥ ਵੂਲਿਚ ਦਾ ਕਬੱਡੀ ਟੂਰਨਾਮੈਂਟ ਮੌਕੇ ਭਾਵੇਂ ਬੱਦਲਵਾਈ ਅਤੇ ਕਦੇ ਕਦੇ ਕਿਣਮਿਣ ਹੋਈ, ਪਰ ਫਿਰ ਵੀ ਮੁਕਾਬਲੇ ਵੀ ਜਬਰਦਸਤ ਹੋਏ ਅਤੇ ਦਰਸ਼ਕਾਂ ਨੇ ਅਨੰਦ ਵੀ ਪੂਰਾ ਮਾਣਿਆਂ। ਗਰਾਉਂਡ ਵਿੱਚ ਪਹੁੰਚੇ ਤਾਂ ਵੇਖਿਆ ਕਿ ਸਾਹਮਣੇ 20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਸਿੱਖ ਕੌਮ ਦੇ ਉਸ ਦੌਰ ਨੂੰ ਤਾਜ਼ਾ ਕਰ ਰਹੀ ਸੀ, ਜਦੋਂ ਪੰਜਾਬ ਵਿੱਚ ਸਿੱਖ ਕੌਮ ਦੇ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਸੀ, ਸਭ ਪਾਸੇ ਹਾਹਾਕਾਰ ਮੱਚੀ ਹੋਈ ਸੀ। ਜਿਹੜੇ ਸੰਤਾਂ ਨੂੰ ਖ਼ਤਮ ਕਰਨ ਦੀ ਸੋਚਦੇ ਸਨ, ਸ਼ਾਇਦ ਉਹਨਾਂ ਕਦੇ ਨਹੀਂ ਸੋਚਿਆ ਹੋਵੇਗਾ ਕਿ ਇਸ ਯੋਧੇ ਦਾ ਨਾਮ ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਦੇ ਦਿਲਾਂ ਵਿੱਚ ਉੱਕਰਿਆ ਜਾਵੇਗਾ। 1978 ਤੋਂ ਸ਼ੁਰੂ ਹੋਈ ਕਾਲੇ ਦੌਰ ਦੀ ਕਹਾਣੀ ਭਾਵੇਂ ਅੱਜ ਤੱਕ ਕਾਲੇ ਅੱਖਰਾਂ ਵਿੱਚ ਲਿਖੀ ਜਾ ਰਹੀ ਹੈ। ਪਰ ਸਿੱਖ ਕੌਮ ਸੰਤਾਂ ਨੂੰ ਆਪਣੇ ਦਿਲਾਂ ਵਿੱਚ ਵਸਾ ਚੁੱਕੀ ਹੈ।

ਚਲੋ ਹੁਣ ਗੱਲ ਕਰੀਏ ਕਬੱਡੀ ਦੀ ਸੁਰਿੰਦਰ ਸਿੰਘ ਮਾਣਕ, ਜਰਨੈਲ ਸਿੰਘ ਜ਼ੈਲਾ, ਲਾਲਾ ਸੰਘੇੜਾ, ਜਤਿੰਦਰ ਬਿਲਗਾ ਅੱਜ ਪੂਰੇ ਬਾਗੋ ਬਾਗ ਸੀ, ਘਰ ਦਾ ਟੂਰਨਾਮੈਂਟ ਹੋਣ ਕਰਕੇ ਪ੍ਰਬੰਧਕੀ ਬੋਝ ਵੀ ਸੀ ਅਤੇ ਆਏ ਮਹਿਮਾਨਾਂ ਦੀ ਆਓ ਭਗਤ ਕਰਨ ਦੀ ਜਿੰਮੇਂਵਾਰੀ ਵੀ। ਸਵੇਰ ਤੋਂ ਹੀ ਚਾਹ ਪਾਣੀ, ਪਰੌਂਠਿਆਂ ਦੇ ਲੰਗਰ ਸ਼ੁਰੂ ਹੋ ਗਏ ਸੀ। ਦੂਰੋਂ ਨੇੜਿਓਂ ਆਏ ਸਭ ਮਹਿਮਾਨ ਸਭ ਤੋਂ ਪਹਿਲਾ ਕੰਮ ਖਾਣ ਪੀਣ ਦਾ ਹੀ ਕਰਦੇ ਆ, ਬਾਕੀ ਸਾਰਾ ਦਿਨ ਤਾਂ ਸੇਵਾ ਚੱਲਦੀ ਹੀ ਰਹਿੰਦੀ ਹੈ। ਸੀਜ਼ਨ ਦਾ 11ਵਾਂ ਕਬੱਡੀ ਟੂਰਨਾਮੈਂਟ ਨੂੰ ਹਰ ਪੱਖੋਂ ਕਾਮਯਾਬ ਬਣਾਉਣ ਲਈ ਈਰਥ ਵੂਲਿਚ ਵਾਲਿਆਂ ਨੇ ਕਸਰ ਨਹੀਂ ਛੱਡੀ ਸੀ। ਗੁਲਜਿੰਦਰਪਾਲ ਕੰਦੋਲਾ, ਜਦਵਿੰਦਰ ਘੁੰਮਣ, ਬਲਬੀਰ ਘੁੰਮਣ, ਤਰਲੋਕ ਸਿੰਘ, ਜਸਦੀਪ ਸਿੰਘ ਜੰਡੂ, ਧਿਆਨ ਗਿੱਲ ਸਭ ਆਪੋ ਆਪਣੀਆਂ ਜਿੰਮੇਂਵਾਰੀਆਂ ਨਿਭਾ ਰਹੇ ਸੀ। ਕੌਂਸਲਰ ਬਲਜੀਤ ਸਿੰਘ ਗਿੱਲ, ਸੁਰਿੰਦਰ ਸਿੰਘ ਭਾਊ, ਸੁੱਚਾ ਥਿੰਦ ਆਪਣੇ ਸ਼ਹਿਰ ਦੇ ਟੂਰਨਾਮੈਂਟ ਦਾ ਅਨੰਦ ਲੈ ਰਹੇ ਸੀ। ਸਭ ਤੋਂ







ਅਹਿਮ ਗੱਲ ਇਹ ਵੀ ਸੀ ਗ੍ਰੇਵਜ਼ੈਂਡ ਤੋਂ ਬਾਅਦ ਈਰਥ ਵੂਲਿਚ ਦੇ ਮੇਲੇ ਤੇ ਬੀਬੀਆਂ ਉਚੇਚੇ ਤੌਰ ਤੇ ਪਹੁੰਚੀਆਂ ਸਨ। ਮਾਤਾ ਹਰਭਜਨ ਕੌਰ ਮਾਣਕ ਆਪਣੇ ਪ੍ਰੀਵਾਰ ਨੂੰ ਲੈ ਕੇ ਕਬੱਡੀ ਵੇਖਣ ਪਹੁੰਚੇ ਸਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੰਗਲੈਂਡ ਦੀ ਕਬੱਡੀ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ, ਪੌਂਡ ਪਾਣੀ ਵਾਂਗ ਵਹਿੰਦੇ ਹਨ, ਇਸ ਵਾਰ ਹੀ ਦੋ ਦੋ ਲੱਖ ਪੌਂਡ ਦੀਆਂ ਟੀਮਾਂ ਬਣੀਆਂ ਹਨ, ਇਸੇ ਕਰਕੇ ਤਾਂ ਇੱਕ ਇੱਕ ਨੰਬਰ ਤੇ ਜਿੱਥੇ ਖਿਡਾਰੀ ਅੜਦੇ ਹਨ, ਉੱਥੇ ਪ੍ਰਮੋਟਰ ਵੀ ਲੋਹੇ ਲਾਖੇ ਹੋ ਜਾਂਦੇ ਹਨ। ਪਰ ਪਤਾ ਨਹੀਂ ਕਿਉਂ 6 ਦਹਾਕਿਆਂ ਤੋਂ ਵੱਧ ਸਮਾਂ ਹੋ ਗਿਆ ਕਬੱਡੀ ਖੇਡ ਮੇਲੇ ਸਿਰਫ ਮਰਦਾਂ ਲਈ ਹੀ ਬਣੇ ਰਹੇ ਹਨ।

ਗਿਆਨੀ ਬਲਜਿੰਦਰ ਸਿੰਘ ਜੀ ਨੇ ਅਰਦਾਸ ਕੀਤੀ ਬੇਸਨ ਦਾ ਪ੍ਰਸ਼ਾਦ ਵਰਤਾਇਆ ਗਿਆ। ਉਪਰੰਤ ਪਹਿਲੇ ਰਾਉਂਡ ਦੀਆਂ ਟੀਮਾਂ ਦੇ ਮੁਕਾ-ਬਲੇ ਤੋਂ ਪਹਿਲਾਂ ਈਰਥ ਵੂਲਿਚ ਦੇ ਨੌਜਵਾਨਾਂ ਦਾ ਸ਼ੋਅ ਮੈਚ ਹੋਇਆ। ਬੀ ਟੀਮਾਂ ਦੇ ਮੁਕਾਬਲੇ ਵਿੱਚ ਮੌੜ ਕਬੱਡੀ ਕਲੱਬ ਨੇ ਮਿਡਲੈਂਡ ਟਾਈਗਰ ਨੂੰ 37/31.5 ਦੇ ਫਰਕ ਨਾਲ ਹਰਾਇਆ ਅਤੇ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੇ ਲੰਡਨ ਟਾਈਗਰ ਨੂੰ 33.5/28 ਅੰਕਾਂ ਦੇ ਫਰਕ ਨਾਲ ਮਾਤ ਦਿੱਤੀ। ਕਬੱਡੀ ਪ੍ਰੇਮੀਆਂ ਨੇ ਇਹਨਾਂ ਗਰਾਉਂਡਾਂ ਵਿੱਚ ਹੱਥ ਵਿੱਚ ਛਤਰੀ ਫੜ੍ਹੀ ਸੂਟ ਬੂਟ ਪਾਈ ਹਸੂੰ ਹਸੂੰ ਕਰਦਿਆਂ ਹਰ ਟੂਰਨਾਮੈਂਟ ਦੀ ਰੌਣਕ ਬਣਨ ਵਾਲੇ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ ਗਈ।

ਐਮ ਪੀ ਤਨਮਨਜੀਤ ਸਿੰਘ ਢੇਸੀ, ਸੰਸਦੀ ਸਕੱਤਰ ਐਮ ਪੀ ਅਬੇਨਾ ਓਪੋਂਗ-ਅਸਾਰੇ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ।

ਕਬੱਡੀ ਦੇ ਸਾਬਕਾ ਖਿਡਾਰੀ ਬਿੰਦਰ ਫਿਰੋਜ਼ਪੁਰੀਏ ਦਾ ਰਾਜਵੀਰ ਸਿੰਘ ਮਾਣਕ, ਸੁਰਿੰਦਰ ਸਿੰਘ ਮਾਣਕ ਅਤੇ ਪ੍ਰੀਵਾਰ ਦੇ ਨਾਲ ਜਰਨੈਲ ਸਿੰਘ ਜ਼ੈਲਾ ਅਤੇ ਪ੍ਰੀਵਾਰ ਵੱਲੋਂ ਸੋਨੇ ਦੇ ਤਗਮੇਂ ਨਾਲ ਸਨਮਾਨ ਕੀਤਾ ਗਿਆ। ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਮਾਣਕ ਨੇ ਕਿਹਾ ਕਿ ਬਿੰਦਰ ਫਿਰੋਜ਼ਪੁਰੀਆ ਇਹਨਾਂ ਗਰਾਉਂਡਾਂ ਵਿੱਚ ਲੰਮਾਂ ਸਮਾਂ ਕਬੱਡੀ ਖੇਡਿਆ ਅਤੇ ਅੱਜ ਸਾਨੂੰ ਮਾਣ ਹੈ ਕਿ ਅਸੀਂ ਆਪਣੇ ਸ਼ਹਿਰ ਦੇ ਖਿਡਾਰੀ ਦਾ ਸਨਮਾਨ ਕਰ ਰਹੇ ਹਾਂ। ਇਸ ਦੇ ਨਾਲ ਹੀ, ਉਹਨਾਂ ਪ੍ਰਸਿੱਧ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡਾ ਦਾ ਵੀ ਸਨਮਾਨ ਕੀਤਾ।

ਗਰੁੱਪ ਏ ਦੀਆਂ ਟੀਮਾਂ ਦੇ ਮੁਕਾਬਲੇ ਵਿੱਚ ਟੈਲਫੋਡ ਨੇ ਸਲੋਹ/ਇਕਨਹਮ ਨੂੰ ਭਾਵੇਂ 37/27.5 ਅੰਕਾਂ ਨਾਲ ਹਰਾ ਦਿੱਤਾ ਪਰ ਅੱਧੇ ਸਮੇਂ ਤੋਂ ਪਹਿਲਾਂ ਸਲੋਹ/ਇਕਨਹਮ ਡੇਢ ਅੰਕਾਂ ਨਾਲ ਅੱਗੇ ਚੱਲ ਰਹੀ ਸੀ, ਸ਼ੀਰਾ ਸੰਮੀਪੁਰੀਆ, ਪਾਲੀ, ਤਰਲੋਚਨ ਗਿੱਲ, ਮੱਖਣ, ਬਿੰਦਰ, ਜਸਪਾਲ ਥਿੰਧ, ਗੋਗੀ ਭੰਡਾਲ ਦੇ ਇਸ਼ਾਰਿਆਂ ਤੇ ਖਿਡਾਰੀ ਪੂਰੇ ਜੋਸ਼ ਨਾਲ ਖੇਡੇ ਗੋਲੇ ਸੰਧਵਾਂ ਨੇ ਰਮਨ ਮੱਲੀਆਂ, ਸ਼ੀਰੇ ਨੇ ਰਾਕੇਸ਼ ਨੂੰ ਥੰਮਿਆਂ, ਫਰਿਆਦ, ਬਿੱਲਾ ਜਾਫ ਲਾਇਨ ਤੇ ਡੀਲਾ, ਨਿਰਮਲ ਲੋਪੋ ਕੇ, ਪੰਕਜ ਬੇਰੀ ਰੇਡਾਂ ਨਾਲ ਕੰਮ ਖਿੱਚੀ ਜਾਂਦੇ ਸੀ, ਪਰ ਬਲਵਿੰਦਰ ਚੱਠਾ ਦੀ ਮੁਸਕਾਨ, ਸੁੱਖੀ ਬੈਂਸ, ਮੇਸ਼ੀ ਕੂਨਰ ਤਾਂ ਜਾਣੀ ਆਉਂਦੇ ਹੀ ਕੱਪ ਲੈਣ ਆ। ਖੁਸ਼ੀ ਦੁੱਗਾ ਕਮਾਲ ਦਾ ਸੀਜ਼ਨ ਖੇਡਣ ਵਾਲਾ ਖਿਡਾਰੀ ਲੰਮੀਆਂ ਵਾਟਾਂ ਤੈਅ ਕਰਦਾ ਕਮਾਲ ਦੀ ਖੇਡ ਵਿਖਾ ਰਿਹਾ, ਯੋਧਾ ਸੁਰਖਪੁਰੀਆ, ਸੋਨੀ ਫੱਕਰਝੰਡੇ ਦੇ ਨਾਲ ਕੁਲਵਿੰਦਰ, ਬੂਰੀਆ, ਰਮਨ, ਰਾਕੇਸ਼ ਬੋਪਰੀਆ ਹਮੇਸ਼ਾਂ ਵਾਂਗ ਵਧੀਆ ਖੇਡ ਵਿਖਾ ਕੇ ਮੈਚ ਜਿੱਤੇ।

ਬਾਰਕਿੰਗ/ਗ੍ਰੇਵਜ਼ੈਂਡ ਅਤੇ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਵਿਚਕਾਰ ਹੋਇਆ ਅਗਲਾ ਮੈਚ ਤਾਂ ਕਮਾਲ ਦਾ ਸੀ, ਗੱਲ ਹਾਰ ਜਿੱਤ ਦੀ ਨਹੀਂ ਦਰਸ਼ਕਾਂ ਵੱਲੋਂ ਖ਼ਰਚੇ 15-15 ਪੌਂਡ ਦੇ ਮੁੱਲ ਮੋੜ੍ਹਨ ਦੀ ਵੀ ਐ। ਗੱਲ ਇਥੇ ਵੀ ਨਹੀਂ ਮੁੱਕਦੀ ਦੋ ਦੋ ਲੱਖ ਪੌਂਡ ਦੀਆਂ ਟੀਮਾਂ ਬਣਾਉਣ ਵਾਲੇ ਪ੍ਰਬੰਧਕ ਨਾਲ ਹੀ ਹਿਸਾਬ ਕਿਤਾਬ ਲਾਉਣ ਲੱਗ ਜਾਂਦੇ ਆ ਕਿ ਕਿਹੜੇ ਖਿਡਾਰੀ ਨੇ ਕਿੰਨੇ ਨੰਬਰ ਲਏ, ਕਿੰਨੇ ਜੱਫੇ ਖਾਧੇ, ਕਿੰਨੇ ਜੱਫੇ ਲਾਏ। ਜੇ ਕਿਤੇ ਹੰਦਿਆਂ ਦੇ ਕੋਲ ਆ ਕੇ ਖਿਡਾਰੀ ਗਲਤੀ ਕਰਜੇ ਤਾਂ ਪ੍ਰਮੋਟਰਾਂ ਦੇ ਸਾਹ ਸੁੱਕ ਜਾਂਦੇ ਆ। ਬਾਰਕਿੰਗ/ਗ੍ਰੇਵਜ਼ੈਂਡ ਨੇ ਇਹ ਮੈਚ 35/31.5 ਦੇ ਫਰਕ ਨਾਲ ਜਿੱਤਿਆ। ਸੋਹਣ ਚੱਕ ਸਾਬੂ ਵਾਲੇ ਨੇ ਨਾਥ ਨੂੰ ਰੋਕਿਆ ਤੇ ਮੇਸ਼ੀ ਨੂੰ ਬੜੀ ਚੁਸਤੀ ਨਾਲ ਬਾਹਰ ਗਰਾਊਂਡ 'ਚੋਂ ਬਾਹਰ ਕੱਢਿਆ, ਹੁਸ਼ਿਆਰੇ ਨੇ ਦੁੱਲਾ ਰੋਕਿਆ, ਰਾਜਾ ਪੱਧਰੀ, ਗੱਗੀ ਚੱਕ ਦੇਸ ਰਾਜ ਦੀ ਕਮਾਲ ਦੀ ਜਾਫ ਲਾਇਨ ਨੇ ਅੱਜ ਦੁੱਲੇ, ਜਸ਼ਨ, ਕਲੀਮ, ਮੇਸ਼ੀ, ਨਾਥ, ਦੇ ਨਾਲ ਨਾਲ ਏਕਮ ਮੀਰਪੁਰੀਏ, ਪ੍ਰਤਾਪ ਕੰਡਿਆਣੇ, ਅੰਮ੍ਰਿਤ ਔਲਖ ਅਤੇ ਸਾਥੀਆਂ ਦੀ ਜਿੱਤ ਵਾਲੀ ਪੇਸ਼ ਨਾ ਜਾਣ ਦਿੱਤੀ। ਸਾਬੀ ਸੰਧੂ, ਜੋਗਿੰਦਰ ਦੁਸਾਂਝ, ਅੰਮ੍ਰਿਤ ਬਰਮੀ, ਗੈਵਿਨ ਬਾਠ, ਮੰਗਾ ਮੁਕਾਬਲੇ ਤੋਂ ਤਾਂ ਪੂਰੇ ਖੁਸ਼ ਸੀ, ਪਰ ਪਹਿਲੇ ਮੈਚ ਚੋਂ ਬਾਹਰ ਹੋਣ ਨੂੰ ਚੰਗਾ ਨਹੀਂ ਸਮਝ ਰਹੇ ਸੀ। ਸੱਤਾ ਮੁਠੱਡਾ, ਪਾਲਾ ਸਹੋਤਾ, ਭਿੰਦਾ, ਰਾਣਾ ਪੱਡਾ, ਭਿੰਦਰ, ਲਹਿੰਬਰ ਲੱਧੜ, ਮੇਲਾ, ਬੋਪਾਰਾਏ ਸਭ ਅੱਖ਼ ਨਾਲ ਪਤਾਸੇ ਭੋਰਦੇ ਸੀ।

ਬ੍ਰਮਿੰਘਮ/ਕਵੈਂਟਰੀ ਦੀ ਟੀਮ ਨੇ ਹੇਜ਼/ਡਰਬੀ ਨੂੰ 35.5/35 ਦੇ ਹਿਸਾਬ ਨਾਲ ਸਿਰਫ ਅੱਧੇ ਨੰਬਰ ਤੇ ਹਰਾ ਕੇ ਇਸ ਸੀਜ਼ਨ ਦੀ ਪਹਿਲੀ ਜਿੱਤ ਦਰਜ਼ ਕੀਤੀ।

**ਬਾਕੀ ਹਿਸਾ ਸਫਾ 44 'ਤੇ ਪੜ੍ਹੋ** →

## ਈਰਥ ਵੂਲਿਚ ਕਬੱਡੀ ਟੂਰਨਾਮੈਂਟ

43 ਸਫੇ ਦੀ ਬਾਕੀ

ਮਨਜੀਤ ਢੰਡਾ, ਸੁੱਖੀ, ਗੀਤਾ ਬਾਜਵਾ, ਅਵਤਾਰ ਢਿਲੋਂ ਖੁਸ਼ ਸਨ ਕਿ ਅੱਜ ਅਮਿਤ ਖੱਤਰੀ, ਸਦੀਕ ਸ਼ੱਕਰਪੁਰੀਆ, ਧਨੌਰੀ ਵਾਲੇ ਨੇ ਕਮਾਲ ਕੀਤੀ, ਪ੍ਰਦੀਪ ਰਾਓਵਾਲ, ਵਕਾਰ ਢਿਲੋਂ, ਹਿੰਦਾ ਖੀਰਾਂਵਾਲੀ, ਯੋਧੇ ਵਰਗਿਆਂ ਨੇ ਇਸ਼ਾਰਾ ਦੇ ਦਿੱਤਾ ਕਿ ਨੇਕਾ ਮੈਰੀਪੁਰ ਭਾਵੇਂ ਆਇਆਂ ਨਹੀਂ ਪਰ ਅਗਲੇ ਹਫਤੇ ਬ੍ਰਮਿੰਘਮ ਟੂਰਨਾਮੈਂਟ ਤੇ ਦੋ ਹੱਥ ਤਕੜੇ ਕਰਾਂਗੇ। ਬਲਜਿੰਦਰ ਭਿੰਡਰ, ਕੱਥੂ, ਕੋਚ ਨੇ ਸੁਖਵੀਰ ਗੁਰੂਸਰੀਆ, ਗੁਰਪ੍ਰੀਤ ਵਰ੍ਹੇ, ਇੰਦੂ ਰੁੜਕਾ, ਅਰਸ਼, ਇੰਦਰ, ਲੱਖਾ, ਬਿੱਲਾ ਦੀ ਖੇਡ ਤੇ ਕੋਈ ਸ਼ੱਕ ਸੁਭਾ ਨਹੀਂ ਕੀਤੀ। ਕਿਉਂਕਿ ਮੁੰਡੇ ਖੇਡੇ ਬਹੁਤ ਸੋਹਣਾ ਸੀ। ਜਿੱਤਣਾ ਤਾਂ ਇੱਕ ਨੇ ਹੀ ਸੀ।

ਈਰਥ ਵੂਲਿਚ/ਸਾਊਥਾਲ ਨੇ ਲੈਸਟਰ/ਬ੍ਰੈਡਫੋਰਡ ਨੂੰ 6ਵੇਂ ਮੈਚ ਵਿੱਚ 42.5/36 ਅੰਕਾਂ ਦੇ ਵੱਡੇ ਫਰਕ ਨਾਲ ਮਾਤ ਦਿੱਤੀ। ਇੱਕ ਪਾਸੇ ਘਰਦਾ ਟੂਰਨਾਮੈਂਟ ਹੋਣ ਕਰਕੇ ਸੁਰਿੰਦਰ ਮਾਣਕ, ਜ਼ੈਲਾ, ਲਾਲਾ, ਬਿਲਗਾ ਸਭ ਚਾਹੁੰਦੇ ਸਨ ਕਿ ਟੀਮ ਅੱਜ ਫਾਈਨਲ ਜਰੂਰ ਖੇਡੇ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕੰਮਾ ਔਜਲਾ, ਪਾਲਾ ਬਾਜਵਾ, ਪਾਲੀ ਸੰਘਾ, ਜੱਸੀ, ਲਵਲੀ ਰੰਧਾਵਾ, ਪ੍ਰਤਾਪ ਮੋਮੀ, ਹਰਮਨ, ਜਸਪਾਲ ਬਿੰਦ ਸਮੂਹ ਪ੍ਰਮੋਟਰਾਂ ਦਾ ਦਾ ਪਹਿਲੇ ਮੈਚ ਵਿੱਚ ਖਿਡਾਰੀਆਂ ਨੇ ਪੂਰਾ ਹੌਂਸਲਾ ਵਧਾਇਆ। ਵਿੱਕੀ ਜਾਂਗਪੁਰ, ਅਜੀਮ ਚੱਠਾ, ਗੁਰਬਾਜ਼ ਸਲਾਨੇਵਾਲਾ, ਹਰਪਾਲ ਕਾਹਲਵਾਂ, ਸੁੱਖੀ ਮੌੜ, ਮੱਛੋ ਜੱਟ ਪਤਾ ਨਹੀਂ ਅੱਜ ਤਾਲ ਮੇਲ ਬਿਠਾ ਹੀ ਨਹੀਂ ਸਕੇ, ਕੁਲਵੰਤ ਸੰਘਾ, ਦਲਬੀਰ ਸੈਂਹਬੀ, ਅਮਰਜੀਤ ਰਾਇਤ, ਜਤਿੰਦਰ ਚਾਹਲ, ਗੁਰਬਖ਼ਸ਼ ਖਿਡਾਰੀਆਂ ਦੀ ਕਾਰਗੁਜ਼ਾਰੀ ਤੋਂ ਨਾ ਖੁਸ਼ ਸਨ। ਜੱਗਾ ਮੁਲੇਵਾਲ ਕਹਿਰਾ ਨੇ ਵਿੱਕੀ ਨੂੰ, ਧਾਕੜ ਨੇ ਅਜ਼ੀਮ ਚੱਠਾ, ਵਿੱਕੀ ਨੂੰ ਰੱਜ਼ੀ ਨੇ ਗੁਰਲਾਜ਼ ਨੂੰ ਚੱਕੀ ਦੇਸ ਰਾਜ ਨੇ ਗੁਰਬਾਜ਼ ਨੂੰ ਜੱਫੇ ਲਾਏ, ਗੱਗੀ ਭੁੱਲਰ, ਮੱਖਣ ਮੱਖੀ, ਬਾਗੀ, ਸੁਨੀਲ ਧਮਤਾਨ, ਵਿੱਕਾ ਨੇ ਇਸ ਮੈਚ ਸ਼ਾਨਦਾਰ ਖੇਡ ਵਿਖਾਈ ਤੇ ਜਿੱਤ ਦਰਜ਼ ਕੀਤੀ।

ਟੈਲਫੋਰਡ ਨੇ ਅਗਲੇ ਮੈਚ ਵਿੱਚ ਬ੍ਰਮਿੰਘਮ/ਕਵੈਂਟਰੀ ਨੂੰ 29.5/17 ਅੰਕਾਂ ਦੇ ਫਰਕ ਨਾਲ ਅੱਧੇ ਸਮੇਂ ਤੱਕ ਹੀ ਫੈਸਲਾ ਕਰ ਫਾਈਨਲ ਵਿੱਚ ਐਂਟਰੀ ਲੈ ਲਈ। ਗ੍ਰੇਵਜ਼ੈਂਡ/ਬਾਰਕਿੰਗ ਅਤੇ ਈਰਥ ਵੂਲਿਚ/ਸਾਊਥਾਲ ਦਾ ਦੂਜਾ ਸੈਮੀਫਾਈਨਲ ਮੈਚ ਅੱਜ ਦੇ ਟੂਰਨਾਮੈਂਟ ਦਾ ਸਿਖ਼ਰ ਦਾ ਮੈਚ ਸੀ, ਇਹ ਕਹਿ ਲਵੋ ਫਾਈਨਲ ਹੀ ਸੀ। ਪਟਾਕੇ ਖੂਬ ਪਏ। ਦਰਸ਼ਕਾਂ ਦੀਆਂ ਤਾੜੀਆਂ ਤੇ ਪੌਂਡ ਖਿਡਾਰੀਆਂ ਤੋਂ ਖੂਬ ਵਾਰੇ ਗਏ, ਖਿਡਾਰੀਆਂ ਦੇ ਨਾਲ ਨਾਲ ਪ੍ਰਮੋਟਰਾਂ ਦਾ ਬਾਹਲਾ ਜ਼ੋਰ ਲੱਗ ਰਿਹਾ ਸੀ। ਊਂਡੂੰ ਊਂਡੂੰ ਕਰਦੇ ਮੱਖਣ ਮੱਖੀ ਨੂੰ ਸੋਹਣ ਚੱਕ ਸਾਬੂ ਵਾਲੇ ਨੇ ਜ਼ੋਰ ਲਾ ਕੇ ਥੰਮਿਆ, ਗੱਗੀ ਵੀ ਬਾਗੀ ਤੇ ਮੱਖੀ ਦੇ ਮਗਰ ਪਿਆ ਰਿਹਾ, ਬਾਗੀ ਨੂੰ ਗੱਗੀ ਨੇ ਤਾਂ ਐਨ ਹੰਦਿਆਂ ਦੇ ਕੋਲ ਆ ਕੇ ਬਾਹਰ ਕੱਢਿਆ ਤਾਂ ਸੱਤਾ ਨਾਲ ਹੀ ਜੇਬ ਨੂੰ ਹੱਥ ਪਾ ਗਰਾਉਂਡ ਵਿੱਚ ਚਲਾ ਗਿਆ ਨੋਟ ਵਾਰਨ ਨੂੰ। ਚੱਕੀ ਰਮਦਾਸ ਨੇ ਮਾਹਲਾ ਤੇ ਸਾਜ਼ੀ ਰੋਕੇ, ਜੱਗੇ ਨੇ ਮਾਹਲਾ, ਸੋਨੀ, ਧਾਕੜ ਨੇ ਹੰਦਿਆਂ ਦੇ ਕੋਲ ਧਾਕੜ ਜੱਫਾ ਸ਼ਾਜ਼ੀ ਨੂੰ ਲਾ ਕੇ ਬਾਹਰ ਕੱਢਿਆ ਤਾਂ ਮਾਣਕ ਨਾਲ ਹੀ ਹੌਂਸਲਾ ਅਫਜ਼ਾਈ ਕਰਨ ਲਈ ਪੌਂਡ ਵਾਰਨ ਲੱਗਾ, ਕਰਨ ਬੁਟਰ, ਜ਼ੈਲਾ, ਜੱਸੀ, ਕੰਮਾ, ਪਾਲਾ, ਪਾਲੀ ਸੰਘਾ ਨੋਟ ਵਾਰ ਰਹੇ ਸੀ ਪਰ ਅੱਜ ਰਾਜ਼ੀ, ਵਿੱਕਾ, ਬਾਗੀ ਲੜ੍ਹੇ ਤਾਂ ਪੂਰਾ ਪਰ ਆਖਿਰ ਰਾਜਾ ਪੱਧਰੀ, ਹੁਸ਼ਿਆਰਾ ਤੇ ਬੂਟੇ ਦੀ ਜਾਫ ਲਾਇਨ ਨੇ 48/44.5 ਅੰਕਾਂ ਦੇ ਫਰਕ ਨਾਲ ਈਰਥ ਵੂਲਿਚ/ਸਾਊਥਾਲ ਨੂੰ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ।

ਬੀ ਟੀਮ ਦਾ ਫਈਨਲ ਮੈਚ ਮੌੜ ਕਬੱਡੀ ਕਲੱਬ ਨੇ 38.5/29 ਅੰਕਾ ਨਾਲ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੂੰ ਹਰਾ ਕੇ ਜਿੱਤਿਆ। ਟੈਲਫੋਰਡ ਅਤੇ ਗ੍ਰੇਵਜ਼ੈਂਡ/ਬਾਰਕਿੰਗ ਵਿਚਕਾਰ ਖੇਡਿਆ ਗਿਆ ਫਾਈਨਲ ਮੈਚ ਅੱਜ ਅੱਧ ਵਿਚਾਲੇ ਹੀ ਖ਼ਤਮ ਕਰਨਾ ਪਿਆ। ਭਾਵੇਂ ਅੱਧੇ ਸਮੇਂ ਤੱਕ ਸੋਨੀ ਫੱਕਰ ਝੰਡੇ, ਲੰਬੜ, ਖੁਸ਼ੀ, ਯੋਧਾ ਸੁਰਖਪੁਰੀਆ ਦੀ ਜਾਫ ਲਾਇਨ ਤਕੜਾ ਖੇਡ ਰਹੀ ਸੀ ਕੁਲਵਿੰਦਰ ਤੇ ਬੂਰੀਆ ਦੋਵੇਂ ਹੀ ਰੇਡਾਂ ਪਾ ਕੇ ਕੰਮ ਖਿਚੀ ਤੁਰੀ ਆਉਂਦੇ ਸੀ, ਦੂਜੇ ਪਾਸੇ ਸੋਹਣ, ਗੱਗੀ, ਹੁਸ਼ਿਆਰਾ, ਬੂਟਾ ਜ਼ੋਰ ਅਜ਼ਮੀ ਕਰ ਰਹੇ ਸੀ, ਸੁੱਖੀ ਬੈਂਸ ਵੱਲੋਂ ਲਾਏ 200 ਪੌਂਡ ਦਾ ਇਨਾਮ ਮਾਹਲੇ ਗੋਬਿੰਦਪੁਰੀਏ ਨੇ ਜਿੱਤਿਆ। ਪੌਂਡ ਤਾਂ ਮੀਂਹ ਵਾਂਗ ਵਰ੍ਹ ਰਹੇ ਸੀ ਪਰ ਗ੍ਰੇਵਜ਼ੈਂਡ ਦੇ ਧਾਵੀ ਫੱਟੜ ਹੋ ਗਏ, ਸ਼ਾਜ਼ੀ ਦੇ ਸੱਟ ਲੱਗਣ ਤੋਂ ਬਾਅਦ ਅੱਧੇ ਸਮੇਂ ਤੇ ਹੀ ਮੈਚ ਖ਼ਤਮ ਕਰ ਦਿੱਤਾ। ਟੈਲਫੋਰਡ ਨੇ 27.5/12 ਅੰਕਾਂ ਦੇ ਫਰਕ ਨਾਲ 2025 ਕਬੱਡੀ ਸੀਜ਼ਨ ਦਾ ਸੱਤਵਾਂ ਕੱਪ ਜਿੱਤਿਆ। ਬੂਰੀਆ ਅਤੇ ਲੰਬੜ ਮੱਲੀਆਂ ਸਰਬੋਤਮ ਖਿਡਾਰੀ ਬਣੇ। ਜੇਤੂਆਂ ਨੂੰ ਸੁਰਿੰਦਰ ਸਿੰਘ ਮਾਣਕ, ਬਲਬੀਰ ਸਿੰਘ ਘੁੰਮਣ ਅਤੇ ਪ੍ਰਬੰਧਕ ਕਮੇਟੀ ਨੇ ਇਨਾਮ ਤਕਸੀਮ ਕੀਤੇ। ਸੱਤਾ ਮੁਠੱਡਾ, ਪਾਲਾ ਸਹੋਤਾ, ਜਸਬੀਰ ਢੇਸੀ, ਲਹਿੰਬਰ ਲੱਧੜ, ਅਜਮੇਰ ਮੇਲਾ, ਭਿੰਦਰ, ਰਾਜਵਿੰਦਰ ਅਤੇ ਸਾਥੀਆਂ ਨੇ ਰਨਰ ਅੱਪ ਦਾ ਕੱਪ ਜਿੱਤਿਆ।

ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸੁਰਿੰਦਰ ਸਿੰਘ ਮਾਣਕ ਨੇ ਆਏ ਦਰਸ਼ਕਾਂ, ਖਿਡਾਰੀਆਂ, ਕਬੱਡੀ ਕਲੱਬਾਂ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ। ਸਮੂਹ ਫੈਡਰੇਸ਼ਨ ਦੇ ਅਹੁਦੇਦਾਰਾਂ, ਕਬੱਡੀ ਕਲੱਬਾਂ ਦੇ ਨੁਮਾਇੰਦਿਆਂ, ਕੁਮੈਂਟੇਟਰਾਂ ਭਿੰਦਾ ਮੁਠੱਡਾ, ਅਮਨ ਲੋਪੋ, ਸੋਖਾ ਢੇਸੀ, ਤੇਲੂ ਭੱਟੀ, ਸਤਨਾਮ ਜੈਂਗੋ, ਮਿੱਠਾ ਦੁਰਗਾਪੁਰ, ਦਵਿੰਦਰ ਚੜਿੱਕ, ਮਨੀ ਧੂੜ, ਬਿੱਲਾ ਗਾਲਬ, ਸਵਰਨਾ, ਗੋਪੀ, ਗੋਗੀ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੁੱਲ ਮਿਲਾ ਕੇ ਮੇਲਾ ਹਰ ਪੱਖੋਂ ਕਾਮਯਾਬ ਰਿਹਾ, ਨਿੱਕੀ ਨਿੱਕੀ ਕਣੀ, ਪੈਂਦੀ ਭੂਰ ਦੇ ਬਾਵਜੂਦ ਖੁਸ਼ਨੁਮਾ ਮਾਹੌਲ ਵਿੱਚ ਆਖਿਰ ਪ੍ਰਸਿੱਧ ਗਾਇਕ ਅੰਗਰੇਜ਼ ਅਲੀ ਦੇ ਗੀਤਾਂ ਦੀ ਸਜ਼ੀ ਮਹਿਫਲ ਨਾਲ ਟੂਰਨਾਮੈਂਟ ਦੀ ਸਮਾਪਤੀ ਹੋਈ।

ਟੂਰਨਾਮੈਂਟ ਦੀ ਕਾਮਯਾਬੀ ਲਈ ਰਾਜਬੀਰ ਸਿੰਘ ਮਾਣਕ, ਸੁਰਿੰਦਰ ਸਿੰਘ ਮਾਣਕ (ਮਾਣਕ ਸਾਲਿਸਟਰਜ਼), ਜਸਦੀਪ ਸਿੰਘ ਜੰਡ, ਗੁਲਜਿੰਦਰਪਾਲ ਸਿੰਘ ਕੰਦੋਲਾ, ਕਸ਼ਮੀਰ ਸਿੰਘ ਅਟਵਾਲ, ਸੰਜੀਵ ਸਿੰਘ ਅਟਵਾਲ, ਜਸਵਿੰਦਰ ਸਿੰਘ ਘੁੰਮਣ, ਬਲਬੀਰ ਸਿੰਘ ਘੁੰਮਣ, ਤਰਲੋਕ ਸਿੰਘ ਕੱਲਰ, ਧਿਆਨ ਸਿੰਘ ਗਿੱਲ, ਜਰਨੈਲ ਸਿੰਘ ਜ਼ੈਲਾ, ਕੁਲਵੀਰ ਸਿੰਘ ਸੰਘੇੜਾ ਲਾਲਾ, ਰਣਜੀਤ ਸਿੰਘ ਸਿੱਧੂ, ਰਾਜਵਿੰਦਰ ਸਿੰਘ ਰਾਜਾ, ਸੰਤੋਖ ਸਿੰਘ ਸੋਖੀ, ਮਾਰਕ ਡੇਵੇਨੀ, ਗੁਰਪਾਲ ਸਿੰਘ ਬਿੰਦਰਾ ਪਾਲਾ, ਮਨਰਾਜ ਸਿੰਘ ਬਿੰਦਰਾ, ਕੁਲਦੀਪ ਸਿੰਘ ਕੁਨਰ, ਕਰਨਜੀਤ ਸਿੰਘ ਕੁਨਰ, ਗੁਰਦੀਪ ਸਿੰਘ, ਕੇਵਲ ਸਿੰਘ ਜੌਹਲ, ਸਾਂਝ ਸਿੰਘ ਜੌਹਲ, ਜਸਵਿੰਦਰ ਸਿੰਘ ਬਾਸੀ ਜੱਗਾ, ਜਤਿੰਦਰ ਸਿੰਘ ਸੰਘੇੜਾ ਬਿਲਗਾ, ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਹੀਰਾ ਸਿੰਘ ਖੁਸ਼, ਮੋਹਿਤ, ਸੰਨੀ, ਸ਼ੱਬਾ ਸੰਧੂ, ਤਲਵਿੰਦਰ ਸਿੰਘ ਗਿੱਲ, ਹਰਮਨ ਸਿੰਘ, ਪੰਜਾਬ ਡੇਲੀ ਫਰੈਸ਼ ਸਟੋਰ, ਗੁਰਚਰਨ ਸਿੰਘ ਵਾਘਾ, ਬਲਜੀਤ ਸਿੰਘ ਬਿੱਲਾ, ਜਰਨੈਲ ਸਿੰਘ, ਦਿਲਾਵਰ ਸਿੰਘ ਬਿੱਟੂ, ਹਰਨੇਕ ਸਿੰਘ ਕਲੇਰ, ਬਲਜੀਤ ਸਿੰਘ ਗਿੱਲ, ਜਤਿੰਦਰ ਸਿੰਘ, ਸੁਰਿੰਦਰ ਸਿੰਘ ਚਾਹਲ ਭਾਊ, ਸਬੈ ਲੁਬਾਣਾ, ਗੁਰਦੀਪ ਸਿੰਘ ਦੁਸਾਂਝ, ਮਹਿਤਾਬ ਸਿੰਘ, ਬਬਲੂ ਨੌਗਾਜਾ, ਹਰਜੀਤ ਸਿੰਘ, ਸੁਰਿੰਦਰ ਸਿੰਘ ਰਿਐਤ, ਬਿੱਟੂ ਮਾਣਕ, ਬਲਵਿੰਦਰ ਸੋਨੂੰ, ਚਰਨਜੀਤ ਸਿੰਘ ਮਾਣਕ, ਇੰਦਰਪਾਲ ਸਿੰਘ, ਸੰਤੋਖ ਸਿੰਘ ਸੰਧੂ, ਇੰਦਰਜੀਤ ਸਿੰਘ ਆਦਿ ਵਧਾਈ ਦੇ ਪਾਤਰ ਹਨ।

* * * * * * *


## ਟੈਕਸਾਸ ਦੇ ਹੜ ਵਿੱਚ ਲਾਪਤਾ ਵਿਅਕਤੀਆਂ ਦੀ ਗਿਣਤੀ ਘਟ ਕੇ 3 ਰਹਿ ਗਈ, ਮੌਤਾਂ ਦੀ ਗਿਣਤੀ 135 ਹੋਈ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੇਰ ਕਾਊਂਟੀ, ਟੈਕਸਾਸ ਵਿੱਚ ਆਏ ਹੜ ਵਿੱਚ ਲਾਪਤਾ ਵਿਅਕਤੀਆਂ ਦੀ ਗਿਣਤੀ 97 ਤੋਂ ਘਟ ਕੇ 3 ਰਹਿ ਗਈ ਹੈ। ਕੇਰਵਿਲੇ ਸ਼ਹਿਰ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਸਥਾਨਕ ਤੇ ਰਾਜ ਦੀਆਂ ਏਜੰਸੀਆਂ ਵੱਲੋਂ ਲਾਪਤਾ ਵਿਅਕਤੀਆਂ ਦਾ ਪਤਾ ਲਾਉਣ ਲਈ ਕੀਤੇ ਗਏ ਯਤਨਾਂ ਸਦਕਾ ਪਤਾ ਲੱਗਾ ਹੈ ਕਿ ਬਹੁਤ ਸਾਰੇ ਲੋਕ ਜੋ ਸ਼ੁਰੂ ਵਿੱਚ ਲਾਪਤਾ ਸਨ, ਉਹ ਠੀਕ ਠਾਕ ਹਨ ਇਸ ਲਈ ਉਨਾਂ ਨੂੰ ਲਾਪਤਾ ਵਿਅਕਤੀਆਂ ਦੀ ਸੂਚੀ ਵਿੱਚੋਂ ਕੱਢ ਦਿੱਤਾ ਗਿਆ ਹੈ। ਭਾਰੀ ਬਾਰਿਸ਼ ਕਾਰਨ 4 ਜੁਲਾਈ ਨੂੰ ਆਏ ਅਚਾਨਕ ਹੜ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ 135 ਤੱਕ ਪੁੱਜ ਗਈ ਹੈ।ਹੜ ਕਾਰਨ ਕੇਂਦਰੀ ਟੈਕਸਾਸ ਵਿੱਚ ਗੁਆਡਾਲੂਪ ਦਰਿਆ ਦੇ ਨਾਲ ਰਹਿੰਦੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਥੇ ਛੋਟੀਆਂ ਬੱਚੀਆਂ ਦਾ ਲੱਗਾ ਗਰਮ ਰੁੱਤ ਦਾ ਕੈਂਪ ਬੁਰੀ ਤਰਾਂ ਪ੍ਰਭਾਵਿਤ ਹੋਇਆ ਸੀ ਤੇ 30 ਤੋਂ ਵੱਧ ਬੱਚੀਆਂ ਮਾਰੀਆਂ ਗਈਆਂ ਸਨ।ਕੇਰਵਿਲੇ ਪੁਲਿਸ ਵਿਭਾਗ ਦੇ ਸੂਚਨਾ ਅਫਸਰ ਜੋਨਾਥਨ ਲੈਂਬ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਲਾਪਤਾ ਵਿਅਕਤੀਆਂ ਦੇ ਨਵੇਂ ਅੰਕੜੇ ਤੋਂ ਕੁਝ ਰਾਹਤ ਮਿਲੀ ਹੈ।

## ਪਾਠਕਾਂ ਦੇ ਪੱਤਰ

## ਬੇਅਦਬੀ ਦਾ ਮਾਮਲਾ-ਬਿੱਲ ਪਾਸ ਹੀ ਨਹੀਂ ਕਰ ਸਕੇ

ਅਸੀਂ ਸਾਰੇ ਜਾਣਦੇ ਹਾਂ ਕਿ ਕਾਨੂੰਨ ਕੋਈ ਭੀ ਹੈ ਬਿੱਲ ਪਾਸ ਕਰਨਾ ਅਕਸਰ ਅਸੈਂਬਲੀ ਵਿੱਚ ਪਹਿਲਾਂ white paper ਲਿਖ ਹੁੰਦਾ ਹੈ, ਜਿਸ ਨੂੰ ਖਰੜਾ ਕਹਿੰਦੇ ਹਨ, ਫਿਰ ਸਾਰਿਆਂ ਨੂੰ ਪੜ੍ਹ ਕੇ ਦੱਸਿਆ ਜਾਂਦਾ ਹੈ ਕੋਈ ਇਤਰਾਜ਼ ਹੈ ਫਿਰ ਮੁੜ ਸੁਧਾਰ ਕੀਤਾ ਜਾਂਦਾ ਹੈ। ਫਿਰ ਬਹਿਸ ਹੁੰਦੀ ਹੈ ਉਸ ਵਿੱਚ ਜਿਆਦਾ ਵੋਟਾਂ ਮਿਲਣ ਤਦ ਪਾਸ ਹੁੰਦਾ ਹੈ। ਅਕਸਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਇਹ ਕਾਨੂੰਨ ਪਾਸ ਕਰਨਾ ਹੈ ਤਾਂ ਕਿ ਅੱਗੇ ਤੋਂ ਕੋਈ ਗੁਟਕਾ ਸਾਹਿਬ ਜਾਂ ਬਾਣੀ ਦਾ ਕੋਈ ਸ਼ਬਦ ਹੈ ਉਸ ਦੀ ਕਿਸੇ ਤਰ੍ਹਾਂ ਬੇਪਤੀ ਨਾ ਹੋਵੇ। ਇਹ ਪੂਰੇ ਸਿੱਖਾਂ ਲਈ ਲਾਗੂ ਨਹੀਂ ਹੋਣਾ, ਸਾਰੀਆਂ ਕੌਮਾਂ 'ਤੇ ਲਾਗੂ ਹੁੰਦਾ ਹੈ। ਕਿਸੇ ਧਰਮ ਦਾ ਬੰਦਾ ਹੋਵੇ ਇਸ ਨੂੰ ਕਿਸੇ ਤਰ੍ਹਾਂ ਬੇਇੱਜ਼ਤ ਨਾ ਕਰੇ। ਫਿਰ ਪਹਿਲਾਂ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਬਾਕੀ ਸਾਰੇ ਸਿੱਖ ਭਾਈਚਾਰੇ ਨੂੰ ਇਸ ਕਾਨੂੰਨ ਬਣਾਉਣ ਦੀ ਕਾਪੀ ਦੇਣੀ ਚਾਹੀਦੀ ਹੈ ਤਾਂ ਕਿ ਸਹੀ ਸਿੱਖੀ ਸਿਧਾਂਤ ਮੁਤਾਬਕ ਇਸ ਦੀ ਚੰਗੀ ਤਰ੍ਹਾਂ ਸੋਧ ਕਰਕੇ ਲਿਖਿਆ ਇਸ ਵਿੱਚ ਕਿਹੜਾ ਕਿਹੜਾ ਗ੍ਰੰਥ ਗੁਟਕਾ ਜਾਂ ਹੋਰ ਕੋਈ ਸਿੱਖੀ ਧਰਮ ਬਾਰੇ ਲਿਖਤ ਹੈ ਉਸ ਨੂੰ ਵਿੱਚ ਲਿਆ ਜਾਵੇ, ਖਰੜਾ ਅਖ਼ਬਾਰਾਂ ਵਿੱਚ ਛਾਪਿਆ ਜਾਵੇ, ਦੇਸ-ਪ੍ਰਦੇਸ ਵਿੱਚ ਤਾਂ ਕਿ ਹਰ ਸਿੱਖ ਨੂੰ ਇਸ ਬਾਰੇ ਪਤਾ ਚੱਲ ਸਕੇ ਕਿ ਕਿਹੜਾ ਬਿੱਲ ਕਿਸ ਤਰ੍ਹਾਂ ਬਣ ਰਿਹਾ ਹੈ, ਤਾਂ ਬਾਅਦ ਵਿੱਚ ਇਸ ਬਾਰੇ ਕੋਈ ਭੀ ਸਵਾਲ ਨਾ ਉਠਾ ਸਕੇ। ਪਰ ਸਰਕਾਰਾਂ ਕੀ ਕਰ ਰਹੀਆਂ ਹਨ ਇੱਕੜ ਦੁੱਕੜ ਭ ਭਾਊ 80-90-ਪੂਰਾ ਸੌ ਜਿਵੇਂ ਬੱਚੇ ਖੇਡਦੇ ਕਰਦੇ ਸਨ ਅਸੀਂ ਜਦੋਂ ਬੱਚੇ ਸੀ ਇਸ ਤਰ੍ਹਾਂ ਜਿਆਦਾ ਚੱਲਦਾ ਸੀ। ਇਹੋ ਹਾਲ ਹੁਣ ਦੀ ਸਰਕਾਰਾਂ ਦਾ ਹੈ ਜਿਵੇਂ ਸਾਡੇ ਕਾਂਗਰਸੀ ਲੀਡਰ ਨੇ ਟੈਲੀਵਿਜ਼ਨ 'ਤੇ ਦੱਸਿਆ ਹੈ ਕਿ ਕਾਂਗਰਸ ਨੇ ਇਸ ਬਾਰੇ ਕੁਝ ਨਹੀਂ ਕੀਤਾ ਨਾ ਹੁਣ ਦੀ ਸਰਕਾਰ ਕੁਝ ਕਰ ਰਹੀ ਅਰਥਾਤ ਸਿਰਫ਼ ਪਾਣੀ ਵਿੱਚ ਮਧਾਣੀ ਪਾਈ ਰੱਖਣੀ ਹੈ, ਜਨਤਾ ਨੂੰ ਬੁੱਧੂ ਬਣਾਈ ਜਾਣਾ ਆਮ ਗੱਲ ਹੈ ਅਕਸਰ ਇਹ ਭੀ ਬਿਆਨਬਾਜੀ ਤੀਕਰ ਜਾਂ ਕਾਗਜ਼ੀ ਕਾਰਵਾਈ ਤੀਕਰ ਕੰਮ ਰਹਿ ਜਾਣਾ ਹੈ, ਫਿਰ ਇਲੈਕਸ਼ਨ ਆ ਜਾਣੀ ਹੈ। ਫਿਰ ਸਹੀ ਅਕਸਰ ਸਰਕਾਰਾਂ ਕਰਦੀਆਂ ਹਨ ਫਿਰ ਦੇਖੋ ਪਹਿਲਾ ਸਰਕਾਰਾਂ ਵਿੱਚ ਸਹੀ ਸਿੱਖ ਜਿਵੇਂ ਅੰਮ੍ਰਿਤਧਾਰੀ ਪੂਰੀ ਦਾੜ੍ਹੀ-ਕੇਸ-ਕੱਛ-ਕੜਾ-ਕਿਰਪਾਨ ਵਗੈਰਾ ਪਾ ਕੇ ਰੱਖਦੇ ਸਨ। ਜ਼ਿਆਦਾ ਸਿੱਖ ਹੋਣ ਕਰਕੇ ਸਹੀ ਸਿੱਖੀ ਬਾਰੇ ਦੱਸਦੇ ਸਨ ਹੁਣ ਕੀ ਸਰਕਾਰ ਵਿੱਚ ਦੇਖੋ ਸਰਦਾਰ ਕੁਲਤਾਰ ਸਿੰਘ ਸਿੱਧਵਾਂ ਸਾਹਿਬ ਤੋਂ ਬਗੈਰ ਕਿਤਨੇ ਸਿੱਖ ਹਨ ਜੋ ਦਾੜ੍ਹੀ ਖੁੱਲ੍ਹੀ ਛੱਡਦੇ ਹਨ ਸਹੀ ਸਿੱਖਾਂ ਦੀ ਤਰ੍ਹਾਂ ਰਹਿੰਦੇ ਹਨ, ਕੋਈ ਦਾੜ੍ਹੀ ਕਾਲੀ ਕਰਦਾ ਕੋਈ ਕੱਟਦਾ ਹੈ। ਦਿੱਲੀ ਦੀ ਸਰਕਾਰ ਆਪ ਦੀ ਵਿੱਚ ਕਿਤਨੇ ਸਿੱਖ ਸਨ। ਗਿਣਤੀ ਕਰੋ ਫਿਰ ਇਨ੍ਹਾਂ ਨੂੰ ਬਿੱਲ ਬਣਾਉਣ ਲਈ ਕਾਹਲੀ ਹੈ ਪਰ ਸਿੱਖੀ ਅਸੂਲ ਵੱਲ ਧਿਆਨ ਕੋਈ ਨਹੀਂ। ਕਾਨੂੰਨ ਬਾਅਦ ਭੀ ਰੱਖਿਆ ਇਸ ਦੀ ਕਰਨਗੇ ਜਿਵੇਂ ਦੇ ਸਿੱਖ ਹਨ। ਉਪ ਲਿਖਤ ਵਿੱਚ ਕੋਈ ਗਲਤੀ ਹੋਵੇ ਮੁਆਫੀ ਦਾ ਜਾਚਕ ਹਾਂ।



**ਆਪ ਦਾ ਦਾਸ**

**-ਕੁਲਤਾਰ ਸਿੰਘ ਜੋਗੀ**

# ਬਿਹਤਰੀਨ ਮਨੁੱਖੀ ਜੀਵਨ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਦਾ 'ਦੂਜਾ ਅਦਬੀ ਮੇਲਾ ਲੰਡਨ' ਯਾਦਗਾਰੀ ਹੋ ਨਿਬੜਿਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਏਸ਼ੀਅਨ ਸਾਹਿਤਕ ਤੇ ਸੱਭਿਆਚਾਰਕ ਫੋਰਮ (ਯੂ. ਕੇ.) ਵੱਲੋਂ ਸਾਊਥਾਲ ਲੰਡਨ ਵਿਖੇ ਕਰਵਾਇਆ ਦੂਜਾ 'ਅਦਬੀ ਮੇਲਾ' ਬਿਹਤਰੀਨ ਮਨੁੱਖੀ ਜੀਵਨ ਜਿਊਣ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਦਾ ਯਾਦਗਰੀ ਪੈੜਾਂ ਛੱਡਦਾ ਹੋਇਆ ਮਸਤਕ ਦੇ ਡੂੰਘੀ ਲਕੀਰ ਛੱਡ ਗਿਆ। ਪ੍ਰੋਗਰਾਮ ਪ੍ਰਬੰਧਕ ਸ਼ਾਇਰ ਰਾਜਿੰਦਰਜੀਤ ਨੇ ਵਿਸ਼ਵ ਭਰ ਚੋਂ ਪੁੱਜੇ ਲੇਖਕ, ਵਿਦਵਾਨਾਂ ਅਤੇ ਚਿੰਤਕਾਂ ਦਾ ਭਰਵਾਂ ਸਵਾਗਤ ਕੀਤਾ। ਮੇਲੇ ਦੇ ਮੁੱਖ ਪ੍ਰਬੰਧਕ ਸ਼ਾਇਰ ਅਜ਼ੀਮ ਸ਼ੇਖਰ ਵੱਲੋਂ ਮੇਲੇ ਦਾ ਮੁੱਖ ਮਕਸਦ ਅਤੇ ਇਸ ਦੀ ਰੂਪ ਰੇਖਾ ਲੇਖਕਾਂ ਪਾਠਕਾਂ ਨਾਲ ਸਾਂਝੀ ਕੀਤੀ।**



ਅਦਬੀ ਮੇਲਾ 2025 ਵਿੱਚ ਸ਼ਾਮਿਲ ਦੇਸ਼ ਵਿਦੇਸ਼ ਤੋਂ ਆਏ ਪੰਜਾਬੀ ਲੇਖਕ ਅਤੇ ਪੰਜਾਬੀ ਚਿੰਤਕ

ਮੇਲੇ ਦਾ ਆਗਾਜ਼ ਵਿਸ਼ਵ ਪ੍ਰਸਿੱਧ ਪੰਜਾਬੀ ਚਿੰਤਕ ਤੇ ਨਾਟਕਕਾਰ ਡਾ ਆਤਮਜੀਤ ਦੁਆਰਾ 'ਮਾਨਵ, ਕੁਦਰਤ, ਮਸ਼ੀਨ ਅਤੇ ਅਦਬ' ਵਿਸ਼ੇ 'ਤੇ ਦਿੱਤੇ ਭਾਸ਼ਣ ਨਾਲ ਸ਼ੁਰੂ ਹੋਇਆ। ਆਪਣੇ ਭਾਸ਼ਣ ਵਿੱਚ ਡਾ ਆਤਮਜੀਤ ਨੇ ਕਿਹਾ ਕਿ ਮਨੁੱਖ ਪ੍ਰਕਿਰਤੀ ਦਾ ਅੰਗ ਹੈ ਪਰ ਮਸ਼ੀਨ ਦੀ ਈਜਾਦ ਹੋਣ ਨਾਲ ਉਸਨੇ ਆਕਾਸ਼ ਤੇ ਪਤਾਲ ਦਾ ਸਫ਼ਰ ਤੈਅ ਕੀਤਾ। ਮਨੁੱਖ ਨੇ ਬਾਹਰੀ ਕੁਦਰਤ ਨੂੰ ਲੋੜੋਂ ਵੱਧ ਕਾਬੂ ਕਰਨ ਅਤੇ ਅੰਦਰੂਨੀ ਕੁਦਰਤ ਨੂੰ ਲੋੜੋਂ ਵੱਧ ਬੇਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਵਿੱਚ ਮਨੁੱਖ ਨੇ ਕੁਦਰਤ ਤੋਂ ਦੂਰੀ ਬਣਾਈ ਅਤੇ ਅੱਜ ਅਨੇਕ ਤਰ੍ਹਾਂ ਦੀਆਂ ਦੁਸ਼ਵਾਰੀਆਂ ਤੇ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹਨਾਂ ਕਿਹਾ ਕਿ ਮਸਨੂਈ ਬੁੱਧੀ ਸਾਡੇ ਸਾਹਮਣੇ ਮੁੱਖ ਚੁਣੌਤੀ ਤਾਂ ਹੈ ਪਰ ਇਸ ਚੁਣੌਤੀ ਨਾਲ ਮਨੁੱਖ ਹੀ ਨਿਪਟ ਸਕਦਾ ਹੈ।ਇਸ ਸੈਸ਼ਨ ਦਾ ਮੰਚ ਸੰਚਾਲਨ ਪ੍ਰਸਿੱਧ ਨਾਵਲਕਾਰ ਮਹਿੰਦਰ ਪਾਲ ਧਾਲੀਵਾਲ ਨੇ ਕੀਤਾ ਅਤੇ ਧੰਨਵਾਦ ਗੁਰਨਾਮ ਗਰੇਵਾਲ ਦੁਆਰਾ ਕੀਤਾ ਗਿਆ।

ਸਮਾਗਮ ਦਾ ਦੂਜਾ ਸੈਸ਼ਨ 'ਚਿੰਤਨ ਸੈਸ਼ਨ' ਸੀ ਜਿਸ ਵਿੱਚ ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ 'ਨਿਊ ਮੀਡੀਆ ਦੇ ਦੌਰ ਵਿੱਚ ਸਾਹਿਤ' ਵਿਸ਼ੇ ਤੇ ਬੋਲਦਿਆਂ ਕਿਹਾ ਕਿ ਏ ਆਈ ਦੇ ਦੌਰ ਵਿੱਚ ਇਸ ਦੀ ਸੰਭਾਵਨਾ ਤੇ ਸੀਮਾ ਵੱਲ ਬਾਰੀਕੀ ਨਾਲ ਧਿਆਨ ਦੇਣ ਦੀ ਲੋੜ ਹੈ । ਉਨਾਂ ਇਸ ਦੇ ਸੰਭਾਵੀ ਖ਼ਤਰਿਆਂ ਬਾਰੇ ਕਿਹਾ ਕਿ ਮਨੁੱਖ ਦੁਆਰਾ ਇਸ ਨੂੰ ਸਮਝਣ, ਇਸ ਦੇ ਹਾਣ ਦਾ ਹੋਣ ਅਤੇ ਖ਼ੁਦ ਉਤੇ ਯਕੀਨ ਕਰਨ ਦੀ ਲੋੜ ਹੈ ਕਿਉਂਕਿ ਮਨੁੱਖ ਕੋਲ ਗਿਆਨ ਦੀ ਅਸੀਮ ਸੰਭਾਵਨਾ ਹੈ। ਇਸ ਤੋਂ ਬਾਅਦ ਚਿੰਤਕ ਅਤੇ ਨਾਟਕਕਾਰ ਡਾ ਕੁਲਦੀਪ ਸਿੰਘ ਦੀਪ ਨੇ 'ਸਾਮਰਾਜੀ ਜੰਗਾਂ ਦੇ ਦੌਰ ਵਿੱਚ ਅਦਬ ਦੀ ਭੂਮਿਕਾ' ਵਿਸ਼ੇ ਤੇ ਬੋਲਦਿਆਂ ਕਿਹਾ ਕਿ ਇਤਿਹਾਸ ਸੱਤਾ ਦਾ ਹੁੰਦਾ ਹੈ। ਸਾਹਿਤ ਅਵਾਮ ਦੀ ਆਵਾਜ਼ ਹੁੰਦਾ ਹੈ। ਸਾਹਿਤ ਜੰਗਾਂ ਦੇ ਪ੍ਰਭਾਵਾਂ ਨੂੰ ਸਮਾਜ ਸਾਹਮਣੇ ਬੜੀ ਜ਼ਿੰਮੇਵਾਰੀ ਨਾਲ ਨਾਲ ਪੇਸ਼ ਕਰਦਾ ਹੈ। ਉਨਾਂ ਜੰਗਾਂ ਦੇ ਮਨੁੱਖ ਉਤੇ ਪੈਣ ਵਾਲੇ ਸਦੀਵੀ ਪ੍ਰਭਾਵਾਂ ਬਾਰੇ ਵਿਸਥਾਰ ਸਹਿਤ ਦੱਸਿਆ। ਇਸ ਸਮਾਗਮ ਦਾ ਸੰਚਾਲਨ ਨੁਜ਼ਹਤ ਅੱਬਾਸ ਦੁਆਰਾ ਕੀਤਾ ਗਿਆ ਅਤੇ ਧੰਨਵਾਦ ਪ੍ਰਸਿੱਧ ਕਹਾਣੀਕਾਰ ਜਸਵਿੰਦਰ ਰੱਤੀਆਂ ਦੁਆਰਾ ਕੀਤਾ ਗਿਆ।

' ਰੰਗਮੰਚ ਦੇ ਰੰਗ 'ਸੈਸ਼ਨ ਤਹਿਤ ਪੰਜਾਬੀ ਨਾਟਕਕਾਰ ਤੇ ਅਦਾਕਾਰ ਸੋਮਪਾਲ ਹੀਰਾ ਵੱਲੋਂ ਮਰਹੂਮ ਸੁਰਜੀਤ ਪਾਤਰ ਦੀਆਂ ਕਵਿਤਾਵਾਂ 'ਤੇ ਅਧਾਰਤ ਨਾਟਕ 'ਭਾਸ਼ਾ ਵਹਿੰਦਾ ਦਰਿਆ' ਪੇਸ਼ ਕੀਤਾ ਗਿਆ। ਇਹ ਨਾਟਕ ਪੰਜਾਬੀ ਮਾਂ ਬੋਲੀ ਦੀ ਬੇਕਦਰੀ ਤੇ ਇਸ ਦੇ ਪ੍ਰਭਾਵਾਂ ਬਾਰੇ ਯਾਦਗਾਰੀ ਹੋ ਨਿਬੜਿਆ। ਇਸ ਨਾਟਕ ਬਾਰੇ ਪ੍ਰੋਫੈਸਰ ਨਿਰਮਲ ਜੌੜਾ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਧੰਨਵਾਦੀ ਲਫ਼ਜ਼ ਪਰਮਿੰਦਰ ਹਾਰਫੋਰਡ ਦੁਆਰਾ ਕੀਤੇ ਗਿਆ। ਦਰਸ਼ਨ ਸਿੰਘ ਢਿੱਲੋ ਅਤੇ ਡਾ. ਕੁਲਦੀਪ ਦੀਪ ਦੀ ਅਗਵਾਈ 'ਚ ਛਪਣ ਵਾਲੇ ਮੈਗਜ਼ੀਨ 'ਕੌਮਾਂਤਰੀ ਚਰਚਾ' ਦਾ ਲੋਕ ਅਰਪਣ ਕੀਤਾ ਗਿਆ ।

ਦੂਜੇ ਦਿਨ ਦਾ ਪਹਿਲਾ ਸੈਸ਼ਨ ਸੀ 'ਪੰਜਾਬੀ ਭਾਸ਼ਾ ਤੇ ਪ੍ਰਵਾਸ' ਅਤੇ ਇਸਦੇ ਪੈਨਲਿਸਟ ਸਨ ਡਾ ਆਤਮਜੀਤ, ਰਣਜੀਤ ਧੀਰ, ਕੰਵਲ ਧਾਲੀਵਾਲ ਅਤੇ ਵਕਾਸ ਬੱਟ। ਇਸਨੂੰ ਮਾਡਰੇਟ ਕੀਤਾ ਨਾਟਕਕਾਰ ਅਤੇ ਆਲੋਚਕ ਡਾ ਕੁਲਦੀਪ ਸਿੰਘ ਦੀਪ ਨੇ। ਆਤਮਜੀਤ ਹੋਰਾਂ ਕਿਹਾ ਪੰਜਾਬੀ ਸਾਹਿਤ ਨੂੰ ਬਾਕੀ ਭਾਸ਼ਾਵਾਂ ਵਿੱਚ ਅਨੁਵਾਦ ਨਾ ਕਰਨ ਦੇ ਨਾਲ ਨਾਲ ਇਸ ਦੇ ਧਰਮ ਨਾਲ ਜੁੜੇ ਹੋਣ ਕਰਕੇ ਵੀ ਨੁਕਸਾਨ ਹੋਇਆ ਹੈ । ਕੰਵਲ ਧਾਲੀਵਾਲ ਨੇ ਕਿਹਾ ਕਿਸੇ ਭਾਸ਼ਾ ਨੂੰ ਬਚਾਉਣ ਲਈ ਰੋਮਨ ਲਿਪੀ ਦੇ ਨਾਲ ਨਾਲ ਮੂਲ ਭਾਸ਼ਾ ਦੇ ਚਿੰਨ੍ਹਾਂ ਦਾ ਹੋਣਾ ਵੀ ਜ਼ਰੂਰੀ ਹੈ ਤਾਂ ਜੋ ਬੱਚੇ ਮੂਲ ਭਾਸ਼ਾ ਸਿੱਖ ਸਕਣ। ਰਣਜੀਤ ਧੀਰ ਨੇ ਕਿਹਾ ਇੰਗਲੈਂਡ ਦੀ ਸਿੱਖਿਆ ਪਾਲਸੀ ਵਿੱਚ ਹੋਰਨਾ ਭਾਸ਼ਾਵਾਂ ਨੂੰ ਰੱਖਿਆ ਗਿਆ ਹੈ ।ਇਸ ਤਹਿਤ ਬੱਚੇ ਪੰਜਾਬੀ ਪੜ੍ਹ ਸਕਦੇ ਹਨ ਪਰ ਇਸਦਾ ਫ਼ਾਇਦਾ ਨਹੀਂ ਲਿਆ ਗਿਆ। ਵਕਾਸ ਬੱਟ ਨੇ ਘਟ ਰਹੇ ਪੰਜਾਬੀ ਪਾਠਕਾਂ ਬਾਰੇ ਚਿੰਤਾ ਜ਼ਾਹਿਰ ਕੀਤੀ।


ਡਾ ਰਿਆਜ਼ ਬਾਬਰ ਦੁਆਰਾ 'ਸੱਭਿਆਚਾਰਕ ਕਲਾਵਾਂ ਵਿੱਚ ਨੌਜਵਾਨਾਂ ਦੀ ਭੂਮਿਕਾ' ਬਾਰੇ ਆਪਣੇ ਬਹੁਮੁੱਲੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸ਼ਾਇਰ ਅਧਿਆਪਕ ਪਾਲੀ ਖ਼ਾਦਿਮ ਦੁਆਰਾ ਲੋਕ ਸਾਜ਼ ਅਲਗੋਜ਼ਾ ਵਜਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ ।

ਪ੍ਰੋਗਰਾਮ ਦੇ ਦੂਜੇ ਸੈਸ਼ਨ ਦਾ ਵਿਸ਼ਾ ਸੀ 'ਪੰਜਾਬੀ ਗੀਤਕਾਰੀ, ਗਾਇਕੀ ਅਤੇ ਪ੍ਰਵਾਸ'। ਇਸ ਵਿੱਚ ਸ਼ਾਇਰ ਜਸਵਿੰਦਰ, ਡਾ ਰਜਿੰਦਰ ਪਾਲ ਸਿੰਘ ਬਰਾੜ ਅਤੇ ਡਾ. ਚਰਨਜੀਤ ਕੌਰ ਬਰਾੜ ਨੇ ਆਪਣੇ ਵਿਚਾਰ ਵਿਅਕਤ ਕੀਤੇ ਅਤੇ ਪ੍ਰਸਿੱਧ ਨਾਟਕਕਾਰ ਨਿਰਮਲ ਜੌੜਾ ਇਸ ਦੇ ਮਾਡਰੇਟਰ ਸਨ । ਰਜਿੰਦਰਪਾਲ ਸਿੰਘ ਬਰਾੜ ਨੇ ਪੰਜਾਬੀ ਗੀਤਾਂ ਦੇ ਸਮਕਾਲੀ ਸੰਦਰਭ ਅਤੇ ਇਹਨਾਂ ਦੀ ਬਣਤਰ ਅਤੇ ਰਵਾਨੀ ਬਾਰੇ ਗੱਲ ਕੀਤੀ। ਚਰਨਜੀਤ ਕੌਰ ਨੇ ਪੰਜਾਬੀ ਲੋਕ ਗੀਤਾਂ ਦੇ ਸੰਦਰਭ ਵਿਚ ਔਰਤ ਮਨ ਦੀਆਂ ਭਾਵਨਾਵਾਂ ਨੂੰ ਲੋਕ ਗੀਤਾਂ ਰਾਹੀਂ ਖੋਲ੍ਹ ਕੇ ਦੱਸਿਆ। ਜਸਵਿੰਦਰ ਨੇ ਕਨੇਡਾ ਵਿਚਲੇ ਪੰਜਾਬੀ ਲੋਕਾਂ ਦੀ ਮਾਨਸਿਕ ਸਥਿਤੀ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ।

ਪ੍ਰੋਗਰਾਮ ਦੇ ਦੋਵੇਂ ਦਿਨ ਕਵੀ ਦਰਬਾਰ ਦੇ ਦੋ ਸ਼ਾਨਦਾਰ ਸੈਸ਼ਨ ਕਰਵਾਏ ਗਏ ਜਿਨ੍ਹਾਂ ਦੀ ਪ੍ਰਧਾਨਗੀ ਪ੍ਰਸਿੱਧ ਗਜ਼ਲਕਾਰ ਜਸਵਿੰਦਰ (ਕੈਨੇਡਾ) ਨੇ ਕੀਤੀ। ਪਹਿਲੇ ਦਿਨ ਮੰਚ ਸੰਚਾਲਨ ਦੀਪਕ ਧਲੇਵਾਂ ਤੇ ਦਲਵੀਰ ਕੌਰ ਨੇ ਅਤੇ ਦੂਜੇ ਦਿਨ ਰਾਜਵੰਤ ਰਾਜ ਤੇ ਰੂਹੀ ਸਿੰਘ ਵੱਲੋਂ ਕੀਤਾ ਗਿਆ। ਸ਼ਾਇਰੀ ਦੇ ਜਲੌਅ ਵਿੱਚ ਵਿੱਚ ਭਾਸ਼ੋ (ਭਾਰਤ) ਰਾਜਵੰਤ ਰਾਜ (ਕਨੇਡਾ) ਅਜੀਤ ਪਾਲ ਸਿੰਘ (ਭਾਰਤ) ਸਰਬਜੀਤ ਕੌਰ ਜਸ (ਭਾਰਤ) ਨਰਿੰਦਰ ਪਾਲ ਕੌਰ( ਭਾਰਤ) ਰੂਹੀ ਸਿੰਘ (ਭਾਰਤ) ਮਨਜੀਤ ਕੌਰ ਗਿੱਲ (ਅਮਰੀਕਾ) ਨੀਲੂ (ਜਰਮਨੀ) ਗੌਤਮ (ਕਨੇਡਾ) ਜੀਤ ਸੁਰਜੀਤ (ਬੈਲਜੀਅਮ) ਅਨੂਬਾਲਾ (ਭਾਰਤ )ਪਾਲੀ ਖ਼ਾਦਿਮ (ਭਾਰਤ) ਦੀਪਕ ਧਲੇਵਾਂ (ਭਾਰਤ) ਇੰਦਰਪਾਲ ਸਿੰਘ (ਸਵੀਡਨ) ਅਤੇ ਪ੍ਰੋ ਸ਼ਾਹਿਦ ਗੁਲ ਨੇ ਕਵਿਤਾਵਾਂ ਪੇਸ਼ ਕੀਤੀਆਂ। ਬਰਤਾਨਵੀ ਕਵੀਆਂ ਵਿੱਚੋਂ ਵਰਿੰਦਰ ਪਰਿਹਾਰ, ਸੁਰਿੰਦਰ ਸੀਹਰਾ, ਦਰਸ਼ਨ ਬੁਲੰਦਵੀ, ਨੁਜ਼ਰਤ ਅੱਬਾਸ, ਰਾਜਿੰਦਰਜੀਤ, ਅਜ਼ੀਮ ਸ਼ੇਖ਼ਰ, ਅਬੀਰ ਬੁੱਟਰ, ਦਲਵੀਰ ਕੌਰ, ਪ੍ਰਕਾਸ਼ ਸੋਹਲ, ਕੁਲਵੰਤ ਢਿਲੋਂ, ਅਮਨਦੀਪ ਸਿੰਘ, ਭੁਪਿੰਦਰ ਸੱਗੂ, ਸੋਨੀਆ ਪਾਲ, ਗੁਰਸ਼ਰਨ ਸਿੰਘ, ਸੁਰਿੰਦਰਪਾਲ, ਸੰਤੋਖ ਹੇਅਰ, ਰਿਪਜੀਤ ਸੰਧੂ, ਅੰਬਰੀਨ ਜ਼ਫ਼ਰ, ਰੂਪ ਦਵਿੰਦਰ ਕੌਰ, ਮਨਜੀਤ ਪੱਡਾ, ਗੁਰਮੇਲ ਸੰਘਾ, ਰੂਪ ਦਬੁਰਜੀ, ਡਾ ਮਹਿੰਦਰ ਗਿੱਲ, ਹਰਦੇਸ਼ ਬਸਰਾ, ਕਿੱਟੀ ਬੱਲ, ਮਨਪ੍ਰੀਤ ਸਿੰਘ ਬੱਧਨੀ ਆਦਿ ਨੇ ਖੂਬਸੂਰਤ ਰੰਗ ਬੰਨਿਆ। ਮੁਸ਼ਾਇਰੇ ਬਾਰੇ" ਟਿੱਪਣੀ ਕਰਦਿਆਂ ਸ਼ਾਇਰ ਜਸਵਿੰਦਰ ਨੇ ਕਿਹਾ ਸ਼ਬਦ ਸੰਵੇਦਨਾ ਦਾ ਵਾਹਕ ਹੈ। ਪੰਜਾਬੀ ਸ਼ਾਇਰੀ ਤੇ ਹੁਣ ਨਵੀਂ ਸ਼ਾਇਰੀ ਮਨੁੱਖੀ ਰਿਸ਼ਤਿਆਂ ਦੀ ਖ਼ੂਬਸੂਰਤ ਬਾਤ ਪਾਉਦੀ ਹੈ। ਉਹਨਾ ਪੰਜਾਬੀ ਸ਼ਾਇਰੀ ਦੇ ਰੌਸ਼ਨ ਭਵਿੱਖ ਬਾਰੇ ਤਸੱਲੀ ਪ੍ਰਗਟ ਕੀਤੀ। ਮੋਹ ਭਰੇ ਲਫ਼ਜ਼ਾਂ ਵਿਚ ਧੰਨਵਾਦੀ ਸ਼ਬਦ ਅਬੀਰ ਬੁੱਟਰ ਨੇ ਪੇਸ਼ ਕੀਤੇ।

ਦੂਜੇ ਤੇ ਆਖਰੀ ਦਿਨ ਪ੍ਰੋਗਰਾਮ ਦਾ ਅਖੀਰਲਾ ਸੈਸ਼ਨ ਪੰਮੀ ਹੰਸਪਾਲ ਦੀ ਗਾਇਕੀ ਨਾਲ ਸਿਖ਼ਰ ਤੇ ਚਲਾ ਗਿਆ। ਆਪਣੀ ਖ਼ੂਬਸੂਰਤ ਤੇ ਮੁਗਧ ਕਰਨ ਵਾਲੀ ਆਵਾਜ਼ ਨਾਲ ਉਸਨੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਯਕੀਨਨ ਦੂਜਾ 'ਅਦਬੀ ਮੇਲਾ' ਅਨੇਕ ਰੰਗ ਬਿਖੇਰਦਾ ਹੋਇਆ ਅਮਿੱਟ ਪੈੜਾਂ ਛੱਡ ਗਿਆ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਸਵ: ਸ੍ਰ. ਉਮਰਾਓ ਅਟਵਾਲ
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਕਾਵਿ-ਕਿਆਰੀ

## ਜੇ ਕਰ



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

ਕਲੀਆਂ ਖਿੜਨਗੀਆਂ ਜ਼ਰੂਰ,
ਜੇਕਰ ਬਹਾਰ ਰੁੱਸ ਨਾ ਗਈ।
ਫ਼ੁਹਾਰਾਂ ਬਰਸਣਗੀਆਂ ਬੇਰੋਕ,
ਜੇ ਬਰਸਾਤ ਹੋ ਠੁੱਸ ਨਾ ਗਈ।

ਸ਼ਮ੍ਹਾ ਜਲਦੀ ਰਹੇਗੀ ਰੌਸ਼ਨੀ,
ਹਮੇਸ਼ਾ ਦੇਣ ਦੀ ਖ਼ਾਤਰ,
ਜੇਕਰ ਤੇਲ ਵਾਲੀ ਬੱਤੀ,
ਕਦੀ ਵੀ ਸੁੱਕ ਨਾ ਗਈ।

ਜ਼ਿੰਦਗੀ ਚੱਲਣੀ ਹੈ ਜਿਉਣ ਲਈ,
ਅਤੇ ਚੱਲਦੀ ਰਹੇਗੀ,
ਜੇਕਰ ਸਾਹਾਂ ਦੀ ਨਾਜ਼ੁਕ ਡੋਰ,
ਕਦੀ ਟੁੱਟ ਨਾ ਗਈ।

ਹੱਥ ਨਾਲ ਹੱਥ ਮਿਲੇਗਾ ਤਾਂ,
ਰਸਤਾ ਹੁਸੀਨ ਹੋਵੇਗਾ,
ਜੇਕਰ ਪਈ ਹੋਈ ਕੁੰਜੜੀ,
ਕਦੀ ਖੁੱਸ ਨਾ ਗਈ।


ਦਿਲ 'ਤੇ ਦਿਮਾਗ ਦੇ ਰਿਸ਼ਤੇ,
ਨਿਭਣਗੇ ਤਾਂ ਹੀ ਨੇ ਆਖ਼ਰ,
ਜੇਕਰ ਪਿਆਰ ਦੀ ਪਲ਼ਦੀ ਵੇਲ,
ਕਦੀ ਸੁੱਕ ਨਾ ਗਈ।

ਨਿਜ਼ਾਮ ਕੁਦਰਤ ਦਾ ਸਥਾਈ,
ਚੱਲ ਰਿਹਾ ਹੈ ਨਿਰੰਤਰ।
ਸ਼ੁਕਰ ਹੈ ਲੱਖ ਵਾਰ ਇਸਦਾ ਕਿ,
ਕਦੀ ਇਹ ਰੁਕ ਨਾ ਗਈ।

ਚੱਲ ਰਿਹਾ ਹੈਂ ਹੰਕਾਰ ਨਾਲ ਤੂੰ,
ਕਰ ਕੇ ਸਦਾ ਸਿਰ ਉੱਚਾ।
ਤੈਨੂੰ ਅਹਿਸਾਸ ਹੋਵੇਗਾ ਕਿਵੇਂ,
ਜੇ ਤੇਰੀ ਰਗ ਦੁਖ ਨਾ ਗਈ?

ਫਟ ਜਾਵੇਂਗਾ ਇੱਕ ਦਿਨ,
ਅਫਰੇਵੇਂ ਦੀ ਮਾਰ ਦੇ ਹੇਠਾਂ,
ਜੇਕਰ ਹਾਲੇ ਤੱਕ ਵੀ ਤੇਰੀ,
ਲਾਲਚ ਦੀ ਭੁੱਖ ਨਾ ਗਈ।

## ਰੋਡਵੇਜ਼ ਦੀ ਬੱਸ



ਆ ਗਈ ਅੱਡੇ 'ਚ ਰੋਡਵੇਜ਼ ਦੀ ਬੱਸ,
ਤੀਵੀਆਂ ਇਸ ਵਿੱਚ ਚੜ੍ਹੀਆਂ ਸੱਠ।
ਬਹੁਤੀਆਂ ਨੂੰ ਸੀਟਾਂ ਮਿਲ ਗਈਆਂ,
ਕੁੱਝ ਵਿਚਾਰੀਆਂ ਰਹਿ ਗਈਆਂ ਖੜ੍ਹੀਆਂ।
ਸਭ ਨੇ ਕਾਰਡ ਕੱਢ ਹੱਥਾਂ 'ਚ ਫੜ ਲਏ,
ਕੰਡਕਟਰ ਵੱਲ ਉਨ੍ਹਾਂ ਨੇ ਮੂੰਹ ਕਰ ਲਏ।
ਕੱਲੀ, ਕੱਲੀ ਦਾ ਕਾਰਡ ਹੱਥ ਵਿੱਚ ਲੈ ਕੇ,
ਆਪਣੀ ਕਾਰਵਾਈ ਕਰਕੇ ਅੱਗੇ ਹੋਈ ਜਾਵੇ।
ਬੱਸ ਵਿੱਚ ਮਰਦ ਸਵਾਰੀ ਬੈਠੀ ਨਾ ਕੋਈ,
ਰੋਡਵੇਜ਼ ਨੂੰ ਕੋਈ ਇਨਕਮ ਨਾ ਹੋਈ।
ਮਹਿੰਗੇ ਭਾਅ ਦਾ ਡੀਜ਼ਲ ਪੁਆ ਕੇ,
ਰੋਡਵੇਜ਼ ਨੇ ਕਿੱਥੋਂ ਇਹ ਪੈਸੇ ਕਰਨੇ ਪੂਰੇ।
ਜੇ ਕੁੱਝ ਹੋਰ ਫਰੀ ਕਰ ਦਿੱਤਾ ਸਰਕਾਰੇ,
ਤਾਂ ਫੇਰ ਰੁਕ ਜਾਣੇ ਨੇ ਬਾਕੀ ਕੰਮ ਸਾਰੇ।
ਸੰਭਲ ਜਾ ਸਰਕਾਰੇ, ਹੈ ਸੰਭਲਣ ਦਾ ਵੇਲਾ,
ਨਹੀਂ ਤਾਂ ਤੈਨੂੰ ਛੱਡਣਾ ਪੈਣਾ ਭਰਿਆ ਮੇਲਾ।

ਮਹਿੰਦਰ ਸਿੰਘ ਮਾਨ

## ਕਵਿਤਾ



ਕਿੱਦਾਂ ਮੰਨ ਲਵਾਂ ਕਿ ਲੋਕ ਨਸ਼ੇ ਲਾ ਦੇਂਦੇ ਨੇ
ਸਾਨੂੰ ਕਿਉਂ ਨਾ ਨਸ਼ਾ,ਫਿਰ ਖੁਆਇਆ ਕਿਸੇ।
ਲੋਕੀਂ ਜੇ ਧੱਕੇ ਨਾਲ਼, ਮੂੰਹ ਪਾ ਦੇਂਦੇ ਨੇ ਨਸ਼ਾ
ਸਾਡੇ ਮੂੰਹ ਫਿਰ ਕਿਉਂ, ਨਸ਼ਾ ਨਾ ਪਾਇਆ ਕਿਸੇ।
ਮਾਂ ਕਹਿੰਦੀ ਹੈ, ਪੁੱਤ ਬੇਗਾਨਿਆਂ ਮਗਰੇ ਲਾ ਲਿਆ
ਸਾਨੂੰ ਦੱਸੋ ਮਗਰ ਕਿਉਂ ਨਾ, ਫਿਰ ਲਾਇਆ ਕਿਸੇ।
ਮਿਹਨਤ ਕਰਕੇ ਖਾਧੀ ਰੁੱਖੀ, ਘਿਉ ਦੇ ਵਾਂਗ ਲੱਗੇ
ਇਹਨਾਂ ਨੂੰ ਫਿਰ ਕਿਉਂ ਨਾ, ਮਿਹਨਤ ਲਾਇਆ ਕਿਸੇ।
ਪੁੱਤਰ ਜੰਮਣ ਖਾਤਰ, ਧੀਆਂ ਕੁੱਖੀਂ ਮਾਰਤੀਆਂ
ਧੀਆਂ ਪੁੱਤ ਬਰਾਬਰ, ਕਿਉਂ ਨਾ ਸਿਖਾਇਆ ਕਿਸੇ।
ਲੋਕੀਂ ਕਹਿੰਦੇ ਮਾਪਿਆਂ ਨੂੰ, ਦੁੱਖ ਪੁੱਤ ਦਾ ਮਾਰ ਗਿਆ
ਸਰਬ ਨੇ ਕਿਹੜਾ ਦੁੱਖੜਾ, ਖੋਲ੍ਹ ਸੁਣਾਇਆ ਕਿਸੇ।
ਨਸ਼ਾ ਖਾ ਓਹ ਮਰੇ, ਬੇਗਾਨੀ ਹੱਸਣ ਤੇ ਵੀ ਡਰੇ
ਇਹ ਰੀਤ ਬਣਾਈ ਹੋਊ, ਤਗੜੇ ਪਾਪੀ ਕਿਸੇ।
ਓਹ ਤੇ ਮੇਰੇ ਗੁਰਾਂ ਨੇ, ਸਤੀ ਹੋਣ ਤੇ ਰੋਕ ਲਾਤੀ
ਨਹੀਂ ਤੇ ਮੇਰੇ ਧੀਆਂ ਪੁੱਤਾਂ, ਮਾਂ ਵੇਖਣੀ ਸੀ ਕਿਤੇ।
ਤਾਂ ਹੀ ਤੜ੍ਹਕੇ ਉੱਠਕੇ, ਧੰਨ ਗੁਰੂ ਨਾਨਕ ਜੱਪਦੀ ਹਾਂ
ੴ ਪਰਛਾਵੇਂ, ਜਦ ਸੁਹਣੀ ਕੁਦਰਤ ਤੱਕਦੀ ਹਾਂ।

-ਸਰਬਜੀਤ ਕੌਰ ਪੀਸੀ

* * * * * * *

Kulwant Singh Dhesi

ਮਹਲਾ ੧- ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ਏਤੁ ਦੁਆਰੈ ਧੋਇ ਹਛਾ ਹੋਇਸੀ ॥

### ਗੁਰਦੁਆਰਾ ਹੈਂਡ ਬੁੱਕ

ਗੁਰਦੁਆਰਾ ਏਡ ਅਨੋਖਾ ਨਾਮ ਪਿਆਰਾ
ਗੁਰੂ ਪਿਆਰੇ ਕਰਦੇ ਪਏ ਨੇ ਬਣਦਾ ਚਾਰਾ

ਗੁਰਦੁਆਰਾ ਹੈਂਡ ਬੁੱਕ ਹਾਸਲ ਕਰਵਾਈ
ਯੂ ਕੇ ਪਾਰਲੀਮੈਂਟ ਵਿਚ ਇਕੱਠ ਦੁਆਰਾ

ਸਭ ਸੁਰੱਖਿਅਤ ਮੱਦਾਂ ਦੀ ਇਹ ਸੂਚਨਾ ਦੇਵੇ
ਰਿਸਕ ਸੇਫਟੀ ਦੀ ਜੋ ਲਾਗੂ ਹੁੰਦੀ ਧਾਰਾ

ਘਿਓ ਤੇਲ ਜੋ ਵਿਚ ਡਰੇਨਾ ਦੇ ਹੈ ਜਾਂਦਾ
ਗੁਰੂ ਘਰਾਂ ਨੂੰ ਹੋਵੇ ਨਾ ਜੁਰਮਾਨਾ ਭਾਰਾ

ਲੰਗਰ ਦੇ ਪਕਵਾਨ ਪ੍ਰਤੀ ਵੀ ਚੇਤਨ ਹੋਈਏ
ਫੂਡ ਹਾਈਜਿਅਨ ਬਿਨਾ ਨਾ ਹੋਣਾ ਗੁਜ਼ਾਰਾ

ਗੁਰਦੁਆਰਾ ਹੈਂਡ ਬੁੱਕ ਦਏ ਜਾਣਕਾਰੀਆਂ
ਚੈਰਿਟੀ ਦੇ ਕਾਨੂੰਨ ਟੈਕਸ ਦਾ ਕਿੱਸਾ ਸਾਰਾ

ਗੁਰੂ ਘਰ ਦੇ ਗ੍ਰੰਥੀਆਂ ਦਾ ਸਤਿਕਾਰ ਜ਼ਰੂਰੀ
ਕੰਮ ਦੇ ਘੰਟੇ ਵੇਤਨ ਦਾ ਹੋਵੇ ਨਿਸਤਾਰਾ

ਕਮੇਟੀਆਂ ਦੇ ਝਮੇਲੇ ਨਾ ਅਦਾਲਤ ਜਾਵਣ
ਸਾਲਸ ਕਰਕੇ ਏਡ ਨੂੰ ਹੋਵੇ ਨਿਪਟਾਰਾ

ਪੰਥਕ ਰਹਿਤ ਮਰਿਯਾਦਾ 'ਢੇਸੀ' ਲਾਗੂ ਹੋਵੇ
ਕਰਮਕਾਂਡੀ ਰਸਮੀ ਨਾ ਹੋਵੇ ਵਰਤਾਰਾ



(ਗੁਰਦੁਆਰਾ ਹੈਂਡ ਬੁੱਕ 'ਤੇ ਬੋਲਦੇ ਹੋਏ ਐਮ ਪੀ ਤਨਮਨਜੀਤ ਸਿੰਘ 'ਢੇਸੀ')

Prcticing Dharma is the supreme method for improving the quality of our human life
Geshe Kelsang Gyatso

ਕੁਲਵੰਤ ਸਿੰਘ ਢੇਸੀ



## ਇਕੱਲੀ ਔਰਤ



-ਨੀਰੂ ਜੱਸਲ


ਹਾਂ ਮੈਂ ਹਾਂ ਇਕੱਲੀ ਔਰਤ
ਤਾਂ ਕੀ ਮੈਨੂੰ ਸੁਪਨੇ ਦੇਖਣ ਦਾ ਹੱਕ ਨਹੀਂ?
ਉਨ੍ਹਾਂ ਰੰਗਾਂ ਵਿੱਚ ਰੰਗ ਜਾਣ ਦਾ ਹੱਕ ਨਹੀਂ?
ਜੋ ਦੁਨੀਆਂ ਲਈ ਤਾਂ ਰੰਗ ਹਨ
ਪਰ ਮੇਰੇ ਲਈ ਕਲੰਕ
ਜਾਂ ਫਿਰ ਇਹ ਦੁਨੀਆਂ ਹੀ ਬਜ਼ਿੱਦ ਹੈ
ਔਰਤ ਨੂੰ ਉਸ ਦੇ ਵਜੂਦ ਤੋਂ ਨਿਖੇੜਨ ਲਈ

ਹਾਂ ਮੈਂ ਹਾਂ ਇਕੱਲੀ ਔਰਤ
ਤਾਂ ਕੀ ਮੇਰੇ ਵਿੱਚ ਇਕ ਔਰਤ ਦੇ ਜਜ਼ਬਾਤ ਨਹੀਂ?
ਤਾਂ ਕੀ ਮੇਰੇ ਦੁਨਿਆਵੀ ਹਾਲਾਤ ਨਹੀਂ?
ਜੋ ਖ਼ੁਦ ਦੀ ਵਕੀਲ ਬਣ ਖ਼ੁਦ ਨੂੰ ਸਾਬਿਤ ਕਰਨਾ ਪਿਆ
ਹਰ ਦੁੱਖ ਹੱਸ ਹੱਸ ਕੇ ਜਰਨਾ ਪਿਆ
ਜਾਂ ਫਿਰ ਮੈਂ ਇਹ ਕਹਾਂ
ਕਿ ਇਹ ਦੁਨੀਆ ਹੀ ਬਜ਼ਿੱਦ ਹੈ
ਔਰਤ ਨੂੰ ਉਸਦੇ ਵਜੂਦ ਤੋਂ ਬਿਖੇਰਨ ਲਈ
ਹਾਂ ਮੈਂ ਹਾਂ ਇਕੱਲੀ ਔਰਤ

ਤਾਂ ਕੀ ਮਰਦ ਬਣ ਖੜਨ ਦੇ ਕਾਬਿਲ ਨਹੀਂ?
ਸਿਰ ਉੱਚਾ ਚੁੱਕ ਤੁਰਨ ਦੇ ਕਾਬਿਲ ਨਹੀਂ?
ਜੋ ਹਰ ਦਿਮਾਗ ਹਰ ਸੋਚ ਨਾਲ ਲੜਨਾ ਪਿਆ
ਆਪਣਾ ਹੱਥ ਆਪ ਹੀ ਫੜਨਾ ਪਿਆ
ਜਾਂ ਫਿਰ ਮੈਂ ਇਹ ਕਹਾਂ
ਕਿ ਮੈਨੂੰ ਆਪਣੇ ਵਜੂਦ ਲਈ
ਇਹ ਸੋਚ ਦਾ ਯੁੱਧ
ਸਦੀਆਂ ਤੱਕ ਝੱਲਣਾ ਪਵੇਗਾ

* * * ***

## ਸੈਸ਼ਨ-ਜਾਭਾਂ ਦੇ ਭੇੜ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਬਣ ਸਕਦੇ ਨਾ ਪਿੰਡਾਂ ਦੇ 'ਪੰਚ' ਜਿਹੜੇ
ਹੁੰਦੇ ਐੱਮ.ਐੱਲ.ਏ ਸਮੇਂ ਦਾ ਗੇੜ ਮੀਆਂ।
'ਪੈਂਟ-ਕੋਟ' ਫਿਰ ਪਹਿਨ ਕੇ ਭੁੱਲ ਜਾਵਣ
ਪਹਿਲਾਂ ਪਾਉਂਦੇ ਕੀ ਰਹੇ ਹਾਂ ਤੇੜ ਮੀਆਂ।
ਦੌਂਹ ਦੇ ਬਰਾਬਰੇ 'ਕੱਲੇ ਨੂੰ ਸਮਝ ਲਈਏ
ਸਭਾ ਵਿਚ ਉਹ ਨਿਕਲ਼ਦਾ ਡੇੜ੍ਹ ਮੀਆਂ।
ਕੁਰਸੀ-ਭੁੱਖ ਵਿਚ 'ਹਾਬੜੇ' ਬੋਲਦੇ ਨੇ
ਦੇਵਣ 'ਰਾਗ ਕੁਵੇਲੇ ਦਾ' ਛੇੜ ਮੀਆਂ।
ਭੰਡੀ ਕਰਦਿਆਂ 'ਗਾਲ਼' ਵੀ ਕੱਢ ਲੈਂਦੇ
ਚਾਹੁਣ ਦੂਜੇ ਨੂੰ ਦਈਏ ਖਦੇੜ ਮੀਆਂ।
ਲੋਕੀ ਕਹਿਣ ਇਹ ਸੈਸ਼ਨ ਅਸੈਂਬਲੀ ਦੇ
ਨਿਰੇ ਹੁੰਦੇ ਹਨ 'ਜਾਭਾਂ ਦੇ ਭੇੜ' ਮੀਆਂ!

78146-92724

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–3**

ਇਸ ਅਚਾਰੀਆ ਦੀ ਧਰਮਾਂ ਬਾਰੇ ਵਿਦਵਤਾ ਤੋਂ ਸਪੱਸ਼ਟ ਕਥਨਾਂ ਦੀ ਧਾਂਕ ਰਹੀ ਹੈ। ਪ੍ਰਾਚਖਸ਼ੂ ਹੋਣ ਕਾਰਨ ਭੀ ਜੈਨ ਅਤੇ ਹਿੰਦੂ ਸਮਾਜ ਵਿੱਚ ਇਸ ਆਦਰਸ਼ਕ ਹਸਤੀ ਦਾ ਸਮਾਨ ਸਤਿਕਾਰ ਸੀ, ਕਈ ਉੱਚੀਆਂ ਰਚਨਾਵਾਂ ਵਿੱਚੋਂ ਉਨ੍ਹਾਂ ਦਾ ਇਕ ਗ੍ਰੰਥ ਹੈ, ਧਰਮ ਔਰ ਸਮਾਜ। ਇਸ ਗ੍ਰੰਥ ਦੇ ਆਰੰਭਕ ਵਾਕ ਸਾਹਮਣੇ ਰੱਖਦੇ ਹਾਂ:–

**ਧਰਮ ਕਾ ਬੀਜ ਔਰ ਉਸਕਾ ਵਿਕਾਸ:–** ਸ੍ਰੀ ਦੇਸ਼ਮੁਖ ਨੇ ਕਹਾ ਹੈ ਕਿ ਧਰਮ ਕੀ ਲਗਭਗ ਸਾਤ ਸੌ ਵਿਆਖਿਆਏਂ ਕੀ ਗਈ ਹੈਂ, ਫਿਰ ਭੀ ਉਨਮੇਂ ਸਭ ਧਰਮੋਂ ਕਾ ਸਮਾਵੇਸ਼ ਨਹੀਂ ਹੋਤਾ। ਆਖਿਰ ਬੋਧ, ਜੈਨ ਆਦਿ ਧਰਮ ਉਨ ਵਿਆਖਿਆਓਂ ਕੇ ਬਾਹਰ ਹੀ ਰਹਿ ਜਾਤੇ ਹੈਂ। ਵਿਚਾਰ ਕਰਨੇ ਸੇ ਜਾਨ ਪੜਤਾ ਹੈ ਕਿ ਕੋਈ ਭੀ ਵਿਆਖਿਆਕਾਰ ਕੁਰਾਨ ਔਰ ਮੁਹੰਮਦ ਕੋ ਵਿਆਖਿਆ ਮੇਂ ਸਮਾਵੇਸ਼ ਕਰਨਾ ਚਾਹੇਗਾ, ਉਸਕੀ ਵਿਆਖਿਆ ਕਿਤਨੀ ਹੀ ਉਦਾਰ ਕਿਉਂ ਨਾ ਹੋ, ਅਨਯ ਧਰਮ ਪੰਥ ਉਸ ਸੇ ਬਾਹਰ ਰਹਿ ਜਾਏਂਗੇ। ਜੋ ਵਿਆਖਿਆਕਾਰ ਬਾਈਬਲ ਔਰ ਕਰਾਈਸਟ ਕਾ ਸਮਾਵੇਸ਼ ਕਰਨਾ ਚਾਹੇਗਾ, ਯਾ ਜੋ ਵੇਦ, ਪੁਰਾਨ ਆਦਿ ਕੋ ਇਸ ਮੇਂ ਸ਼ਾਮਿਲ ਕਰੇਗਾ ਉਸਕੀ ਵਿਆਖਿਆ ਕਾ ਭੀ ਯਹੀ ਹਾਲ ਹੋਗਾ। ਈਸ਼ਵਰਵਾਦੀ, ਵਿਆਖਿਆਕਾਰ, ਨਿਰੀਸ਼ਵਰਵਾਦੀ ਧਰਮ ਕਾ ਸਮਾਵੇਸ਼ ਨਹੀਂ ਕਰ ਸਕਤਾ, ਔਰ ਨਿਰੀਸ਼ਵਰਵਾਦੀ ਈਸ਼ਵਰਵਾਦੀ ਧਰਮ ਕਾ। ਐਸੇ ਦਸ਼ਾ ਮੇਂ ਧਰਮ ਬਾਰੇ ਸਾਰੀ ਵਿਆਖਿਆ ਅਧੂਰੀ ਸਾਬਿਤ ਹੋ ਜਾਏ ਤੋਂ ਕੋਈ ਆਸ਼ਚਰਯ ਨਹੀਂ, ਤਬ ਪ੍ਰਤਖਸ਼ ਯਹ ਹੈ ਕਿ ਸ਼ਬਦੋਂ ਕੇ ਦੁਆਰਾ ਧਰਮ ਕਾ ਸਵਰੂਪ ਪਹਚਾਨਨਾ ਸੰਭਵ ਨਹੀਂ। ਯਹਾਂ ਧਰਮ ਕੇ ਸਵਰੂਪ ਕੇ ਬਾਰੇ ਮੇਂ ਜੋ ਕੁਛ ਕਹਿਨਾ ਹੈ ਵਹ ਕਿਸੀ ਪ੍ਰਿਥਿਕ ਦ੍ਰਿਸ਼ਟੀ ਕਾ ਅਭੀਲੰਬਨ ਕਰਕੇ ਨਹੀਂ ਕਹਾ ਜਾਏਗਾ, ਵਹ ਪ੍ਰਤੇਕ ਸਮਝਦਾਰ ਵਿਅਕਤੀ ਕੇ ਅਨੁਭਵ ਮੇਂ ਆਨੇ ਵਾਲੀ ਹਕੀਕਤ ਕੇ ਆਧਾਰ ਪਰ ਹੀ ਕਹਾ ਜਾਏਗਾ। (ਧਰਮ ਔਰ ਸਮਾਜ, ਪੰਡਤ ਸੁੱਖ ਲਾਲ ਸੰਘਵੀ)

ਅਚਾਰੀਆ ਸੁੱਖ ਲਾਲ ਸੰਘਵੀ ਨੇ ਹਰਿਕ ਧਰਮ ਦੇ ਅਵਿਲੰਬੀਆਂ ਨੂੰ ਕਟਹਿਰੇ ਵਿੱਚ ਖੜਾ ਕਰਕੇ ਗੱਲ ਨਿਖਾਰੀ ਹੈ, ਜਿਸ ਧਰਮ ਦੀ ਵਿਆਖਿਆ ਵਿੱਚ ਹੋਰਨਾਂ ਧਰਮਾਂ ਦੀ ਥਾਂ ਨਹੀਂ ਉਹ ਮਨੁੱਖ ਮਾਤਰ ਦੇ ਧਰਮ ਕਿਵੇਂ ਹੋਏ?

ਅਸੀਂ ਏਥੇ ਗੁਰੂ ਨਾਨਕ ਜੀ ਦੇ ਅਤੇ ਉਨ੍ਹਾਂ ਦੇ ਉਤਰਾਧਕਾਰੀਆਂ ਰਾਹੀਂ ਪ੍ਰਫੁੱਲਤ ਹੋਏ ਧਰਮ ਦੀ ਵਿਆਖਿਆ ਬਾਰੇ ਕੁਝ ਕਹਿਣਾ ਹੈ। ਗੁਰਬਾਣੀ ਦੀਆਂ ਰਿਸ਼ਮਾਂ ਦੇ ਨੂਰੀ ਚਾਨਣੇ ਹੇਠਾਂ ਗੁਰੂ ਸਾਹਿਬ ਦੇ ਧਰਮ ਦੀ ਵਿਆਖਿਆ ਕੀਤੀ ਜਾਵੇ ਤਾਂ ਉਪਰਲਾ ਦੋਸ਼ ਨਹੀਂ ਆਉਂਦਾ। ਹਿਂਦੂਆਂ ਮੁਸਲਮਾਨਾਂ ਬਲਕਿ ਸਰਬੱਤ ਦੇ ਭਲੇ ਦੇ ਅਧਾਰ ਏਥੇ ਮਿਲਦੇ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਬਾਣੀ ਦੀ ਸ਼ਮੂਲੀਅਤ ਗੁਰਮਤਿ ਦਾ ਗੌਰਵ ਹੈ। ਜੇ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਭਾਗ ਨਾ ਹੁੰਦੀ ਤਾਂ ਗੁਰੂ ਗ੍ਰੰਥ ਸਾਹਿਬ ਕੇਵਲ ਇਕ ਦੇਸੀ, ਇਕ ਜਾਤੀ ਦਾ, ਧਰਮ ਗ੍ਰੰਥ ਜਾਂ ਇਸ਼ਟ ਕਿਹਾ ਜਾਂਦਾ। ਇਹ ਭੀ ਕਿਹਾ ਜਾਂਦਾ– ਗੁਰੂ ਜੀ ਕਹਿੰਦੇ ਤਾਂ ਰਹੇ ਉਪਦੇਸ਼ ਚਹੁ ਵਰਨਾ ਕਉ ਸਾਂਝਾ, ਪਰ ਕਥਨੀ ਤੋਂ ਅੱਗੇ ਨਹੀਂ ਵਧੇ। ਹੁਣ ਗੁਰੂ ਗ੍ਰੰਥ ਸਾਹਿਬ ਦੇ ਬਾਹਰ ਮੁਖੀ ਵਜੂਦ ਕਾਰਨ ਹੀ ਆਪਣੇ ਆਪ ਵਿੱਚ ਸਮੂਹ ਧਰਮਾਂ ਜਾਤੀਆਂ ਦੇ ਰੰਗ ਬਰੰਗੇ ਲੋਕਾਂ ਲਈ ਅਧਾਰ ਬਣਨ ਦਾ ਸੱਦਾ ਸਿੱਧ ਹੁੰਦਾ ਹੈ। ਇੰਝ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਅੱਖਰ ਅੱਖਰ ਸਾਰਥਕ ਹੋ ਰਿਹਾ ਹੈ, ਕਥਨੀ ਕਰਨੀ ਦੇ ਪ੍ਰਮਾਣ ਸਤਿਗੁਰਾਂ ਦੇ ਬਚਨ ਤਾਣੇ ਪੇਟੇ ਵਾਂਗ ਓਤ ਪ੍ਰੋਤ ਹਨ। ਫਕੜ ਜਾਤੀ ਫਕੜ ਨਾਓਂ, ਵਾਕ ਹਨ– ਨੀਚਾਂ ਤੋਂ ਭੀ ਨੀਚ ਕਹੇ ਜਾਣ ਵਾਲਿਆਂ ਵਿੱਚ ਖੜੇ ਅਵਾਜ਼ੇ ਦਿੰਦੇ ਸੁਣਦੇ ਹਨ– ਮੈਂ ਨੀਚਾਂ ਦੇ ਨਾਲ ਖੜਾ ਹਾਂ, ਰੱਬੀ ਬਖ਼ਸ਼ਿਸ਼ ਦੀਆਂ ਨਿਗਾਹਾਂ ਸਭ ਤੋਂ ਵਧੀਕ ਪੈਂਦੀਆਂ ਹੀ ਏਥੇ ਹਨ। ਜਿਥੇ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸ਼ਿਸ਼। ਨੀਚਾਂ ਵਿੱਚ ਨੀਚ ਬਣਕੇ, ਰੱਬੀ ਬਖਸ਼ਸ਼ਾਂ ਦੀ ਵਰ੍ਹਦੀ ਫੁਹਾਰ ਦਾ ਆਨੰਦ ਜੋ ਇਥੇ ਮਾਣਿਆ ਜਾ ਸਕਦਾ ਹੈ ਹੋਰ ਕਿਤੇ ਨਹੀਂ ਮਿਲਦਾ।


ਏਹੋ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ, ਬਨਾਰਸ ਦਾ ਫਕੜ ਜੁਲਾਹਾ ਕਿਹਾ ਜਾਣ ਵਾਲੀ ਕਬੀਰ ਗੁਣੀ ਗਹੀਰਾ ਬਣਕੇ ਗੜ੍ਹ ਦੇ ਰਾਜੇ (ਮਨ) ਨੂੰ ਫੜੀ ਬੈਠਾ ਹੈ, ਸੁਦ ਸੁਦ ਕਰ ਮਾਰ ਉਠਾਏ ਜਾਣ ਵਾਲਾ ਨਾਮਦੇਵ, ਸਫ਼ਲ ਜਨਮ ਮੋਕਉ ਗੁਰ ਕੀਨਾ ਦੀ ਪ੍ਰਾਪਤੀ ਦੇ ਗੁਣਗਾਨ ਕਰਦਾ ਨਿਸੰਗਤਾ ਨਾਲ ਤਾਲ ਬਜਾ ਰਿਹਾ ਹੈ। ਚਮਰਟਾ ਗਠਦੇ ਰਵਿਦਾਸ ਜੀ, ਸਤਿਨਾਮੁ ਹੈ ਹਰਿ ਭੇਗ ਤਿਹਾਰੋ ਦੀ ਸੁਰ ਉਠਾ ਰਹੇ ਹਨ। ਸੈਣ ਨਾਈ ਬੁਤਕਾਰੀਆ, ਮਨ ਦੇ ਸ਼ੀਸ਼ੇ ਵਿੱਚ ਬ੍ਰਹਮ ਦੇ ਦਰਸ਼ਨ ਕਰਕੇ ਮੁਗਧ ਹੋ ਰਿਹਾ ਹੈ। ਧੰਨਾ ਜੱਟ, ਧੰਨ ਹੋਇਆ ਆਖ ਰਿਹਾ ਹੈ– ਧੰਨੋ ਧੰਨ ਪਾਇਆ ਧਰਨੀਧਰ ਸਧਨਾ ਜਗਤ ਗੁਰਾਂ ਨੂੰ ਬਹੁੜਨ ਲਈ ਪ੍ਰੇਮ ਸੰਦੇਸੜੇ ਦੇ ਕੇ ਵੰਗਾਰ ਪਾ ਰਿਹਾ ਹੈ। ਇਕ ਕੁਲੀਨ ਬ੍ਰਾਹਮਣਾਂ ਦੀ ਸੰਗਤ, ਨੀਚ ਕਹੇ ਜਾਣ ਵਾਲਿਆਂ ਦੀ ਪੰਗਤ ਵਿੱਚ ਬੈਠੀ ਆਨੰਦ ਮਾਣ ਰਹੀ ਹੈ। ਬੇਣੀ ਜੀ ਕਹਿੰਦੇ ਹਨ ਮੈਨੂੰ ਗੁਰਮੁਖ ਤੋਂ ਨਾਮ ਧਿਆਉਣ ਨਾਲ ਰਾਹ ਲੱਭਾ ਹੈ, ਸਤਿਗੁਰਾਂ ਬਿਨ ਇਹ ਮਾਰਗ ਨਹੀਂ ਮਿਲਦਾ:

ਕਹੁ ਬੇਣੀ ਗੁਰਮੁਖ ਧਿਆਵੈ।
ਬਿਨੁ ਸਤਿਗੁਰ ਬਾਟਿ ਨ ਪਾਵੈ।
(ਪ੍ਰਭਾਤੀ ਬੇਣੀ 1351)

ਜੈ ਦੇਵ ਜੀ ਕਹਿੰਦੇ ਹਨ, ਯੋਗ, ਯੱਗ ਵਿਧੀਆਂ, ਦਾਨ, ਤਪੱਸਿਆ ਉਸ ਦੇ ਸਿਮਰਣ ਤੋਂ ਬਹੁਤ ਹੇਠਾਂ ਹਨ। ਪ੍ਰੇਮ ਨਾਲ ਹਰਿਭਗਤ ਕਰਨੀ ਹੀ ਸਰਵਉਚ ਕਰਮ ਹੈ। ਪਰਮਾਨੰਦ ਜੀ ਕਹਿੰਦੇ ਹਨ, ਸਾਧ ਸੰਗਤ ਬਿਨ ਪ੍ਰਭੂ ਦੀ ਪੁਨੀਤ ਕਥਾ ਕਰਨ ਵਾਲਿਆਂ ਸੰਗ ਵੱਸਦੇ ਲੋਕਾਂ ਤੋਂ ਕੁਰਬਾਨ ਹਾਂ। ਮੁਸਲਮਾਨ ਸ਼ਰ੍ਹਾ ਵਿੱਚ ਪੱਕੇ, ਆਪਣੇ ਦਰਵੇਸ਼ ਪੀਰ ਪੈਗੰਬਰ ਔਲੀਏ ਭੁੱਲਕੇ, ਗੁਰੂ ਦੀ ਦੱਸੀ ਵਾਟ ਉਤੇ ਚੱਲਣ ਦਾ ਸੱਦਾ ਦੇ ਰਹੇ ਹਨ। ਫਰੀਦ ਜੀ ਕਹਿੰਦੇ ਹਨ ਰੱਬ ਦੀ ਮੇਹਰ ਦਾ ਫੱਲ ਸਾਧੂ (ਗੁਰੂ) ਦੀ ਸੰਗਤ ਦਾ ਮੇਲ ਹੈ। ਫਿਰ ਜੋ ਗੁਰੂ (ਸਾਧ) ਦੱਸੇ ਉਸ ਮਾਰਗ ਉਤੇ ਚੱਲਦਿਆਂ ਪਰਮ ਪਦ ਉਤੇ ਪੁੱਜਿਆ ਜਾਂਦਾ ਹੈ। ਭੀਖਨ ਜੀ, ਨੈਣਾਂ ਵਿੱਚੋਂ ਫਰ੍ਹਦੇ ਨੀਰ ਨਾਲ, ਗੁਰ–ਪ੍ਰਸਾਦਿ ਕਹੇ ਜਨ ਭੀਖਨ ਦਾ ਕਥਨ, ਵੈਰਾਗਮਈ ਵੈਣਕ ਪੁਕਾਰ ਹੈ ਜੋ ਉਥੇ ਕੀਤੀ ਰਾਸ ਆਉਂਦੀ ਹੈ ਜਿਥੇ ਅੰਮ੍ਰਿਤ ਨਾਮ ਦਾ ਜਲ ਪ੍ਰਾਪਤ ਹੋਵੇ। ਅੰਤਰ ਆਤਮੇ, ਜਹਿ ਦੇਖਾ ਤਹਿ ਸੋਈ ਦੀ ਵਿਸਮਾਦੀ ਦਸ਼ਾ ਵਰਤ ਰਹੀ ਹੈ। ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾ ਤਹ ਸੋਈ। ਪੀਪਾ ਜੀ ਕਹਿੰਦੇ ਹਨ, ਸਤਿਗੁਰ ਦੇ ਮੇਲ ਨਾਲ ਹੀ ਪਰਮ ਤੱਤ ਲਿਖਿਆ ਜਾਂਦਾ ਹੈ। ਜੋ ਕੁਝ ਬ੍ਰਹਿਮੰਡ ਵਿੱਚ ਹੈ ਉਹ ਮੈਂ ਪਿੰਡ (ਸਰੀਰ) ਵਿੱਚ ਹੀ ਦੇਖ ਲਿਆ ਹੈ।

ਸਭ ਕੋ ਮੀਤ ਹਮ ਆਪਨ ਕੀਨਾ– ਸਗਲ ਸੰਗ ਹਮ ਕੇ ਬਨ ਆਈ–, ਅਗੇ ਜਾਤ ਨ ਜੋਰ ਹੈ।

ਆਦਿ ਮਹਾਂਵਾਕਾਂ ਦੇ ਨਾਲ ਭਗਤ ਜਨ ਸੁਸ਼ੋਭਿਤ ਨਾ ਹੁੰਦੇ ਤਾਂ ਸਭ ਕੁਝ ਕਥਨੀ ਮਾਤਰ ਹੀ ਰਹਿੰਦਾ। ਹੁਣ, ਪੂਰੇ ਗੁਰ ਤੇ ਗਤਿ ਪਾਈ ਦੀ ਖਰੀ ਟੁਣਕਾਰ ਨਿਰੰਤਰ ਉਚੀ ਧੁਨ ਉਪਜਾ ਰਹੀ ਹੈ।




ਇਸ ਪੱਖੋਂ ਭਗਤ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਦਾ ਭਾਗ ਹੋਣਾ, ਇਕ ਪ੍ਰਜਵਲਤ ਪ੍ਰਮਾਣ ਹੈ। ਸਮਾਨਤਾ ਰਵਾਦਾਰੀ ਤੇ ਏਕ ਪਿਤਾ ਏਕਸ ਕੇ ਹਮ ਬਾਰਿਕ ਇਹ ਧਰਮ ਦਾ ਅਮਲੀ ਰੂਪ ਹੈ। ਜਿਨ੍ਹਾਂ ਜਾਤੀਆਂ ਨੂੰ ਮੰਦਰਾਂ ਦੇਹਰਿਆਂ ਵਿੱਚ ਪੂਜਾ ਕਰਨ ਦਾ ਅਧਿਕਾਰ ਨਹੀਂ ਸੀ, ਉਨ੍ਹਾਂ ਨੂੰ ਪੂਜਾ ਦੀ ਥਾਂ ਬੈਠਾ ਦੇਣ ਦਾ ਚਮਤਕਾਰ ਏਥੇ ਪ੍ਰਗਟ ਹੋ ਰਿਹਾ ਹੈ। ਭਗਤ ਬਾਣੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਮੂਲੀਅਤ ਦੂਰ ਦਰਸ਼ੀ ਸਤਿਗੁਰਾਂ ਦੀ ਭਵਿੱਖ ਅਤੇ ਸਰਬ ਸਾਂਝੇ ਧਰਮ ਦੇ ਸੁੱਖਦਾਈ ਨਿਜ਼ਾਮ ਦੀ ਸਥਾਪਨਾ ਦਾ ਉਚਾ ਸੰਦੇਸ਼ ਹੈ। ਨਵੀਂ ਦੁਨੀਆਂ ਦੇ ਨਵੇਂ ਸਮਾਜ ਦੀ ਨੀਂਹ ਰੱਖਣ ਵਾਲਾ ਸ਼ੁਭ ਕਾਰਜ ਹੈ।

*ਬਾਕੀ ਹਿਸਾ ਅਗਲੇ ਹਫਤੇ ਪੜ੍ਹੋ*

## ਢੰਗ ਮਨਚੰਦੇ ਦੇ

ਰਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com



ਨੇਤਾ ਜੀ! ਤੁਸੀਂ ਬਹੁਤ ਪਾਰਟੀਆਂ ਬਦਲੀਆਂ, ਥੱਕੇ ਨਹੀਂ ?

ਮੈਂ ਤਾਂ ਨਹੀਂ ਥੱਕਦਾ! ਪਰ ਮੈਂ ਜਿਸ ਪਾਰਟੀ 'ਚ ਜਾਂਦਾ ਹਾਂ,ਉਹ ਪਾਰਟੀ ਹੀ ਥੱਕ ਜਾਂਦੀ ਹੈ!



–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਪਾਕਿਸਤਾਨ ਦੇ ਜ਼ਿਲ੍ਹਾ ਅਟਕ ਵਿੱਚ ਇਕ ਪ੍ਰਸਿੱਧ ਇਤਿਹਾਸਕ ਗੁਰਦੁਆਰਾ ਸੀ, ਜਿਸ ਨੂੰ ਬਾਬਾ ਥਾਨ ਸਿੰਘ ਜੀ ਕਿਹਾ ਜਾਂਦਾ ਸੀ। ਇਸ ਪਿੰਡ ਦਾ ਮਾਲਕ ਇਕ ਮੁਸਲਮਾਨ ਮਲਿਕ ਫਤਹਿ ਖਾਂ ਸੀ ਜੋ ਬਾਬਾ ਥਾਨ ਸਿੰਘ ਦੀ ਭਗਤੀ ਵੇਖ ਕੇ ਸ਼ਰਧਾਲੂ ਹੋ ਗਿਆ। ਉਸ ਨੇ ਬਾਬਾ ਜੀ ਲਈ ਰਹਿਣ ਵਾਸਤੇ ਥਾਂ ਦਿੱਤੀ ਅਤੇ ਲੰਗਰ ਦੀ ਸੇਵਾ ਵੀ ਕੀਤੀ। ਜਿਥੇ ਗੁਰਦੁਆਰਾ ਤਾਮੀਰ ਕੀਤਾ ਗਿਆ, ਉਸ ਇਲਾਕੇ ਦਾ ਨਾਂ ਕੋਟ ਥਾਨ ਸਿੰਘ ਪ੍ਰਸਿੱਧ ਹੋ ਗਿਆ। ਗੁਰਦੁਆਰੇ ਦਾ ਨਾਂ ਗੁਰਦੁਆਰਾ ਕੋਟ ਭਾਈ ਥਾਨ ਸਿੰਘ ਅਟਕ ਹੈ। ਮਹਾਰਾਜਾ ਰਣਜੀਤ ਸਿੰਘ ਸਮੇਂ ਗੁਰਦੁਆਰਾ ਉਸਾਰਿਆ ਗਿਆ, ਜੋ ਬਹੁਤ ਹੀ ਸੁੰਦਰ ਹੈ। ਇਸ ਗੁਰਦੁਆਰੇ ਉਪਰ ਇਕ ਵੱਡਾ ਗੁੰਬਦ ਹੈ ਅਤੇ ਆਸ-ਪਾਸ ਹੇਠਾਂ ਛੋਟੇ ਚਾਰ ਗੁੰਬਦ ਹੋਰ ਹਨ। ਇਸ ਤੋਂ ਥੋੜ੍ਹੀ ਦੂਰੀ 'ਤੇ ਬਾਬਾ ਥਾਨ ਸਿੰਘ ਦੀ ਸਮਾਧੀ ਹੈ।

ਪੁਸਤਕ ਸੂਚੀ:–

ਇਕਬਾਲ ਕੈਸਰ–ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

### ਅਨੰਦਪੁਰ–ਕਲੌੜ

ਅਨੰਦਪੁਰ ਅਤੇ ਕਲੌੜ ਦੋ ਪਿੰਡ ਹਨ ਜੋ ਬੱਸੀ ਪਠਾਣਾਂ ਕੋਲ ਆਉਂਦੇ ਹਨ ਅਤੇ ਜ਼ਿਲ੍ਹਾ ਪਟਿਆਲੇ ਦੇ ਸਰਹਿੰਦ ਤੋਂ 15 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਬਣਿਆ ਹੋਇਆ ਹੈ। ਮਾਨਯੋਗ ਗਿਆਨੀ ਦਿੱਤ ਸਿੰਘ ਵੀ ਇਸੇ ਪਿੰਡ ਦੇ ਜੰਮਪਲ ਹਨ।

ਪੁਸਤਕ ਸੂਚੀ:–

ਦਿਲਗੀਰ, ਹਰਜਿੰਦਰ ਸਿੰਘ (ਡਾ.)– ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

### ਅਬਿਚਲ ਨਗਰ

ਅਬਿਚਲ ਨਗਰ ਨੂੰ ਹਜ਼ੂਰ ਸਾਹਿਬ ਵੀ ਆਖਿਆ ਜਾਂਦਾ ਹੈ। ਇਹ ਗੁਰਦੁਆਰਾ ਸਾਹਿਬ ਤੋਂ ਛੁੱਟ ਸਿੱਖਾਂ ਦਾ ਤਖ਼ਤ ਵੀ ਹੈ। ਮਹਾਂਰਾਸ਼ਟਰ ਦੇ ਜ਼ਿਲ੍ਹਾ ਨੰਦੇੜ ਵਿੱਚ ਆਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ 7 ਅਕਤੂਬਰ 1708 ਨੂੰ ਇਸੇ ਥਾਂ ਗੁਰਪੁਰੀ ਸਿਧਾਰੇ ਸਨ। ਇਹ ਬਹੁਤਾ ਤਖ਼ਤ ਸੱਚਖੰਡ, ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ ਕਰਕੇ ਪ੍ਰਸਿੱਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 783 'ਤੇ ਸੂਹੀ ਛੰਤ ਦੀ ਤੁਕ ਵੀ ਆਈ ਹੈ,

ਅਬਿਚਲ ਨਗਰੁ ਗੋਬਿੰਦ ਗੁਰੂ ਕਾ...

ਇਹ ਗੁਰਦੁਆਰਾ ਦਰਿਆ ਗੋਦਾਵਰੀ (ਮਹਾਂਰਾਸ਼ਟਰ) ਦੇ ਕੰਢੇ 'ਤੇ ਸੁਸ਼ੋਭਿਤ ਹੈ। ਇਹ ਔਰੰਗਾਬਾਦ ਤੋਂ 235 ਕਿਲੋਮੀਟਰ ਅਤੇ ਹੈਦਰਾਬਾਦ ਤੋਂ ਤਕਰੀਬਨ 278 ਕਿਲੋਮੀਟਰ ਦੂਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਜੀਵਨ ਦੇ ਅਖੀਰਲੇ ਦਿਨ ਇਥੇ ਹੀ ਗੁਜ਼ਾਰੇ ਸਨ। ਇਥੇ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ



ਖੰਡੇ ਦੀ ਪਾਹੁਲ ਦੇ ਕੇ ਸਿੰਘ ਸਜਾਇਆ ਸੀ। ਹਜ਼ੂਰ ਸਾਹਿਬ, ਗੁਰਦੁਆਰਾ ਸੱਚਖੰਡ ਕੇਂਦਰੀ ਗੁਰਦੁਆਰਾ ਹੈ। ਕੇਂਦਰੀ ਥਾਂ ਨੂੰ ਅੰਗੀਠਾ ਸਾਹਿਬ ਆਖਿਆ ਜਾਂਦਾ ਹੈ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਸਕਾਰ ਇਥੇ ਹੀ ਹੋਇਆ ਸੀ। ਗੁਰ-ਦੁਆਰਾ ਹਜ਼ੂਰ ਸਾਹਿਬ ਦੇ ਆਸ-ਪਾਸ ਹੋਰ ਵੀ ਗੁਰਦੁਆਰੇ ਹਨ ਜੋ ਇਸ ਪ੍ਰਕਾਰ ਹਨ:–

### 1.ਗੁਰਦੁਆਰਾ ਸੰਗਤ ਸਾਹਿਬ

ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਤੋਂ ਦੋ ਕੁ ਕਿਲੋਮੀਟਰ ਪੂਰਬ ਵਾਲੇ ਪਾਸੇ, ਗੋਦਾਵਰੀ ਕੰਢੇ ਪਵਿੱਤਰ ਦੀਦਾਰੇ ਦੇ ਰਿਹਾ ਹੈ। ਗੁਰੂ ਸਾਹਿਬ ਨੇ ਦੱਖਣ ਆਗਮਨ ਸਮੇਂ ਪਹਿਲਾਂ ਇਥੇ ਹੀ ਡੇਰੇ ਲਗਾਏ ਸਨ ਅਤੇ ਉਸ ਸਮੇਂ 500 ਰੁਪਏ ਦੀ ਦੇਗ (ਹਜ਼ੂਰ ਨੂੰ ਖ਼ਾਲਸੇ ਨੇ ਜੋ ਤਨਖਾਹ ਲਾਈ ਸੀ) ਇਥੇ ਹੀ ਹੋਇਆ ਸੀ।

### 2.ਗੁਰਦੁਆਰਾ ਮਾਲ ਟੇਕੜੀ ਸਾਹਿਬ

ਇਹ ਗੁਰਦੁਆਰਾ ਸਾਹਿਬ ਸੱਚਖੰਡ ਹਜ਼ੂਰ ਸਾਹਿਬ ਤੋਂ ਸਾਢੇ ਚਾਰ ਕਿਲੋਮੀਟਰ ਉੱਤਰ ਪੂਰਬ ਦਿਸ਼ਾ ਵੱਲ ਰੇਲਵੇ ਲਾਈਨ ਦੇ ਨਾਲ ਹੀ ਹੈ। ਇਥੇ ਛਿਆਨਵੇਂ ਕਰੋੜ ਖ਼ਾਲਸੇ ਲਈ ਢਾਈ ਦਿਨਾਂ ਦਾ ਲੰਗਰ ਖਰਚ ਦੱਸਿਆ ਜਾਂਦਾ ਹੈ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਵੀ 1560 ਨੂੰ ਇਸੇ ਮਾਲ ਦੀ ਟੇਕੜੀ ਨੂੰ ਆਪਣੇ ਮੁਬਾਰਕ ਕਦਮਾਂ ਨਾਲ ਪਵਿੱਤਰ ਕਰਕੇ ਨਾਨਕਪੁਰੀ ਤੋਂ ਹੁੰਦੇ ਹੋਏ ਨਾਨਕ ਝੀਰਾ (ਬਿਦਰ) ਗਏ ਸਨ।

ਪੰਜਾਬ ਤੋਂ ਗੁਰੂ ਸਾਹਿਬ ਨਾਲ ਆਏ ਪਠਾਣ ਫੌਜੀ ਮੁੜ-ਮੁੜ ਤਲਬ (ਤਨਖਾਹ) ਦੀ ਮੰਗ ਕਰ ਰਹੇ ਸਨ। ਗੁਰੂ ਸਾਹਿਬ ਨੇ ਮਾਲ ਟੇਕਰੀ ਦੇ ਅਸਥਾਨ ਤੋਂ ਮੰਗਵਾਈ ਕਾਫੀ ਰਕਮ ਸੰਗਤ ਸਾਹਿਬ ਵਾਲੇ ਅਸਥਾਨ 'ਤੇ ਢਾਲਾਂ ਭਰ-ਭਰ ਕੇ ਖ਼ਾਲਸਾਈ ਅਤੇ ਸ਼ਾਹੀ ਫੌਜਾਂ ਵਿੱਚਕਾਰ ਵੰਡੀ। ਗੁਰਦੁਆਰਾ ਮਾਲ ਟੇਕਰੀ ਦਾ ਪੁਰਾਤਨ ਨਾਂ ਚਕਰੀ-ਮਾਲ ਤੇ ਮਾਲ-ਟਿੱਲਾ ਵੀ ਦੱਸਿਆ ਜਾਂਦਾ ਹੈ। ਆਖਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਸੇ ਥਾਂ ਕਈ ਭਵਿੱਖਤ ਬਚਨ ਵੀ ਉਸਾਰੇ ਸਨ। ਇਕ ਵੇਰ ਮੁਸਲਮਾਨਾਂ ਨੇ ਇਸ ਅਸਥਾਨ 'ਤੇ ਮੁਰਦਾ ਦਫਨਾ ਕੇ ਇਸ ਨੂੰ ਮਸੀਤ ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ ਜੋ ਕਲਕੱਤਾ ਹਾਈਕੋਰਟ ਨੇ ਫੈਸਲਾ ਖ਼ਾਲਸੇ ਦੇ ਹੱਕ ਵਿੱਚ ਦਿੱਤਾ ਅਤੇ 8 ਜਨਵਰੀ 1930 ਨੂੰ ਸਰਕਾਰੀ ਹੁਕਮ ਨਾਲ ਦੱਬੀ ਲਾਸ਼ ਜ਼ਮੀਨ ਵਿੱਚੋਂ ਬਾਹਰ ਕੱਢੀ। ਇਸ ਥਾਂ ਬਾਬਾ ਜਗਤਾਰ ਸਿੰਘ ਜੀ ਕਾਰ-ਸੇਵਾ ਵਾਲਿਆਂ ਨੇ ਨਵੀਂ ਇਮਾਰਤ ਉਸਾਰੀ ਹੈ।

### 3. ਗੁਰਦੁਆਰਾ ਹੀਰਾ ਘਾਟ ਸਾਹਿਬ

ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਤੋਂ 9 ਕਿਲੋਮੀਟਰ ਪੂਰਬ ਵੱਲ ਗੋਦਾਵਰੀ ਨਦੀ ਦੇ ਕੰਢੇ ਪਿੰਡ ਬਾਹਮਣ ਵਾੜਾ ਤੋਂ ਇਕ ਫਰਲਾਂਗ ਦੀ ਵਿੱਥ 'ਤੇ ਸੁਸ਼ੋਭਿਤ ਹੈ। ਇਥੇ ਹੀ ਬਹਾਦਰ ਸ਼ਾਹ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਇਕ ਬਹੁਮੁੱਲਾ ਹੀਰਾ ਭੇਟ ਕੀਤਾ ਸੀ। ਬਾਦਸ਼ਾਹ ਦਾ ਹੰਕਾਰ ਨਵਿਰਤ ਕਰਨ ਲਈ ਗੁਰੂ ਸਾਹਿਬ ਨੇ ਵੇਖਦੇ-ਵੇਖਦੇ ਉਹ ਹੀਰਾ ਨਦੀ ਵਿੱਚ ਸੁੱਟ ਦਿੱਤਾ, ਜਿਸ ਨੂੰ ਵੇਖ ਕੇ ਬਾਦਸ਼ਾਹ ਬਹੁਤ ਚਿੰਤਾਤੁਰ ਹੋਇਆ। ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਕਿਹਾ ਕਿ ਜ਼ਰਾ ਗੋਦਾਵਰੀ ਵਿੱਚ ਨਜ਼ਰ ਤਾਂ ਮਾਰ! ਜਦੋਂ ਬਾਦਸ਼ਾਹ ਨੇ ਨੀਝ ਨਾਲ ਤੱਕਿਆ ਤਾਂ ਕੀ ਵੇਖੇ ਕਿ ਨਦੀ ਤਾਂ ਹੀਰਿਆਂ ਨਾਲ ਭਰੀ ਪਈ ਹੈ! ਬਾਦਸ਼ਾਹ ਸ਼ਰਮਸਾਰ ਹੋਇਆ ਅਤੇ ਗੁਰੂ ਸਾਹਿਬ ਤੋਂ ਆਪਣੀ ਭੁੱਲ ਬਖ਼ਸ਼ਵਾਈ। ਇਸ ਗੁਰਦੁਆਰੇ ਦੀ ਸੇਵਾ ਵੀ ਬਾਬਾ ਜਗਤਾਰ ਸਿੰਘ ਅਤੇ ਬਾਬਾ ਸ਼ੀਸ਼ਾ ਸਿੰਘ ਕਾਰ-ਸੇਵਾ ਵਾਲਿਆਂ ਨੇ ਕਰਾਈ ਹੈ।

### 4.ਗੁਰਦੁਆਰਾ ਨਗੀਨਾ ਘਾਟ ਸਾਹਿਬ

ਇਹ ਗੁਰਦੁਆਰਾ, ਗੁਰਦੁਆਰਾ ਲੰਗਰ ਸਾਹਿਬ ਦੇ ਨਾਲ ਹੀ 50 ਕੁ ਗਜ਼ ਦੀ ਵਿੱਥ 'ਤੇ ਨਦੀ ਕੰਢੇ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਸ਼ਾਮ ਨੂੰ ਇਸ ਥਾਂ ਦੀਵਾਨ ਸਜਾਉਂਦੇ ਸਨ। ਇਕ ਵੇਰ ਸਜੇ ਦੀਵਾਨ ਵਿੱਚ ਇਕ ਗੁਰਸਿੱਖ ਲੱਖੀ ਵਣਜਾਰੇ ਨੇ ਇਕ ਬਹੁਮੁੱਲਾ ਨਗੀਨਾ, ਗੁਰੂ ਸਾਹਿਬ ਨੂੰ ਭੇਟਾ ਕੀਤਾ ਅਤੇ ਹੰਕਾਰ ਦੇ ਹੜ੍ਹ ਵਿੱਚ ਗੋਤੇ ਖਾ ਰਿਹਾ ਸੀ। ਜਦੋਂ ਗੁਰੂ ਸਾਹਿਬ ਨੇ ਆਪਣੇ ਨੈਣ ਖੋਲ੍ਹੇ ਅਤੇ ਫਕੀਰਾਨਾ ਬੇਪਰਵਾਹੀ ਵਿੱਚ ਨਗੀਨਾ ਵਗਦੀ ਨਦੀ ਵਿੱਚ ਸੁੱਟ ਦਿੱਤਾ। ਜਦੋਂ ਗੁਰੂ ਪਾਤਸ਼ਾਹ ਨੇ ਉਸ ਨੂੰ ਨਗੀਨਾ ਨਦੀ ਵਿੱਚੋਂ ਕੱਢ ਲਿਆਉਣ ਦੀ ਆਗਿਆ ਦਿੱਤੀ ਤਾਂ ਉਹ ਨਦੀ ਵਿੱਚ ਬਹੁਮੁੱਲੇ ਨਗੀਨੇ ਦੇਖ ਕੇ ਬੜਾ ਸ਼ਰਮਸਾਰ ਹੋਇਆ ਤੇ ਗੁਰੂ ਸਾਹਿਬ ਦੇ ਪੈਰਾਂ ਵਿੱਚ ਢਹਿ ਕੇ ਭੁੱਲ ਬਖ਼ਸ਼ਾਈ। ਇਸ ਇਤਿਹਾਸਕ ਅਸਥਾਨ ਦੀ ਇਮਾਰਤ ਦੀ ਸੇਵਾ ਦਿੱਲੀ ਦੇ ਸ. ਗੁਲਾਬ ਸਿੰਘ ਸੇਠੀ ਨੇ ਕਰਵਾਈ ਸੀ। ਹੁਣ ਨਵੇਂ ਸਿਰਿਓਂ ਬਾਬਾ ਸ਼ੀਸ਼ਾ ਸਿੰਘ ਕਾਰ-ਸੇਵਾ ਵਾਲਿਆਂ ਨੇ ਕੀਤੀ ਹੈ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਚੋਰੀ ਦੀ ਕਾਰ ਬੱਸ ਨਾਲ ਟਕਰਾਈ, 4 ਮੌਤਾਂ ਤੇ ਦਰਜ਼ਨ ਤੋਂ ਵਧ ਜ਼ਖਮੀ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਟੈਕਸਾਸ ਵਿੱਚ ਸੈਨ ਐਨਟੋਨੀਓ ਵਿੱਖੇ ਇਕ ਰਾਸ਼ਟਰੀ ਮਾਰਗ ਉਪਰ ਇਕ ਚੋਰੀ ਦੀ ਕਾਰ ਤੇ ਬੱਸ ਵਿਚਾਲੇ ਹੋਈ ਟੱਕਰ ਦੇ ਸਿੱਟੇ ਵਜੋਂ 4 ਲੋਕਾਂ ਦੀ ਮੌਤ ਹੋ ਗਈ ਤੇ ਦਰਜ਼ਨ ਤੋਂ ਵਧ ਲੋਕ ਜ਼ਖਮੀ ਹੋ ਗਏ। ਸੈਨ ਐਨਟੋਨੀਓ ਦੇ ਪੁਲਿਸ ਮੁੱਖੀ ਬਿਲ ਮੈਕਮੈਨਸ ਨੇ ਕਿਹਾ ਹੈ ਕਿ ਇਹ ਘਟਨਾ ਸਥਾਨਕ ਸਮੇ ਅਨੁਸਾਰ ਦੁਪਹਿਰ 2.30 ਵਜੇ ਦੇ ਆਸ ਪਾਸ ਵਾਪਰੀ ਹੈ ਜਦੋਂ ਚੋਰੀ ਕੀਤੀ ਚਿੱਟੇ ਰੰਗ ਦੀ ਕੈਮਾਰੋ ਕਾਰ ਜਿਸ ਵਿੱਚ 4 ਜਣੇ ਸਵਾਰ ਸਨ, ਲਿਓਨ ਕਰੀਕ ਖੇਤਰ ਵਿੱਚ ਦੱਖਣੀ ਇੰਟਰਸਟੇਟ ਸੜਕ 35 ਉਪਰ ਬੱਸ ਨਾਲ ਟਕਰਾ ਗਈ। ਉਨਾਂ ਕਿਹਾ ਕਿ ਦੋ ਜਣੇ ਮੌਕੇ ਉਪਰ ਹੀ ਦਮ ਤੋੜ ਗਏ ਜਦ ਕਿ ਦੋ ਦੀ ਬਾਅਦ ਵਿੱਚ ਇਕ ਸਥਾਨਕ ਹਸਪਤਾਲ ਵਿੱਚ ਮੌਤ ਹੋ ਗਈ। ਇਕ ਹੋਰ ਜਾਣਕਾਰੀ ਅਨੁਸਾਰ ਕਾਰ ਇੱਕ ਟਰਾਲੇ ਨਾਲ ਟਕਰਾਈ ਤੇ ਟਰਾਲਾ ਬੱਸ ਨਾਲ ਟਕਰਾਉਣ ਕਾਰਨ ਬੱਸ ਦਾ ਸੰਤੁਲਨ ਵਿਗੜ ਗਿਆ ਤੇ ਉਹ ਸੜਕ ਕੰਢੇ ਲੱਗੇ ਗਾਰਡਰਾਂ ਨਾਲ ਟਕਰਾ ਗਈ। ਉਨਾਂ ਕਿਹਾ ਕਿ ਕਾਰ ਵਿੱਚ ਸਵਾਰ ਚਾਰੇ ਵਿਅਕਤੀ ਫਰਾਰ ਹੋ ਗਏ ਹਨ ਜਿਨਾਂ ਦੀ ਭਾਲ ਕੀਤੀ ਜਾ ਰਹੀ ਹੈ।

# ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਦੀ ਸਿਖਲਾਈ ਸ਼ਾਖਾ ਵਿੱਚ ਜਬਰਦਸਤ ਧਮਾਕਾ, 3 ਪੁਲਿਸ ਅਫਸਰਾਂ ਦੀ ਮੌਤ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਦੀ ਸਿਖਲਾਈ ਸ਼ਾਖਾ ਵਿੱਚ ਹੋਏ ਜਬਰਦਸਤ ਧਮਾਕੇ ਵਿੱਚ 3 ਪੁਲਿਸ ਅਫਸਰਾਂ ਦੀ ਮੌਤ ਹੋ ਜਾਣ ਦੀ ਖਬਰ ਹੈ। ਸ਼ੈਰਿਫ ਰਾਬਰਟ ਲੂਨਾ ਨੇ ਕਿਹਾ ਹੈ ਕਿ ਵਿਭਾਗ ਦਾ ਇਹ ਵੱਡਾ ਜਾਨੀ ਨੁਕਸਾਨ ਹੋਇਆ ਹੈ ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਉਨਾਂ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਧਮਾਕਾ ਅਚਾਨਕ ਹੋਇਆ ਹੈ ਤੇ ਸੰਘੀ ਅਤੇ ਸਥਾਨਕ ਜਾਂਚਕਾਰ ਧਮਾਕੇ ਦੇ ਕਾਰਨ ਦਾ ਪਤਾ ਲਾਉਣ ਲਈ ਕੰਮ ਕਰ ਰਹੇ ਹਨ। ਉਨਾਂ ਕਿਹਾ ਕਿ ਧਮਾਕਾ ਸਥਾਨਕ ਸਮੇ ਅਨੁਸਾਰ ਸਵੇਰੇ 11 ਵਜੇ ਬਾਅਦ ਹੋਇਆ। ਸੂਚਨਾ ਮਿਲਣ 'ਤੇ ਬੰਬ ਦਸਤਾ ਤੁਰੰਤ ਮੌਕੇ ਉਪਰ ਪੁੱਜਾ। ਸ਼ੈਰਿਫ ਨੇ ਕਿਹਾ ਹੈ ਕਿ ਫਿਲਹਾਲ ਮਾਰੇ ਗਏ ਪੁਲਿਸ ਅਫਸਰਾਂ ਦੇ ਨਾਂ ਜਾਰੀ ਨਹੀਂ ਕੀਤੇ ਜਾ ਰਹੇ ਹਨ।

# ਯੂ ਕੇ ਦੇ ਗੁਰਦੁਆਰਿਆਂ ਲਈ ਗੁਰਦੁਆਰਾ ਏਡ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਕਿਤਾਬ ਬਰਤਾਨਵੀ ਸੰਸਦ ਵਿੱਚ ਕੀਤੀ ਜਾਰੀ

## ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਗੁਰਿੰਦਰ ਸਿੰਘ ਜੋਸਨ, ਲੌਰਡ ਖਾਨ ਅਤੇ ਹੋਰ ਸੰਸਦ ਮੈਂਬਰ ਹੋਏ ਸ਼ਾਮਿਲ

***ਲੰਡਨ (ਪੰਜਾਬ ਟਾਈਮਜ਼) – ਬੀਤੀ 14 ਜੁਲਾਈ 2025 ਦਿਨ ਸੋਮਵਾਰ ਨੂੰ ਬਰਤਾਨਵੀ ਸੰਸਦ ਲੰਡਨ ਵਿਖੇ ਗੁਰਦੁਆਰਾ ਏਡ ਵੱਲੋਂ ਯੂ ਕੇ ਦੇ ਗੁਰਦੁਆਰਿਆਂ ਲਈ ਬੜੀ ਮਿਹਨਤ ਨਾਲ ਪ੍ਰਕਾਸ਼ਿਤ ਕਰਕੇ ਇੱਕ ਬਹੁਤ ਹੀ ਵਧੀਆ ਕਿਤਾਬ 'ਦਾ ਗੁਰਦੁਆਰਾ ਹੈਂਡ ਬੁੱਕ' ਸੰਸਦ ਮੈਂਬਰਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤੀ ਗਈ। ਇਸ ਮੌਕੇ ਯੂ ਕੇ ਭਰ ਤੋਂ 70 ਦੇ ਕਰੀਬ ਗੁਰਦੁਆਰੇ ਅਤੇ ਸੰਸਥਾਵਾਂ ਨੇ ਸ਼ਾਮਿਲ ਹੋ ਕੇ ਗੁਰਦੁਆਰਾ ਏਡ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ।***



ਗੁਰਦੁਆਰਾ ਹੈਂਡਬੁੱਕ ਜਾਰੀ ਕਰਦੇ ਹੋਏ ਗੁਰਦੁਆਰਾ ਏਡ ਦੇ ਸੇਵਾਦਾਰ ਅਤੇ ਸੰਸਦ ਮੈਂਬਰ

ਇਸ ਸਮਾਗਮ ਵਿੱਚ 50 ਤੋਂ ਵੱਧ ਸੰਸਦ ਮੈਂਬਰ, ਸਾਥੀ ਅਤੇ ਸਿਵਲ ਸੇਵਕ ਸ਼ਾਮਿਲ ਹੋਏ ਤੇ ਸ੍ਰੋਤਿਆਂ ਨੂੰ ਸੰਬੋਧਨ ਕੀਤਾ। ਜਿਹਨਾਂ ਵਿੱਚ ਫੇਥ ਮਨਿਸਟਰ ਲੌਰਡ ਖਾਨ, ਸੰਸਦ ਮੈਂਬਰ ਸ: ਤਨਮਨਜੀਤ ਸਿੰਘ ਢੇਸੀ, ਐਮ ਪੀ ਸ: ਗੁਰਿੰਦਰ ਸਿੰਘ ਜੋਸਨ, ਸਤਿਕਾਰਯੋਗ ਪੈਟ ਮੈਕਫੈਡਨ ਐਮ ਪੀ, ਮਾਈਕ ਵੁੱਡ ਐਮ ਪੀ, ਸ੍ਰੀਮਾਨ ਜੈਰਮੀ ਰਾਈਟ (ਕੇ ਸੀ), ਮਹਾਰਾਜਾ ਚਾਰਲਸ ਦੇ ਲੰਡਨ ਵਿੱਚ ਪ੍ਰਤੀਨਿੱਧ ਹਾਈ ਸ਼ਰਿਫ਼ ਆਫ਼ ਗ੍ਰੇਟਰ ਲੰਡਨ ਮਿ: ਜੌਹਨ ਗਾਰਬੁੱਟ ਦੇ ਨਾਂ ਵਰਣਨਯੋਗ ਹਨ। ਉਹਨਾਂ ਗੁਰਦੁਆਰਾ ਏਡ ਦੇ ਸੇਵਾਦਾਰਾਂ, ਜਗਤਾਰ ਸਿੰਘ ਗਿੱਲ, ਹਰਵਿੰਦਰ ਸਿੰਘ ਰਾਏ, ਮਨਦੀਪ ਸਿੰਘ, ਸੰਦੀਪ ਕੌਰ ਅਤੇ ਪ੍ਰਮਜੀਤ ਕੌਰ ਮਥਾਰੂ ਦੇ ਇਸ ਕੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਯੂ ਕੇ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਵਾਸਤੇ ਇਹ ਕਿਤਾਬ ਬਹੁਤ ਲਾਹੇਵੰਦ ਹੋਵੇਗੀ। ਗੁਰਦੁਆਰਾ ਏਡ ਵੱਲੋਂ ਕਿਤਾਬ ਰਿਲੀਜ਼ ਕਰਨ ਲਈ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ।

ਯੂ ਕੇ ਭਰ ਤੋਂ ਸਿੱਖ ਸੰਸਥਾਵਾਂ ਨੇ ਇਕੱਠੇ ਹੋ ਕੇ ਇਸ ਪ੍ਰੋਜੈਕਟ ਦੀ ਸ਼ਲਾਘਾ ਕੀਤੀ ਅਤੇ ਇਥੇ ਆਪੋ ਆਪਣੇ ਕੰਮਾਂ ਦੀ ਪ੍ਰਦਰਸ਼ਨੀ ਵੀ ਦਿਖਾਈ। ਪਾਰਲੀਮੈਂਟ ਵਿੱਚ ਹੋਏ ਇਸ ਬੁੱਕ ਰਿਲੀਜ਼ ਸਮਾਗਮ 200 ਤੋਂ ਵੱਧ ਮਹਿਮਾਨ, ਜਿਹਨਾਂ ਵਿੱਚ ਸੰਸਦ ਮੈਂਬਰ, ਵੱਖ ਵੱਖ ਖੇਤਰ ਦੀਆਂ ਉਘੀਆਂ ਸ਼ਖਸੀਅਤਾਂ ਅਤੇ ਸੰਸਥਾਵਾਂ ਦੇ ਨੁੰਮਾਇੰਦੇ ਤੇ ਸਮਾਜ ਸੇਵਕ ਸ਼ਾਮਿਲ ਸਨ। ਇਹ ਸਮਾਰੋਹ ਅਟਲੀ ਸੂਟ, ਪੋਰਟਕਲਿਸ ਹਾਊਸ ਵਿੱਚ ਮਨਾਇਆ ਗਿਆ। ਇਸ ਸਮਾਰੋਹ ਵਿੱਚ ਕਈ ਖੇਤਰਾਂ ਦੀਆਂ ਸੰਸਥਾਵਾਂ ਜਿਵੇਂ ਕਿ ਸਿੱਖਿਆ, ਸਿਹਤ ਸੇਵਾਵਾਂ, ਸੁਰੱਖਿਆ, ਨੌਜਵਾਨ ਵਿਕਾਸ, ਸਮਾਜਿਕ ਨਿਆਂ, ਵਾਤਾਵਰਣ ਸਥਿਰਤਾ ਅਤੇ ਸਮੁਦਾਇਕ ਸਹਾਇਤਾ ਵਿੱਚ ਕੀਤੇ ਗਏ ਪ੍ਰਮੁੱਖ ਉਪਰਾਲਿਆਂ ਦੀ ਇੱਕ ਵਿਸ਼ਾਲ ਰੇਂਜ ਦੀ ਪ੍ਰਦਰਸ਼ਨੀ ਲਾਈ ਗਈ। ਇਸ ਸਮਾਰੋਹ ਦੀ ਮੇਜ਼ਬਾਨੀ ਗੁਰਦੁਆਰਾ ਏਡ ਨੇ ਕੀਤੀ, ਜਿਸ ਦੌਰਾਨ 'ਦਾ ਗੁਰਦੁਆਰਾ ਹੈਂਡ ਬੁੱਕ' ਜਾਰੀ ਕੀਤੀ ਗਈ। ਇਸ ਕਿਤਾਬ ਦਾ ਮੁੱਖ ਉਦੇਸ਼ ਯੂ ਕੇ ਦੇ ਗੁਰਦੁਆਰਾ ਕਮੇਟੀਆਂ ਨੂੰ ਸ਼ਾਸਨ, ਅਨੁਕੂਲਤਾ, ਸੁਰੱਖਿਆ ਅਤੇ ਲੰਬੇ ਸਮੇਂ ਦੀ ਰਣਨੀਤੀ ਯੋਜਨਾ ਬਣਾਉਣ ਵਿੱਚ ਸਹਾਇਤਾ ਕਰਨ ਲਈ ਤਿਆਰ ਕੀਤਾ ਗਿਆ ਹੈ।


ਗੁਰਦੁਆਰਾ ਏਡ ਮੀਡੀਆ ਸੇਵਾਦਾਰ ਸੰਦੀਪ ਕੌਰ ਨੇ ਕਿਹਾ, "ਇਸ ਸਮਾਗਮ ਨੇ ਸਿੱਖ ਸੰਗਤਾਂ ਵਿੱਚ ਆਧੁਨਿਕ ਪ੍ਰਣਾਲੀਆਂ ਵੱਲ ਵਧ ਰਹੀ ਗਤੀ ਵਿਧੀਆਂ ਨੂੰ ਉਜਾਗਰ ਕੀਤਾ ਹੈ। ਖਾਸ ਕਰਕੇ ਯੂ ਕੇ ਦੇ ਕਾਨੂੰਨ ਅਤੇ ਸਿੱਖ ਰਹਿਤ ਰਹਿਣੀ ਅਨੁਸਾਰ ਗੁਰਦੁਆਰੇ ਅਤੇ ਸਿੱਖ ਸੰਸਥਾਵਾਂ ਗੁਰਬਾਣੀ, ਧਰਮ ਪ੍ਰਚਾਰ ਅਤੇ ਸੇਵਾ ਕਰ ਸਕਣ"।


**ਗੁਰਦੁਆਰਾ ਹੈਂਡਬੁੱਕ ਦੀ ਸ਼ੁਰੂਆਤ:**

ਗੁਰਦੁਆਰਾ ਏਡ ਦੁਆਰਾ ਪ੍ਰਕਾਸ਼ਿਤ, ਗੁਰਦੁਆਰਾ ਹੈਂਡਬੁੱਕ ਨੂੰ ਹਾਲ ਹੀ ਵਿੱਚ ਗੁਰਦੁਆਰਾ ਕਾਰਜਾਂ ਨੂੰ ਬਿਹਤਰ ਬਣਾਉਣ ਲਈ ਇੱਕ ਸਰੋਤ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਵਿੱਚ ਗੁਰਦੁਆਰਾ ਅਤੇ ਸਿੱਖ ਚੈਰਿਟੀਆਂ ਲਈ ਵਿੱਤੀ, ਕਾਨੂੰਨੀ ਅਤੇ ਸ਼ਾਸਨ ਢਾਂਚੇ ਸ਼ਾਮਲ ਹਨ। ਇਸ ਨੂੰ ਔਨਲਾਈਨ ਸਰੋਤਾਂ ਦੁਆਰਾ ਪੂਰਕ ਕੀਤਾ ਜਾ ਰਿਹਾ ਹੈ, ਜਿਸ ਵਿੱਚ ਅਨੁਕੂਲਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਇੱਕ ਪੂਰਾ ਚੈਪਟਰ ਸ਼ਾਮਲ ਹੈ, ਜਿਸ ਵਿੱਚ ਜਲਦੀ ਹੀ ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਵਿੱਚ ਸੁਰੱਖਿਆ ਮਾਰਗਦਰਸ਼ਨ ਅਤੇ ਮਾਨਤਾ ਪ੍ਰਾਪਤ ਸਿਖਲਾਈ ਦੀ ਪਾਲਣਾ ਕੀਤੀ ਜਾਵੇਗੀ।

ਇਸ ਕਿਤਾਬ ਦੀਆਂ ਕਾਪੀਆਂ ਸਮਾਗਮ ਵਿੱਚ ਸ਼ਾਮਲ ਗੁਰਦੁਆਰਾ ਪ੍ਰਤੀਨਿਧੀਆਂ, ਚੈਰਿਟੀ ਟਰੱਸਟੀਆਂ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਵੰਡੀਆਂ ਗਈਆਂ। ਸਿੱਖ ਸੰਸਥਾਵਾਂ ਦੇ ਭਵਿੱਖ ਨੂੰ ਆਕਾਰ ਦੇਣਾ ਸਿੱਖ ਸਿਵਲ ਸੁਸਾਇਟੀ ਦੇ ਆਗੂਆਂ ਅਤੇ ਨੀਤੀ ਨਿਰਮਾਤਾਵਾਂ ਵਿਚਕਾਰ ਗੱਲਬਾਤ ਲਈ ਇੱਕ ਵਿਲੱਖਣ ਪਲੇਟਫਾਰਮ ਸੀ। ਗੁਰਦੁਆਰਾ ਏਡ ਦੇ ਸੇਵਾਦਾਰਾਂ ਨੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਆਗੂਆਂ ਤੇ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਕਿਤਾਬਾਂ ਭੇਟ ਕੀਤੀਆਂ ਗਈਆਂ।

# ਅਮਰੀਕਾ ਵਿੱਚ ਭਾਰਤੀ ਔਰਤ 'ਤੇ ਚੋਰੀ ਦਾ ਦੋਸ਼, ਬਿਨ੍ਹਾਂ ਭੁਗਤਾਨ ਕੀਤੇ ਇੱਕ ਲੱਖ ਦਾ ਸਾਮਾਨ ਲੈ ਕੇ ਜਾ ਰਹੀ ਸੀ





ਅਮਰੀਕਾ ਦੇ ਇਲੀਨਾਏ ਵਿੱਚ ਇੱਕ ਭਾਰਤੀ ਔਰਤ 'ਤੇ ਇੱਕ ਸੁਪਰਮਾਰਕੀਟ ਸਟੋਰ ਤੋਂ 1 ਲੱਖ ਤੋਂ ਵੱਧ ਦਾ ਸਾਮਾਨ ਚੋਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਅਨੁਸਾਰ, ਔਰਤ ਨੇ ਸਟੋਰ ਵਿੱਚ ਸੱਤ ਘੰਟੇ ਬਿਤਾਏ ਅਤੇ ਬਿਨ੍ਹਾਂ ਭੁਗਤਾਨ ਕੀਤੇ ਸਾਮਾਨ ਲੈ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ। ਇਹ ਘਟਨਾ 1 ਮਈ 2025 ਨੂੰ ਵਾਪਰੀ। ਹੁਣ ਇਸਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਔਰਤ ਦਾ ਨਾਮ ਅਨਾਇਆ ਅਵਲਾਨੀ ਦੱਸਿਆ ਜਾ ਰਿਹਾ ਹੈ। ਸਟੋਰ ਸਟਾਫ ਨੂੰ ਉਸਦਾ ਵਿਵਹਾਰ ਸ਼ੱਕੀ ਲੱਗਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਪੁਲਿਸ ਨੂੰ ਬੁਲਾਇਆ। ਸਟੋਰ ਦੇ ਇੱਕ ਕਰਮਚਾਰੀ ਨੇ ਕਿਹਾ ਕਿ ਔਰਤ ਕਾਫ਼ੀ ਸਮੇਂ ਤੋਂ ਸਟੋਰ ਵਿੱਚ ਮੌਜੂਦ ਸੀ ਅਤੇ ਬਿਨ੍ਹਾਂ ਕਿਸੇ ਮਕਸਦ ਦੇ ਘੁੰਮ ਰਹੀ ਸੀ। ਉਸਨੂੰ ਵਾਰ-ਵਾਰ ਸਾਮਾਨ ਚੁੱਕਦੇ ਅਤੇ ਟੋਕਰੀ ਵਿੱਚ ਪਾਉਂਦੇ, ਫਿਰ ਉਨ੍ਹਾਂ ਨੂੰ ਹਟਾਉਂਦੇ ਅਤੇ ਕਿਸੇ ਹੋਰ ਜਗ੍ਹਾ ਜਾਂਦੇ ਦੇਖਿਆ ਗਿਆ। ਅੰਤ ਵਿੱਚ ਉਹ ਬਿਨ੍ਹਾਂ ਭੁਗਤਾਨ ਕੀਤੇ ਗੇਟ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨ ਲੱਗੀ। ਸਟਾਫ ਨੇ ਤੁਰੰਤ ਸੁਰੱਖਿਆ ਚੇਤਾਵਨੀ ਜਾਰੀ ਕੀਤੀ ਅਤੇ ਪੁਲਿਸ ਨੂੰ ਸੂਚਿਤ ਕੀਤਾ। ਥੋੜ੍ਹੀ ਦੇਰ ਬਾਅਦ ਪੁਲਿਸ ਮੌਕੇ 'ਤੇ ਪਹੁੰਚ ਗਈ। ਦੋਸ਼ ਹੈ ਕਿ ਜਦੋਂ ਪੁਲਿਸ ਨੇ ਔਰਤ ਨੂੰ ਰੋਕਿਆ, ਤਾਂ ਉਸਨੇ ਪੈਸੇ ਦੇ ਕੇ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਕਥਿਤ ਤੌਰ 'ਤੇ ਅਧਿਕਾਰੀਆਂ ਨੂੰ ਰਿਸ਼ਵਤ ਦੇ ਕੇ ਜਾਣ ਦੀ ਪੇਸ਼ਕਸ਼ ਕੀਤੀ। ਔਰਤ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਜੇਕਰ ਮੈਂ ਤੁਹਾਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਿੱਤੀ ਹੈ, ਤਾਂ ਮੈਨੂੰ ਮੁਆਫ਼ ਕਰਨਾ। ਮੈਂ ਇਸ ਦੇਸ਼ ਦੀ ਨਾਗਰਿਕ ਨਹੀਂ ਹਾਂ ਅਤੇ ਮੈਂ ਇੱਥੇ ਨਹੀਂ ਰਹਿਣਾ ਚਾਹੁੰਦੀ। ਮੈਂ ਸਾਰੇ ਸਮਾਨ ਦਾ ਭੁਗਤਾਨ ਕਰਨ ਲਈ ਤਿਆਰ ਹਾਂ।

ਇਸ 'ਤੇ, ਇੱਕ ਮਹਿਲਾ ਪੁਲਿਸ ਅਧਿਕਾਰੀ ਨੇ ਸਖ਼ਤ ਲਹਿਜੇ ਵਿੱਚ ਜਵਾਬ ਦਿੱਤਾ, "ਕੀ ਭਾਰਤ ਵਿੱਚ ਚੋਰੀ ਦੀ ਇਜਾਜ਼ਤ ਹੈ? ਮੈਨੂੰ ਨਹੀਂ ਲੱਗਦਾ।"

ਇਸ ਤੋਂ ਬਾਅਦ, ਜਦੋਂ ਪੁਲਿਸ ਨੇ ਬਿੱਲ ਦੀ ਜਾਂਚ ਕੀਤੀ, ਤਾਂ ਉਨ੍ਹਾਂ ਨੇ ਪਾਇਆ ਕਿ ਔਰਤ ਨੇ ਅਸਲ ਵਿੱਚ ਭੁਗਤਾਨ ਨਹੀਂ ਕੀਤਾ ਸੀ। ਇਸ ਆਧਾਰ 'ਤੇ, ਉਸਨੂੰ ਉੱਥੇ ਹੱਥਕੜੀ ਲਗਾ ਕੇ ਪੁਲਿਸ ਥਾਣੇ ਲਿਜਾਇਆ ਗਿਆ। ਉੱਥੇ ਰਸਮੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਔਰਤ ਵਿਰੁੱਧ ਸੰਗੀਨ ਅਪਰਾਧ ਭਾਵ ਗੰਭੀਰ ਅਪਰਾਧ ਦੇ ਤਹਿਤ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਹਾਲਾਂਕਿ ਅਜੇ ਤੱਕ ਰਸਮੀ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ, ਪਰ ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਉਸਦੇ ਵਿਰੁੱਧ ਜਲਦੀ ਹੀ ਦੋਸ਼ ਤੈਅ ਕੀਤੇ ਜਾਣਗੇ। ਹਾਲਾਂਕਿ ਉਸਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ, ਪਰ ਉਸ 'ਤੇ ਗੰਭੀਰ ਅਪਰਾਧ ਦਾ ਦੋਸ਼ ਲੱਗਣ ਦੀ ਸੰਭਾਵਨਾ ਹੈ।


## ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਵਿਖੇ ਇੱਕ ਗ੍ਰੰਥੀ ਸਿੰਘ ਦੀ ਲੋੜ ਹੈ, ਜਿਹੜਾ ਕਥਾ ਕੀਰਤਨ ਕਰ ਸਕਦਾ ਹੋਵੇ, ਤਬਲਾ ਵਜਾਉਣ ਜਾਣਦਾ ਹੋਵੇ ਅਤੇ ਗੁਰੂ ਘਰ ਵਿਖੇ ਹੋਰ ਸੇਵਾਵਾਂ ਦੌਰਾਨ ਹੈਡ ਗ੍ਰੰਥੀ ਦੀ ਮਦਦ ਕਰ ਸਕਦਾ ਹੋਵੇ। ਉਹ ਸਿੱਖ ਮਰਿਯਾਦਾ ਵਿਚ ਪੂਰਾ ਅਤੇ ਨਿਤਨੇਮੀ ਹੋਵੇ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਚਾਹਵਾਨ ਪ੍ਰਚਾਰਕ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰਨ ਜਾਂ ਆਪਣੀਆਂ ਅਰਜ਼ੀਆਂ ਲਿਖ ਕੇ ਭੇਜਣ ਦੀ ਮਿਹਰਬਾਨੀ ਕਰਨ ਜੀ। ਅਰਜ਼ੀਆਂ ਭੇਜਣ ਦੀ ਆਖਰੀ ਤਾਰੀਕ 23 ਅਗਸਤ 2025 ਹੈ।

### 1 VACANCY- Job Title: Religious Worker- Tier-5- Full Time

**Duration**: Contract (1 Year)

**Job Purpose:** To carry out the non-pastoral duties and to assist the Minister of Religion and to meet the service needs of Sikh community.

**Duties & Responsibilities:**- Performing Kirtan, Akhand path, Sehaj path and Kitchen sewa. Be honest, reliable, collect, manage and ensure administration of Ardas money. Must pay the highest respect to the Guru Maharaj ji as well as public (Guru Ki Sadh Sangat) is essential; be present in main hall Saturday/Sunday until the Diwan Samapthy, unless you are required/agreed via Temple elsewhere on duty. Undertake any other reasonable duties/activities in pursuing the Organization's religious programs. On occasions the candidate maybe required to carry out Kirtan for family functions at the homes of the devotees.

- Benefits include full board and lodges. Salary: National Minimum Wage for 30 hours a week.

**Personnel Specification:**

The post holder will need to display the following: 1. Previous experience holding a similar role is essential. 2. Knowledge and understanding of the Sikh Religion and Guru Granth Sahib. 3. Strong motivation and empathy towards the aims and objectives of the organisation. 4. Strong organizational skills. 5. Good communication and interpersonal skills. 6. Ability to work off own initiative as well as within a team. 7. Willingness to work unsocia! hours. Knowledge of musical instruments vastly used in Sikh Faith.

**Other details:** Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing Date: 23rd August 2025**

Apply/ Contact: via Phone 01384 238936, or Email:sdevsingh56@googlemail.com

**GURDWARA GURU TEG BAHADHUR SAHIB JI**
**7 VICAR STREET, DUDLEY, WEST MIDLANDS, DY2 8RQ**

## ਦਰਬਾਰ ਸਾਹਿਬ ਨੂੰ ਆਰ ਸੀ ਐਕਸ ਨਾਲ ਉਡਾਉਣ ਦੀ ਧਮਕੀ

3 ਸਫ਼ੇ ਦੀ ਬਾਕੀ

ਪੰਥਕ ਮਾਹਿਰ ਇਹ ਵੀ ਸੋਚਦੇ ਹਨ ਕਿ ਇਸ ਸਾਜਿਸ਼ ਦੇ ਪਿੱਛੇ ਨਫਰਤ ਦੀ ਸਿਆਸਤ ਹੈ। ਦੇਸ਼ ਵਿੱਚ ਫੈਲ ਰਹੀ ਫਿਰਕੂ ਨਫਰਤ, ਜਿਸ ਦੇ ਤਹਿਤ ਮੁਸਲਮਾਨਾਂ, ਘੱਟ-ਗਿਣਤੀਆਂ ਅਤੇ ਹੋਰ ਧਾਰਮਿਕ ਅਸਥਾਨਾਂ ’ਤੇ ਹਮਲੇ ਹੋ ਰਹੇ ਹਨ, ਉਹੀ ਨਫਰਤ ਹੁਣ ਸਿੱਖ ਪੰਥ ਵੱਲ ਮੋੜੀ ਜਾ ਰਹੀ ਹੈ। ਸ਼ੁਭਮ ਦੂਬੇ ਵਰਗੇ ਪੜ੍ਹੇ-ਲਿਖੇ ਵਿਅਕਤੀ, ਜੋ ਕਿ ਇੱਕ ਸਾਫਟਵੇਅਰ ਇੰਜਨੀਅਰ ਹੈ ਅਤੇ ਕਈ ਵੱਡੀਆਂ ਕੰਪਨੀਆਂ ਵਿੱਚ ਕੰਮ ਕਰ ਚੁੱਕਾ ਹੈ, ਦਾ ਅਜਿਹੀ ਸਾਜਿਸ਼ ਵਿੱਚ ਸ਼ਾਮਲ ਹੋਣਾ ਇਹ ਸਪੱਸ਼ਟ ਕਰਦਾ ਹੈ ਕਿ ਇਸ ਦੇ ਪਿੱਛੇ ਇੱਕ ਸੰਗਠਿਤ ਮਾਨਸਿਕਤਾ ਹੈ, ਜਿਸ ਵਿੱਚ ਘੱਟ-ਗਿਣਤੀਆਂ ਪ੍ਰਤੀ ਨਫਰਤ ਦੀ ਅੱਗ ਸੁੱਲਗ ਰਹੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ, “ਅਜੋਕੇ ਤਕਨੀਕੀ ਯੁੱਗ ਵਿੱਚ ਵੀ ਸਰਕਾਰ ਅਤੇ ਪੁਲਿਸ ਅਸਲ ਮੁਲਜ਼ਮਾਂ ਤੱਕ ਨਹੀਂ ਪਹੁੰਚ ਸਕੀ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਸਰਕਾਰ ਦੀ ਕਾਰਗੁਜ਼ਾਰੀ ’ਤੇ ਨਿਰਾਸ਼ਾ ਪ੍ਰਗਟਾਈ। ਉਨ੍ਹਾਂ ਕਿਹਾ, “ਮੁੱਖ ਮੰਤਰੀ ਨੂੰ ਵੀ ਇਹ ਈ-ਮੇਲਾਂ ਮਿਲੀਆਂ ਹਨ। ਸਰਕਾਰ ਨੂੰ ਤੁਰੰਤ ਇਸ ’ਤੇ ਕਾਰਵਾਈ ਕਰਨੀ ਚਾਹੀਦੀ ਹੈ। ਇਹ ਸਾਜਿਸ਼ ਸੰਗਤ ਨੂੰ ਭੈਅਭੀਤ ਕਰਨ ਦੀ ਹੈ।”

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਕੇਂਦਰ ਅਤੇ ਸੂਬਾ ਸਰਕਾਰ ਨੂੰ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਸਮੂਹ ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਨੂੰ ਸਿੱਖ ਜਥੇਬੰਦੀਆਂ ਨੂੰ ਇਕਜੁੱਟ ਕਰਕੇ ਇਸ ਸਾਜਿਸ਼ ਦਾ ਸਾਹਮਣਾ ਕਰਨਾ ਚਾਹੀਦਾ। ਸ਼੍ਰੋਮਣੀ ਕਮੇਟੀ ਨੂੰ ਆਪਣੀ ਟਾਸਕ ਫੋਰਸ ਨੂੰ ਹੋਰ ਸਰਗਰਮ ਕਰਨ ਦੀ ਲੋੜ ਹੈ ਤੇ ਜਥੇਦਾਰ ਅਕਾਲ ਤਖਤ ਸਾਹਿਬ ਦੇ ਸਹਿਯੋਗ ਨਾਲ ਨੁਮਾਇੰਦਾ ਪੰਥਕ ਇਕਠ ਸਰਬਤ ਖਾਲਸਾ ਦੇ ਰੂਪ ਵਿਚ ਬੁਲਾਇਆ ਜਾਣਾ ਚਾਹੀਦਾ ਹੈ। ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਨਫਰਤ ਤੇ ਨਸਲਵਾਦ ਦੀ ਅੱਗ ਬਾਲਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰੇ ਤੇ ਪੰਜਾਬ ਦੀ ਸਾਂਤ ਫਿਜ਼ਾ ਨੂੰ ਬਚਾਏ।

ਇਸ ਮਾਮਲੇ ਵਿੱਚ ਪ੍ਰਵਾਸੀ ਸਿੱਖ ਜਥੇਬੰਦੀਆਂ ਨੂੰ ਵਿਸ਼ਵ ਪੱਧਰ ’ਤੇ ਇਸ ਮੁੱਦੇ ਨੂੰ ਉਠਾਉਣਾ ਚਾਹੀਦਾ ਅਤੇ ਸਰਕਾਰਾਂ ’ਤੇ ਦਬਾਅ ਪਾਉਣਾ ਚਾਹੀਦਾ ਕਿ ਅਜਿਹੀਆਂ ਸਾਜਿਸ਼ਾਂ ਦਾ ਪਰਦਾਫਾਸ਼ ਕੀਤਾ ਜਾਵੇ। ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ ਨੂੰ ਆਪਣੇ ਸਾਫਟਵੇਅਰ ਇੰਜਨੀਅਰਾਂ ਅਤੇ ਤਕਨੀਕੀ ਮਾਹਿਰਾਂ ਦੀ ਟੀਮ ਤਿਆਰ ਕਰਕੇ ਅਜਿਹੀਆਂ ਧਮਕੀਆਂ ਦੇਣ ਵਾਲੇ ਅਨਸਰਾਂ ਦਾ ਪਰਦਾਫਾਸ਼ ਕਰਨਾ ਚਾਹੀਦਾ।


**CHANGE OF NAME**

I, GURDEV KOUR AKA GURBAX KAUR D/O MR SHIV SINGH WHOSE PERMANENT ADDRESS IN INDIA IS VPO MANDHALI, TEHSIL BANGA, DISTT SBS NAGAR, PUNJAB 144501 AND NOW LIVING AT 90 GRESTONE AVENUE, HANDSWORTH WOOD, BIRMINGHAM, B20 1AY HEREBY GIVE NOTICE OF MY INTENTION TO CHANGE MY NAME TO GURDEV KAUR. (U/I)



**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਕੀ ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦਾ ਦੌਰ ਵਾਪਸ ਪਰਤਿਆ ਹੈ ?

- 2025 ਵਿਚ 20 ਮੁਕਾਬਲੇ, 5 ਮੌਤਾਂ: ਪੁਲਿਸ ਦੀ ਕਾਰਵਾਈ ’ਤੇ ਸਵਾਲ
- ਬੁੱਧੀਜੀਵੀਆਂ ਦਾ ਦੋਸ਼: ਪੁਲਿਸ ਮੁਕਾਬਲੇ ਸਰਕਾਰ ਦੇ ਮੱਥੇ ’ਤੇ ਕਲੰਕ
- ਸਿਆਸੀ ਪਾਰਟੀਆਂ ਦੀ ਚੁੱਪ: ਫ਼ਰਜ਼ੀ ਮੁਕਾਬਲਿਆਂ ’ਤੇ ਕਿਉਂ ਨਹੀਂ ਉਠਦੀ ਅਵਾਜ਼ ?

## ਕੀ ਭਗਵੰਤ ਮਾਨ ਬੇਅੰਤ ਸਿੰਘ ਦੇ ਰਾਹ ’ਤੇ ?

ਕੁਝ ਜਥੇਬੰਦੀਆਂ ਤੇ ਕਿਸਾਨਾਂ ਨੇ ਤਪਾ ਵਿਚ ਹਾਲ ਹੀ ਵਿਚ ਇਕੱਠ ਕਰਕੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਵਰਗੀ ਨੀਤੀ ਅਪਣਾਉਣ ਦੇ ਦੋਸ਼ ਲਾਏ। ਬੇਅੰਤ ਸਿੰਘ ਦੇ ਸਮੇਂ ਵਿਚ ਫ਼ਰਜ਼ੀ ਮੁਕਾਬਲਿਆਂ ਦਾ ਦੌਰ ਸਿਖਰ ’ਤੇ ਸੀ, ਜਿਸ ਨੇ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਬਣਾਇਆ ਸੀ। ਅੱਜ ਦੇ ਮੁਕਾਬਲਿਆਂ ਦੀ ਇੱਕੋ ਜਿਹੀ ਐਫ.ਆਈ.ਆਰ. ਤੇ ਸਥਿਤੀਆਂ ਨੂੰ ਦੇਖਦਿਆਂ ਲੋਕਾਂ ਵਿਚ ਇਹ ਚਰਚਾ ਹੈ ਕਿ ਕੀ ਮਾਨ ਸਰਕਾਰ ਵੀ ਉਸੇ ਰਾਹ ’ਤੇ ਹੈ ? ਪਰ ਸਰਕਾਰ ਦਾ ਕਹਿਣਾ ਹੈ ਕਿ ਅਪਰਾਧ ਨੂੰ ਰੋਕਣ ਲਈ ਸਖਤੀ ਜ਼ਰੂਰੀ ਹੈ। ਫਿਰ ਵੀ, ਜਨਤਕ ਵਿਰੋਧ ਵਧ ਰਿਹਾ ਹੈ, ਤੇ ਲੋਕ ਸਵਾਲ ਉਠਾਉਂਦੇ ਹਨ ਕਿ ਸੱਚਾਈ ਨੂੰ ਦਬਾਉਣ ਲਈ ਫ਼ਰਜ਼ੀ ਮੁਕਾਬਲੇ ਕੀਤੇ ਜਾ ਰਹੇ ਹਨ ਜਾਂ ਅਪਰਾਧ ਨੂੰ ਰੋਕਣ ਲਈ ਅਜਿਹਾ ਜ਼ਰੂਰੀ ਹੈ ?

ਪੰਜਾਬ ਵਿੱਚ ਪੁਲਿਸ ਮੁਕਾਬਲੇ ਕੋਈ ਨਵੀਂ ਗੱਲ ਨਹੀਂ। ਸਰਕਾਰ ਭਾਵੇਂ ਅਕਾਲੀ ਦਲ, ਕਾਂਗਰਸ ਜਾਂ ਹੁਣ ‘ਆਪ’ ਦੀ ਹੋਵੇ, ਇਹ ਮੁਕਾਬਲੇ ਕਦੇ ਨਹੀਂ ਰੁਕੇ। 2025 ਦੇ ਪਹਿਲੇ ਸੱਤ ਮਹੀਨਿਆਂ ਵਿਚ 20 ਮੁਕਾਬਲੇ ਹੋਏ, ਜਿਨ੍ਹਾਂ ਵਿਚ 5 ਲੋਕ ਮਾਰੇ ਗਏ ਤੇ 17 ਜ਼ਖਮੀ ਹੋਏ। ਅਬੋਹਰ ਦੇ ਵਪਾਰੀ ਸੰਜੈ ਵਰਮਾ ਦੇ ਕਤਲ ਨਾਲ ਜੁੜੇ ਮਾਮਲੇ ਵਿਚ 8 ਤੇ 11 ਜੁਲਾਈ ਨੂੰ ਹੋਏ ਮੁਕਾਬਲਿਆਂ ਵਿਚ 3 ਕਥਿਤ ਦੋਸ਼ੀ ਮਾਰੇ ਗਏ। ਇਸੇ ਤਰ੍ਹਾਂ 22 ਜੁਲਾਈ ਨੂੰ ਤਰਨ ਤਾਰਨ ’ਚ ਗੁਰਲਾਲ ਸਿੰਘ ਜ਼ਖਮੀ ਹੋਇਆ, ਜੋ ਗੈਂਗਸਟਰ ਲਖਬੀਰ ਸਿੰਘ ਲੰਡਾ ਦਾ ਸਾਥੀ ਸੀ। 20 ਜੁਲਾਈ ਨੂੰ ਰਾਏਕੋਟ ਵਿਚ ਨਾਨਕ ਰਾਮ ਵੀ ਮੁਕਾਬਲੇ ਵਿਚ ਜ਼ਖਮੀ ਹੋਇਆ। ਮੁਕਾਬਲਿਆਂ ਦੀ ਕਹਾਣੀ ਲਗਭਗ ਇੱਕੋ ਜਿਹੀ ਹੁੰਦੀ ਹੈ: ਪੁਲਿਸ ਮੁਲਜ਼ਮ ਨੂੰ ਹਥਿਆਰ ਬਰਾਮਦ ਕਰਨ ਲਈ ਲੈ ਜਾਂਦੀ ਹੈ, ਮੁਲਜ਼ਮ ਜਾਂ ਉਸ ਦੇ ਸਾਥੀ ਹਮਲਾ ਕਰ ਦਿੰਦੇ ਹਨ, ਤੇ ਪੁਲਿਸ ਜਵਾਬੀ ਕਾਰਵਾਈ ਵਿਚ ਗੋਲੀ ਚਲਾਉਂਦੀ ਹੈ। ਪਰ ਇਹ ਇੱਕੋ ਜਿਹੀ ਕਹਾਣੀ ਸਵਾਲ ਖੜ੍ਹੇ ਕਰਦੀ ਹੈ ਕਿ ਕੀ ਇਹ ਸੱਚ ਹਨ ਜਾਂ ਸਾਜਿਸ਼ ਦਾ ਹਿੱਸਾ ? ਹੈਰਾਨੀ ਦੀ ਗੱਲ ਹੈ ਕਿ ਅਦਾਲਤਾਂ ਵੀ ਇਸ ਬਾਰੇ ਨੋਟਿਸ ਨਹੀਂ ਲੈਂਦੀਆਂ।

### 2023 ਤੇ 2025 ਵਿਚ ਮੁਕਾਬਲਿਆਂ ਦੀ ਗਿਣਤੀ

2023 ਵਿਚ ਪੰਜਾਬ ’ਚ ਪੁਲਿਸ ਮੁਕਾਬਲਿਆਂ ਦੀ ਸਹੀ ਗਿਣਤੀ ਬਾਰੇ ਸਰਕਾਰੀ ਅੰਕੜੇ ਜਨਤਕ ਨਹੀਂ, ਪਰ ਮੀਡੀਆ ਰਿਪੋਰਟਾਂ ਮੁਤਾਬਕ 30 ਤੋਂ ਵੱਧ ਮੁਕਾਬਲੇ ਹੋਏ ਸਨ, ਜਿਨ੍ਹਾਂ ਵਿਚ ਕਈ ਕਥਿਤ ਗੈਂਗਸਟਰ ਮਾਰੇ ਗਏ ਜਾਂ ਜ਼ਖਮੀ ਹੋਏ। 2025 ਵਿਚ ਜੁਲਾਈ ਤੱਕ 20 ਮੁਕਾਬਲੇ ਦਰਜ ਹੋਏ ਹਨ, ਜਿਨ੍ਹਾਂ ਵਿਚ 5 ਮੌਤਾਂ ਤੇ 17 ਜ਼ਖਮੀਆਂ ਦੀ ਰਿਪੋਰਟ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਮੁਕਾਬਲਿਆਂ ਦੀ ਗਿਣਤੀ ਘਟੀ ਨਹੀਂ, ਸਗੋਂ ਸਥਿਤੀ ਜਿਉਂ ਦੀ ਤਿਉਂ ਹੈ।

ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਮੁਤਾਬਕ ਪੁਲਿਸ ਦੀ ਸਿਖਲਾਈ ਵਿਚ ਕਮੀਆਂ ਹਨ, ਜਿਸ ਕਾਰਨ ਐਫ. ਆਈ. ਆਰ. ਦੀ ਭਾਸ਼ਾ ਹਮੇਸ਼ਾ ਇੱਕੋ ਜਿਹੀ ਹੁੰਦੀ ਹੈ। ਉਹ ਇਨ੍ਹਾਂ ਮੁਕਾਬਲਿਆਂ ਨੂੰ ਸਰਕਾਰਾਂ ਦੇ ਮੱਥੇ ’ਤੇ ਕਲੰਕ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਮੁਕਾਬਲੇ ਪੁਲਿਸ ਦੀ ਸਾਖ ਨੂੰ ਢਾਹ ਲਾਉਂਦੇ ਹਨ। ਇਹ ਮਨੁੱਖੀ ਅਧਿਕਾਰਾਂ ਤੇ ਕਨੂੰਨ ਦੀ ਉਲੰਘਣਾ ਹੈ। ਪੰਜਾਬ ਪੁਲਿਸ ਦੇ ਕਾਰਜਕਾਰੀ ਮੁਖੀ ਗੌਰਵ ਯਾਦਵ ਦਾਅਵਾ ਕਰਦੇ ਹਨ ਕਿ ਪੁਲਿਸ ਕਾਨੂੰਨ ਦੇ ਦਾਇਰੇ ਵਿਚ ਕੰਮ ਕਰਦੀ ਹੈ, ਪਰ ਜਦੋਂ ਮੁਲਜ਼ਮ ਹਮਲਾ ਕਰਦੇ ਹਨ ਤਾਂ ਜਵਾਬੀ ਕਾਰਵਾਈ ਜ਼ਰੂਰੀ ਹੁੰਦੀ ਹੈ। ਪਰ ਸਵਾਲ ਉਠਦਾ ਹੈ ਕਿ 1-2 ਮੁਲਜ਼ਮ ਪੁਲਿਸ ਟੁਕੜੀ ’ਤੇ ਹਮਲਾ ਕਰਨ ਦੀ ਹਿੰਮਤ ਕਿਵੇਂ ਕਰਦੇ ਹਨ ? ਤੇ ਬਰਾਮਦਗੀ ਵਾਲੇ ਰਸਤੇ ਦੀ ਸੂਹ ਮੁਲਜ਼ਮਾਂ ਦੇ ਸਾਥੀਆਂ ਨੂੰ ਪਹਿਲਾਂ ਹੀ ਕਿਵੇਂ ਮਿਲ ਜਾਂਦੀ ਹੈ ?

## ਮਜੀਠੀਆ ਨੂੰ ਅਦਾਲਤ ਨੇ ਨਹੀਂ ਦਿੱਤੀ ਰਾਹਤ !

- ਬੈਰਕ ਬਦਲਣ ਦੀ ਅਰਜ਼ੀ ’ਤੇ ਡੀਜੀਪੀ ਜੇਲ੍ਹ ਤੋਂ ਜਵਾਬ ਮੰਗਿਆ

ਚੰਡੀਗੜ੍ਹ-ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਪੰਜਾਬ ਵਿੱਚ ਗ੍ਰਿਫ਼ਤਾਰ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ’ਤੇ 22 ਜੁਲਾਈ ਮੁਹਾਲੀ ਅਦਾਲਤ ਵਿੱਚ ਸੁਣਵਾਈ ਹੋਈ ਜਿਸ ਵਿੱਚ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲੀ ਹੈ। ਜੇਲ੍ਹ ਵਿੱਚ ਬੈਰਕ ਬਦਲਣ ਦੇ ਮਾਮਲੇ ਵਿੱਚ ਅਦਾਲਤ ਨੇ ਡੀਜੀਪੀ ਜੇਲ੍ਹ ਤੋਂ 2 ਦਿਨਾਂ ਵਿੱਚ ਰਿਪੋਰਟ ਮੰਗੀ ਹੈ। ਇਸ ਦੇ ਨਾਲ ਹੀ, ਸਰਕਾਰ ਨੇ ਅਦਾਲਤ ਵਿੱਚ ਗ੍ਰਿਫ਼ਤਾਰੀ ਦੇ ਆਧਾਰ ਬਾਰੇ ਜਵਾਬ ਦਾਇਰ ਕੀਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ। ਮਜੀਠੀਆ 2 ਅਗਸਤ ਤੱਕ ਨਾਭਾ ਜੇਲ੍ਹ ਵਿੱਚ ਨਿਆਂਇਕ ਹਿਰਾਸਤ ਵਿੱਚ ਹਨ। ਮਜੀਠੀਆ ਨੂੰ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ। ਇਸ ਦੇ ਨਾਲ ਹੀ ਇਹ ਮੰਨਿਆ ਜਾ ਰਿਹਾ ਹੈ ਕਿ ਵਿਜੀਲੈਂਸ ਬਿਊਰੋ ਇਸ ਮਾਮਲੇ ਵਿੱਚ ਜਲਦੀ ਹੀ ਚਲਾਨ ਪੇਸ਼ ਕਰਨ ਦੀ ਤਿਆਰੀ ਕਰ ਰਿਹਾ ਹੈ। ਹਾਲਾਂਕਿ, ਸੀਐਮ ਭਗਵੰਤ ਮਾਨ ਇਸ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਵੱਡੀ ਸਫਲਤਾ ਦੱਸ ਰਹੇ ਹਨ। ਹਾਲਾਂਕਿ, ਪਰਿਵਾਰ ਦਾ ਕਹਿਣਾ ਹੈ ਕਿ ਸਾਡੇ ਕੋਲ ਜਾਇਦਾਦ ਨਾਲ ਸਬੰਧਿਤ ਸਾਰੇ ਦਸਤਾਵੇਜ਼ ਹਨ। ਕਿਸੇ ਵੀ ਤਰ੍ਹਾਂ ਦੀ ਕੋਈ ਗੈਰ-ਕਾਨੂੰਨੀ ਜਾਇਦਾਦ ਨਹੀਂ ਹੈ। ਇਸ ਦੇ ਨਾਲ ਹੀ, ਉਹ ਹੁਣ ਜਾਂਚ ਵਿੱਚ ਪੂਰਾ ਸਹਿਯੋਗ ਕਰ ਰਹੇ ਹਨ।

# ਰਿਹਾਇਸ਼ੀ ਪਾਰਕ - ਜਨਤਕ ਸਥਾਨ ਜਾਂ ਨਿਜੀ ਸੰਪੱਤੀ....?

**ਸੰਦੀਪ ਕੁਮਾਰ**
7009807121



ਮੈਂ ਇੱਕ ਲੇਖਕ ਵਜੋਂ ਸਮਾਜ ਵਿੱਚ ਵਿਚਰਦੇ ਵਿਭਿੰਨ ਮੁੱਦਿਆਂ 'ਤੇ ਕਲਮ ਚਲਾਉਂਦਾ ਰਹਿੰਦਾ ਹਾਂ, ਜਿਸ ਦਾ ਮਕਸਦ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਸਮਾਜਿਕ ਮੁੱਦਿਆਂ 'ਤੇ ਸਕਾਰਾਤਮਕ ਚਰਚਾ ਨੂੰ ਉਤਸ਼ਾਹਿਤ ਕਰਨਾ ਹੈ। ਅੱਜ ਮੈਂ ਜਿਸ ਵਿਸ਼ੇ 'ਤੇ ਲਿਖਣ ਜਾ ਰਿਹਾ ਹਾਂ, ਉਹ ਮੇਰੇ ਆਪਣੇ ਅਨੁਭਵ 'ਤੇ ਅਧਾਰਤ ਹੈ। ਇਹ ਘਟਨਾਕ੍ਰਮ ਮੈਂ ਆਪਣੀਆਂ ਅੱਖੀਂ ਵੇਖਿਆ ਅਤੇ ਜਦੋਂ ਮੈਂ ਇਸ ਬਾਰੇ ਡੂੰਘਾਈ ਨਾਲ ਸੋਚਿਆ, ਤਾਂ ਮੈਨੂੰ ਇਹ ਸਮੱਸਿਆ ਕਾਫੀ ਗੰਭੀਰ ਜਾਪੀ। ਇਸ ਮੁੱਦੇ ਨੂੰ ਸਮਝਣ ਅਤੇ ਇਸ 'ਤੇ ਵਿਚਾਰ-ਵਟਾਂਦਰੇ ਦੀ ਲੋੜ ਹੈ, ਕਿਉਂਕਿ ਇਹ ਸਿਰਫ਼ ਇੱਕ ਸਥਾਨਕ ਸਮੱਸਿਆ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸੋਚ ਅਤੇ ਵਿਵਹਾਰ ਨਾਲ ਜੁੜਿਆ ਮਸਲਾ ਹੈ।

ਅੱਜ ਦੇ ਤਕਨੀਕੀ ਯੁਗ ਵਿੱਚ, ਆਬਾਦੀ ਦੇ ਵਾਧੇ ਨੇ ਸ਼ਹਿਰੀਕਰਨ ਨੂੰ ਤੇਜ਼ ਕਰ ਦਿੱਤਾ ਹੈ। ਪਿੰਡਾਂ ਵਿੱਚੋਂ ਲੋਕ ਸਹੂਲਤਾਂ ਦੀ ਭਾਲ ਵਿੱਚ ਸ਼ਹਿਰਾਂ ਵੱਲ ਖਿਚੇ ਜਾ ਰਹੇ ਹਨ। ਸ਼ਹਿਰੀ ਖੇਤਰਾਂ ਵਿੱਚ ਵਧਦੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰਿਹਾਇਸ਼ੀ ਕਲੋਨੀਆਂ ਦਾ ਨਿਰਮਾਣ ਤੇਜ਼ੀ ਨਾਲ ਹੋ ਰਿਹਾ ਹੈ। ਇਹਨਾਂ ਕਲੋਨੀਆਂ ਵਿੱਚੋਂ ਕੁਝ ਸਰਕਾਰ ਦੁਆਰਾ ਪ੍ਰਮਾਣਿਤ ਹੁੰਦੀਆਂ ਹਨ, ਜਦਕਿ ਕੁਝ ਅਸਿੱਧੇ ਤੌਰ 'ਤੇ ਸਰਕਾਰੀ ਏਜੰਸੀਆਂ ਦੀ ਮਨਜ਼ੂਰੀ ਨਾਲ ਵਿਕਸਤ ਕੀਤੀਆਂ ਜਾਂਦੀਆਂ ਹਨ। ਇਹਨਾਂ ਰਿਹਾਇਸ਼ੀ ਕਲੋਨੀਆਂ ਦੀ ਯੋਜਨਾ ਬਣਾਉਂਦੇ ਸਮੇਂ ਸਾਰੀਆਂ ਮੁੱਢਲੀਆਂ ਸਹੂਲਤਾਂ, ਜਿਵੇਂ ਕਿ ਸੜਕਾਂ, ਸੀਵਰੇਜ, ਪਾਣੀ, ਬਿਜਲੀ ਅਤੇ ਬੱਚਿਆਂ ਦੇ ਖੇਡਣ ਲਈ ਪਾਰਕ, ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਸਰਕਾਰੀ ਨਿਯਮਾਂ ਅਨੁਸਾਰ, ਹਰ ਰਿਹਾਇਸ਼ੀ ਕਲੋਨੀ ਵਿੱਚ ਪਾਰਕਾਂ ਦਾ ਨਿਰਮਾਣ ਕਰਨਾ ਜ਼ਰੂਰੀ ਹੁੰਦਾ ਹੈ, ਤਾਂ ਜੋ ਬੱਚਿਆਂ ਨੂੰ ਖੇਡਣ-ਕੁੱਦਣ ਦਾ ਮੌਕਾ ਮਿਲ ਸਕੇ ਅਤੇ ਉਹ ਸਰੀਰਕ ਤੌਰ 'ਤੇ ਸਿਹਤਮੰਦ ਰਹਿਣ।

ਪਰ ਅੱਜ ਦੇ ਸਮੇਂ ਵਿੱਚ ਇੱਕ ਅਜੀਬ ਵਰਤਾਰਾ ਵੇਖਣ ਨੂੰ ਮਿਲ ਰਿਹਾ ਹੈ। ਜਿੱਥੇ ਇੱਕ ਪਾਸੇ ਸਰਕਾਰ ਬੱਚਿਆਂ ਨੂੰ ਸਰੀਰਕ ਗਤੀਵਿਧੀਆਂ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਨੀਤੀਆਂ ਬਣਾਉਂਦੀ ਹੈ, ਉੱਥੇ ਹੀ ਸਮਾਜ ਦਾ ਇੱਕ ਵਰਗ ਅਜਿਹਾ ਹੈ, ਜੋ ਇਸ ਦੀ ਪਾਲਣਾ ਵਿੱਚ ਰੁਕਾਵਟ ਪੈਦਾ ਕਰਦਾ ਹੈ। ਮੈਂ ਆਪਣੀਆਂ ਅੱਖੀਂ ਵੇਖਿਆ ਹੈ ਕਿ ਕਈ ਰਿਹਾਇਸ਼ੀ ਕਲੋਨੀਆਂ ਵਿੱਚ ਬੱਚਿਆਂ ਨੂੰ ਪਾਰਕਾਂ ਵਿੱਚ ਖੇਡਣ ਤੋਂ ਰੋਕਿਆ ਜਾਂਦਾ ਹੈ। ਇਸ ਦਾ ਮੁੱਖ ਕਾਰਨ ਉਹ ਲੋਕ ਹਨ, ਜੋ ਨਕਾਰਾਤਮਕ ਸੋਚ ਨਾਲ ਭਰੇ ਹੋਏ ਹਨ ਅਤੇ ਆਪਣੀ ਸੁਵਿਧਾ ਨੂੰ ਪਹਿਲ ਦਿੰਦੇ ਹੋਏ ਪਾਰਕਾਂ ਨੂੰ ਆਪਣੀ ਨਿਜੀ ਸੰਪੱਤੀ ਸਮਝਣ ਲੱਗ ਪੈਂਦੇ ਹਨ।



ਇੱਕ ਘਟਨਾ ਦੀ ਗੱਲ ਕਰਾਂ, ਜੋ ਮੈਂ ਖੁਦ ਵੇਖੀ। ਇੱਕ ਰਿਹਾਇਸ਼ੀ ਕਲੋਨੀ ਵਿੱਚ, ਜਿੱਥੇ ਸਰਕਾਰੀ ਨਿਯਮਾਂ ਅਨੁਸਾਰ ਪਾਰਕ ਦਾ ਨਿਰਮਾਣ ਕੀਤਾ ਗਿਆ ਸੀ, ਕੁਝ ਬੱਚੇ ਖੇਡਣ ਲਈ ਪਾਰਕ ਵਿੱਚ ਆਏ। ਪਰ ਪਾਰਕ ਦੇ ਨੇੜੇ ਰਹਿਣ ਵਾਲੇ ਕੁਝ ਵਸਨੀਕਾਂ ਨੇ ਉਹਨਾਂ ਨੂੰ ਖੇਡਣ ਤੋਂ ਮਨ੍ਹਾ ਕਰ ਦਿੱਤਾ। ਉਹਨਾਂ ਦਾ ਤਰਕ ਸੀ ਕਿ ਬੱਚਿਆਂ ਦੇ ਖੇਡਣ ਨਾਲ ਉਹਨਾਂ ਦੀਆਂ ਗੱਡੀਆਂ, ਜੋ ਪਾਰਕ ਦੇ ਨੇੜੇ ਖੜ੍ਹੀਆਂ ਸਨ, ਨੂੰ ਨੁਕਸਾਨ ਪਹੁੰਚ ਸਕਦਾ ਹੈ। ਜਦੋਂ ਬੱਚਿਆਂ ਨੇ ਸਵਾਲ ਕੀਤਾ ਕਿ ਪਾਰਕ ਤਾਂ ਸਾਰਿਆਂ ਲਈ ਹੈ, ਤਾਂ ਉਹਨਾਂ ਨੂੰ "ਬਤਮੀਜ਼" ਕਹਿ ਕੇ ਚੁੱਪ ਕਰਵਾ ਦਿੱਤਾ ਗਿਆ। ਇਹ ਘਟਨਾ ਸਿਰਫ਼ ਇੱਕ ਕਲੋਨੀ ਤੱਕ ਸੀਮਤ ਨਹੀਂ, ਸਗੋਂ ਬਹੁਤ ਸਾਰੀਆਂ ਰਿਹਾਇਸ਼ੀ ਕਲੋਨੀਆਂ ਵਿੱਚ ਇਹ ਰੁਝਾਨ ਆਮ ਹੋ ਗਿਆ ਹੈ। ਇਹ ਸਮੱਸਿਆ ਉਦੋਂ ਹੋਰ ਗੰਭੀਰ ਹੋ ਜਾਂਦੀ ਹੈ, ਜਦੋਂ ਅਸੀਂ ਇਸ ਦੇ ਪਿੱਛੇ ਦੀ ਸੋਚ 'ਤੇ ਗੌਰ ਕਰਦੇ ਹਾਂ। ਸਰਕਾਰੀ ਨਿਯਮਾਂ ਅਨੁਸਾਰ, ਹਰ ਰਿਹਾਇਸ਼ੀ ਕਲੋਨੀ ਵਿੱਚ ਪਾਰਕ ਦਾ ਨਿਰਮਾਣ ਜਨਤਕ ਸਹੂਲਤ ਵਜੋਂ ਕੀਤਾ ਜਾਂਦਾ ਹੈ। ਇਹ ਪਾਰਕ ਸਾਰੇ ਵਸਨੀਕਾਂ, ਖਾਸ ਕਰਕੇ ਬੱਚਿਆਂ, ਲਈ ਹੁੰਦੇ ਹਨ। ਪਰ ਕੁਝ ਲੋਕ, ਜਿਹਨਾਂ ਦੇ ਘਰ ਪਾਰਕ ਦੇ ਨੇੜੇ ਹੁੰਦੇ ਹਨ, ਉਹ ਇਸ ਨੂੰ ਆਪਣੀ ਨਿਜੀ ਸੰਪੱਤੀ ਸਮਝਣ ਲੱਗ ਪੈਂਦੇ ਹਨ। ਘਰਾਂ ਦੇ ਮੰਨਜੂਰਸ਼ੁਦਾ ਨਕਸ਼ਿਆਂ ਵਿੱਚ ਗੱਡੀ ਦੀ ਪਾਰਕਿੰਗ ਘਰ ਦੇ ਅੰਦਰ ਰੱਖੀ ਜਾਂਦੀ ਹੈ, ਪਰ ਇਸ ਦੇ ਬਾਵਜੂਦ ਉਹ ਪਾਰਕ ਦੇ ਨੇੜੇ ਆਪਣੀਆਂ ਗੱਡੀਆਂ ਖੜ੍ਹੀਆਂ ਕਰਦੇ ਹਨ, ਜਿਸ ਨਾਲ ਬੱਚਿਆਂ ਦੀ ਖੇਡਣ ਦੀ ਜਗ੍ਹਾ ਸੀਮਤ ਹੋ ਜਾਂਦੀ ਹੈ। ਜੇਕਰ ਕੋਈ ਬੱਚਾ ਜਾਂ ਵਸਨੀਕ ਇਸ ਦਾ ਵਿਰੋਧ ਕਰਦਾ ਹੈ, ਤਾਂ ਉਹ ਆਪਣੇ ਸਮਾਜਿਕ ਜਾਂ ਆਰਥਿਕ ਰਸੂਖ ਦਾ ਹਵਾਲਾ ਦੇ ਕੇ ਉਸ ਨੂੰ ਚੁੱਪ ਕਰਵਾ ਦਿੰਦੇ ਹਨ। ਕਈ ਵਾਰ ਤਾਂ ਉਹ ਆਪਣੇ ਅਹੁਦੇ ਜਾਂ ਰਿਸ਼ਤੇਦਾਰਾਂ ਦੀ ਪਹੁੰਚ ਦਾ ਹਵਾਲਾ ਦਿੰਦੇ ਹੋਏ ਧਮਕੀਆਂ ਤੱਕ ਦੇ ਦਿੰਦੇ ਹਨ।

ਇਹ ਸਥਿਤੀ ਨਾ ਸਿਰਫ਼ ਬੱਚਿਆਂ ਦੇ ਸਰੀਰਕ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਸਮਾਜ ਵਿੱਚ ਨਕਾਰਾਤਮਕ ਮਾਹੌਲ ਨੂੰ ਵੀ ਜਨਮ ਦਿੰਦੀ ਹੈ। ਅੱਜ ਦੇ ਤਕਨੀਕੀ ਯੁਗ ਵਿੱਚ, ਜਦੋਂ ਬੱਚੇ ਪਹਿਲਾਂ ਹੀ ਮੋਬਾਈਲ ਅਤੇ ਸੋਸ਼ਲ ਮੀਡੀਆ ਦੀ ਦੁਨੀਆ ਵਿੱਚ ਖੋਏ ਰਹਿੰਦੇ ਹਨ, ਉਹਨਾਂ ਨੂੰ ਖੇਡਣ-ਕੁੱਦਣ ਦਾ ਮੌਕਾ ਮਿਲਣਾ ਬਹੁਤ ਜ਼ਰੂਰੀ ਹੈ। ਪਾਰਕ ਬੱਚਿਆਂ ਲਈ ਸਿਰਫ਼ ਖੇਡਣ ਦੀ ਜਗ੍ਹਾ ਹੀ ਨਹੀਂ, ਸਗੋਂ ਉਹਨਾਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਵਿਕਾਸ ਦਾ ਵੀ ਇੱਕ ਮਹੱਤਵਪੂਰਨ ਸਾਧਨ ਹਨ। ਜਦੋਂ ਬੱਚਿਆਂ ਨੂੰ ਪਾਰਕਾਂ ਵਿੱਚ ਖੇਡਣ ਤੋਂ ਰੋਕਿਆ ਜਾਂਦਾ ਹੈ, ਤਾਂ ਇਹ ਉਹਨਾਂ ਦੇ ਅਧਿਕਾਰਾਂ ਦੀ ਉਲੰਘਣਾ ਹੈ। ਸਰਕਾਰ ਵੱਲੋਂ ਬੱਚਿਆਂ ਨੂੰ ਸਰੀਰਕ ਤੌਰ 'ਤੇ ਮਜ਼ਬੂਤ ਕਰਨ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਖੇਡ ਮੰਤਰਾਲੇ ਅਤੇ ਸਕੂਲੀ ਸਿੱਖਿਆ ਵਿੱਚ ਖੇਡਾਂ ਨੂੰ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਪਰ ਜਦੋਂ ਸਮਾਜ ਦਾ ਇੱਕ ਹਿੱਸਾ ਬੱਚਿਆਂ ਨੂੰ ਪਾਰਕਾਂ ਵਿੱਚ ਖੇਡਣ ਤੋਂ ਰੋਕਦਾ ਹੈ, ਤਾਂ ਸਰਕਾਰ ਦੀਆਂ ਇਹ ਸਾਰੀਆਂ ਕੋਸ਼ਿਸ਼ਾਂ 'ਤੇ ਪਾਣੀ ਫਿਰ ਜਾਂਦਾ ਹੈ। ਸਵਾਲ ਇਹ ਉੱਠਦਾ ਹੈ ਕਿ ਜੇ ਸਰਕਾਰੀ ਨਿਯਮਾਂ ਅਨੁਸਾਰ ਪਾਰਕ ਜਨਤਕ ਸਹੂਲਤ ਵਜੋਂ ਬਣਾਏ ਜਾਂਦੇ ਹਨ, ਤਾਂ ਕੁਝ ਵਿਅਕਤੀਆਂ ਨੂੰ ਇਹ ਅਧਿਕਾਰ ਕਿਵੇਂ ਮਿਲ ਜਾਂਦਾ ਹੈ ਕਿ ਉਹ ਇਸ ਨੂੰ ਆਪਣੀ ਨਿਜੀ ਸੰਪੱਤੀ ਸਮਝਣ ਅਤੇ ਬੱਚਿਆਂ ਨੂੰ ਖੇਡਣ ਤੋਂ ਰੋਕਣ?

ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰੀ ਅਤੇ ਸਮਾਜਿਕ ਪੱਧਰ 'ਤੇ ਸਾਂਝੇ ਯਤਨਾਂ ਨਾਲ ਹੀ ਸੰਭਵ ਹੈ। ਸਭ ਤੋਂ ਪਹਿਲਾਂ, ਸਰਕਾਰ ਨੂੰ ਚਾਹੀਦਾ ਹੈ ਕਿ ਰਿਹਾਇਸ਼ੀ ਕਲੋਨੀਆਂ ਦੀ ਨਿਗਰਾਨੀ ਨੂੰ ਹੋਰ ਸਖਤ ਕੀਤਾ ਜਾਵੇ। ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਾਰਕਾਂ ਦੀ ਵਰਤੋਂ ਸਿਰਫ਼ ਜਨਤਕ ਸਹੂਲਤ ਵਜੋਂ ਹੀ ਹੋਵੇ ਅਤੇ ਕਿਸੇ ਵੀ ਵਿਅਕਤੀ ਨੂੰ ਇਸ 'ਤੇ ਕਬਜ਼ਾ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਨਾਲ ਹੀ, ਅਜਿਹੇ ਵਸਨੀਕਾਂ ਵਿਰੁੱਧ ਸਖਤ ਕਾਰਵਾਈ ਦੀ ਜ਼ਰੂਰਤ ਹੈ, ਜੋ ਬੱਚਿਆਂ ਨੂੰ ਖੇਡਣ ਤੋਂ ਰੋਕਦੇ ਹਨ। ਸਮਾਜਿਕ ਜਾਗਰੂਕਤਾ ਮੁਹਿੰਮਾਂ ਰਾਹੀਂ ਲੋਕਾਂ ਨੂੰ ਸਮਝਾਇਆ ਜਾਣਾ ਚਾਹੀਦਾ ਹੈ ਕਿ ਪਾਰਕ ਸਾਰਿਆਂ ਦੀ ਸਾਂਝੀ ਸੰਪੱਤੀ ਹਨ ਅਤੇ ਇਹਨਾਂ ਦੀ ਸਹੀ ਵਰਤੋਂ ਨਾਲ ਸਮਾਜ ਦਾ ਸਰਵਪੱਖੀ ਵਿਕਾਸ ਸੰਭਵ ਹੈ। ਇਸ ਦੇ ਨਾਲ ਹੀ, ਸਕੂਲਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਅੱਗੇ ਆਉਣਾ ਚਾਹੀਦਾ। ਸਕੂਲਾਂ ਵਿੱਚ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਸਮਝਾਉਣ ਅਤੇ ਉਹਨਾਂ ਨੂੰ ਪਾਰਕਾਂ ਵਿੱਚ ਖੇਡਣ ਲਈ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਜੇਕਰ ਬੱਚੇ ਮੋਬਾਈਲ ਦੀ ਦੁਨੀਆ ਤੋਂ ਨਿਕਲ ਕੇ ਪਾਰਕਾਂ ਵਿੱਚ ਖੇਡਣ ਜਾਣਗੇ, ਤਾਂ ਨਾ ਸਿਰਫ਼ ਉਹ ਸਰੀਰਕ ਤੌਰ 'ਤੇ ਮਜ਼ਬੂਤ ਹੋਣਗੇ, ਸਗੋਂ ਉਹਨਾਂ ਦੀ ਮਾਨਸਿਕ ਸਿਹਤ ਵਿੱਚ ਵੀ ਸੁਧਾਰ ਹੋਵੇਗਾ। ਸਮਾਜਿਕ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਰਿਹਾਇਸ਼ੀ ਕਲੋਨੀਆਂ ਵਿੱਚ ਖੇਡ ਸਮਾਗਮਾਂ ਦਾ ਆਯੋਜਨ ਕਰਨ, ਤਾਂ ਜੋ ਬੱਚਿਆਂ ਨੂੰ ਖੇਡਣ ਦਾ ਮੌਕਾ ਮਿਲੇ ਅਤੇ ਵਸਨੀਕਾਂ ਵਿੱਚ ਸਾਂਝ ਦੀ ਭਾਵਨਾ ਪੈਦਾ ਹੋਵੇ।

ਅੰਤ ਵਿੱਚ, ਅਸੀਂ ਸਾਰਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਪਾਰਕ ਸਿਰਫ਼ ਇੱਕ ਜਗ੍ਹਾ ਨਹੀਂ, ਸਗੋਂ ਸਮਾਜ ਦੇ ਭਵਿੱਖ ਦੀ ਨੀਂਹ ਹਨ। ਜੇ ਅਸੀਂ ਅੱਜ ਬੱਚਿਆਂ ਨੂੰ ਖੇਡਣ ਦਾ ਮੌਕਾ ਦਿੰਦੇ ਹਾਂ, ਤਾਂ ਸੰਭਵ ਹੈ ਕਿ ਕੱਲ ਨੂੰ ਇਹਨਾਂ ਵਿੱਚੋਂ ਕੋਈ ਬੱਚਾ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਏ। ਅਜਿਹੀਆਂ ਪ੍ਰਾਪਤੀਆਂ ਨਾ ਸਿਰਫ਼ ਉਸ ਬੱਚੇ ਦੀ ਸਫਲਤਾ ਹੋਣਗੀਆਂ, ਸਗੋਂ ਸਮੁੱਚੇ ਸਮਾਜ ਅਤੇ ਦੇਸ਼ ਲਈ ਮਾਣ ਦਾ ਵਿਸ਼ਾ ਹੋਣਗੀਆਂ। ਇਸ ਲਈ, ਸਾਨੂੰ ਸਾਰਿਆਂ ਨੂੰ ਮਿਲ ਕੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਰਿਹਾਇਸ਼ੀ ਪਾਰਕ ਜਨਤਕ ਸਥਾਨ ਹੀ ਰਹਿਣ, ਨਾ ਕਿ ਕਿਸੇ ਦੀ ਨਿਜੀ ਸੰਪੱਤੀ ਬਣਨ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਪੰਜਾਬ ਪੁਲਿਸ, ਗੈਂਗਸਟਰ, ਕਰਾਈਮ ਅਤੇ ਝੂਠੇ ਮੁਕਾਬਲਿਆਂ ਦਾ ਕਾਲਾ ਅਧਿਆਏ



**ਬਘੇਲ ਸਿੰਘ ਧਾਲੀਵਾਲ**
99142-58142



ਪੰਜਾਬ, ਜਿਹੜਾ ਆਪਣੀ ਵੀਰਤਾ ਅਤੇ ਸੱਭਿਆਚਾਰਕ ਵਿਰਸੇ ਲਈ ਜਾਣਿਆ ਜਾਂਦਾ ਹੈ, ਅੱਜ-ਕੱਲ੍ਹ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਿਹਾ ਹੈ, ਜਿੱਥੇ ਅਪਰਾਧ ਅਤੇ ਪੁਲਿਸ ਦੀ ਕਾਰਗੁਜ਼ਾਰੀ ਨੇ ਲੋਕਾਂ ਦਾ ਜੀਣ ਮੁਹਾਲ ਕਰ ਦਿੱਤਾ ਹੈ। ਸਰਕਾਰ ਦੀਆਂ ਰਿਪੋਰਟਾਂ ਨੂੰ ਹੀ ਸਹੀ ਮੰਨੀਏ ਤਾਂ ਇਸ ਵੇਲੇ ਪੰਜਾਬ ਵਿਚ ਹਜ਼ਾਰਾਂ ਨੌਜਵਾਨ ਹਨ ਜੋ ਜੀਵਨ ਦੀ ਸਹੀ ਤੋਰ ਤੋਂ ਭਟਕ ਕੇ ਗੈਂਗਸਟਰਾਂ ਦਾ ਜੀਵਨ ਜੀਉ ਰਹੇ ਹਨ। ਸਿੱਧੇ ਸਾਦੇ ਨੌਜਵਾਨ ਪੜ੍ਹਨ ਦੀ ਉਮਰੇ ਅਜਿਹੇ ਪੁੱਠੇ ਕਾਰਿਆਂ ਵਿਚ ਕਿਉਂ ਫਸ ਜਾਂਦੇ ਹਨ, ਜੋ ਉਹਨਾਂ ਦੀ ਬਰਬਾਦੀ ਦਾ ਕਾਰਨ ਬਣਦੇ ਹਨ।

ਸਭ ਤੋਂ ਪਹਿਲਾ ਅਤੇ ਵੱਡਾ ਕਾਰਨ ਸਾਡੇ ਰਾਜਨੀਤਕ ਲੀਡਰ ਹਨ। ਅੱਜਕਲ ਰਾਜਨੀਤੀ ਵਿਚ ਗੁੰਡਾਗਰਦੀ ਦੇ ਅੰਸ਼ ਵਧ ਰਹੇ ਹਨ। ਜਿਹੜੀ ਵੀ ਧਿਰ ਸ਼ਕਤੀ ਵਿਚ ਆਉਂਦੀ ਹੈ, ਉਹੀ ਵਿਰੋਧੀਆਂ ਨੂੰ ਦਬਾਉਣ ਲਈ ਗੁੰਡਾ ਅਨਸਰਾਂ ਦਾ ਸਹਾਰਾ ਲੈਂਦੀ ਹੈ। ਇਕ ਲੀਡਰ (ਵਿਸ਼ੇਸ਼ ਤੌਰ 'ਤੇ ਸਾਡੇ ਐਮ. ਐਲ. ਏਜ਼.) ਅਤੇ ਉਸਦੇ ਇਲਾਕੇ ਵਿਚ ਰਹਿਣ ਵਾਲੇ ਉਸਦੇ ਨੇੜਲੇ ਆਦਮੀਆਂ ਦੁਆਲੇ ਅਜਿਹੇ ਨੌਜਵਾਨ ਜੁੜ ਜਾਂਦੇ ਹਨ, ਜੋ ਨਜਾਇਜ਼ ਕਬਜ਼ੇ ਕਰਨ ਅਤੇ ਇਲਾਕੇ ਵਿਚ ਹੁੰਦੇ ਝਗੜਿਆਂ ਵਿਚ ਘੜੰਮ ਚੌਧਰੀ ਬਣਨ ਦੀ ਲਾਲਸਾ ਰੱਖਦੇ ਹਨ। ਇਹ ਛੋਟੇ ਛੋਟੇ ਲੀਡਰ ਵੱਡੇ ਲੀਡਰ ਦੀ ਹਮਾਇਤ ਅਤੇ ਪੁਲਿਸ ਦੀ ਮਦਦ ਨਾਲ ਆਪਣੀ ਚੱਕਵੀਂ ਕਿਸਮ ਦੀ ਲੀਡਰੀ ਕਰਨ ਲੱਗ ਪੈਂਦੇ ਹਨ। ਕਿਉਂਕਿ ਲੀਡਰ ਅਤੇ ਉਸਦੇ ਆਦਮੀਆਂ ਨੇ ਇਹਨਾਂ ਨੌਜਵਾਨਾਂ ਨੂੰ ਹਰ ਇਲੈਕਸ਼ਨ ਵਿਚ ਜਾਇਜ਼ ਨਜਾਇਜ਼ ਕੰਮਾਂ ਲਈ ਵਰਤਣਾ ਹੁੰਦਾ ਹੈ, ਇਸ ਲਈ ਉਹ ਇਹਨਾਂ ਨੌਜਵਾਨਾਂ ਦੀ ਹਮਾਇਤ ਕਰਦੇ ਹਨ। ਇਸ ਲੁਕਵੀਂ ਹਮਾਇਤ ਸਦਕਾ ਪੁਲਿਸ ਇਹਨਾਂ ਦੇ ਕੰਮਾਂ (ਕਿਤੇ ਕਿਸੇ ਦਾ ਕਬਜ਼ਾ ਕਰਾਇਆ, ਕਿਸੇ ਨੂੰ ਧਮਕੀ ਦਿੱਤੀ, ਕਿਸੇ ਨੂੰ ਕੁੱਟ ਦਿੱਤਾ) ਤੋਂ ਅੱਖਾਂ ਮੀਟ ਰੱਖਦੀ ਹੈ। ਅਕਸਰ ਇਹ ਨੌਜਵਾਨ ਨਸ਼ੇੜੀ ਕਿਸਮ ਦੇ ਹੁੰਦੇ ਹਨ। ਹਰ ਇਲਾਕੇ ਦਾ ਐਮ. ਐਲ. ਏ. ਅਤੇ ਐਸ. ਐਚ. ਓ. ਇਹਨਾਂ ਦੇ ਨਸ਼ਿਆਂ ਦੀ ਪੂਰਤੀ ਕਰਦੇ ਹਨ। ਮੁਫਤ ਵਿਚ ਮਿਲਦੇ ਨਸ਼ਿਆਂ ਕਾਰਨ ਇਹ ਲੋਕ ਆਪਣੇ ਜੋਟੀਦਾਰਾਂ ਵਿਚ ਵਾਧਾ ਕਰਦੇ ਜਾਂਦੇ ਹਨ। ਜਦੋਂ ਮਹਿੰਗੇ ਨਸ਼ਿਆਂ ਦੀ ਪੂਰਤੀ ਵਿਚ ਕਮੀ ਆਉਂਦੀ ਹੈ ਤਾਂ ਇਹ ਲੋਕ ਨਸ਼ਿਆਂ ਦੇ ਕਾਰੋਬਾਰ ਵਿਚ ਪੈ ਜਾਂਦੇ ਹਨ। ਕਿਉਂਕਿ ਇਹ ਲੋਕ ਨਸ਼ਿਆਂ ਦੇ ਕਾਰੋਬਾਰ ਤੋਂ ਪੂਰੀ ਤਰ੍ਹਾਂ ਜਾਣੂ ਹੁੰਦੇ ਹਨ, ਇਸ ਲਈ ਛੇਤੀ ਹੀ ਪੈਸੇ ਵੀ ਕਮਾਉਣ ਲੱਗ ਪੈਂਦੇ ਹਨ। ਇੰਜ ਐਸ਼ ਪ੍ਰਸਤ ਜ਼ਿੰਦਗੀ ਜਿਉਣ ਵਾਲੇ ਲਈ ਗੈਂਗਸਟਰ ਬਣਨ ਦਾ ਰਾਹ ਖੁੱਲ੍ਹਦਾ ਹੈ।

ਇਹਨਾਂ ਨੌਜਵਾਨਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਇਹ ਨਸ਼ਿਆਂ ਦੀ ਦਲਦਲ ਵਿਚ ਧਕੇਲ ਰਹੇ ਲੀਡਰ ਉਹਨਾਂ ਦਾ ਭਲਾ ਨਹੀਂ ਕਰ ਰਹੇ। ਉਹਨਾਂ ਦੁਆਲੇ ਜੋ ਤਾਕਤ ਦੇ ਖੰਭ ਨਿਕਲੇ ਹਨ, ਇਹ ਪਰਾਏ ਹਨ। ਜਦੋਂ ਤੁਸੀਂ ਲੀਡਰਾਂ ਦੇ ਕਹਿਣੇ ਵਿਚ ਨਾ ਰਹੇ ਜਾਂ ਉਹਨਾਂ ਦੇ ਕੰਮ ਦੇ ਨਾ ਰਹੇ, ਤੁਹਾਨੂੰ ਕਾਨੂੰਨ ਦੇ ਸ਼ਿਕੰਜੇ ਵਿੱਚੋਂ ਬਚਾਉਣ ਵਾਲਾ ਕੋਈ ਨਹੀਂ ਹੋਵੇਗਾ। ਕਾਨੂੰਨ ਨਾਲ ਖਿਲਵਾੜ ਜੇਲ੍ਹ ਅਤੇ ਗੁਮਨਾਮੀ ਵੱਲ ਜਾਂਦਾ ਰਸਤਾ ਹੈ, ਜੀਵਨ ਤੇ ਖੁਸ਼ਹਾਲੀ ਵੱਲ ਨਹੀਂ।

ਗੈਂਗਸਟਰ ਬਣਨ ਦਾ ਦੂਸਰਾ ਵੱਡਾ ਕਾਰਨ ਬੇਰੁਜ਼ਗਾਰੀ ਹੈ। ਪਿੰਡ ਕੀ, ਸ਼ਹਿਰ ਕੀ, ਹਰ ਥਾਂ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰ ਹਨ। ਸਰਕਾਰਾਂ ਦੀਆਂ ਤਰਜੀਹਾਂ ਬਦਲ ਗਈਆਂ ਹਨ। ਪਹਿਲੀਆਂ ਸਰਕਾਰਾਂ ਆਪਣੇ ਦੇਸ਼ ਦੇ ਪੜ੍ਹੇ ਲਿਖੇ ਨੌਜਵਾਨਾਂ ਲਈ ਰੋਜ਼ਗਾਰ ਪੈਦਾ ਕਰਨ ਬਾਰੇ ਸੋਚਦੀਆਂ ਸਨ, ਪਰ ਅੱਜ ਦੀਆਂ ਸਰਕਾਰਾਂ ਤਾਂ ਸਿਰਫ ਦਲਾਲੀ ਕਰਨ ਨੂੰ ਹੀ ਰਾਜਨੀਤੀ ਸਮਝਦੀਆਂ ਹਨ। ਵੱਡੀਆਂ ਵੱਡੀਆਂ ਬਹੁਰਾਸ਼ਟਰੀ ਕੰਪਨੀਆਂ ਨੂੰ ਦੇਸ਼ ਦੇ ਕੁਦਰਤੀ ਸ੍ਰੋਤ ਵੇਚੀ ਜਾ ਰਹੀਆਂ ਹਨ। ਨੌਜਵਾਨਾਂ ਦੀ ਭਲਾਈ ਲਈ ਕੋਈ ਸਕੀਮ ਨਹੀਂ। ਜੇਕਰ ਸਕੀਮ ਹੈ ਤਾਂ ਮੁਫਤ ਫੋਨ, ਮੁਫਤ ਮੋਬਾਇਲ ਡਾਟਾ, ਮੁਫਤ ਯਾਤਰਾ ਆਦਿ। ਪਰਿਵਾਰ ਪਾਲਣ ਦੀ ਉਮਰੇ ਬੇਰੁਜ਼ਗਾਰ ਨੌਜਵਾਨ ਜਾਂ ਤਾਂ ਧਾਰਮਿਕ ਡੇਰਿਆਂ ਤੇ ਬਾਬਿਆਂ ਦੇ ਅੰਧਵਿਸ਼ਵਾਸੀ ਪ੍ਰਵਚਨ ਸੁਣਨ ਲਈ ਜਾਂਦੇ ਹਨ ਜਾਂ ਫਿਰ ਰਾਜਨੀਤਕ ਲੀਡਰਾਂ ਦੇ ਚਮਚਿਆਂ ਕੋਲ ਨਸ਼ਿਆਂ ਦੀ ਪੂਰਤੀ ਕਰਨ। ਨੌਜਵਾਨ ਪੀੜ੍ਹੀ ਕੋਲ ਕੋਈ ਆਦਰਸ਼ ਨਹੀਂ ਰਹਿ ਗਿਆ। ਰੋਜ਼ਗਾਰ 'ਤੇ ਲੱਗਾ ਹੋਇਆ ਕੋਈ ਵਿਅਕਤੀ ਸੌਖਿਆਂ ਗੈਂਗਸਟਰ ਨਹੀਂ ਬਣਦਾ ਪਰ ਬੇਰੁਜ਼ਗਾਰੀ ਦੀ ਹਾਲਤ ਵਿਚ ਗੈਂਗਸਟਰ ਬਣਨ ਦੇ ਬਹੁਤ ਮੌਕੇ ਹੋ ਸਕਦੇ ਹਨ। ਰੋਜ਼ਗਾਰ ਲੈਣਾ ਦੇਸ਼ ਦੇ ਨਾਗਰਿਕਾਂ ਦਾ ਹੱਕ ਹੁੰਦਾ ਹੈ, ਕੋਈ ਖੈਰਾਤ ਨਹੀਂ ਹੁੰਦੀ।

ਪੰਜਾਬ ਪੁਲਿਸ, ਜਿਹੜੀ ਲੋਕਾਂ ਦੀ ਸੁਰੱਖਿਆ ਅਤੇ ਇਨਸਾਫ਼ ਦੀ ਰਾਖੀ ਲਈ ਹੋਣੀ ਚਾਹੀਦੀ ਸੀ, ਉਹ ਅਕਸਰ ਆਪਣੇ ਹੀ ਲੋਕਾਂ ਵਿਰੁੱਧ ਜ਼ੁਲਮ ਦੀ ਮਿਸਾਲ ਬਣ ਜਾਂਦੀ ਹੈ। ਝੂਠੇ ਪੁਲਿਸ ਮੁਕਾਬਲੇ, ਜਿਨ੍ਹਾਂ ਦੀਆਂ ਕਹਾਣੀਆਂ 70-80 ਦੇ ਦਹਾਕੇ ਤੋਂ ਚੱਲੀਆਂ ਆ ਰਹੀਆਂ ਹਨ, ਅੱਜ ਵੀ ਪੰਜਾਬ ਦੇ ਲੋਕਾਂ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰ ਰਹੀਆਂ ਹਨ। ਤਾਜ਼ਾ ਮਾਮਲਾ ਅਬੋਹਰ ਦਾ ਹੈ, ਜਿੱਥੇ ਇੱਕ ਕੱਪੜਾ ਵਪਾਰੀ ਦੇ ਕਤਲ ਤੋਂ ਬਾਅਦ ਪੁਲਿਸ ਵੱਲੋਂ ਦੋ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਵਿੱਚ ਮਾਰਨ ਦੀ ਚਰਚਾ ਨੇ ਸਾਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਇਹ ਕਹਾਣੀਆਂ ਹੁਣ ਇੰਨੀਆਂ ਪੁਰਾਣੀਆਂ ਹੋ ਚੁੱਕੀਆਂ ਹਨ ਕਿ ਲੋਕਾਂ ਦਾ ਭਰੋਸਾ ਪੁਲਿਸ ਤੋਂ ਉੱਠਦਾ ਜਾ ਰਿਹਾ ਹੈ। ਹਰ ਵਾਰ ਇੱਕੋ ਜਿਹੀ ਕਹਾਣੀ-ਕੋਈ ਮੁਲਜ਼ਮ ਅਸਲੇ ਦੀ ਬਰਾਮਦਗੀ ਸਮੇਂ ਪੁਲਿਸ ਤੇ ਹਮਲਾ ਕਰਦਾ ਹੈ ਅਤੇ ਜਵਾਬੀ ਗੋਲੀਬਾਰੀ ਵਿੱਚ ਮਾਰਿਆ ਜਾਂਦਾ ਹੈ। ਕੀ ਇਹ ਸੰਭਵ ਹੈ ਕਿ ਹਰ ਵਾਰ ਮੁਲਜ਼ਮ ਨੂੰ ਅਜਿਹਾ ਮੌਕਾ ਮਿਲ ਜਾਵੇ ? ਇਹ ਸਵਾਲ ਹਰ ਇਨਸਾਫ਼ ਪਸੰਦ ਵਿਅਕਤੀ ਦੇ ਮਨ ਵਿੱਚ ਉੱਠ ਰਿਹਾ ਹੈ। ਪੰਜਾਬ ਪੁਲਿਸ ਕੋਲ ਅੱਜ ਨਵੀਨਤਮ ਹਥਿਆਰ, ਸੰਚਾਰ ਸਾਧਨ ਅਤੇ ਤਕਨੀਕ ਹੈ, ਪਰ ਫਿਰ ਵੀ ਇਹ ਝੂਠੇ ਮੁਕਾਬਲਿਆਂ ਦੀਆਂ ਪੁਰਾਣੀਆਂ ਕਹਾਣੀਆਂ ਤੋਂ ਅੱਗੇ ਨਹੀਂ ਵਧ ਸਕੀ। ਇਹ ਸਿਰਫ਼ ਪੁਲਿਸ ਦੀ ਨਾਕਾਮੀ ਨਹੀਂ, ਸਗੋਂ ਸੂਬਾ ਸਰਕਾਰ ਦੀ ਨੀਅਤ ਅਤੇ ਕੇਂਦਰ ਦੀ ਪੰਜਾਬ ਵਿਰੋਧੀ ਸੋਚ ਦਾ ਨਤੀਜਾ ਵੀ ਹੈ। ਪੁਲਿਸ ਦੀ ਇਹ ਕਾਰਗੁਜ਼ਾਰੀ ਨਾ ਸਿਰਫ਼ ਲੋਕਾਂ ਦੇ ਹੱਕਾਂ ਦੀ ਉਲੰਘਣਾ ਕਰਦੀ ਹੈ, ਸਗੋਂ ਸਮਾਜ ਵਿੱਚ ਅਸੁਰੱਖਿਆ ਅਤੇ ਡਰ ਦਾ ਮਾਹੌਲ ਪੈਦਾ ਕਰਦੀ ਹੈ। ਇਸ ਦੇ ਨਾਲ ਹੀ, ਪੰਜਾਬ ਵਿੱਚ ਅਪਰਾਧ ਦਾ ਗ੍ਰਾਫ ਵੀ ਘਟਣ ਦੀ ਬਜਾਏ ਵਧ ਰਿਹਾ ਹੈ। ਨਸ਼ਿਆਂ ਦੀ ਸਮੱਸਿਆ, ਜਿਸ ਖਿਲਾਫ਼ ਸਰਕਾਰ ਵੱਲੋਂ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ, ਅੱਜ ਵੀ ਜਿਉਂ ਦੀ ਤਿਉਂ ਹੈ। ਪਿੰਡ-ਪਿੰਡ ਵਿੱਚ ਨਸ਼ੇ ਦੀ ਉਪਲਬਧਤਾ ਅਤੇ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਨੇ ਸਰਕਾਰ ਅਤੇ ਪੁਲਿਸ ਦੀਆਂ ਪੋਲਾਂ ਖੋਲ੍ਹ ਦਿੱਤੀਆਂ ਹਨ। ਗੈਂਗਵਾਰ ਅਤੇ ਫਿਰੌਤੀਆਂ ਦਾ ਖੌਫ ਲੋਕਾਂ ਦੀ ਨੀਂਦ ਉਡਾ ਰਿਹਾ ਹੈ। ਸਿੱਧੂ ਮੂਸੇਵਾਲਾ ਵਰਗੇ ਮਸ਼ਹੂਰ ਗਾਇਕ ਦਾ ਕਤਲ ਅਜੇ ਵੀ ਪੰਜਾਬ ਦੇ ਸਿਸਟਮ ਤੇ ਕਾਲਖ ਦਾ ਧੱਬਾ ਹੈ। ਸਵਾਲ ਇਹ ਹੈ ਕਿ ਪੁਲਿਸ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਅਜਿਹੇ ਗੁਨਾਹ ਕਿਉਂ ਕਰਦੀ ਹੈ ? ਕੀ ਕਾਨੂੰਨ ਦੀ ਪਾਲਣਾ ਕਰਨਾ ਪੁਲਿਸ ਦਾ ਮੁੱਢਲਾ ਫਰਜ਼ ਨਹੀਂ ? ਜੇਕਰ ਪੁਲਿਸ ਹੀ ਕਾਨੂੰਨ ਦੀ ਧੱਜੀਆਂ ਉਡਾਵੇਗੀ, ਤਾਂ ਲੋਕਾਂ ਨੂੰ ਇਨਸਾਫ਼ ਕਿੱਥੋਂ ਮਿਲੇਗਾ ? ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪਾਸੇ ਸਖ਼ਤੀ ਨਾਲ ਧਿਆਨ ਦੇਵੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨੌਕਰਸ਼ਾਹੀ ਤੇ ਨਕੇਲ ਕੱਸਣ ਦੀ ਲੋੜ ਹੈ, ਨਹੀਂ ਤਾਂ ਆਉਣ ਵਾਲਾ ਸਮਾਂ ਹੋਰ ਮੁਸ਼ਕਲਾਂ ਖੜੀਆਂ ਕਰ ਸਕਦਾ ਹੈ। ਅੰਤ ਵਿੱਚ, ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਪਰਮਾਤਮਾ ਦੀ ਕਚਹਿਰੀ ਵਿੱਚ ਸਭ ਨੂੰ ਹਿਸਾਬ ਦੇਣਾ ਪੈਂਦਾ ਹੈ। ਭਾਵੇਂ ਅਪਰਾਧੀ ਹੋਵੇ, ਪੁਲਿਸ ਅਧਿਕਾਰੀ ਜਾਂ ਸਿਆਸਤਦਾਨ, ਕਰਮਾਂ ਦਾ ਫਲ ਸਭ ਨੂੰ ਮਿਲਦਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੇ ਹਿੱਤਾਂ ਨੂੰ ਪਹਿਲ ਦੇਵੇ ਅਤੇ ਪੁਲਿਸ ਨੂੰ ਜਵਾਬਦੇਹ ਬਣਾਵੇ, ਤਾਂ ਜੋ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਅਤੇ ਸੁਰੱਖਿਆ ਮਿਲ ਸਕੇ। 2027 ਦੀਆਂ ਚੋਣਾਂ ਵਿੱਚ ਲੋਕ-ਕਚਹਿਰੀ ਸਰਕਾਰ ਦੀ ਹਰ ਕਾਰਗੁਜ਼ਾਰੀ ਦਾ ਹਿਸਾਬ ਮੰਗੇਗੀ, ਅਤੇ ਉਸ ਸਮੇਂ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

*******



# ਕਿਉਂ ਬਦਲ ਰਹੀ ਹੈ ਭਾਰਤ ਦੀ ਵਿਦੇਸ਼ ਨੀਤੀ ਦੀ ਦਿਸ਼ਾ ?

## ਪ੍ਰਕਾਸ਼ ਕਰਾਤ





ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਦੀ ਵਿਦੇਸ਼ ਨੀਤੀ ਨੇ ਜੋ ਬਦਨਾਮੀ ਖੱਟੀ ਹੈ, ਉਸ ਨੂੰ ਘੱਟ ਕਰ ਕੇ ਨਹੀਂ ਦੇਖਿਆ ਜਾ ਸਕਦਾ। ਸੰਯੁਕਤ ਰਾਸ਼ਟਰ ਮਹਾਂਸਭਾ ਵਿਚ 13 ਜੂਨ ਨੂੰ ਸਪੇਨ ਦੁਆਰਾ ਪੇਸ਼ ਕੀਤਾ ਗਿਆ ਇਕ ਮਤਾ ਪਾਸ ਹੋਇਆ, ਇਸ ਮਤੇ ਵਿਚ ਗਾਜ਼ਾ ਵਿਚ ਤੁਰੰਤ ਅਤੇ ਬਿਨਾਂ ਸ਼ਰਤ ਜੰਗਬੰਦੀ ਦੀ ਮੰਗ ਕੀਤੀ ਗਈ ਸੀ। 193 ਮੈਂਬਰ ਦੇਸ਼ਾਂ 'ਚੋਂ 149 ਨੇ ਮਤੇ ਦੇ ਹੱਕ ਵਿਚ ਵੋਟ ਪਾਈ, 12 ਨੇ ਵਿਰੋਧ ਕੀਤਾ ਜਦੋਂ ਕਿ 19 ਗੈਰਹਾਜ਼ਰ ਰਹੇ। ਭਾਰਤ ਨੇ ਮਤੇ ਦੇ ਹੱਕ ਵਿਚ ਵੋਟ ਨਹੀਂ ਪਾਈ ਤੇ ਵੋਟਿੰਗ ਤੋਂ ਦੂਰ ਰਿਹਾ। ਇਹ ਇਕ ਬਹੁਤ ਹੀ ਸ਼ਰਮਨਾਕ ਸਟੈਂਡ ਸੀ, ਕਿਉਂਕਿ ਗਾਜ਼ਾ ਵਿਚ ਇਜ਼ਰਾਈਲ ਵਲੋਂ ਫ਼ਿਲਸਤੀਨੀਆਂ ਦੀ ਨਸਲਕੁਸ਼ੀ ਕਰਨ ਵਰਗੀ ਜੰਗ ਅਤੇ 20 ਲੱਖ ਲੋਕਾਂ ਲਈ ਭੁੱਖਮਰੀ ਵਾਲੇ ਹਾਲਾਤ ਪੈਦਾ ਕਰ ਕੇ ਉਨ੍ਹਾਂ ਦੀ ਇਕ ਹਥਿਆਰ ਵਜੋਂ ਸਮੂਹਿਕ ਰੂਪ ਵਿਚ ਵਰਤੋਂ ਕਰਨ ਦੇ ਪਿਛੋਕੜ ਵਿਚ ਜੰਗਬੰਦੀ ਦੀ ਤੁਰੰਤ ਲੋੜ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀ ਸੀ। ਭਾਰਤ ਦਾ ਗੈਰਹਾਜ਼ਰ ਰਹਿਣ ਦਾ ਤਰਕ ਕਮਜ਼ੋਰ ਤੇ ਧੋਖੇ ਵਾਲਾ ਸੀ ਕਿ 'ਸਥਾਈ ਸ਼ਾਂਤੀ ਸਿਰਫ਼ ਸਿੱਧੀ ਗੱਲਬਾਤ ਨਾਲ ਹੀ ਸਥਾਪਿਤ ਹੋ ਸਕਦੀ ਹੈ।' ਇਹ ਇਕ ਧੋਖਾ ਸੀ, ਕਿਉਂਕਿ ਇਜ਼ਰਾਈਲ ਨੇ ਹੀ ਪਿਛਲੀ ਵਾਰ ਜੰਗਬੰਦੀ ਤੋੜਦਿਆਂ ਗਾਜ਼ਾ ਨੂੰ ਜਾਣ ਵਾਲੀਆਂ ਸਭ ਸਪਲਾਈ ਲਾਈਨਾਂ ਦੀ ਪੂਰੀ ਤਰ੍ਹਾਂ ਨਾਕਾਬੰਦੀ ਕਰ ਦਿੱਤੀ ਸੀ। ਭਾਰਤ ਦਾ ਵੋਟਿੰਗ ਤੋਂ ਦੂਰ ਰਹਿਣਾ ਉਸ ਦੇ 6 ਮਹੀਨੇ ਪਹਿਲਾਂ ਦਸੰਬਰ 2024 ਵਿਚ ਲਏ ਗਏ ਸਟੈਂਡ ਦੇ ਉਲਟ ਸੀ, ਜਦੋਂ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਜੰਗਬੰਦੀ ਦੀ ਮੰਗ ਕਰਨ ਵਾਲਾ ਇਕ ਮਤਾ ਪਾਸ ਕੀਤਾ ਸੀ ਅਤੇ ਭਾਰਤ ਨੇ ਮਤੇ ਦੇ ਹੱਕ ਵਿਚ ਵੋਟ ਪਾਈ ਸੀ। ਭਾਰਤ ਤੇ ਤਿਮੋਰ-ਲੇਸਟੇ ਸਿਰਫ਼ ਦੋ ਹੀ ਏਸ਼ਿਆਈ ਦੇਸ਼ ਹਨ, ਜੋ ਵੋਟਿੰਗ ਤੋਂ ਗ਼ੈਰਹਾਜ਼ਰ ਰਹੇ, ਜਦਕਿ ਹੋਰ ਸਾਰੇ ਏਸ਼ਿਆਈ ਦੇਸ਼ਾਂ, ਇੱਥੋਂ ਤੱਕ ਕਿ ਜਪਾਨ ਤੇ ਦੱਖਣੀ ਕੋਰੀਆ ਵਰਗੇ ਅਮਰੀਕਾ ਦੇ ਕੱਟੜ ਸਹਿਯੋਗੀਆਂ ਨੇ ਵੀ ਜੰਗਬੰਦੀ ਦੇ ਮਤੇ ਦੇ ਹੱਕ ਵਿਚ ਵੋਟ ਪਾਈ ਹੈ।

ਰਾਸ਼ਟਰਪਤੀ ਟਰੰਪ ਵਲੋਂ ਫਿਲਸਤੀਨੀਆਂ ਨੂੰ ਪੂਰੀ ਤਰ੍ਹਾਂ ਮਿਟਾਉਣ ਦੀ ਨੇਤਨਯਾਹੂ ਦੀ ਯੋਜਨਾ ਨੂੰ ਪੂਰਨ ਸਮਰਥਨ ਦੇਣ ਤੋਂ ਬਾਅਦ ਮੋਦੀ ਸਰਕਾਰ ਨੇ ਸਪੱਸ਼ਟ ਤੌਰ 'ਤੇ ਇਜ਼ਰਾਈਲ ਪੱਖੀ ਸਟੈਂਡ ਲੈਣ ਦੀ ਹਿੰਮਤ ਦਿਖਾਈ ਹੈ। ਟਰੰਪ ਪ੍ਰਸ਼ਾਸਨ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਉਹ ਹੁਣ ਦੋ-ਰਾਸ਼ਟਰ ਹੱਲ ਦਾ ਸਮਰਥਨ ਨਹੀਂ ਕਰਦਾ। ਹਰ ਕੀਮਤ 'ਤੇ ਟਰੰਪ ਦੇ ਨਾਲ ਖੜ੍ਹੇ ਹੋਣ ਦੇ ਗੁਲਾਮੀ ਭਰੇ ਰਵੱਈਏ ਕਾਰਨ ਭਾਰਤ ਨੇ ਫਿਲਸਤੀਨੀ ਮੁੱਦੇ ਪ੍ਰਤੀ ਆਪਣੇ ਸਿਧਾਂਤਕ ਸਮਰਥਨ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਹੈ ਅਤੇ ਇਜ਼ਰਾਈਲੀ ਸ਼ਾਸਨ ਦੀਆਂ ਬਸਤੀਵਾਦੀ-ਨਸਲਕੁਸ਼ੀ ਦੀਆਂ ਨੀਤੀਆਂ ਦਾ ਪੱਖ ਪੂਰਿਆ ਹੈ। ਇਸ ਗੱਲ ਨਾਲ ਇਕ ਵਾਰ ਫਿਰ ਸਪੱਸ਼ਟ ਹੋ ਗਿਆ ਕਿ ਸਾਡੀ ਵਿਦੇਸ਼ ਨੀਤੀ ਅਮਰੀਕਾ-ਇਜ਼ਰਾਈਲ ਧੁਰੇ ਅੱਗੇ ਗਿਰਵੀ ਰੱਖ ਦਿੱਤੀ ਗਈ ਹੈ। ਭਾਰਤ ਨੇ 14 ਜੂਨ ਨੂੰ ਸ਼ੰਘਾਈ ਸਹਿਯੋਗ ਸੰਗਠਨ (ਐਸ. ਸੀ. ਓ.) ਦੁਆਰਾ ਜਾਰੀ ਕੀਤੇ ਗਏ ਬਿਆਨ ਤੋਂ ਵੀ ਆਪਣੇ-ਆਪ ਨੂੰ ਦੂਰ ਕਰ ਲਿਆ ਸੀ, ਜਿਸ ਵਿਚ ਈਰਾਨ 'ਤੇ ਇਜ਼ਰਾਈਲੀ ਫ਼ੌਜੀ ਹਮਲਿਆਂ ਨੂੰ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਦੱਸਿਆ ਗਿਆ ਸੀ।

ਇਸ ਸੰਬੰਧੀ ਭਾਰਤ ਸਰਕਾਰ ਨੇ ਤੁਰੰਤ ਐਲਾਨ ਕੀਤਾ ਕਿ ਬਿਆਨ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਸੀ। ਇੱਥੋਂ ਤੱਕ ਕਿ ਤੱਥ ਇਹ ਹੈ ਕਿ ਈਰਾਨ ਐਸ.ਸੀ.ਓ. ਦਾ ਮੈਂਬਰ ਹੈ ਅਤੇ ਉਸ 'ਤੇ ਹਮਲਾ ਹੋਇਆ ਸੀ, ਫਿਰ ਵੀ ਮੋਦੀ ਸਰਕਾਰ ਦੀ ਜ਼ਮੀਰ ਇਸ ਤੋਂ ਪ੍ਰੇਸ਼ਾਨ ਨਹੀਂ ਹੋਈ। ਮੋਦੀ ਸਰਕਾਰ ਨੇ ਈਰਾਨ, ਜੋ ਇਕ ਮਿੱਤਰ ਦੇਸ਼ ਹੈ ਅਤੇ ਉਸ ਨਾਲ ਭਾਰਤ ਦੀ ਰਣਨੀਤਕ ਭਾਈਵਾਲੀ ਹੈ, ਉਸ 'ਤੇ ਹੋਏ ਇਜ਼ਰਾਈਲ ਦੇ ਫ਼ੌਜੀ ਹਮਲੇ ਦੀ ਆਲੋਚਨਾ ਜਾਂ ਨਿੰਦਾ ਨਹੀਂ ਕੀਤੀ। ਭਾਰਤ ਦੇ ਇਸ ਰੁਖ਼ ਦੀ ਤੁਲਨਾ ਜਪਾਨ ਦੀ ਪ੍ਰਤੀਕਿਰਿਆ ਨਾਲ ਕੀਤੀ ਜਾ ਸਕਦੀ ਹੈ, ਜੋ ਕਿ ਅਮਰੀਕਾ ਦਾ ਨਜ਼ਦੀਕੀ ਸਹਿਯੋਗੀ ਅਤੇ ਕਵਾਡ ਦਾ ਮੈਂਬਰ ਹੈ। ਫਿਰ ਵੀ ਜਪਾਨ ਦੀ ਸਰਕਾਰ ਨੇ ਈਰਾਨ 'ਤੇ ਹੋਏ ਇਜ਼ਰਾਈਲੀ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਤੇ ਈਰਾਨ ਦੀ ਪ੍ਰਭੂਸੱਤਾ ਦੀ ਘੋਰ ਉਲੰਘਣਾ ਦੱਸਿਆ ਸੀ।



ਜਦੋਂ ਅਮਰੀਕਾ ਨੇ 22 ਜੂਨ ਨੂੰ ਈਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ 'ਤੇ ਸਾਰੇ ਅੰਤਰਰਾਸ਼ਟਰੀ ਕਾਨੂੰਨਾਂ ਤੇ ਨਿਯਮਾਂ ਦੀ ਘੋਰ ਉਲੰਘਣਾ ਕਰਦਿਆਂ ਬੰਬਾਰੀ ਕੀਤੀ, ਤਾਂ ਵੀ ਭਾਰਤ ਚੁੱਪ ਰਿਹਾ। ਪ੍ਰਧਾਨ ਮੰਤਰੀ ਮੋਦੀ ਨੇ ਈਰਾਨੀ ਰਾਸ਼ਟਰਪਤੀ ਨੂੰ ਫੋਨ ਕਰ ਕੇ ਚਿੰਤਾ ਪ੍ਰਗਟ ਕਰਨ ਅਤੇ ਤਣਾਅ ਘਟਾਉਣ ਦੀ ਅਪੀਲ ਕੀਤੀ। ਇਸ ਤਰ੍ਹਾਂ ਹਮਲੇ ਦੇ ਪੀੜਤ ਦੇਸ਼ ਨੂੰ ਸਲਾਹ ਦਿੱਤੀ ਗਈ ਕਿ ਉਹ ਆਪਣੀ ਰੱਖਿਆ ਲਈ ਕੋਈ ਕਦਮ ਨਾ ਉਠਾਏ। ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿਚ ਹੋਏ 'ਬ੍ਰਿਕਸ' ਨੇਤਾਵਾਂ ਦੇ ਸੰਮੇਲਨ ਦੌਰਾਨ ਮੋਦੀ ਨੇ ਆਪਣੇ ਭਾਸ਼ਨ ਵਿਚ ਈਰਾਨ 'ਤੇ ਇਜ਼ਰਾਈਲੀ ਹਮਲੇ ਅਤੇ ਅਮਰੀਕਾ ਦੁਆਰਾ ਉਸ ਦੇ ਪ੍ਰਮਾਣੂ ਟਿਕਾਣਿਆਂ 'ਤੇ ਕੀਤੀ ਬੰਬਾਰੀ ਦੀ ਆਲੋਚਨਾ ਕਰਨ ਤੋਂ ਗੁਰੇਜ਼ ਕੀਤਾ। ਹਾਲਾਂਕਿ ਸੰਮੇਲਨ ਦੁਆਰਾ ਜਾਰੀ ਕੀਤੇ ਗਏ ਸਾਂਝੇ ਬਿਆਨ ਵਿਚ ਈਰਾਨ 'ਤੇ ਹੋਏ ਹਮਲੇ ਦੀ ਸਖ਼ਤ ਨਿੰਦਾ ਕੀਤੀ ਗਈ। ਸਪੱਸ਼ਟ ਹੈ ਕਿ ਬ੍ਰਿਕਸ ਦੇ 10 ਹੋਰ ਮੈਂਬਰ ਦੇਸ਼ ਇਸ ਮਾਮਲੇ 'ਤੇ ਭਾਰਤ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹਨ।

ਵਿਦੇਸ਼ ਨੀਤੀ ਵਿਚ ਸੱਜੇ ਪੱਖੀ (ਦੱਖਣਪੰਥੀ) ਝੁਕਾਅ ਰਾਸ਼ਟਰਪਤੀ ਟਰੰਪ ਦਾ ਪੱਖ ਲੈਣ ਤੇ ਉਸ ਦੀਆਂ ਬੇਤੁਕੀਆਂ ਮੰਗਾਂ ਨੂੰ ਪੂਰਾ ਕਰਨ ਦੀ ਉਤਸੁਕਤਾ ਵਿਚੋਂ ਪੈਦਾ ਹੋਇਆ ਹੈ। 1 ਜੁਲਾਈ ਨੂੰ ਵਾਸ਼ਿੰਗਟਨ ਵਿਚ ਕਵਾਡ ਵਿਦੇਸ਼ ਮੰਤਰੀਆਂ ਦੀ ਬੈਠਕ ਵਿਚ ਚੀਨ ਨੂੰ ਇਕ ਸੁਰੱਖਿਆ ਖ਼ਤਰਾ ਦੱਸਦਿਆਂ ਉਸ ਦੇ ਵਧਦੇ ਆਰਥਿਕ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਹੋਰ ਵੀ ਤਿੱਖੇ ਤਰੀਕੇ ਅਪਣਾਉਣ ਲਈ ਕਿਹਾ ਗਿਆ। ਭਾਰਤ ਇਹ ਯਕੀਨੀ ਬਣਾਉਣ ਵਿਚ ਲੱਗਾ ਹੋਇਆ ਹੈ ਕਿ ਟਰੰਪ ਇਸ ਸਾਲ ਦੇ ਅੰਤ ਵਿਚ ਦਿੱਲੀ ਵਿਖੇ ਹੋਣ ਵਾਲੇ ਕਵਾਡ ਨੇਤਾਵਾਂ ਦੇ ਸੰਮੇਲਨ ਵਿਚ ਸ਼ਾਮਿਲ ਹੋਣ। ਭਾਰਤ ਨੂੰ ਵਪਾਰ ਅਤੇ ਟੈਰਿਫ ਦੇ ਮੋਰਚੇ 'ਤੇ ਵੀ ਟਰੰਪ ਦੀਆਂ ਮੰਗਾਂ ਨੂੰ ਮੰਨਣਾ ਪਵੇਗਾ। ਇੱਥੇ ਵੀ, ਮੋਦੀ ਸਰਕਾਰ ਕੋਈ ਮਜ਼ਬੂਤ ਸਟੈਂਡ ਲੈਣ ਤੋਂ ਅਸਮਰੱਥ ਰਹੀ ਹੈ। ਸਾਰੇ ਸੰਕੇਤ ਇਹੀ ਸਨ ਕਿ ਭਾਰਤ 9 ਜੁਲਾਈ ਦੀ ਸਮਾਂ ਹੱਦ ਤੋਂ ਪਹਿਲਾਂ ਅਮਰੀਕਾ ਨਾਲ ਅੰਤਰਿਮ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਉਸ ਨੂੰ ਵੱਡੀਆਂ ਰਿਆਇਤਾਂ ਦੇਣ ਲਈ ਤਿਆਰ ਸੀ, ਜਦੋਂ ਕਿ ਟਰੰਪ ਦੁਆਰਾ ਐਲਾਨੇ ਗਏ ਇਕ ਤਰਫ਼ਾ ਟੈਰਿਫ ਦੀ 90 ਦਿਨਾਂ ਦੀ ਮਿਆਦ ਖਤਮ ਹੋਣ ਵਾਲੀ ਸੀ। ਹਾਲਾਂਕਿ, ਹੁਣ ਤੱਕ ਗੱਲਬਾਤ ਇਕ ਤਸੱਲੀਬਖਸ਼ ਨਤੀਜੇ 'ਤੇ ਨਹੀਂ ਪਹੁੰਚ ਸਕੀ।

ਇਹ ਸਪੱਸ਼ਟ ਹੈ ਕਿ 'ਆਪ੍ਰੇਸ਼ਨ ਸੰਧੂਰ' ਤੋਂ ਬਾਅਦ ਭਾਰਤ ਦੀ ਵਿਦੇਸ਼ ਨੀਤੀ ਵਹਿ-ਢੇਰੀ ਹੋ ਗਈ ਹੈ। ਟਰੰਪ ਭਾਰਤ ਤੇ ਪਾਕਿਸਤਾਨ ਨੂੰ ਇਕ ਬਰਾਬਰ ਦੇਖਣ ਅਤੇ ਭਾਰਤ-ਪਾਕਿਸਤਾਨ ਸੰਬੰਧਾਂ ਵਿਚ ਅਮਰੀਕਾ ਨੂੰ ਵਿਚੋਲੇ ਵਜੋਂ ਪੇਸ਼ ਕਰਨ ਵਿਚ ਸਫਲ ਹੋਇਆ ਹੈ। ਇਸ ਅਸਫਲਤਾ ਦੀ ਜੜ੍ਹ ਮੋਦੀ ਸਰਕਾਰ ਦੀ ਅਮਰੀਕਾ ਨਾਲ ਜੂਨੀਅਰ ਭਾਈਵਾਲੀ ਕਾਇਮ ਕਰਨ ਦੀ ਕੋਸ਼ਿਸ਼ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਲੀ ਮੀਟਿੰਗ ਵਿਚ ਇਕ ਨਵੇਂ ਦਸ ਸਾਲਾਂ ਦੇ ਰੱਖਿਆ ਢਾਂਚੇ ਦੇ ਸਮਝੌਤੇ 'ਤੇ ਦਸਤਖਤ ਕੀਤੇ ਜਾਣਗੇ। ਫਰਵਰੀ ਵਿਚ ਅਮਰੀਕਾ ਨਾਲ ਮੋਦੀ ਦੀ ਵਾਸ਼ਿੰਗਟਨ ਫੇਰੀ ਦੌਰਾਨ ਭਾਰਤ ਨੇ ਵੱਡੀ ਮਾਤਰਾ ਵਿਚ ਅਮਰੀਕੀ ਫ਼ੌਜੀ ਉਪਕਰਨ ਖਰੀਦਣ ਲਈ ਵਚਨਬੱਧਤਾ ਪ੍ਰਗਟਾਈ ਸੀ। ਅਮਰੀਕੀ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਜੂਨ ਵਿਚ ਭਾਰਤ ਵਲੋਂ ਰੂਸ ਤੋਂ ਹਥਿਆਰ ਖਰੀਦਣ 'ਤੇ ਨਾਰਾਜ਼ਗੀ ਪ੍ਰਗਟ ਕੀਤੀ, ਪਰ ਮਹੱਤਵਪੂਰਨ ਗੱਲ ਇਹ ਵੀ ਕਹੀ ਕਿ ਇਨ੍ਹਾਂ ਚਿੰਤਾਵਾਂ ਨੂੰ ਦੂਰ ਕਰ ਲਿਆ ਗਿਆ ਹੈ ਅਤੇ ਭਾਰਤ ਅਮਰੀਕਾ ਤੋਂ ਫ਼ੌਜੀ ਉਪਕਰਨ ਖਰੀਦਣ ਦੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ। ਇਹ ਸਭ ਭਾਰਤ ਦੇ ਮਹੱਤਵਪੂਰਨ ਹਿਤਾਂ ਦਾ ਤਿਆਗ ਕਰਨ ਦੇ ਬਰਾਬਰ ਹੈ, ਭਾਵੇਂ ਉਹ ਆਰਥਿਕ ਪ੍ਰਭੂਸੱਤਾ, ਵਿਦੇਸ਼ ਨੀਤੀ ਜਾਂ ਰਣਨੀਤਕ ਖੁਦਮੁਖਤਿਆਰੀ ਨਾਲ ਸੰਬੰਧਿਤ ਹੋਣ।

-ਲੇਖਕ ਸੀ.ਪੀ.ਆਈ.ਐਮ. ਦੇ ਸਾਬਕਾ ਜਨਰਲ ਸਕੱਤਰ ਹਨ।


## -ਮਾਮਲਾ ਸ੍ਰੀ ਗੁਰੂ ਤੇਗ ਬਹਾਦਰ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਦਾ-

# ਪੰਜਾਬ ਸਰਕਾਰ ਦੇ ਐਲਾਨ ਦਾ ਸ਼੍ਰੋਮਣੀ ਕਮੇਟੀ ਵਲੋਂ ਸਖ਼ਤ ਵਿਰੋਧ, ਸਰਕਾਰੀ ਦਖ਼ਲ 'ਤੇ ਇਤਰਾਜ਼

**✪ ਅਕਾਲ ਤਖ਼ਤ ਦਾ ਪੱਖ: ਸ਼ਤਾਬਦੀ ਸਮਾਗਮ ਪੰਥਕ ਅਗਵਾਈ ਵਿਚ ਹੋਣ ✪ ਸਿੱਖ ਪੰਥ ਵਿਚ ਚਰਚਾ: ਸਰਕਾਰ ਜਾਂ ਸ਼੍ਰੋਮਣੀ ਕਮੇਟੀ, ਕੌਣ ਸਹੀ ?**





**ਪੰਥਕ ਚਰਚਾ** ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਤਣਾਅ ਨੇ ਸਿੱਖ ਪੰਥ ਦੇ ਮਨਾਂ ਵਿੱਚ ਸਵਾਲਾਂ ਦੀ ਲੜੀ ਖੜ੍ਹੀ ਕਰ ਦਿੱਤੀ ਹੈ। ਇਹ ਸਿਰਫ਼ ਇੱਕ ਸ਼ਤਾਬਦੀ ਸਮਾਗਮ ਦੀ ਗੱਲ ਨਹੀਂ, ਸਗੋਂ ਸਿੱਖ ਧਰਮ ਦੀ ਸੰਵੇਦਨਸ਼ੀਲਤਾ, ਪੰਥਕ ਸੰਸਥਾਵਾਂ ਦੀ ਅਗਵਾਈ ਅਤੇ ਸਰਕਾਰੀ ਦਖਲ ਦੀ ਸੀਮਾ ਨੂੰ ਲੈ ਕੇ ਉਠਿਆ ਵਿਵਾਦ ਹੈ। ਇਸ ਵਿਵਾਦ ਦੀਆਂ ਜੜ੍ਹਾਂ ਨੂੰ ਸਮਝਣ ਲਈ ਸਾਨੂੰ ਪੰਜਾਬ ਦੇ ਸਿਆਸੀ, ਧਾਰਮਿਕ ਅਤੇ ਸਮਾਜਿਕ ਪਰਿਦ੍ਰਿਸ਼ ਵਿੱਚ ਝਾਤ ਮਾਰਨੀ ਪਵੇਗੀ।

### ਸ਼ਤਾਬਦੀ ਸਮਾਗਮ ਦਾ ਐਲਾਨ: ਸਰਕਾਰ ਦੀ ਯੋਜਨਾ

ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ 19 ਤੋਂ 25 ਨਵੰਬਰ 2025 ਤੱਕ ਧੂਮਧਾਮ ਨਾਲ ਮਨਾਉਣ ਦਾ ਐਲਾਨ ਕੀਤਾ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਮੌਕੇ ਦੱਸਿਆ ਕਿ ਸਰਕਾਰ ਵੱਲੋਂ ਚਾਰ ਸ਼ਹਾਦਤ ਯਾਤਰਾਵਾਂ ਕੱਢੀਆਂ ਜਾਣਗੀਆਂ-ਇੱਕ ਮਾਝੇ, ਇੱਕ ਦੋਆਬੇ ਅਤੇ ਦੋ ਮਾਲਵੇ ਵਿੱਚੋਂ-ਜੋ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਣਗੀਆਂ।

ਇੱਕ ਵਿਸ਼ੇਸ਼ ਯਾਤਰਾ ਸ੍ਰੀਨਗਰ ਤੋਂ ਸ਼ੁਰੂ ਹੋਵੇਗੀ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਾਮਲ ਹੋਣਗੇ। ਸਰਕਾਰ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਪ੍ਰੋਗਰਾਮ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਗੋਸ਼ਟੀ ਸਮਾਗਮਾਂ ਦੀ ਯੋਜਨਾ ਵੀ ਬਣਾਈ ਹੈ।

### ਸ਼੍ਰੋਮਣੀ ਕਮੇਟੀ ਦਾ ਸਖ਼ਤ ਵਿਰੋਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਸੀ ਕਿ ਸਿੱਖ ਇਤਿਹਾਸ ਦੀਆਂ ਸ਼ਤਾਬਦੀਆਂ ਮਨਾਉਣ ਦਾ ਅਧਿਕਾਰ ਸਿਰਫ਼ ਸ਼੍ਰੋਮਣੀ ਕਮੇਟੀ ਨੂੰ ਹੈ, ਜੋ ਸਿੱਖ ਮਰਯਾਦਾ ਅਤੇ ਇਤਿਹਾਸਕ ਸੰਵੇਦਨਸ਼ੀਲਤਾ ਨੂੰ ਗਹਿਰਾਈ ਨਾਲ ਸਮਝਦੀ ਹੈ। ਧਾਮੀ ਨੇ ਸਰਕਾਰ ਨੂੰ ਨਸੀਹਤ ਦਿੱਤੀ ਕਿ ਉਸ ਦਾ ਕੰਮ ਸੰਗਤਾਂ ਲਈ ਸਹੂਲਤਾਂ ਮੁਹੱਈਆ ਕਰਨਾ ਹੈ, ਨਾ ਕਿ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣਾ।

ਉਨ੍ਹਾਂ ਨੇ ਬੀਤੇ ਸਮੇਂ ਦੀਆਂ ਮਿਸਾਲਾਂ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਵੇਲੇ ਬਿਹਾਰ ਸਰਕਾਰ ਨੇ ਸਿਰਫ਼ ਪ੍ਰਬੰਧਕੀ ਸਹਿਯੋਗ ਦਿੱਤਾ ਸੀ, ਜਦਕਿ ਸਮਾਗਮ ਸਿੱਖ ਸੰਸਥਾਵਾਂ ਨੇ ਸੰਭਾਲੇ।

ਇਸੇ ਤਰ੍ਹਾਂ, ਪੰਜਾਬ ਦੀ ਅਕਾਲੀ ਸਰਕਾਰ ਨੇ ਵੀ ਸ਼ਤਾਬਦੀਆਂ ਮੌਕੇ ਸਹਿਯੋਗੀ ਭੂਮਿਕਾ ਨਿਭਾਈ। ਧਾਮੀ ਨੇ ਸਰਕਾਰ ਦੇ ਵੱਖਰੇ ਸਮਾਗਮਾਂ ਦੇ ਐਲਾਨ ਨੂੰ "ਪੰਥਕ ਏਕਤਾ" ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਦੱਸਿਆ ਅਤੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਸਭ ਨੂੰ ਨਾਲ ਲੈ ਕੇ ਸਮਾਗਮ ਕਰੇਗੀ, ਜਿਸ ਵਿੱਚ ਸਰਕਾਰੀ ਪ੍ਰਤੀਨਿਧੀਆਂ ਨੂੰ ਵੀ ਸੱਦਿਆ ਜਾਵੇਗਾ।

### ਅਕਾਲ ਤਖ਼ਤ ਦਾ ਪੱਖ

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਨੂੰ ਜਾਇਜ਼ ਠਹਿਰਾਇਆ। ਉਨ੍ਹਾਂ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਸ਼ਤਾਬਦੀਆਂ ਮਨਾਉਣਾ ਖ਼ਾਲਸਾ ਪੰਥ ਦਾ ਕੰਮ ਹੈ ਅਤੇ ਸਰਕਾਰ ਨੂੰ ਸੰਗਤਾਂ ਲਈ ਸਹੂਲਤਾਂ ਜਿਵੇਂ ਸੜਕਾਂ, ਸਫ਼ਾਈ, ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਨ 'ਤੇ ਧਿਆਨ ਦੇਣਾ ਚਾਹੀਦਾ। ਜਥੇਦਾਰ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇ ਮੁੱਖ ਮੰਤਰੀ ਸਾਬਤ ਸੂਰਤ ਨਹੀਂ, ਤਾਂ ਉਹ ਧਾਰਮਿਕ ਸਮਾਗਮਾਂ ਦੀ ਅਗਵਾਈ ਕਿਵੇਂ ਕਰ ਸਕਦੇ ਹਨ ? ਉਨ੍ਹਾਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਅਤੇ ਸਿੱਖ ਮੰਤਰੀ ਅੰਮ੍ਰਿਤਧਾਰੀ ਹੋਣ ਅਤੇ ਕੇਸਾਂ ਦੀ ਬੇਅਦਬੀ ਬੰਦ ਕਰਨ।

ਜਥੇਦਾਰ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਖਸਤਾਹਾਲ ਸੜਕਾਂ, ਸਤਲੁਜ 'ਤੇ ਟੁੱਟਿਆ ਪੁੱਲ ਅਤੇ ਸਫ਼ਾਈ ਦੇ ਮਾੜੇ ਹਾਲਾਤ 'ਤੇ ਵੀ ਸਰਕਾਰ ਨੂੰ ਘੇਰਿਆ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸਰਕਾਰ ਸ੍ਰੀ ਆਨੰਦਪੁਰ ਸਾਹਿਬ ਨੂੰ "ਵਾਈਟ ਸਿਟੀ" ਵਜੋਂ ਚਿੱਟਾ ਕਰੇ, ਜਿਵੇਂ 1999 ਵਿੱਚ ਖ਼ਾਲਸਾ ਸਾਜਨਾ ਦਿਵਸ ਦੀ 300 ਸਾਲਾ ਸ਼ਤਾਬਦੀ ਮੌਕੇ ਕੀਤਾ ਗਿਆ ਸੀ।

### ਮੁੱਖ ਮੰਤਰੀ ਦਾ ਜਵਾਬ

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਨੂੰ ਸਿੱਧਾ ਚੁਣੌਤੀ ਦਿੱਤੀ। ਉਨ੍ਹਾਂ ਨੇ ਸਵਾਲ ਚੁੱਕਿਆ ਕਿ ਕੀ ਸ਼ਤਾਬਦੀ ਸਮਾਗਮਾਂ 'ਤੇ ਸ਼੍ਰੋਮਣੀ ਕਮੇਟੀ ਦਾ ਏਕਾਧਿਕਾਰ ਹੈ ? ਕੀ ਉਨ੍ਹਾਂ ਨੇ ਇਸ 'ਤੇ ਕਾਪੀਰਾਈਟ ਲੈ ਲਿਆ ਹੈ ? ਮਾਨ ਨੇ ਕਿਹਾ ਕਿ ਸਰਕਾਰ ਕਿਸੇ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਹੀਂ ਦੇ ਰਹੀ, ਸਗੋਂ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਾਰੇ ਪੰਜਾਬੀਆਂ ਨਾਲ ਮਿਲ ਕੇ ਮਨਾਉਣਾ ਚਾਹੁੰਦੀ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਜਦੋਂ ਧਾਮੀ ਜਲੰਧਰ ਅਤੇ ਲੁਧਿਆਣਾ ਪੱਛਮੀ ਸੀਟਾਂ 'ਤੇ ਸਿਆਸੀ ਪ੍ਰਚਾਰ ਕਰਦੇ ਹਨ, ਤਾਂ ਕੀ ਉਹ ਰਾਜਨੀਤੀ ਵਿੱਚ ਦਖ਼ਲ ਨਹੀਂ ਦਿੰਦੇ ? ਕੀ ਬਾਦਲ ਸਰਕਾਰ ਨੇ ਸ਼ਤਾਬਦੀਆਂ ਉਪਰ ਆਪਣੀ ਸਿਆਸਤ ਨਹੀਂ ਚਮਕਾਈ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਗੁਰੂ ਸਾਹਿਬ ਸਿਰਫ਼ ਸ਼੍ਰੋਮਣੀ ਕਮੇਟੀ ਦੇ ਨਹੀਂ, ਸਗੋਂ ਸਾਰੇ ਪੰਜਾਬੀਆਂ ਦੇ ਸਾਂਝੇ ਹਨ।

### ਕੌਣ ਸਹੀ, ਕੌਣ ਗ਼ਲਤ ?

ਦਮਦਮੀ ਟਕਸਾਲ ਅਤੇ ਹੋਰ ਸੰਪਰਦਾਵਾਂ, ਨੇ ਸ਼੍ਰੋਮਣੀ ਕਮੇਟੀ ਦੇ ਪੱਖ ਨੂੰ ਸਮਰਥਨ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸ਼ਤਾਬਦੀ ਸਮਾਗਮ ਸਿੱਖ ਸੰਸਥਾਵਾਂ ਦੀ ਅਗਵਾਈ ਵਿੱਚ ਹੀ ਹੋਣੇ ਚਾਹੀਦੇ ਹਨ, ਕਿਉਂਕਿ ਸਰਕਾਰੀ ਦਖ਼ਲ ਨਾਲ ਸਿੱਖ ਮਰਯਾਦਾ ਨੂੰ ਠੇਸ ਪਹੁੰਚ ਸਕਦੀ ਹੈ।

ਸਿੱਖ ਬੁੱਧੀਜੀਵੀ ਅਤੇ ਪੰਥਕ ਜਥੇਬੰਦੀਆਂ ਦਾ ਸੁਝਾਅ ਹੈ ਕਿ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿੱਚ ਸਮਾਗਮ ਹੋਣੇ ਚਾਹੀਦੇ ਹਨ, ਕਿਉਂਕਿ ਉਹ ਸਿੱਖ ਮਰਯਾਦਾ ਦੀ ਪਾਲਣਾ ਵਿੱਚ ਮੁਹਾਰਤ ਰੱਖਦੀ ਹੈ। ਪਰ ਸ਼੍ਰੋਮਣੀ ਕਮੇਟੀ ਨੂੰ ਸਮੂਹ ਪੰਥਕ ਜਥੇਬੰਦੀਆਂ ਦਾ ਸਹਿਯੋਗ ਲੈਣਾ ਚਾਹੀਦਾ ਹੈ।

ਕੁਝ ਖਬੇਪਖੀ ਬੁੱਧੀਜੀਵੀ ਸਰਕਾਰ ਦੇ ਪੱਖ ਵਿੱਚ ਹਨ, ਜਿਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਦੀ ਸ਼ਮੂਲੀਅਤ ਨਾਲ ਸਮਾਗਮਾਂ ਦਾ ਦਾਇਰਾ ਵਧੇਗਾ ਅਤੇ ਗੁਰੂ ਸਾਹਿਬ ਦਾ ਸੰਦੇਸ਼ ਵਿਆਪਕ ਤੌਰ 'ਤੇ ਫੈਲੇਗਾ।

ਸਿੱਖ ਬੁੱਧੀਜੀਵੀਆਂ ਵਿੱਚ ਵੀ ਜ਼ਿਆਦਾਤਰ ਦਾ ਝੁਕਾਅ ਸ਼੍ਰੋਮਣੀ ਕਮੇਟੀ ਵੱਲ ਹੈ, ਪਰ ਕੁਝ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਨਹੀਂ ਉਠਾਇਆ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਸੀ ਸਹਿਮਤੀ ਨਾਲ ਕੰਮ ਕਰਨਾ ਚਾਹੀਦਾ, ਤਾਂ ਜੋ ਪੰਥਕ ਏਕਤਾ ਨੂੰ ਨੁਕਸਾਨ ਨਾ ਹੋਵੇ।

ਇਸ ਵਿਵਾਦ ਦੇ ਵਿਚਕਾਰ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਪੁੱਛਿਆ ਹੈ ਕਿ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਨੇ ਪੀਜੀਆਈ ਪੱਧਰ ਦਾ ਹਸਪਤਾਲ, ਜਵਾਹਰਲਾਲ ਨਹਿਰੂ ਵਰਗੀ ਯੂਨੀਵਰਸਿਟੀ ਉਸਾਰਨ ਤੇ ਗਰੀਬ ਸਿੱਖਾਂ ਦੀ ਧਰਮ ਬਦਲੀ ਰੋਕਣ ਲਈ ਕੋਈ ਵੱਡਾ ਉਪਰਾਲਾ ਕਿਉਂ ਨਹੀਂ ਕੀਤਾ ?

ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੰਦਿਆਂ ਪਰਮਿੰਦਰ ਪਾਲ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਸਮਾਜਿਕ ਅਤੇ ਵਿੱਦਿਅਕ ਉੱਨਤੀ ਲਈ ਠੋਸ ਕਦਮ ਚੁੱਕੇ। ਗਰੀਬ ਸਿੱਖਾਂ ਦੀ ਧਰਮ ਬਦਲੀ ਅਤੇ ਸਮਾਜਿਕ ,ਪੰਥਕ ਸਮੱਸਿਆਵਾਂ 'ਤੇ ਉਸ ਦੀ ਚੁੱਪੀ ਨੇ ਬਾਰੇ ਕਈ ਸਵਾਲ ਖੜ੍ਹੇ ਕੀਤੇ ਹਨ।

# ਅਜੋਕੇ ਯੁੱਗ ਵਿਚ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ

**ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ 'ਤੇ ਵਿਸ਼ੇਸ਼**

// ਦਿਲਜੀਤ ਸਿੰਘ ਬੇਦੀ //



ਗੁਰੂ ਨਾਨਕ ਦੇਵ ਜੀ ਨੇ ਚਾਰਾਂ ਦਿਸ਼ਾਵਾਂ ਦੀ ਯਾਤਰਾ ਕਰਕੇ ਸਮੇਂ ਦੇ ਧਰਮੀ ਚਿੰਤਕਾਂ ਨਾਲ ਸੰਵਾਦ ਰਚਾਉਂਦੇ ਹੋਏ ਨਵੀਨਤਮ ਕ੍ਰਾਂਤੀਕਾਰੀ ਵਿਗਿਆਨਕ ਯੁੱਗ ਦੇ 'ਧਰਮ ਗ੍ਰੰਥ' ਦੇ ਸੰਕਲਨ ਦਾ ਬੀਜ ਬੀਜਿਆ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਆਦਿ ਗ੍ਰੰਥ' ਵਜੋਂ ਰੂਪਮਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਰ ਬਚਨ ਸਰਬ-ਸਾਂਝੀਵਾਲਤਾ ਦਾ ਸੰਚਾਰ ਤੇ ਪ੍ਰਸਾਰ ਕਰਦਾ ਹੈ। ਅੱਜ ਗਲੋਬਲ ਪੱਧਰ 'ਤੇ ਸੰਜਮ ਵਿਹੂਣੇ ਸਭਿਆਚਾਰ ਦਾ ਪਸਾਰਾ ਹੈ। ਸਮੁੱਚੀ ਮਨੁੱਖਤਾ ਕਈ ਤਰ੍ਹਾਂ ਦੇ ਵਖਰੇਵਿਆਂ ਵੰਡਾਂ-ਦਰ-ਵੰਡਾਂ ਦੇ ਘੇਰਿਆਂ ਵਿਚ ਬੁਰੀ ਤਰ੍ਹਾਂ ਫਸੀ ਹੋਈ ਮਹਿਸੂਸ ਹੋ ਰਹੀ ਹੈ। ਵੱਖਰੇ-ਵੱਖਰੇ ਦੇਸ਼ਾਂ, ਕੌਮਾਂ ਅਤੇ ਧਾਰਮਿਕ ਵਖਰੇਵਿਆਂ ਵਿਚਕਾਰ ਖੋਹਾ-ਖਿੰਝੀ ਨਫਰਤੀ ਖਿਚੋਤਾਣ ਜਾਰੀ ਹੈ।

ਖੁਸ਼ਹਾਲ ਬਹੁ-ਧਰੁਵੀ ਸੰਸਾਰ ਸਿਰਜਣ ਦੇ ਸਮਰੱਥ ਗੁਰੂ ਗ੍ਰੰਥ ਸਾਹਿਬ ਦੀਆਂ ਦਾਰਸ਼ਨਿਕ, ਵਿਗਿਆਨਕ ਤੇ ਵਿਚਾਰਧਾਰਕ ਸੰਭਾਵਨਾਵਾਂ ਅਸੀਂ ਅਜੇ ਤੱਕ ਜਗਤ-ਜਲੰਦੇ ਅੱਗੇ ਸਹੀ ਦਿਸ਼ਾ 'ਚ ਰੱਖ ਨਹੀਂ ਸਕੇ। ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਸੁਹਿਰਦਤਾ ਤੇ ਸੁਚੇਤਨਾ ਨਾਲ ਗਲੋਬਲ ਪੱਧਰੀ ਵੱਸ ਰਹੇ ਸਿੱਖ ਹੁਣ ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਨੂੰ ਵਿਸ਼ਵ ਸਾਹਮਣੇ ਪ੍ਰਗਟ ਕਰਕੇ 'ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਉਜਲ ਦਰਬਾਰ' ਦੇ ਅਧਿਕਾਰੀ ਬਣ ਸਕਦੇ ਹਨ। ਜਦੋਂ ਕਦੇ ਵੀ ਸਿੱਖਾਂ ਵਿਚ ਨਿਰਾਸ਼ਤਾ ਪਸਰੀ ਉਦੋਂ ਹੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸਮੇਂ-ਸਮੇਂ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਨੂੰ ਪ੍ਰਚੰਡ ਕਰਨ ਦੇ ਉਦਮ ਕਰਦੀ ਰਹੀ ਹੈ। ਜਿਸ ਦੇ ਸਿੱਟੇ ਵਜੋਂ ਸਿੱਖਾਂ ਨੇ ਹਰ ਚੁਣੌਤੀ ਨੂੰ ਕਬੂਲਿਆ ਤੇ ਉਸ ਦਾ ਡਟ ਕੇ ਮੁਕਾਬਲਾ ਕੀਤਾ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ਾਂ ਸਦਕਾ ਪੈਰੋਕਾਰ ਜਮਾਂਦਰੂ ਹੀ ਸੰਘਰਸ਼ੀ ਹਨ।

ਸਭ ਤੋਂ ਵੱਡਾ ਸੰਕਟ ਇਸ ਸਮੇਂ ਇਹ ਹੈ ਕਿ ਕਲਾਸਕੀ ਪੂੰਜੀਵਾਦ ਤੇ ਕਲਾਸਕੀ ਸਾਮਵਾਦ ਦੋਵੇਂ ਹੀ ਖੀਣ ਹੋ ਚੁੱਕੇ ਹਨ। ਦੋਨਾਂ ਦੀ ਅਸਮਰੱਥਾ ਸਾਹਮਣੇ ਆ ਚੁੱਕੀ ਹੈ। ਪੱਛਮ ਦਾ ਵਿਕਸਿਤ, ਕੰਪਿਊਟਰੀ ਯੁੱਗ ਤੋਂ ਪਿਛੋਂ ਦਾ ਪੂੰਜੀਵਾਦ ਜੋ ਵਿਸ਼ਵੀਕਰਨ ਦੇ ਨਾਂ 'ਤੇ ਸਮੁੱਚੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈਣ ਦੇ ਆਹਰ ਵਿਚ ਹੈ, ਕਿਤੇ ਬਹੁ-ਕੌਮੀ ਕੰਪਨੀਆਂ ਦੇ ਵਪਾਰ ਰਾਹੀਂ, ਕਿਤੇ ਜੰਗ ਰਾਹੀਂ, ਕਿਤੇ ਧੌਂਸ ਰਾਹੀਂ, ਉਸ ਦਾ ਸੰਕਟ ਪਹਿਲਾਂ ਹੀ ਸਾਹਮਣੇ ਹੈ ਤੇ ਸੰਸਾਰ ਉਸ ਨੂੰ ਵਿਚਾਰਧਾਰਕ ਤੌਰ 'ਤੇ ਸਵੀਕਾਰ ਨਹੀਂ ਕਰ ਰਿਹਾ।



**ਧਰਮ ਗ੍ਰੰਥਾਂ ਵਿਚ ਦਰਜ ਸਿਧਾਂਤ ਮਨੁੱਖਤਾ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਜੁੜੇ ਰਹਿਣ ਦਾ ਰਾਹ ਦੱਸਦੇ ਹਨ। ਧਾਰਮਿਕ ਪੈਰੋਕਾਰਾਂ ਨੇ ਆਪਣੀ ਅਧਿਆਤਮਕਤਾ ਦੇ ਸਿਖਰ 'ਤੇ ਪਹੁੰਚ ਕੇ ਕੁਝ ਅਜਿਹੇ ਉਪਦੇਸ਼ ਮਨੁੱਖਤਾ ਦੇ ਰੂਬਰੂ ਕੀਤੇ ਹੁੰਦੇ ਹਨ, ਜਿਨ੍ਹਾਂ ਨੂੰ ਅਪਣਾ ਕੇ ਮਨੁੱਖ ਆਪਣੀ ਜ਼ਿੰਦਗੀ ਦਾ ਅੰਤਿਮ ਲਕਸ਼ ਭਾਵ ਪ੍ਰਭੂ ਪ੍ਰਾਪਤੀ ਅਤੇ ਆਪਣੇ ਸੰਸਾਰ ਵਿਚ ਆਉਣ ਦੇ ਮਨੋਰਥ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ।**

ਸਭਿਆਚਾਰਾਂ ਦੇ ਤਨਾਅ ਸਾਹਮਣੇ ਹਨ। ਅਜਿਹੀ ਸਥਿਤੀ ਵਿਚਾਰਧਾਰਾ ਦੇ ਸੰਕਟ ਨੂੰ ਜਨਮ ਦਿੰਦੀ ਹੈ। ਮਨੁੱਖ ਨੂੰ ਭਵਿੱਖ ਲਈ ਇਕ ਵਾਰੀ ਫਿਰ ਵਿਚਾਰਧਾਰਾ ਦੀ ਤਲਾਸ਼ ਹੈ। ਅਜਿਹੀ ਸਥਿਤੀ ਦੇ ਸਾਹਵੇਂ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਇਸ ਵਿਸ਼ਵ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਦੀ ਲੋੜ ਹੈ ਜੋ ਸਮੁੱਚੇ ਮਨੁੱਖ ਲਈ ਭਵਿੱਖਮੁਖੀ ਰਾਹ ਲਈ ਬੈਠੀ ਹੈ। ਲੋੜ ਇਸ ਨੂੰ ਤੰਗ ਵਲਗਣਾਂ ਵਿਚੋਂ ਕੱਢਣ ਦੀ ਹੈ। ਸੰਸਾਰ ਉੱਤਰ-ਆਧੁਨਿਕਤਾਵਾਦ ਅਤੇ ਗਲੋਬਲਾਈਜ਼ੇਸ਼ਨ ਤੱਕ ਜਿਸ ਦੌਰ ਵਿੱਚ ਪਹੁੰਚਿਆ ਹੈ, ਲੋੜ ਉਸ ਵਿਚ ਇਸ ਦੀ ਯੋਗਤਾ ਨੂੰ ਪਛਾਨਣ ਦੀ ਹੈ। ਗੁਰੂ ਨਾਨਕ ਦੇਵ ਜੀ ਦੇ ਅਗੰਮੀ ਪ੍ਰਕਾਸ਼ ਨਾਲ ਭਾਰਤੀ ਉਪ ਮਹਾਂਦੀਪਾਂ ਵਿਚ ਇਕ ਸਫ਼ਲ ਕ੍ਰਾਂਤੀ ਦਾ ਜਨਮ ਹੋਇਆ। ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕ ਪ੍ਰਗਟਿਆ  
ਮਿਟੀ ਧੁੰਧ ਜਗਿ ਚਾਨਣੁ ਹੋਆ॥  
ਜਿਉ ਕਰਿ ਸੂਰਜ ਨਿਕਲਿਆ  
ਤਾਰੇ ਛਪਿ ਅੰਧੇਰੁ ਪਲੋਆ॥

ਪੰਜਵੀਂ ਪਾਤਸ਼ਾਹੀ ਰਾਹੀਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸਾਂਝੀਵਾਲਤਾ, ਨਿਆਂ, ਸੱਚ, ਹੱਕ, ਜਾਤ-ਪਾਤ ਤੋਂ ਉੱਪਰ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਗੁਰਮਤਿ ਸਿਧਾਂਤ ਹੈ। ਇਸ ਗ੍ਰੰਥ ਵਿਚ ਬਿਨਾਂ ਕਿਸੇ ਵਿਤਕਰੇ ਦੇ ਹਰ ਧਰਮ ਦੇ ਭਗਤਾਂ ਦੀ ਬਾਣੀ ਉਸੇ ਸਤਿਕਾਰ ਨਾਲ ਦਰਜ ਹੈ, ਜਿਸ ਸਤਿਕਾਰ ਨਾਲ ਗੁਰੂਆਂ ਦੀ ਬਾਣੀ।

ਧਰਮ ਗ੍ਰੰਥਾਂ ਵਿਚ ਦਰਜ ਸਿਧਾਂਤ ਮਨੁੱਖਤਾ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਜੁੜੇ ਰਹਿਣ ਦਾ ਰਾਹ ਦੱਸਦੇ ਹਨ। ਧਾਰਮਿਕ ਪੈਰੋਕਾਰਾਂ ਨੇ ਆਪਣੀ ਅਧਿਆਤਮਕਤਾ ਦੇ ਸਿਖਰ 'ਤੇ ਪਹੁੰਚ ਕੇ ਕੁਝ ਅਜਿਹੇ ਉਪਦੇਸ਼ ਮਨੁੱਖਤਾ ਦੇ ਰੂਬਰੂ ਕੀਤੇ ਹੁੰਦੇ ਹਨ, ਜਿਨ੍ਹਾਂ ਨੂੰ ਅਪਣਾ ਕੇ ਮਨੁੱਖ ਆਪਣੀ ਜ਼ਿੰਦਗੀ ਦਾ ਅੰਤਿਮ ਲਕਸ਼ ਭਾਵ ਪ੍ਰਭੂ ਪ੍ਰਾਪਤੀ ਅਤੇ ਆਪਣੇ ਸੰਸਾਰ ਵਿਚ ਆਉਣ ਦੇ ਮਨੋਰਥ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ। ਸੰਸਾਰ ਦੇ ਇਤਿਹਾਸ ਵਿੱਚ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਜਿਨ੍ਹਾਂ ਅੰਦਰ ਇਹ ਜ਼ਿਕਰ ਹੈ ਕਿ ਜਿਨ੍ਹਾਂ ਧਰਮਾਂ ਨੇ ਆਪਣੇ ਧਰਮ ਗ੍ਰੰਥਾਂ ਦੀ ਸੰਭਾਲ ਵਿੱਚ ਕੁਤਾਹੀ ਵਰਤੀ ਉਹ ਆਪਣੇ ਰਹਿਬਰਾਂ ਦੇ ਅਨਮੋਲ ਵਚਨਾਂ ਤੋਂ ਵਾਂਝੇ ਹੋ ਗਏ, ਇੱਥੋਂ ਤੱਕ ਕਿ ਉਨ੍ਹਾਂ ਗ੍ਰੰਥਾਂ ਨੂੰ ਸਤਿਕਾਰ ਵੀ ਨਹੀਂ ਮਿਲ ਸਕਿਆ। ਧਰਮ ਗ੍ਰੰਥਾਂ ਦੇ ਰੂਪ ਵਿਚ ਉਪਲਬਧ ਅਧਿਆਤਮਕ ਖਜ਼ਾਨੇ ਨੂੰ ਆਪਣੀ ਵਿਰਾਸਤ ਸਮਝ ਕੇ ਸੰਭਾਲਣਾ ਅਤਿ ਜ਼ਰੂਰੀ ਹੈ।

ਵਿਸ਼ਵ ਪੱਧਰ 'ਤੇ ਭਵਿੱਖ ਦਾ ਜੋ ਖ਼ਾਕਾ ਉੱਭਰ ਰਿਹਾ ਹੈ, ਉਹ ਉਤਸ਼ਾਹਜਨਕ ਵੀ ਹੈ ਅਤੇ ਨਿਰਾਸ਼, ਤਬਾਹਕੁਨ ਵੀ। ਐਟਮੀ ਤਾਕਤਾਂ ਗਿਆਨ ਵਿਗਿਆਨ ਦੇ ਉਭਾਰ ਨਾਲ ਮਾਨਵਤਾ ਲਈ ਕਈ ਚੁਣੌਤੀਆਂ ਵੀ ਸਾਹਮਣੇ ਆ ਖਲੋਈਆਂ ਹਨ। ਵਿਭਿੰਨ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਆਕਾਸ਼ ਵਿਚਲੀ ਓਜ਼ੋਨ ਦੀ ਬਹੁ ਪਰਤ ਵਿਚ ਛੇਕ ਹੋ ਗਿਆ ਹੈ। ਕਾਦਰ ਦੀ ਕੁਦਰਤ ਇਨ੍ਹਾਂ ਆਕਾਸ਼ੀ ਤੱਤਾਂ 'ਤੇ ਆਧਾਰਿਤ ਹੈ।

ਮਨੁੱਖ ਨੇ ਅਤੇ ਟਕਨਾਲੋਜੀ ਦੇ ਪੱਖੋਂ ਬੜੀ ਤਰੱਕੀ ਕੀਤੀ ਹੈ। ਜਿਸ ਕਾਰਨ ਮਾਨਵ ਜੀਵਨ ਸੁਖੀ ਵੀ ਹੋਇਆ ਹੈ। ਦੂਜੇ ਪਾਸੇ ਅਮਾਨਵੀ ਅਤੇ ਅਨੈਤਿਕ ਬੁਰਿਆਈਆਂ ਦੀ ਭਰਮਾਰ ਵੀ ਹੈ। ਜੰਗ ਮਾਨਵੀ ਹਿੰਸਾ ਹੈ। ਅਮਨ ਸਰਵਪੱਖੀ ਖੁਸ਼ਹਾਲੀ ਹੈ। ਕੁਦਰਤੀ ਵਸੀਲਿਆਂ ਦੀ ਅੰਧਾ ਧੁੰਦ ਵਰਤੋਂ ਅਤੇ ਦੁਰਉਪਯੋਗ ਨਾਲ ਬਹੁਤ ਸਾਰੇ ਜੀਵ ਜੰਤੂ, ਪਸ਼ੂ ਪੰਛੀ, ਪੌਦੇ ਅਤੇ ਦਵਾਈਆਂ ਲਈ ਅਨੇਕ ਤਰ੍ਹਾਂ ਦੀਆਂ ਜੜ੍ਹੀਆਂ ਬੂਟੀਆਂ ਧਰਤੀ ਤੋਂ ਅਲੋਪ ਹੋ ਰਹੇ ਹਨ। ਇਹ ਜੀਵ ਸ੍ਰਿਸ਼ਟੀ ਅਤੇ ਪ੍ਰਾਕ੍ਰਿਤੀ ਵੀ ਸਾਡਾ ਸਭ ਦਾ ਸਾਂਝਾ ਭਾਈਚਾਰਾ ਹੈ। ਇਸ ਦੀ ਰੱਖਿਆ ਸੰਭਾਲ ਅਤੇ ਸਰਬਪੱਖੀ ਉਸਾਰੀ ਦੇ ਅਸੀਂ ਸਭ ਜ਼ਿੰਮੇਵਾਰ ਹਾਂ। ਵਿਗਿਆਨ ਤੇ ਵਿਸਫੋਟ ਨੇ ਭੂਚਾਲ, ਸੁਨਾਮੀ, ਹੜ੍ਹ, ਤੂਫਾਨ, ਸੋਕਾ, ਫਸਲਾਂ ਫੁੱਲ ਅਤੇ ਸਬਜ਼ੀਆਂ, ਅਨਾਜ ਜ਼ਹਿਰੀਲੇ ਕਰ ਦਿੱਤੇ ਹਨ। ਇਹ ਵਿਗਿਆਨਕ ਦੁਖਾਂਤ ਬਣਦਾ ਹੈ। ਕਾਰਖਾਨਿਆਂ ਨੇ ਅਨਾਜ ਦੀ ਪੈਦਾਵਾਰ ਨੂੰ ਘਟਾਇਆ ਹੈ। ਪ੍ਰਦੂਸ਼ਣ ਅਤੇ ਵਿਗਿਆਨਕ ਕਾਢਾਂ ਤੋਂ ਪੈਦਾ ਹੋਏ ਅਸਾਂਵਲੇਪਣ ਦੇ ਸੰਕਟ ਨਾਲ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਸੰਦੇਸ਼ ਦੀ ਰੌਸ਼ਨੀ ਵਿੱਚ ਇਨ੍ਹਾਂ ਸਭ ਖ਼ਤਰਿਆਂ, ਵਿਰੋਧਾਂ ਨਾਲ ਨਿਪਟ ਸਕਦੇ ਹਾਂ।

ਨਸ਼ੀਲੇ ਪਦਾਰਥਾਂ ਦਾ ਸੇਵਨ ਹੋ ਰਿਹਾ ਹੈ। ਏਡਜ਼ ਵਰਗੀਆਂ ਲਾ-ਇਲਾਜ ਬੀਮਾਰੀਆਂ ਫੈਲ ਰਹੀਆਂ ਹਨ। ਭਰੂਣ ਹੱਤਿਆ ਜਿਹਾ ਘੋਰ ਨਰਕ ਅਤੇ ਵਿਕਲਪ ਗੈਰ ਅਮਾਨਵੀ ਹੈ। ਇਸ ਸੰਦਰਭ ਵਿਚ ਵਿਸ਼ਵ ਪੱਧਰ 'ਤੇ ਸਿਹਤਮੰਦ ਤੇ ਸਭਿਅਕ ਸਮਾਜ ਦੀ ਸਿਰਜਣਾ ਕਰਨੀ ਤੇ ਆਦਰਸ਼ਕ ਨਾਗਰਿਕ, ਸੂਰਮੇ ਪੈਦਾ ਕਰਨੇ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਅਤੇ ਉਪਦੇਸ਼ ਵਿਸ਼ੇਸ਼ ਲਾਭਕਾਰੀ ਹੈ। ਗੁਰੂ ਘਰ ਵਿਚ ਨਾਰੀ ਦਾ ਸਤਿਕਾਰ ਹੈ। ਸਤਿਕਾਰ ਹੀ ਨਹੀਂ ਇਸਤਰੀਆਂ ਨਾਲ ਹੋ ਰਹੇ ਵਿਤਕਰੇ ਅਤੇ ਅਨਿਆਂ ਪ੍ਰਤੀ ਵੀ ਸਿੱਖ ਪੰਥ ਦਾ ਸੰਪੂਰਨ ਸੰਘਰਸ਼ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਔਰਤ ਨੂੰ ਮਰਦ ਦੇ ਈਮਾਨ ਦੀ ਰਖਵਾਲੀ ਦੱਸਿਆ ਹੈ। ਭਾਈ ਗੁਰਦਾਸ ਜੀ ਔਰਤ ਦੇ ਸਤਿਕਾਰ ਵਿਚ ਲਿਖਦੇ ਹਨ: ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।

ਗੁਰੂ ਗ੍ਰੰਥ ਸਾਹਿਬ ਨੂੰ ਹੋਰ ਅਨੇਕਾਂ ਧਰਮਾਂ ਦੀਆਂ ਚੁਣੌਤੀਆਂ ਦਾ ਸਮੇਂ-ਸਮੇਂ 'ਤੇ ਸਾਹਮਣਾ ਕਰਨਾ ਪਿਆ ਪਰ ਪੰਥ ਦੀ ਸਦਾ ਚੜ੍ਹਦੀ ਕਲਾ ਲਈ ਸਿੱਖ ਇਤਿਹਾਸ ਦੀਆਂ ਉੱਚਤਮ ਮਿਸਾਲਾਂ ਸਾਡੇ ਸਾਹਮਣੇ ਹਨ। ਮਸਲਨ ਭਾਈ ਬਿਧੀ ਚੰਦ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ 1706 ਈ: ਨੂੰ ਬਾਬਾ ਦੀਪ ਸਿੰਘ ਦੇ ਸਹਿਯੋਗ ਨਾਲ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਸ਼ਾਮਲ ਕਰਕੇ ਸੰਪੂਰਨਤਾ ਪ੍ਰਦਾਨ ਕੀਤੀ।

# ਕੀ ਧਨਖੜ ਦੇ ਅਸਤੀਫੇ ਪਿੱਛੇ ਆਰ. ਐਸ. ਐਸ.-ਭਾਜਪਾ ਦੀ ਅੰਦਰੂਨੀ ਜੰਗ ਹੈ ?

## ✪ ਵਿਰੋਧੀ ਪਾਰਟੀਆਂ ਦਾ ਦੋਸ਼: ਸਰਕਾਰ ਸਚਾਈ ਛੁਪਾਉਣ ਲਈ ਹਟਾਇਆ ਧਨਖੜ ਨੂੰ ✪ ਕੀ ਹੈ ਧਨਖੜ ਦੇ ਅਸਤੀਫੇ ਪਿੱਛੇ ਦੀ ਅਸਲ ਕਹਾਣੀ ?

### ਨਿਊਜ਼ ਵਿਸ਼ਲੇਸ਼ਣ

ਜਗਦੀਪ ਧਨਖੜ ਨੇ ਭਾਰਤ ਦੇ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਦੇ ਅਹੁਦੇ ਤੋਂ ਅਚਾਨਕ ਅਸਤੀਫਾ ਦੇ ਕੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਸੋਮਵਾਰ ਨੂੰ ਸੰਸਦ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਤੋਂ ਬਾਅਦ, ਉਨ੍ਹਾਂ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਅਸਤੀਫਾ ਸੌਂਪਿਆ, ਜਿਸ ਵਿੱਚ ਸਿਹਤ ਸਮੱਸਿਆਵਾਂ ਦਾ ਹਵਾਲਾ ਦਿੱਤਾ ਸੀ। ਪਰ ਇਹ ਕਾਰਨ ਸਭ ਦੇ ਗਲ਼ ਨਹੀਂ ਉੱਤਰ ਰਿਹਾ। ਤਾਂ ਫਿਰ, ਅਸਤੀਫੇ ਦੀ ਅਸਲ ਕਹਾਣੀ ਕੀ ਹੈ ?

ਧਨਖੜ ਨੇ ਅਸਤੀਫੇ ਵਿੱਚ ਲਿਖਿਆ ਕਿ ਉਹ ਸਿਹਤ ਕਾਰਨ ਅਹੁਦਾ ਛੱਡ ਰਹੇ ਹਨ। ਪਰ ਸਵਾਲ ਇਹ ਹੈ ਕਿ ਸੋਮਵਾਰ ਨੂੰ ਸੰਸਦ ਵਿੱਚ ਪੂਰਾ ਦਿਨ ਡਿਊਟੀ ਨਿਭਾਉਣ ਵਾਲੇ ਧਨਖੜ ਨੂੰ ਅਚਾਨਕ ਸਿਹਤ ਦੀ ਕੀ ਸਮੱਸਿਆ ਹੋ ਗਈ ? ਮਾਰਚ ਵਿੱਚ ਦਿਲ ਦੀ ਸਮੱਸਿਆ ਕਾਰਨ ਉਹ ਹਸਪਤਾਲ ਗਏ ਸਨ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਜਲਦੀ ਠੀਕ ਹੋਣ ਦਾ ਕਹਿ ਕੇ ਘਰ ਭੇਜ ਦਿੱਤਾ ਸੀ। ਸੋਮਵਾਰ ਨੂੰ ਵੀ ਉਹ ਸੰਸਦ ਵਿੱਚ ਸਮੇਂ ਸਿਰ ਪਹੁੰਚੇ, ਰਾਜ ਸਭਾ ਦੀ ਕਾਰਵਾਈ ਚਲਾਈ ਅਤੇ ਸ਼ਾਮ ਨੂੰ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤ ਕੀਤੀ। ਕਿਸੇ ਨੂੰ ਵੀ ਸਿਹਤ ਦੀ ਸਮੱਸਿਆ ਦਾ ਕੋਈ ਸੰਕੇਤ ਨਹੀਂ ਮਿਲਿਆ। ਉਪ ਰਾਸ਼ਟਰਪਤੀ ਦੀ ਸਿਹਤ ਦੀ ਨਿਗਰਾਨੀ ਲਈ ਡਾਕਟਰੀ ਟੀਮ ਵੀ ਮੌਜੂਦ ਹੁੰਦੀ ਹੈ, ਜੇ ਸਮੱਸਿਆ ਹੁੰਦੀ ਤਾਂ ਉਹ ਅਰਾਮ ਦੀ ਸਲਾਹ ਦੇ ਸਕਦੀ ਸੀ। ਫਿਰ ਸ਼ਾਮ 6 ਵਜੇ ਤੋਂ 9 ਵਜੇ ਦਰਮਿਆਨ ਅਜਿਹਾ ਕੀ ਵਾਪਰਿਆ ਕਿ ਧਨਖੜ ਨੂੰ ਅਸਤੀਫਾ ਦੇਣਾ ਪਿਆ ?

### ਸੰਸਦ ਵਿੱਚ ਕੀ ਹੋਇਆ ?

ਸੋਮਵਾਰ ਨੂੰ ਸੰਸਦ ਦੇ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੀਡੀਆ ਨੂੰ ਸੰਬੋਧਨ ਕਰਕੇ ਵਿਰੋਧੀ ਪਾਰਟੀਆਂ ਦੇ ਸਾਰੇ ਸੰਭਾਵੀ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ। ਖਾਸ ਕਰਕੇ 'ਅਪਰੇਸ਼ਨ ਸਿੰਧੂਰ' ਬਾਰੇ ਉਨ੍ਹਾਂ ਨੇ ਕਿਹਾ ਕਿ ਇਹ ਜਿੱਤ ਦਾ ਉਤਸਵ ਮਨਾਉਣ ਦਾ ਸਮਾਂ ਹੈ। ਪਰ ਵਿਰੋਧੀ ਧਿਰ ਪਹਿਲਗਾਮ ਘਟਨਾ, ਜੈੱਟ ਜਹਾਜ਼ਾਂ ਦੇ ਡਿੱਗਣ ਅਤੇ ਜੰਗਬੰਦੀ ਦੇ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਲਈ ਤਿਆਰ ਸੀ। ਲੋਕ ਸਭਾ ਵਿੱਚ ਜਦੋਂ ਰਾਹੁਲ ਗਾਂਧੀ ਨੇ 'ਅਪਰੇਸ਼ਨ ਸਿੰਧੂਰ' 'ਤੇ ਬੋਲਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਰੋਕ ਦਿੱਤਾ ਗਿਆ। ਪਰ ਰਾਜ ਸਭਾ ਵਿੱਚ ਜਗਦੀਪ ਧਨਖੜ ਨੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਪੂਰਾ ਮੌਕਾ ਦਿੱਤਾ ਕਿ ਉਹ ਸਰਕਾਰ ਦੇ ਦਾਅਵਿਆਂ 'ਤੇ ਸਵਾਲ ਚੁੱਕਣ। ਖੜਗੇ ਨੇ ਮੋਦੀ ਦੇ ਭਾਸ਼ਣ ਦੀਆਂ ਧੱਜੀਆਂ ਉਡਾਉਂਦਿਆਂ 'ਅਪਰੇਸ਼ਨ ਸਿੰਧੂਰ' ਦੀ ਸਚਾਈ 'ਤੇ ਸਖ਼ਤ ਸਵਾਲ ਕੀਤੇ। ਇਸ ਦੌਰਾਨ ਕੇਂਦਰੀ ਮੰਤਰੀ ਜੇ.ਪੀ. ਨੱਢਾ ਨੇ ਵਿਚਕਾਰੋਂ ਟੋਕਦਿਆਂ ਕਿਹਾ, "ਸਿਰਫ਼ ਉਹੀ ਰਿਕਾਰਡ ਹੋਵੇ, ਜੋ ਮੈਂ ਬੋਲਾਂ।" ਇਹ ਧਨਖੜ ਦੀ ਸਿੱਧੀ ਬੇਇੱਜ਼ਤੀ ਸੀ।

### ਅਸਤੀਫੇ ਦਾ ਅਸਲ ਕਾਰਨ ਕੀ ?

ਕਈ ਸਿਆਸੀ ਪੰਡਤ ਮੰਨਦੇ ਹਨ ਕਿ ਧਨਖੜ ਦਾ ਖੜਗੇ ਨੂੰ ਬੋਲਣ ਦਾ ਮੌਕਾ ਦੇਣਾ ਹੀ ਉਨ੍ਹਾਂ ਦੇ ਅਸਤੀਫੇ ਦਾ ਸਭ ਤੋਂ ਵੱਡਾ ਕਾਰਨ ਬਣਿਆ। ਧਨਖੜ 'ਤੇ ਪਹਿਲਾਂ ਵੀ ਇਲਜ਼ਾਮ ਸਨ ਕਿ ਉਹ ਭਾਜਪਾ ਦੇ ਅਹੁਦੇਦਾਰ ਵਾਂਗ ਵਿਹਾਰ ਕਰਦੇ ਹਨ। ਪਰ ਇਸ ਵਾਰ ਉਨ੍ਹਾਂ ਨੇ ਵਿਰੋਧੀ ਧਿਰ ਨੂੰ ਮੌਕਾ ਦੇ ਕੇ ਸਰਕਾਰ ਨੂੰ ਅਸਹਿਜ ਕਰ ਦਿੱਤਾ। ਕੁਝ ਪੱਤਰਕਾਰਾਂ ਦਾ ਮੰਨਣਾ ਹੈ ਕਿ ਧਨਖੜ ਨੂੰ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਤੋਂ ਅਸਤੀਫਾ ਲਿਆ ਜਾਣ ਵਾਲਾ ਹੈ, ਇਸ ਲਈ ਉਨ੍ਹਾਂ ਜਾਣਬੁੱਝ ਕੇ ਖੜਗੇ ਨੂੰ ਬੋਲਣ ਦਾ ਮੌਕਾ ਦਿੱਤਾ। ਕਈਆਂ ਦਾ ਇਹ ਵੀ ਕਹਿਣਾ ਹੈ ਕਿ ਅਸਤੀਫੇ ਦਾ ਪੱਤਰ ਕਿਸੇ ਸ਼ਕਤੀਸ਼ਾਲੀ ਨੇਤਾ ਨੇ ਲਿਖਿਆ, ਧਨਖੜ ਨੇ ਸਿਰਫ਼ ਦਸਤਖਤ ਕੀਤੇ।

### ਆਰ.ਐਸ.ਐਸ. ਅਤੇ ਭਾਜਪਾ ਵਿੱਚ ਅੰਦਰੂਨੀ ਜੰਗ ?

ਕੁਝ ਕਿਆਸ ਇਹ ਵੀ ਹਨ ਕਿ ਧਨਖੜ ਦਾ ਅਸਤੀਫਾ ਆਰ.ਐਸ.ਐਸ. ਅਤੇ ਭਾਜਪਾ ਵਿਚਕਾਰ ਅੰਦਰੂਨੀ ਖਿੱਚੋਤਾਣ ਦਾ ਨਤੀਜਾ ਹੈ। ਧਨਖੜ ਨੂੰ ਆਰ.ਐਸ.ਐਸ. ਦਾ ਨੇੜਲਾ ਮੰਨਿਆ ਜਾਂਦਾ ਹੈ। ਅਗਲੇ ਸਾਲ ਮਈ ਵਿੱਚ ਉਹ 75 ਸਾਲ ਦੇ ਹੋ ਜਾਣਗੇ, ਜਦਕਿ ਪ੍ਰਧਾਨ ਮੰਤਰੀ ਮੋਦੀ ਸਤੰਬਰ 2025 ਵਿੱਚ 75 ਸਾਲ ਦੇ ਹੋਣਗੇ। ਕੁਝ ਸਿਆਸੀ ਵਿਸ਼ਲੇਸ਼ਕ ਮੰਨਦੇ ਹਨ ਕਿ ਆਰ.ਐਸ.ਐਸ. ਨੇ ਧਨਖੜ ਦੇ ਅਸਤੀਫੇ ਰਾਹੀਂ ਮੋਦੀ 'ਤੇ ਅਸਤੀਫੇ ਦਾ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਜਪਾ ਅਤੇ ਆਰ.ਐਸ.ਐਸ. ਵਿੱਚ ਅੰਦਰੂਨੀ ਜੰਗ ਸਿਖਰ 'ਤੇ ਪਹੁੰਚ ਚੁੱਕੀ ਹੈ, ਅਤੇ ਧਨਖੜ ਇਸ ਦਾ ਪਹਿਲਾ ਸ਼ਿਕਾਰ ਹਨ।

### ਵਿਰੋਧੀ ਪਾਰਟੀਆਂ ਦਾ ਕੀ ਕਹਿਣਾ ਹੈ ?



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਧਨਖੜ ਦਾ ਅਸਤੀਫਾ ਸਰਕਾਰ ਦੀ ਅਸਹਿਜਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਸਵਾਲ ਚੁੱਕਿਆ ਕਿ ਜੇ ਸਿਹਤ ਸਮੱਸਿਆ ਸੀ, ਤਾਂ ਅਚਾਨਕ ਅਸਤੀਫਾ ਕਿਉਂ ? ਉਨ੍ਹਾਂ ਦਾ ਦੋਸ਼ ਹੈ ਕਿ ਸਰਕਾਰ 'ਅਪਰੇਸ਼ਨ ਸਿੰਧੂਰ' 'ਤੇ ਸਵਾਲਾਂ ਤੋਂ ਭੱਜ ਰਹੀ ਹੈ, ਅਤੇ ਧਨਖੜ ਨੂੰ ਇਸੇ ਕਾਰਨ ਹਟਾਇਆ ਗਿਆ। ਤ੍ਰਿਣਮੂਲ ਕਾਂਗਰਸ ਨੇਤਾ ਡੇਰੇਕ ਓ'ਬ੍ਰਾਇਨ ਨੇ ਕਿਹਾ ਕਿ ਧਨਖੜ ਦਾ ਅਸਤੀਫਾ ਸਰਕਾਰ ਦੀ ਅੰਦਰੂਨੀ ਕਮਜ਼ੋਰੀ ਦਾ ਸੰਕੇਤ ਹੈ। ਉਨ੍ਹਾਂ ਨੇ ਸਰਕਾਰ 'ਤੇ ਸਵਾਲ ਚੁੱਕੇ ਕਿ ਕੀ ਧਨਖੜ ਨੂੰ ਵਿਰੋਧੀ ਧਿਰ ਨੂੰ ਬੋਲਣ ਦੀ ਇਜਾਜ਼ਤ ਦੇਣ ਦੀ ਸਜ਼ਾ ਮਿਲੀ ? ਆਮ ਆਦਮੀ ਪਾਰਟੀ ਨੇਤਾ ਸੰਜੇ ਸਿੰਘ ਨੇ ਕਿਹਾ ਕਿ ਇਹ ਅਸਤੀਫਾ ਸਰਕਾਰ ਦੀ ਤਾਨਾਸ਼ਾਹੀ ਸੋਚ ਨੂੰ ਦਰਸਾਉਂਦਾ ਹੈ। ਉਨ੍ਹਾਂ ਮੁਤਾਬਕ, ਸਰਕਾਰ ਸੰਸਦ ਵਿੱਚ ਸਚਾਈ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੀ। ਸਮਾਜਵਾਦੀ ਪਾਰਟੀ ਨੇ ਕਿਹਾ ਕਿ ਧਨਖੜ ਦਾ ਅਸਤੀਫਾ ਸਰਕਾਰ ਦੀ ਅਸਫਲਤਾ ਨੂੰ ਛੁਪਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ 'ਅਪਰੇਸ਼ਨ ਸਿੰਧੂਰ' 'ਤੇ ਸਪੱਸ਼ਟੀਕਰਨ ਦੇਵੇ।

### ਕੀ ਹੈ ਅਸਲ ਸਚਾਈ ?

ਧਨਖੜ ਦੇ ਅਸਤੀਫੇ ਦੇ ਪਿੱਛੇ ਸਿਹਤ ਸਮੱਸਿਆਵਾਂ ਜਾਂ ਸਿਆਸੀ ਦਬਾਅ, ਇਹ ਸਪੱਸ਼ਟ ਨਹੀਂ। ਪਰ ਸਿਆਸੀ ਹਲਕਿਆਂ ਵਿੱਚ ਇਹ ਚਰਚਾ ਗਰਮ ਹੈ ਕਿ ਇਹ ਅਸਤੀਫਾ ਸਰਕਾਰ ਅਤੇ ਆਰ.ਐਸ.ਐਸ. ਵਿਚਕਾਰ ਅੰਦਰੂਨੀ ਟਕਰਾਅ ਦਾ ਨਤੀਜਾ ਹੈ। ਕੁਝ ਦਾ ਮੰਨਣਾ ਹੈ ਕਿ ਧਨਖੜ ਨੂੰ ਵਿਰੋਧੀ ਧਿਰ ਨੂੰ ਮੌਕਾ ਦੇਣ ਦੀ ਸਜ਼ਾ ਮਿਲੀ, ਜਦਕਿ ਕੁਝ ਮੰਨਦੇ ਹਨ ਕਿ ਇਹ ਆਰ. ਐਸ. ਐਸ. ਦੀ ਮੋਦੀ 'ਤੇ ਦਬਾਅ ਬਣਾਉਣ ਦੀ ਚਾਲ ਹੈ।

ਆਉਣ ਵਾਲੇ ਦਿਨਾਂ ਵਿੱਚ ਇਹ ਸਪੱਸ਼ਟ ਹੋਵੇਗਾ ਕਿ ਇਹ ਅਸਤੀਫਾ ਸਿਆਸੀ ਖੇਡ ਦਾ ਹਿੱਸਾ ਸੀ ਜਾਂ ਸੱਚਮੁੱਚ ਸਿਹਤ ਸਮੱਸਿਆਵਾਂ ਦਾ ਨਤੀਜਾ। ਫਿਲਹਾਲ, ਇਹ ਸਪੱਸ਼ਟ ਹੈ ਕਿ ਸਿਆਸੀ ਮੰਚ 'ਤੇ ਨਵਾਂ ਡਰਾਮਾ ਸ਼ੁਰੂ ਹੋ ਚੁੱਕਾ ਹੈ, ਅਤੇ ਸਭ ਦੀਆਂ ਨਜ਼ਰਾਂ ਅਗਲੇ ਘਟਨਾਕ੍ਰਮ 'ਤੇ ਟਿਕੀਆਂ ਹਨ।

# ਅੰਮ੍ਰਿਤਪਾਲ ਸਿੰਘ ਐਨਐਸਏ ਬਾਰੇ ਅਪੀਲ ਕਰਨਗੇ ਸੁਪਰੀਮ ਕੋਰਟ ਨੂੰ

ਅੰਮ੍ਰਿਤਸਰ-ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ, ਜੋ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰਾਸ਼ਟਰੀ ਸੁਰੱਖਿਆ ਕਾਨੂੰਨ ਅਧੀਨ ਬੰਦ ਹਨ, ਸੁਪਰੀਮ ਕੋਰਟ ਵਿੱਚ ਆਪਣੀ ਹਿਰਾਸਤ ਨੂੰ ਚੁਣੌਤੀ ਦੇਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਦੇ ਵਕੀਲ ਈਮਾਨ ਸਿੰਘ ਖਾਰਾ ਨੇ ਦੱਸਿਆ ਕਿ ਅਗਲੇ ਹਫਤੇ ਸੁਪਰੀਮ ਕੋਰਟ ਵਿੱਚ ਐਨਐਸਏ ਦੇ ਖਿਲਾਫ ਪਟੀਸ਼ਨ ਦਾਖਲ ਕੀਤੀ ਜਾਵੇਗੀ। ਅੰਮ੍ਰਿਤਪਾਲ ਦੀ ਹਿਰਾਸਤ ਨੂੰ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵੀ ਚੁਣੌਤੀ ਦਿੱਤੀ ਗਈ ਸੀ, ਪਰ ਉਹ ਪਟੀਸ਼ਨ ਖਾਰਜ ਹੋ ਗਈ ਸੀ। ਵਕੀਲ ਦਾ ਕਹਿਣਾ ਹੈ ਕਿ ਇਹ ਕਾਰਵਾਈ ਸਿਆਸੀ ਸਾਜ਼ਿਸ਼ ਦਾ ਹਿੱਸਾ ਹੈ। ਅੰਮ੍ਰਿਤਪਾਲ ਦੇ ਪਰਿਵਾਰ ਅਤੇ ਸਮਰਥਕ ਸਰਕਾਰ 'ਤੇ ਐਨਐਸਏ ਹਟਾਉਣ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਦਾ ਦਬਾਅ ਬਣਾ ਰਹੇ ਹਨ।

# ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਜਥੇ ਉਪਰ ਹਰਿਆਣਾ ਸਰਕਾਰ ਵਲੋਂ ਰੋਕ !

## ✪ ਪਹਿਲਗਾਮ ਹਮਲੇ ਨੂੰ ਬਹਾਨਾ ਬਣਾਇਆ

ਅੰਮ੍ਰਿਤਸਰ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਹਰਿਆਣਾ ਦੇ ਸ਼ਰਧਾਲੂਆਂ ਨੂੰ ਪਾਸਪੋਰਟ ਜਮ੍ਹਾ ਕਰਵਾਉਣ ਤੋਂ ਰੋਕਿਆ ਗਿਆ ਹੈ। ਗੁਰਪੁਰਬ ਮਨਾਉਣ ਲਈ ਹਰ ਸਾਲ ਇਹ ਜਥਾ ਪਾਕਿਸਤਾਨ ਜਾਂਦਾ ਹੈ, ਪਰ ਇਸ ਵਾਰ ਫਿਲਹਾਲ ਜਥੇ ਦੇ ਪਾਸਪੋਰਟ ਜਮ੍ਹਾ ਕਰਾਉਣ 'ਤੇ ਰੋਕ ਲਾਈ ਗਈ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਾਤਰਾ ਵਿਭਾਗ ਦੇ ਇੰਚਾਰਜ ਹਰਕੀਰਤ ਸਿੰਘ ਨੇ ਦੱਸਿਆ ਕਿ ਹਰਿਆਣਾ ਸਰਕਾਰ ਦੇ ਗ੍ਰਹਿ ਵਿਭਾਗ ਵਲੋਂ ਪਿਛਲੇ ਦਿਨੀਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਸੂਬੇ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰਕੇ ਹਰਿਆਣਾ ਸੂਬੇ ਤੋਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਪਾਸੋਂ ਪਾਸਪੋਰਟ ਤੇ ਹੋਰ ਦਸਤਾਵੇਜ ਮੰਗੇ ਗਏ ਸਨ, ਜਿਸ ਦੀ ਪ੍ਰਕਿਰਿਆ ਪੂਰੀ ਕਰਦਿਆਂ 150 ਦੇ ਕਰੀਬ ਵੱਖ-ਵੱਖ ਹਰਿਆਣਾ ਸੂਬੇ ਦੇ ਜ਼ਿਲ੍ਹਿਆਂ ਨਾਲ ਸਬੰਧਿਤ ਸਿੱਖ ਸ਼ਰਧਾਲੂਆਂ ਦੇ ਪਾਸਪੋਰਟ ਸੰਬੰਧਿਤ ਡਿਪਟੀ ਕਮਿਸ਼ਨਰਾਂ ਦੇ ਦਫ਼ਤਰ ਵਿਖੇ ਜਮ੍ਹਾ ਕਰਵਾਏ ਗਏ ਸਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਚੋਣ ਕਮਿਸ਼ਨ ਹਰਿਆਣਾ ਜੋ ਕਿ ਹਰਿਆਣਾ ਗ੍ਰਹਿ ਵਿਭਾਗ ਨਾਲ ਸੰਬੰਧਿਤ ਹੈ, ਵਲੋਂ ਹਰਿਆਣਾ ਦੀਆਂ ਸਿੱਖ ਸੰਗਤਾਂ ਦੇ ਪਾਸਪੋਰਟ ਲੈਣ ਲਈ ਸਬੰਧਿਤ ਵਿਭਾਗਾਂ ਨੂੰ ਜਾਰੀ ਕੀਤੇ ਗਏ ਪੱਤਰ ਮਿਤੀ 20-6-2025 ਨੂੰ 17-7- 2025 ਰਾਹੀਂ ਵਾਪਸ ਲੈਂਦਿਆਂ ਹਰਿਆਣਾ ਸੂਬੇ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਇਸ ਵਾਰ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਪਾਸਪੋਰਟ ਜਮਾਂ ਕਰਵਾਉਣ ਦੀ ਪ੍ਰਕਿਰਿਆ 'ਤੇ ਆਉਣ ਵਾਲੇ ਸਮੇਂ ਤੱਕ ਰੋਕ ਲਗਾ ਦਿੱਤੀ ਗਈ ਹੈ।

ਯਾਦ ਰਹੇ ਪਹਿਲਗਾਮ ਜੰਮੂ ਕਸ਼ਮੀਰ ਵਿਖੇ ਭਾਰਤੀ ਸੈਲਾਨੀਆਂ 'ਤੇ ਹੋਏ ਹਮਲੇ ਤੋਂ ਬਾਅਦ ਭਾਰਤ ਸਰਕਾਰ ਵਲੋਂ ਪਾਕਿਸਤਾਨ ਨਾਲ ਹਰੇਕ ਤਰ੍ਹਾਂ ਦੇ ਨਾਤੇ ਤੋੜ ਦਿੱਤੇ ਗਏ ਸਨ, ਜਿਸ ਕਰਕੇ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ, ਜੋ ਕਿ ਜੂਨ ਮਹੀਨੇ ਵਿਚ ਵੀ ਦੋ ਭਾਰਤੀ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਜਾਣੇ ਸਨ, ਉਨ੍ਹਾਂ 'ਤੇ ਵੀ ਮੁਕੰਮਲ ਤੌਰ 'ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਕਰਕੇ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਜਾਣ ਵਾਲੇ ਹਰਿਆਣਾ ਸੂਬੇ ਦੇ ਸਿੱਖ ਸ਼ਰਧਾਲੂਆਂ ਦੇ ਪਾਸਪੋਰਟ ਜਮ੍ਹਾ ਕਰਾਉਣ 'ਤੇ ਰੋਕ ਲਗਾ ਦਿੱਤੀ ਗਈ ਹੈ।

# ਸ਼੍ਰੋਮਣੀ ਕਮੇਟੀ ’ਤੇ ਸਿਆਸਤ ਦਾ ਦੋਸ਼: ਧਰਮ ਪਰਿਵਰਤਨ ਰੋਕਣ ਦੇ ਉਪਰਾਲੇ ’ਚ ਰੁਕਾਵਟ, ਪ੍ਰਚਾਰਕ ਵਾਪਸ ਬੁਲਾਏ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸ਼੍ਰੋਮਣੀ ਕਮੇਟੀ ’ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਮਨਾਉਣ ਵਾਲੀ ਸ਼੍ਰੋਮਣੀ ਕਮੇਟੀ ਇਨ੍ਹਾਂ ਸਮਾਗਮਾਂ ਨੂੰ ਸਿਆਸਤ ਦੀ ਭੇਟ ਚੜ੍ਹਾਉਣ ’ਚ ਲੱਗੀ ਹੋਈ ਹੈ। ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਖੇਤਰ ’ਚ ਮਜਹਬੀ ਸਿੱਖ ਬਿਰਾਦਰੀ ਵਿੱਚੋਂ ਲੋਭ, ਲਾਲਚ, ਅੰਧਵਿਸ਼ਵਾਸ ਅਤੇ ਵਹਿਮ-ਭਰਮ ਦਾ ਸਹਾਰਾ ਲੈ ਕੇ ਸਿੱਖੀ ਤੋਂ ਧਰਮ ਪਰਿਵਰਤਨ ਕਰਵਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।



ਇਸ ਮੁੱਦੇ ’ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਅਤੇ ਹਰਜਾਪ ਸਿੰਘ ਨੇ ਵੀ ਸ਼੍ਰੋਮਣੀ ਕਮੇਟੀ ਦੇ ਰਵੱਈਏ ਦੀ ਸਖ਼ਤ ਨਿੰਦਾ ਕੀਤੀ ਹੈ। ਜਥੇਦਾਰ ਅਮਰੀਕ ਸਿੰਘ ਨੇ ਡੇਰਾ ਬਾਬਾ ਨਾਨਕ, ਜਿਲ੍ਹਾ ਗੁਰਦਾਸਪੁਰ ਦੇ 26 ਗੁਰਦੁਆਰਿਆਂ ’ਚ ‘ਗੁਰੂ ਕੇ ਬੇਟਿਆਂ’ ਨਾਲ ਸੰਪਰਕ ਕਰਕੇ ਸਿੱਖੀ ਦੀ ਮਜ਼ਬੂਤੀ ਲਈ ਕੰਮ ਸ਼ੁਰੂ ਕੀਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸਹਾਇਤਾ ਦਿੱਤੀ ਗਈ ਅਤੇ ਸਥਾਨਕ ਸਿੱਖ ਸੰਗਤਾਂ ਤੇ ਗੁਰਦੁਆਰਾ ਪ੍ਰਬੰਧਕਾਂ ਦੀ ਮੰਗ ’ਤੇ ਇਨ੍ਹਾਂ ਗੁਰਦੁਆਰਿਆਂ ’ਚ ਗੁਰਮਤਿ ਸਮਾਗਮ ਕਰਵਾਉਣ ਦਾ ਪ੍ਰੋਗਰਾਮ ਬਣਾਇਆ ਗਿਆ।

ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਇਸ ਲਈ ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਦੀਆਂ ਡਿਊਟੀਆਂ ਲਗਾਈਆਂ ਸਨ। ਪਰ ਹੈਰਾਨੀ ਦੀ ਗੱਲ ਹੈ ਕਿ ਸਮਾਗਮ ਸ਼ੁਰੂ ਹੋਣ ਤੋਂ ਸਿਰਫ਼ ਇੱਕ ਦਿਨ ਪਹਿਲਾਂ ਸਾਰੇ ਪ੍ਰਚਾਰਕ ਜਥਿਆਂ ਦੀਆਂ ਡਿਊਟੀਆਂ ਅਚਾਨਕ ਰੱਦ ਕਰ ਦਿੱਤੀਆਂ ਗਈਆਂ। ਬੀਬੀ ਕਿਰਨਜੋਤ ਕੌਰ ਨੇ ਸਵਾਲ ਉਠਾਇਆ ਕਿ ਸ਼੍ਰੋਮਣੀ ਕਮੇਟੀ ਧਰਮ ਪਰਿਵਰਤਨ ਨੂੰ ਰੋਕਣ ਲਈ ਗੰਭੀਰ ਕਿਉਂ ਨਹੀਂ ਹੈ? ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਜਦੋਂ ਸਿੱਖੀ ’ਤੇ ਹਮਲੇ ਹੋ ਰਹੇ ਹਨ, ਸ਼੍ਰੋਮਣੀ ਕਮੇਟੀ ਦਾ ਇਹ ਰਵੱਈਆ ਪੰਥਕ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ।

ਇਸ ਮਾਮਲੇ ’ਚ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਨੂੰ ਲੈ ਕੇ ਸਿੱਖ ਸੰਗਤਾਂ ਵਿੱਚ ਵੀ ਰੋਸ ਪਾਇਆ ਜਾ ਰਿਹਾ ਹੈ। ਸਥਾਨਕ ਸਿੱਖਾਂ ਦਾ ਕਹਿਣਾ ਹੈ ਕਿ ਧਰਮ ਪ੍ਰਚਾਰ ਦੇ ਨਾਂ ’ਤੇ ਸਿਆਸੀ ਦਖਲਅੰਦਾਜ਼ੀ ਕਾਰਨ ਸਿੱਖੀ ਦੀ ਮਜ਼ਬੂਤੀ ਲਈ ਕੀਤੇ ਜਾ ਰਹੇ ਯਤਨਾਂ ਨੂੰ ਝਟਕਾ ਲੱਗ ਰਿਹਾ ਹੈ। ਬੀਬੀ ਕਿਰਨਜੋਤ ਕੌਰ ਅਤੇ ਹੋਰ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਧਰਮ ਪਰਿਵਰਤਨ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ ਅਤੇ ਪੰਥਕ ਸਮਾਗਮਾਂ ਨੂੰ ਸਿਆਸਤ ਤੋਂ ਦੂਰ ਰੱਖਣਾ ਚਾਹੀਦਾ ਹੈ।

# ਔਰਤ ਨੂੰ ਪੰਚ ਨੇ ਬੇਰਹਿਮੀ ਨਾਲ ਕੁੱਟਿਆ !

## ✪ ਵ੍ਹੀਲਚੇਅਰ ’ਤੇ ਬੈਠਾ ਅੰਗਹੀਣ ਪਤੀ ਵੀ ਨਹੀਂ ਛੱਡਿਆ, ਕੇਸ ਦਰਜ



ਫਗਵਾੜਾ-ਫਗਵਾੜਾ ਵਿੱਚ ਕੰਧ ਨੂੰ ਲੈ ਕੇ ਦੋ ਗੁਆਂਢੀਆਂ ਦਾ ਆਪਸ ਵਿੱਚ ਝਗੜਾ ਹੋ ਗਿਆ। ਗੁਆਂਢੀ ਜੋ ਕਿ ਇੱਕ ਪੰਚ ਵੀ ਹੈ, ਨੇ ਔਰਤ ਦੇ ਸਿਰ ’ਤੇ ਸੀਮਿੰਟ ਵਾਲੀ ਰਾਡ ਨਾਲ ਕਈ ਵਾਰ ਕੀਤੇ। ਜਦੋਂ ਔਰਤ ਦੇ ਵ੍ਹੀਲਚੇਅਰ ’ਤੇ ਬੈਠੇ ਦਿਵਿਆਂਗ ਪਤੀ ਨੇ ਉਸਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਪੰਚ ਨੇ ਉਸ ’ਤੇ ਵੀ ਹਮਲਾ ਕਰ ਦਿੱਤਾ। ਪੰਚ ਦੇ ਪਰਿਵਾਰਕ ਮੈਂਬਰ ਉਸਨੂੰ ਕੁੱਟਣ ਤੋਂ ਰੋਕਦੇ ਰਹੇ, ਪਰ ਉਹ ਔਰਤ ਨੂੰ ਮਾਰਨ ਲਈ ਭੱਜਦਾ ਰਿਹਾ। ਪੰਚ ਨੇ ਕੁਹਾੜੀ ਨਾਲ ਹਮਲਾ ਕਰਨ ਦੀ ਵੀ ਕੋਸ਼ਿਸ਼ ਕੀਤੀ, ਪਰ ਪਰਿਵਾਰ ਨੇ ਉਸਨੂੰ ਰੋਕ ਲਿਆ। ਇਹ ਘਟਨਾ ਰਿਹਾਨਾ ਜੱਟਾ ਪਿੰਡ ਦੀ ਹੈ। ਪੀੜਤ ਪਰਿਵਾਰ ਨੇ ਹਮਲੇ ਦੀ ਵੀਡੀਓ ਵੀ ਰਿਕਾਰਡ ਕੀਤੀ ਹੈ। ਵੀਡੀਓ ਵਿੱਚ, ਪੰਚ ਔਰਤ ਨੂੰ ਕਹਿ ਰਿਹਾ ਹੈ ਕਿ ਤੂੰ ਮੇਰੇ ਬਾਰੇ ਬੁਰਾ ਬੋਲਦੀ ਹੈਂ। ਔਰਤ ਉਸ ’ਤੇ ਦੁਰਵਿਵਹਾਰ ਕਰਨ ਦਾ ਵੀ ਇਲਜ਼ਮ ਲਗਾ ਰਹੀ ਹੈ। ਔਰਤ ਦੀ ਸ਼ਿਕਾਇਤ ’ਤੇ ਪੁਲਿਸ ਨੇ ਪੰਚ ਵਿਰੁੱਧ ਮਾਮਲਾ ਦਰਜ ਕਰਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਗੁਰਪ੍ਰੀਤ ਸਿੰਘ ਗੋਪੀ ਵਜੋਂ ਹੋਈ ਹੈ। ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਇਟਲੀ ਦੇ ਫੌਰਲੀ ਸ਼ਹਿਰ ਵਿਖੇ ਦੂਜੀ ਸੰਸਾਰ ਜੰਗ 'ਚ ਸ਼ਹੀਦ ਹੋਏ ਸਿੱਖ ਫੌਜੀਆਂ ਦਾ ਸ਼ਹੀਦੀ ਸਮਾਗਮ 26 ਜੁਲਾਈ ਨੂੰ

## * ਕਮੇਟੀ ਆਗੂ ਗੁਰਮੇਲ ਸਿੰਘ ਭੱਟੀ ਅਤੇ ਜਸਬੀਰ ਸਿੰਘ ਧਨੌਤਾ ਵੱਲੋਂ ਸਮੂਹ ਸੰਗਤਾਂ ਨੂੰ ਹਾਜ਼ਰੀਆਂ ਭਰਨ ਦੀ ਅਪੀਲ *





ਰੋਮ ਇਟਲੀ 21 ਜੁਲਾਈ (ਗੁਰਸ਼ਰਨ ਸਿੰਘ ਸੋਨੀ) ਦੂਜੀ ਸੰਸਾਰ ਜੰਗ ਦੌਰਾਨ ਇਟਲੀ ਨੂੰ ਨਾਜ਼ੀਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਤੋਂ ਆਜ਼ਾਦ ਕਰਵਾਉਣ ਲਈ ਬ੍ਰਿਟਿਸ਼ ਫੌਜ ਰਾਹੀਂ ਇੰਡੀਆ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਸਿੱਖ ਫੌਜੀ ਇਸ ਧਰਤੀ 'ਤੇ ਆਏ ਅਤੇ ਉਨ੍ਹਾਂ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇਸ ਧਰਤੀ ਨੂੰ ਆਜ਼ਾਦ ਕਰਵਾਉਣ ਲਈ ਉਨ੍ਹਾਂ ਨੇ ਆਪਣਾ ਖੂਨ ਡੋਲਿਆ ਅਤੇ ਦੁਸ਼ਮਣ ਦੀਆਂ ਫੌਜਾਂ ਨਾਲ ਲੜਦਿਆਂ ਉਹਨਾਂ ਨੂੰ ਲੋਹੇ ਦੇ ਚਨੇ ਚਬਾਏ ਅਤੇ ਇਟਲੀ ਨੂੰ ਸੁਤੰਤਰ ਕਰਵਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਹਨਾਂ ਸਿੱਖ ਫੌਜੀਆਂ ਦੀ ਯਾਦ ਵਿੱਚ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਰਜਿਸਟਰਡ,ਇਟਲੀ ਵੱਲੋਂ ਇਟਲੀ ਦੇ ਫੌਰਲੀ ਸ਼ਹਿਰ ਵਿਖੇ ਸਮੂਹ ਸਿੱਖ ਸੰਗਤਾਂ ਅਤੇ ਗੁਰਦੁਆਰਾ ਸਾਹਿਬਾਨਾਂ ਦੇ ਸਹਿਯੋਗ ਨਾਲ ਲੜਾਈ ਦੇ ਦ੍ਰਿਸ਼ ਨੂੰ ਪੇਸ਼ ਕਰਦਾ ਸਿੱਖ ਫੌਜੀ ਅਤੇ ਇਟਾਲੀਅਨ ਫੌਜੀਆਂ ਦਾ ਇੱਕ ਬੁੱਤ ਲਗਾਇਆ ਗਿਆ ਹੈ। ਜਿੱਥੇ ਕਿ ਹਰ ਸਾਲ ਸਿੱਖ ਸੰਗਤਾਂ ਵੱਲੋਂ ਸ਼ਹੀਦੀ ਸਮਾਗਮ ਕਰਵਾਇਆ ਜਾਂਦਾ ਹੈ। ਕਮੇਟੀ ਦੇ ਆਗੂ ਗੁਰਮੇਲ ਸਿੰਘ ਭੱਟੀ ਅਤੇ ਜਸਬੀਰ ਸਿੰਘ ਧਨੌਤਾ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਾਲ 2025 ਦਾ ਇਹ ਸ਼ਹੀਦੀ ਸਮਾਗਮ 26 ਜੁਲਾਈ ਦਿਨ ਸ਼ਨੀਵਾਰ ਨੂੰ ਕਰਵਾਇਆ ਜਾਵੇਗਾ। ਜਿਸ ਵਿੱਚ ਸਵੇਰੇ 8 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਜਿਨਾਂ ਦੇ ਭੋਗ 9 ਵਜੇ ਪੈਣਗੇ। ਤਕਰੀਬਨ 10 ਵਜੇ ਵੱਖ ਵੱਖ ਸ਼ਹਿਰਾਂ ਦੇ ਮੇਅਰਾਂ, ਪੁਲਿਸ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਸਿੱਖ ਸੰਗਤਾਂ ਨਾਲ ਮਿਲ ਕੇ ਸ਼ਹੀਦਾਂ ਦੇ ਸਮਾਰਕ 'ਤੇ ਸ਼ਰਧਾਂਜਲੀ ਦਿੱਤੀ ਜਾਵੇਗੀ। ਭੋਗ ਤੋਂ ਉਪਰੰਤ ਧਾਰਮਿਕ ਸਟੇਜ ਵੀ ਜਾਰੀ ਰਹੇਗੀ। ਜਿਸ ਵਿੱਚ ਵੱਖ-ਵੱਖ ਪਤਵੰਤੇ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ। ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ ਤੇ ਗਿਆਨੀ ਸਰੂਪ ਸਿੰਘ ਕਡਿਆਣਾ ਦਾ ਢਾਡੀ ਜਥਾ ਅਤੇ ਗਿਆਨੀ ਸੁਖਵੀਰ ਸਿੰਘ ਭੌਰ ਦਾ ਢਾਡੀ ਜਥਾ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਪ੍ਰੋਗਰਾਮ ਵਿੱਚ ਪਹੁੰਚੇ ਵੱਖ ਵੱਖ ਸ਼ਹਿਰਾਂ ਦੇ ਮੇਅਰ ਸਾਹਿਬਾਨ ਅਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਪਹੁੰਚੇ ਲੋਕਾਂ ਨੂੰ ਵੀ ਸੰਬੋਧਿਤ ਕੀਤਾ ਜਾਵੇਗਾ। ਕਮੇਟੀ ਵੱਲੋਂ ਪਹੁੰਚੀਆਂ ਉੱਚ ਸ਼ਖਸ਼ੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਵੱਲੋਂ ਇਟਲੀ ਅਤੇ ਯੂਰਪ ਵਿੱਚ ਵੱਸਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਹਨਾਂ ਸ਼ਹੀਦੀ ਸਮਾਗਮਾਂ ਵਿੱਚ ਵੱਧ ਚੜ ਕੇ ਪਰਿਵਾਰਾਂ ਸਮੇਤ ਹਾਜ਼ਰੀਆਂ ਲਗਵਾਓ ਅਤੇ ਸ਼ਹੀਦਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰੋ। ਗੁਰੂ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀ ਹੋਏ ਭੰਡਾਰਿਆਂ ਵਿੱਚੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

TAIL PIECE

Dalip Singh Wasan, Advocate
Email: dalipsinghwassan@yahoo.co.in

## THE POORS DO NOT KNOW THE MEANING OF DEVELOPMENT

When there are talks on the subject of development, most of thepoor still do not jknow the meaning of development. They are still on free ration, no proper house to live, no proper health, no proper education, no prper training, no proper job and no pproper monthly income to carry on proper life. And when there are talks that by 2047 we shall be standing in line with people of developed countries, theyare surprised what more shall they get by that date. Till date they are just given first aids to live on and in one way they have been converted into just vote bank.

But the latest percentage of votes in Parliament Elections showthat they are now not a vote bank and all are not coming forward to accept these first aids. So instead of development, we must ensure



that by the target date, we should provide each one here a proper life, with prope rhealth, proper education, proper training, proper job and proper income because only these fives shall provide proper human life to the suffering people of India. There past had been black throughout and this independence and this democracy too failed to achieve these basic fives properly.

The next four tenures must be devoted for achievements of these fives and all the contesting groups must comeforward with items so that specifically, the first fives could reach each one. For the time being peole would not understqnd the meaningof development. Complete details are already given in our Directive principles of State Policy and even in the beginning of our Constitution and all coming in Elections take oath of the Constitution and must try to come out with real performance of their duties as pertheir independent conscience, will, wisdom and discreation. Nothing is impossible here because we are basically a rich country. Nature has provided us with all the basics needed for proper growth.

## WE DO NOT CELEBRATE OUR TWO MOST IMPORTANT NATIONAL FESTIWALS

As per our mythology and then history update on two most important daters Independence Day on 15th August, 1947 and Republic Day 26 January, 1950 We we turned India as a Nation, slaves of yesterday turned Lords and masters of the country and all elected or appointed jut turned Public Servants. All turned equal under the law and no rulers, bnut Public Servants. People could keep their religious beliefs, but we turned a Secular Society and no discrimination on the basis of religions, castes, creeds and sex.

The people are at liberty to celebrate their religious festivals and keep alive their traditional festivals and since now we are secular nothing must be there against religious beliefs.

These two days are National Festiwals in our present Nation andmust get National Celebration by all Indians because there is no touch of religions. We celebrate our religious festiwals in our own ways, but still the people of the Nation could not adopt the same celebrations for these two most important days. Till date no greeting cards, packs of sweets and gifts and exchange of verbal haapy Independence Day, Happy Republic Day are exchanges and writing and verbally.

There are no house lightings at night. The workers get holiday, but celebrations not like our religious festiwals. Let us try to establish importance of these two most important days as festiwals of the Nation from this year And must ensure that whole nation joins as one and let us start celebration of these two most important national festiwals and the whole nation must look oneand for the time all must forget their religions, castes, creed andthe like. We are one Nation and one Society and let us start bringing all differences kept alive during the last so many decades.

## PEOPLE BELIEVE THEY ARE SAFE IN HANDS OF CONTESTING GROUPS

The British had handed over charge of India ito one of the contesting groups and since then only these contesting groups had been taking part in elections and had been forming government with absolute majority, though by turns. And whatever progress we had made update could be claimed by the contesting groups and after three fourth of century we could claim that end of this century we too shall be standing in line with developed countries. The people are simply voters and they elect not their representatives, but just elect supporters of contesting groups and the winners rule the country. Though the contesting groups are themselves choosing their nominees, yet they claim that they are all representatives of the people and none of the rulers update could say that they had been the dictators.

So whatever progress and development has been claimed, that had been achieved by the contesting groups and now people have faith in the contesting groups are the only people who shall govern the country and there is no alternative. Peoople are losing interest in voting and think whatever may be the percentage of votes, the government formed would work for the welfare of the people and we shall lead ahead in development. The people in government are our own peple there had been no serious allegaqtions against the governments update.

And because of this faith in the contesting groups, people believe that the targets ahead shall be achieved within the next four trenures and we shall actually stand as one of the developed country. We also believe that the contesting groups shall wok differently just to win, but in Parliament each members shall work for welfare of the people as per his own independent conscience, will, wisdom and discretion. They shall keep only service to the people because our whole Constitution gives them such directions.

# ਬਾਲ ਕਹਾਣੀ : ਕੋਸ਼ਿਸ਼ ਤਾਂ ਕਰੀਏ....

ਇੱਕ ਵਾਰ ਦੀ ਗੱਲ ਹੈ। ਦੂਰ ਪਿੰਡ ਵਿੱਚ ਇੱਕ ਲੜਕਾ ਰਹਿੰਦਾ ਸੀ। ਉਸਦਾ ਨਾਂ ਸੀ ਭੀਰੂ। ਭੀਰੂ ਪੜ੍ਹਨ ਵਿੱਚ ਕਾਫ਼ੀ ਹੁਸ਼ਿਆਰ ਤਾਂ ਸੀ ਹੀ, ਪਰ ਬੜਾ ਬੁੱਧੀਮਾਨ ਅਤੇ ਚਤੁਰ ਵੀ ਸੀ। ਬਰਸਾਤ ਦਾ ਮੌਸਮ ਆਇਆ ਤਾਂ ਭੀਰੂ ਨੇ ਸਭ ਦੇ ਭਲੇ ਦੇ ਲਈ ਆਪਣੇ ਸਕੂਲ, ਆਪਣੇ ਘਰ, ਆਪਣੇ ਖੇਤਾਂ, ਆਪਣੇ ਆਲ਼ੇ – ਦੁਆਲ਼ੇ ਤੇ ਦੂਰ – ਦੁਰਾਡੇ ਜੰਗਲਾਂ ਤੇ ਪਹਾੜਾਂ ਵਿੱਚ ਪੌਦੇ ਲਗਾਉਣੇ ਆਰੰਭ ਕੀਤੇ। ਉਸਦੇ ਨਾਲ਼ ਦੇ ਦੋਸਤਾਂ ਨੇ ਉਸ ਦਾ ਮਜਾਕ ਉਡਾਉਣਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਚੰਗਾ – ਮੰਦਾ ਕਿਹਾ, ਉਸਦੀ ਖਿੱਲੀ ਉਡਾਈ। ਪਰ ਭੀਰੂ ਨੂੰ ਆਪਣੀ ਨਿਸ਼ਕਾਮ ਮਿਹਨਤ ਅਤੇ ਪਰਮਾਤਮਾ 'ਤੇ ਪੂਰਾ ਭਰੋਸਾ ਸੀ। ਉਸ ਨੂੰ ਪੂਰਾ ਯਕੀਨ ਸੀ ਕਿ ਇਹਨਾਂ ਪੌਦਿਆਂ ਦੀ ਉਹ ਸੰਭਾਲ ਕਰੇਗਾ ਤੇ ਇਹ ਪੌਦੇ ਇੱਕ ਦਿਨ ਜਰੂਰ ਵਾਤਾਵਰਨ, ਪੰਛੀਆਂ ਤੇ ਜੰਗਲੀ ਜਾਨਵਰਾਂ ਦੇ ਲਈ ਲਾਭਦਾਇਕ ਹੋਣਗੇ। ਸਮਾਂ ਬੀਤਦਾ ਗਿਆ। ਭੀਰੂ ਨੇ ਲਗਾਏ ਹੋਏ ਪੌਦਿਆਂ ਦੀ ਸੱਚੇ ਦਿਲੋਂ ਸੇਵਾ ਕੀਤੀ ਤੇ ਉਹਨਾਂ ਦੀ ਸੰਭਾਲ ਕੀਤੀ। ਉਹ ਗਰਮੀ ਦੇ ਮੌਸਮ ਵਿੱਚ ਵੀ ਪੌਦਿਆਂ ਨੂੰ ਪਾਣੀ ਪਾਉਂਦਾ ਰਿਹਾ। ਹੌਲੀ – ਹੌਲੀ ਉਸਦੇ ਲਗਾਏ ਪੌਦੇ ਵੱਡੇ ਹੋ ਗਏ। ਇਹਨਾਂ ਨੂੰ ਫ਼ਲ ਲੱਗਣੇ ਅਰੰਭ ਹੋ ਗਏ। ਪੰਛੀ ਉਹਨਾਂ 'ਤੇ ਆਲ੍ਹਣੇ ਪਾਉਣ ਲੱਗੇ। ਇੱਕ ਦਿਨ ਭੀਰੂ ਦੀ ਕੋਸ਼ਿਸ਼ ਰੰਗ ਲਿਆਈ। ਉਸ ਵੱਲੋਂ ਕੀਤੇ ਚੰਗੇ ਕੰਮਾਂ ਦੇ ਲਈ ਉਸ ਨੂੰ ਸਨਮਾਨ ਮਿਲਿਆ। ਜਿਹੜੇ ਲੋਕ ਉਸਦਾ ਮਜਾਕ ਉਡਾਉਂਦੇ ਸਨ, ਉਸਦੀ ਵਿਰੋਧਤਾ ਕਰਦੇ ਸਨ, ਹੁਣ ਉਹ ਸ਼ਰਮਿੰਦਾ ਸਨ ਤੇ ਉਹ ਅੱਜ ਵੀਰੂ ਨੂੰ ਵਧਾਈ ਦੇ ਰਹੇ ਸਨ। ਉਹਨਾਂ ਨੇ ਭੀਰੂ ਕੋਲੋਂ ਮਾਫੀ ਵੀ ਮੰਗੀ , ਪਰ ਭੀਰੂ ਨੇ ਕਿਹਾ , " ਨਹੀਂ ! ਮੇਰੇ ਦੋਸਤੋ ! ਭਾਵੇਂ ਮੇਰਾ ਕਿਸੇ ਨੇ ਮਜ਼ਾਕ ਉਡਾਇਆ , ਮੇਰੀ ਖਿੱਲੀ ਉਡਾਈ ਤੇ ਮੇਰੀ ਬਿਨਾਂ ਵਜਾਹ ਵਿਰੋਧਤਾ ਕੀਤੀ, ਪਰ ਮੈਨੂੰ ਪਤਾ ਸੀ ਕਿ ਮੈਂ ਚੰਗੇ ਤੇ ਪਰਉਪਕਾਰੀ ਕੰਮ ਕਰਦਾ ਹਾਂ ਤੇ ਕਰਦਾ ਰਹਾਂਗਾ ; ਭਾਵੇਂ ਕੋਈ ਮੇਰੀ ਵਿਰੋਧਤਾ ਕਰੇ, ਭਾਵੇਂ ਮੇਰੀ ਕੋਈ ਇੱਜਤ ਨਾ ਕਰੇ, ਭਾਵਾਂ ਮੈਨੂੰ ਕੋਈ ਸ਼ਾਬਾਸ਼ ਨਾ ਦੇਵੇ ; ਕਿਉਂਕਿ ਪਰਮਾਤਮਾ ਤਾਂ ਸਭ ਦੇਖ ਹੀ ਰਿਹਾ ਹੈ ਤੇ ਕੁਦਰਤ ਸਾਡੇ ਹਰ ਕਰਮ ਦਾ



ਸਾਨੂੰ ਫ਼ਲ ਜ਼ਰੂਰ ਹੀ ਦਿੰਦੀ ਹੈ। "ਭੀਰੂ ਦੀਆਂ ਇਹ ਗੱਲਾਂ ਸੁਣ ਕੇ ਹੁਣ ਉਸਦੇ ਦੋਸਤ ਬਹੁਤ ਸ਼ਰਮਿੰਦਾ ਸਨ। ਭੀਰੂ ਨੇ ਉਹਨਾਂ ਦੋਸਤਾਂ ਨੂੰ ਮਾਫ ਕਰ ਦਿੱਤਾ ਸੀ।

ਸਿੱਖਿਆ : ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਪਰਉਪ–ਕਾਰ ਭਾਵਨਾ ਨਾਲ਼ ਚੰਗੇ ਕੰਮ ਕਰਦੇ ਰਹਿਣਾ ਚਾਹੀਦਾ ਹੈ, ਭਾਵੇਂ ਕੋਈ ਸਾਡੀ ਸਿਫਤ ਕਰੇ ਜਾਂ ਨਾ ਕਰੇ। ਭਾਵੇਂ ਕੋਈ ਸਾਡੀ ਵਿਰੋਧਤਾ ਕਰੇ, ਪਰ ਸਾਨੂੰ ਚੰਗੀ ਕੋਸ਼ਿਸ਼ ਜਰੂਰ ਕਰਦੇ ਰਹਿਣਾ ਚਾਹੀਦਾ ਹੈ ; ਕਿਉਂਕਿ ਕੋਸ਼ਿਸ਼ ਕਰਨ ਵਾਲ਼ੇ ਹੀ ਇੱਕ ਦਿਨ ਮੰਜ਼ਿਲਾਂ ਸਰ ਕਰਦੇ ਨੇ।



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ

ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

# ਜਿਸ ਡਿਠੈ ਸਿਭ ਦੁਖ ਜਾਇ

ਰਮੇਸ਼ ਬੱਗਾ ਚੋਹਲਾ
ਫੋਨ: 09463132719



ਸਿੱਖ ਧਰਮ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਹਮਾਇਤ ਕਰਦਾ ਆ ਰਿਹਾ ਹੈ। ਦਸਾਂ ਗੁਰੂ ਸਾਹਿਬਾਨਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਜੀਵਨ ਸਿੱਖੀ ਦੇ ਤਿੰਨ ਸੁਨਹਿਰੀ ਸਿਧਾਂਤਾ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜੱਪਣ ਨੂੰ ਪਰਨਾਇਆ ਰਿਹਾ ਹੈ। ਇਨ੍ਹਾਂ ਸਿਧਾਂਤਾ ਦੀ ਤਰਜ਼ਮਾਨੀ ਕਰਨ ਵਾਲੀ ਜੀਵਨ-ਜਾਂਚ ਹੀ ਬਾਬੇਕਿਆਂ ਵੱਲੋਂ ਵਡਿਆਈ ਅਤੇ ਸਲਾਹੀ ਜਾਂਦੀ ਰਹੀ ਹੈ। ਸਿੱਖ ਵਿਚਾਰਧਾਰਾ ਇਨ੍ਹਾਂ ਸਿਧਾਂਤਾ ਤੋਂ ਸੱਖਣੇ ਵਿਹਾਰ ਨੂੰ ਨਾ ਸਿਰਫ ਰੱਦ ਹੀ ਕਰਦੀ ਹੈ, ਸਗੋਂ ਸਜ਼ਾ ਦਾ ਭਾਗੀ ਵੀ ਸਮਝਦੀ ਹੈ। ਜਿਵੇਂ ਗੁਰੂ ਸਾਹਿਬ ਦਾ ਫੁਰਮਾਨ ਹੈ :

ਸੋ ਸਿੱਖ ਸਖਾ ਬੰਧਪੁ ਹੈ ਭਾਈ,
ਜਿ ਗੁਰ ਕੇ ਭਾਣੇ ਵਿਚਿ ਆਵੈ।
ਆਪਣੈ ਭਾਣੇ ਜੋ ਚਲੇ ਭਾਈ,
ਵਿਛੁੜਿ ਚੋਟਾ ਖਾਵੈ।

ਭਾਵ ਜਿਹੜਾ ਵਿਅਕਤੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਦਾ ਧਾਰਨੀ ਬਣ ਜਾਂਦਾ ਹੈ ਉਸ ਦੇ ਲੋਕ ਤੇ ਪ੍ਰਲੋਕ ਦੋਵੇਂ ਲੇਖੇ ਵਿੱਚ ਲੱਗ ਜਾਂਦੇ ਹਨ। ਪਰ ਜਿਹੜਾ ਵਿਅਕਤੀ ਗੁਰੂ ਦੀ ਗੱਲ ਨੂੰ ਅਣਸੁਣੀ ਕਰਕੇ ਕੇਵਲ ਆਪਣੀ ਸਮਝ ਹੀ ਵਰਤੋਂ ਵਿਚ ਲਿਆਉਂਦਾ ਹੈ ਉਸ ਨੂੰ (ਪ੍ਰਮਾਤਮਾ ਤੋਂ) ਵਿਛੋੜੇ ਦੀਆਂ ਸੱਟਾਂ ਹੀ ਖਾਣੀਆਂ ਪੈਂਦੀਆਂ ਹਨ। ਇਨ੍ਹਾਂ ਸੱਟਾਂ ਤੋਂ ਬਚਣ ਲਈ ਗੁਰੂ ਸਾਹਿਬ ਮਨੁੱਖ ਨੂੰ ਜਿਥੇ ਸਦਾਚਾਰੀ ਜੀਵਨ ਜਿਉਣ ਲਈ ਪ੍ਰੇਰਦੇ ਹਨ ਉਥੇ ਪਰਮ ਨਾਲ ਪ੍ਰੇਮ ਦੀ ਹਾਮੀ ਵੀ ਭਰਦੇ ਹਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਰਾਗ ਗਾਉੜੀ, ਸੁਖਮਨੀ, ਪੰਨਾ 266 ਉਪਰ ਤਸਦੀਕ ਕਰਦੇ ਹਨ :

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮ ਜਪਿ ਨਿਰਮਲ ਕਰਮੁ ॥

ਜਿਹੜੇ ਮਨੁੱਖਾਂ ਦੀ ਜੀਵਨ-ਸ਼ੈਲੀ ਇਨ੍ਹਾਂ ਪਾਵਨ ਪੰਕਤੀਆਂ ਦੀ ਅਨੁਸਾਰੀ ਹੋ ਜਾਂਦੀ ਹੈ ਉਹ ਨਾ ਸਿਰਫ ਆਮ ਤੋਂ ਖਾਸ ਹੋ ਜਾਂਦੇ ਹਨ ਸਗੋਂ ਲੋਕਾਈ ਵੱਲੋਂ ਰੱਜ ਕੇ ਸਤਿਕਾਰੇ ਅਤੇ ਪਿਆਰੇ ਵੀ ਜਾਂਦੇ ਹਨ। ਇਨ੍ਹਾਂ ਰਾਹਾਂ ਦੇ ਪਾਂਧੀਆਂ ਦਾ ਜੀਵਨ ਪੰਧ ਬੇਸ਼ੱਕ ਛੁਟੇਰਾ ਹੁੰਦਾ ਹੈ। ਪਰ ਸੇਵਾ, ਸਿਮਰਨ ਤੇ ਸ਼ਰਧਾ ਉਨ੍ਹਾਂ ਨੂੰ ਮੂਹਰਲੀਆਂ ਸਫਾਂ ਵਿੱਚ ਲੈ ਆਉਂਦੀ ਹੈ। ਆਪਣੇ ਗੁਣਾ ਸਦਕਾ, ਉਹ ਗੁਰੂ ਨਾਨਕ ਦੇ ਘਰ ਦੀਆਂ ਵਡਿਆਈਆਂ ਅਤੇ ਪਾਤਸ਼ਾਹੀਆਂ ਦੇ ਪਾਤਰ ਬਣਦੇ ਆ ਰਹੇ ਹਨ। ਇਨ੍ਹਾਂ ਪਾਤਰਾਂ ਵਿੱਚ ਹੀ ਇਕ ਨਾਮ ਹੈ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ। ਦੁਨਿਆਵੀਂ ਤੌਰ ਤੇ (ਗੁਰੂ) ਹਰਿਕ੍ਰਿਸ਼ਨ ਜੀ ਭਾਵੇਂ ਬਚਪਨ ਦੀਆਂ ਬਰੂਹਾਂ ਤੇ (ਸਵਾ ਕੁ ਪੰਜ ਸਾਲ) ਹੀ ਵਿਚਰ ਰਹੇ ਸਨ ਪਰ ਕੁੱਝ ਵਿਸ਼ੇਸ਼ ਗੁਣਾਂ ਅਤੇ ਸਿੱਖੀ ਦੀ ਸਮਝ ਸਦਕਾ ਗੁਰੂ ਪਿਤਾ ਸ੍ਰੀ ਹਰਿ ਰਾਇ ਸਾਹਿਬ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਵਡੇਰੀ ਅਤੇ ਉਚੇਰੀ ਜ਼ਿੰਮੇਵਾਰੀ ਸੰਭਾਲ ਦਿਤੀ। ਆਪ ਜੀ ਵੱਲੋਂ ਜਿਥੇ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ ਉਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿੱਚ ਕੁੱਝ ਅਜਿਹੀਆਂ ਪਿਰਤਾਂ ਵੀ ਪਾਈਆਂ ਜਿਨ੍ਹਾਂ ਸਦਕਾ ਰੋਜ਼ਾਨਾ ਸਰਬਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨ੍ਹਾਂ ਦੇ ਨਾਮ ਦਾ ਜਿਕਰ 'ਜਿਸ ਡਿਠੈ ਸਭਿ ਦੁਖਿ ਜਾਇ' ਕਰਕੇ ਕੀਤਾ ਜਾਂਦਾ ਹੈ।



ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਈ: (ਬ੍ਰਿਕਮੀ ਸੰਮਤ 8 ਸਾਵਣ 1713) ਨੂੰ ਪਿਤਾ ਗੁਰੂ ਹਰਿ ਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਪਰ ਭੱਟ ਵਹੀਆਂ ਦੇ ਹਵਾਲੇ ਨਾਲ ਗੁਰੂ ਜੀ ਦਾ ਪੈਦਾਇਸ਼ੀ ਦਿਹਾੜਾ ਸੰਨ 1652 ਦਾ ਦੱਸਿਆ ਗਿਆ ਹੈ।

ਜਿਥੇ ਗੁਰੂ ਹਰਿਕ੍ਰਿਸ਼ਨ ਜੀ ਦੇ ਮੁੱਖੜੇ ਦੀ ਦਿੱਖ ਮਨਾਂ ਨੂੰ ਮੋਹਣਵਾਲੀ ਸੀ, ਉਥੇ ਉਨ੍ਹਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਜੀ ਦੇ ਬਚਪਨ ਦਾ ਵਧੇਰੇ ਸਮਾਂ ਗੁਰੂ ਹਰਿ ਰਾਇ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਜੀ ਦੇ ਸੁਭਾਅ ਅਤੇ ਨਿਭਾਅ ਉਪਰ ਗੁਰੂ ਪਿਤਾ ਦਾ ਕਾਫੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ (ਗੁਰੂ) ਹਰਿਕ੍ਰਿਸ਼ਨ ਜੀ ਆਈਆਂ ਸੰਗਤਾਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਵਿੱਚ ਜੁਟੇ ਰਹਿੰਦੇ ਸਨ।

ਰਾਜਸੀ ਲਾਹਾ ਲੈਣ ਦੀ ਤਾਕ ਵਿਖ ਧੀਰਮੱਲ ਨੇ ਗੁਰੂ ਘਰ ਦੇ ਖਿਲਾਫ ਉਸ ਵਕਤ ਦੇ ਹਾਕਮ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਵੀ ਧੀਰਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇੱਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇ ਪਾਤਸ਼ਾਹ ਸ੍ਰੀ ਹਰਿਰਾਇ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰੀ ਹੋ ਗਏ। ਰਾਜਪੂਤ ਰਾਜਿਆਂ ਦੀ ਸਲਾਹ ਨਾਲ ਬਾਦਸ਼ਾਹ ਨੇ ਗੁਰੂ ਜੀ ਨੂੰ ਦੁਬਾਰਾ ਚਿੱਠੀ ਭੇਜ ਦਿੱਤੀ। ਚਿੱਠੀ ਦੀ ਭਾਸ਼ਾ ਕੁੱਝ ਨਿਮਰ ਅਤੇ ਆਦਰਮਈ ਹੋਣ ਕਰਕੇ ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲੈ ਲਿਆ। ਕਿਉਂਕਿ ਗੁਰਮਤਿ ਦੇ ਜਾਣਕਾਰ ਹੋਣ ਦੇ ਨਾਲ-ਨਾਲ ਬਾਬਾ ਰਾਮ ਰਾਇ ਹਾਜ਼ਰ-ਜਵਾਬ ਵੀ ਸਨ।

ਜਦੋਂ ਬਾਬਾ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗਦਾਰੀ ਦਾ ਬਾਦਸ਼ਾਹ ਤੇ ਚੰਗਾ ਪ੍ਰਭਾਵ ਪਿਆ। ਪਰ ਜਦੋਂ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਖਾਤਿਰ ਰਾਮ ਰਾਇ ਨੇ ਬਾਬੇ ਦੀ ਬਾਣੀ (ਮਿੱਟੀ ਬੇਈਮਾਨ ਦੀ ......) ਤਬਦੀਲ ਕਰ ਦਿੱਤੀ ਤਾਂ ਉਹ ਗੁਰੂ ਨਾਨਕ ਦੇ ਘਰ ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾਬਖਸ਼ਣਯੋਗ ਗੁਨਾਹ ਬਦਲੇ ਗੁਰੂਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ।

ਰਾਮ ਰਾਇ ਦੀ ਇਸ ਨਾਲਾਇਕੀ ਕਾਰਣ ਗੁਰੂ ਹਰਿ ਰਾਇ ਸਾਹਿਬ ਨੇ 1661 ਈ. (ਸੰਮਤ 1918) ਨੂੰ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸਿੱਖ ਕੌਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨ੍ਹਾਂ ਦੀ ਵਰੇਸ ਸਵਾ ਕੁ ਪੰਜ ਸਾਲ ਦੀ ਬਣਦੀ ਸੀ। ਦੁਨਿਆਵੀ ਤੌਰ ਤੇ ਇਹ ਸਮਾਂ ਹਾਣੀਆਂ ਨਾਲ ਖੇਡਣ-ਮੱਲਣ ਦਾ ਸਮਝਿਆ ਜਾਂਦਾ ਹੈ। ਇਸ ਕਰਕੇ ਇਹ ਵਕਤ ਸਿੱਖਾਂ ਦੀ ਸਿਦਕਦਿਲੀ ਅਤੇ ਸ਼ਰਧਾ ਨੂੰ ਪਰਖਣ ਦਾ ਵੀ ਸੀ। ਕਿਉਂਕਿ ਗੁਰੂ ਘਰ ਦੇ ਦੋਖੀ (ਧੀਰਮੱਲੀਏ ਅਤੇ ਰਾਮ ਰਾਈਏ) ਗੁਰੂ ਘਰ ਨੂੰ ਢਾਹ ਲਗਾਉਣ ਲਈ ਸੰਗਤਾਂ ਵਿਚ ਭਰਮ-ਭੁਲੇਖੇ ਪੈਦਾ ਕਰਨ ਦੇ ਕੋਝੇ ਜਤਨ ਕਰ ਰਹੇ ਸਨ। ਪਰ ਇਨ੍ਹਾ ਭਰਮ-ਭੁਲੇਖਿਆਂ ਦੇ ਬਾਵਜੂਦ ਵੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਮਰ ਛੁਟੇਰੀ ਪਰ ਅਕਲ ਵਡੇਰੀ ਦਾ ਸਬੂਤ ਦਿੰਦਿਆਂ ਗੁਰਿਅਈ ਦੀ ਜ਼ਿੰਮੇਵਾਰੀ (1661 ਤੋਂ 1664) ਸਾਬਤ ਕਦਮਾਂ ਨਾਲ ਨਿਭਾਈ।

ਗੁਰੂ ਹਰਿਕ੍ਰਿਸ਼ਨ ਜੀ ਸੇਵਾ ਅਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਮਾਲਕ ਵੀ ਸਨ। ਜਿਹੜਾ ਵੀ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਹੀ ਬਦਲ ਜਾਂਦਾ ਸੀ। ਪੇਸ਼ਾਵਰ ਦੀਆਂ ਸੰਗਤਾਂ ਵਿਚ ਇਕ ਜਸਵੰਤ ਰਾਇ ਨਾਮਕ ਚੋਰ ਸੰਗਤਾਂ ਦੀਆਂ ਜੇਬਾਂ ਕੱਟਣ ਦੀ ਨੀਅਤ ਨਾਲ ਘੁਸ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਦੇ ਸਨਮੁੱਖ ਹੋਇਆ ਤਾਂ ਗੁਰੂ ਸਾਹਿਬ ਦੇ ਮੁਖਾਰਬਿੰਦ ਚੋਂ ਸੁਭਾਵਿਕ ਹੀ ਨਿਕਲ ਗਿਆ :-

'ਚੋਰ ਦੀ ਹਮਾ ਭਰੇ ਨਾ ਕੋਇ ॥
ਚੋਰ ਕੀਆ ਚੰਗਾ ਕਿਉ ਹੋਇ ॥

ਇਸ ਮਹਾਂਵਾਕ ਨੂੰ ਸੁਣਦਿਆਂ ਹੀ ਜਸਵੰਤ ਰਾਇ ਦੇ ਨੇਤਰਾਂ ਵਿਚੋਂ ਪਾਣੀ ਆ ਗਿਆ ਅਤੇ ਉਸ ਨੇ ਚੋਰੀ ਤੋਂ ਤੋਬਾ ਕਰ ਲਈ। ਇਸ ਤਰ੍ਹਾਂ ਇਕ ਗੇਂਦਾ ਮਲ ਨਾਂ ਦੇ ਜੁਆਰੀਏ ਨੇ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਅਤੇ ਛੱਡੇ ਹੀ ਨਾ। ਗੁਰਦੇਵ ਨੇ ਕਿਹਾ, ''ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।'' ਗੇਂਦਾ ਮਲ ਦਾ ਅੰਦਰਲਾ ਮਨ ਹਿਲ ਗਿਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮੁਆਫੀ ਮੰਗ ਲਈ ਅਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਰਾਮ ਰਾਇ ਦੀਆਂ ਸ਼ਿਕਾਇਤਾਂ ਦੇ ਅਸਰ ਕਾਰਣ ਅਤੇ ਕੁੱਝ ਆਪਣੇ ਮਨ ਦੇ ਤੌਖਲੇ ਨੂੰ ਮਿਟਾਉਣ ਖਾਤਿਰ ਉਸ ਵਕਤ ਦੇ ਹਾਕਮ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖਾਸ ਅਫਸਰ ਮਿਰਜ਼ਾ ਜੈ ਸਿੰਘ ਦੀ ਡਿਊਟੀ ਲਗਾਈ ਜੋ ਗੁਰੂ ਘਰ ਪ੍ਰਤੀ ਕੁੱਝ ਸਤਿਕਾਰਤ ਭਾਵਨਾ ਰੱਖਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਵਕਤ ਦੇ ਕੁੱਝ ਮੁੱਖੀ ਸਿੱਖਾਂ ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਅਤੇ ਕੁੱਝ ਹੋਰ ਸਲਾਹਕਾਰਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਇਸ ਹਾਮੀ ਵਜੋਂ ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਤਾਂ ਹੋ ਗਏ ਪਰ ਉਨ੍ਹਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫੈਸਲਾ ਵੀ ਸੁਣਾ ਦਿੱਤਾ। ਸੰਗਤਾਂ ਨੇ ਗੁਰੂ ਸਾਹਿਬ ਦੇ ਫੈਸਲੇ ਤੇ ਆਪਣੀ ਮੋਹਰ ਲਗਾ ਦਿੱਤੀ।

ਬਾਕੀ ਹਿਸਾ ਸਫਾ 61 ਤੇ ਪੜ੍ਹੋ

### 60 ਸਫ਼ੇ ਦੀ ਬਾਕੀ

ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਅਤੇ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ, ਪੰਜਾਬਾ ਮਸੰਦ, ਭਾਈ ਦਿਆਲਾ ਜੀ, ਮੁਨਸ਼ੀ ਸੰਗਤੀਆਂ, ਦੀਵਾਨ ਸਤੀ ਰਾਮ ਅਤੇ ਹੋਰ ਸੰਗਤਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਜਿਥੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ, ਉਥੇ ਗੁਰੂ ਨਾਨਕ ਦੇ ਘਰ ਦਾ (ਸਾਂਝੀਵਾਲਤਾ) ਸੰਦੇਸ਼ ਵੀ ਦੇਈ ਜਾ ਰਹੇ ਸਨ।

ਦਿੱਲੀ ਦਾ ਸਫਰ ਤਹਿ ਕਰਦਿਆਂ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰੇ ਪਹੁੰਚੇ ਤਾਂ ਇਥੋਂ ਦਾ ਇਕ ਹੰਕਾਰੀ ਪੰਡਤ ਸੰਗਤਾਂ ਨੂੰ ਕਹਿਣ ਲੱਗਾ ਕਿ "ਤੁਹਾਡੇ ਗੁਰੂ ਜੀ ਆਪਣੇ ਆਪ ਨੂੰ ਹਰਿਕ੍ਰਿਸ਼ਨ ਕਹਾਉਂਦੇ ਹਨ। ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣੇ ਸਮੇਂ ਵਿਚ ਗੀਤਾ ਲਿਖੀ ਸੀ ਜੇਕਰ ਤੁਹਾਡੇ ਗੁਰੂ ਸੱਚਮੁਚ ਹੀ ਪਹੁੰਚੇ ਹੋਏ ਹਨ ਤਾਂ ਇਕ ਗੀਤਾ ਦੇ ਅਰਥ ਕਰਕੇ ਦਿਖਾ ਦੇਣ।" ਇਹ ਗੱਲ ਜਦੋਂ ਗੁਰੂ ਸਾਹਿਬ ਕੋਲ ਆਈ ਤਾਂ ਉਨ੍ਹਾਂ ਨੇ ਪੰਡਿਤ ਨੂੰ ਕਿਹਾ ਕਿ "ਭਾਈ ! ਮੇਰੇ ਅਰਥ ਕਰਨ ਨਾਲ ਹੋ ਸਕਦਾ ਹੈ ਕਿ ਤੇਰੀ ਤਸੱਲੀ ਨਾ ਹੋਵੇ ਤੂੰ ਜੇਕਰ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ ਦਾ ਨਜ਼ਾਰਾ ਤੱਕਣਾ ਹੈ ਤਾਂ ਇਸ ਕਸਬੇ ਦੇ ਕਿਸੇ ਵਿਅਕਤੀ ਨੂੰ ਜਿਸ ਨੂੰ ਤੂੰ ਸਭ ਤੋਂ ਵੱਧ ਮੂਰਖ ਸਮਝਦਾ ਹੈਂ, ਲੈ ਕੇ ਮੇਰੇ ਕੋਲ ਆ ਜਾ, ਉਹ ਵਿਅਕਤੀ ਹੀ ਤੇਰੇ ਸ਼ੰਕਿਆਂ ਨੂੰ ਨਵਿਰਤ ਕਰ ਦੇਵੇਗਾ।

ਪੰਡਿਤ ਇਕ ਛੱਜੂਨਾਮਕ ਝੀਉਰ ਨੂੰ ਗੁਰੂ ਸਾਹਿਬ ਕੋਲ ਲੈ ਆਇਆ। ਇਹ ਝੀਊਰ ਜਮਾਂਦਰੂ ਗੂੰਗਾ ਸੀ। ਬਾਬੇ ਨਾਨਕ ਦੀ ਰਹਿਮਤ ਸਦਕਾ ਛੱਜੂ ਇਕ ਸੁਲਝੇ ਹੋਏ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰਨ ਲੱਗ ਪਿਆ। ਇਸ ਵਰਤਾਰੇ ਨਾਲ ਜਿਥੇ ਪੰਡਿਤ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਉਥੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦੇ ਮਾਣ-ਸਤਿਕਾਰ ਵਿੱਚ ਵੀ ਚੋਖਾ ਵਾਧਾ ਹੋ ਗਿਆ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਉਸ ਨੇ ਗੁਰੂ ਸਾਹਿਬ ਦਾ ਪੜਾਅ ਵੀ ਆਪਣੇ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਜੋਤ ਨੂੰ ਪਰਖਣ ਦੀ ਠਾਣ ਲਈ। ਉਸ (ਰਾਣੀ) ਨੇ ਅਮੀਰ ਘਰਾਣਿਆਂ ਦੀਆਂ ਕੁੱਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਅਤੇ ਕਹਿਣ ਲੱਗੀ ਕਿ, "ਜੇਕਰ ਗੁਰੂ ਅੰਤਰਜ਼ਾਮੀ ਹੋਵੇਗਾ ਤਾਂ ਉਹ ਸਿਰਫ ਮੇਰੀ ਹੀ ਗੋਦ ਵਿੱਚ ਬੈਠੇਗਾ।" ਗੁਰੂ ਸਾਹਿਬ ਬਾਕੀ ਦੀਆਂ ਸਾਰੀਆਂ ਔਰਤਾਂ ਕੋਲੋਂ ਲੰਘ ਕੇ ਰਾਣੀ ਦੀ ਗੋਦ ਵਿੱਚ ਜਾ ਬੈਠੇ। ਰਾਣੀ ਨੇ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਵਹਿਣ ਲੱਗ ਪਏ।

ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵਾਂਗ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਕਿਸਮ ਦਾ ਬਾਦਸ਼ਾਹ ਹੈ ਅਤੇ ਗੁਰੂ ਨਾਨਕ ਦਾ ਘਰ ਕੇਵਲ ਤੇ ਕੇਵਲ ਧਰਮੀ ਬੰਦਿਆਂ ਦੀ ਹੀ ਤਰਫਦਾਰੀ ਕਰਦਾ ਹੈ। ਇਸ ਲਈ ਸਾਡਾ ਅਤੇ ਬਾਦਸ਼ਾਹ ਦਾ ਮਿਲਾਪ ਉਚਿਤ ਨਹੀਂ ਹੈ। ਇਥੋਂ ਤੱਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਾਉਣ ਹਿੱਤ ਕਈ ਬੇਸ਼ਕੀਮਤੀ ਤੋਹਫੇ ਵੀ ਭੇਜੇ ਪਰ ਸਾਧ ਬਚਨ ਅਟੱਲ ਹੀ ਰਹੇ। ਗੁਰੂ ਜੀ ਨੇ ਫਾਰਸੀ ਲਿਪੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਝ ਕੀ ਵਾਰ ਦਾ ਇਹ ਸਲੋਕ ਵੀ ਔਰੰਗਜ਼ੇਬ ਨੂੰ ਭੇਜਿਆ :-

'ਕਿਆ ਖਾਧੈ ਕਿਆ ਪੈਧੈ ਹੋਇ
ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜ
ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ, ਕਿਆ ਸੇਜ ਸੁਖਾਲੀ
ਕੀਜਹਿ ਭੋਗ ਬਿਲਾਸ ॥

ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿੱਲੀ ਪਹੁੰਚੇ ਤਦ ਉਸ ਸਮੇਂ ਉਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬੀਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੀ ਆਪਣੀ ਆਯੂ ਵੀ ਅਜੇ 8 ਕੁ ਸਾਲ ਦੀ ਹੀ ਸੀ। ਇਸ ਆਯੂ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ। ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਆਪ ਜੀ ਦੀ ਸਿਹਤ ਨੂੰ ਵੀ ਚੇਚਕ ਦੀ ਨਾਮੁਰਾਦ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ। ਤੇਜ਼ਬੁਖਾਰ ਹੋਣ ਕਰਕੇ ਆਪ ਜੀ ਨੂੰ ਆਪਣਾ ਅੰਤਲਾ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ।

ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਜਮਨਾ ਨਦੀ ਕਿਨਾਰੇ ਇਕ ਖੁੱਲ੍ਹੀ ਥਾਂ ਤੇ ਡੇਰਾ ਜਾ ਲਾਇਆ। ਇਧਰ ਜਦੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਪਣੇ ਗੁਰੂ ਸਾਹਿਬ ਦੇ ਬੀਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀਆਂ।

ਸੰਗਤਾਂ ਨੂੰ ਸੰਬੋਧਨ ਕਰਕੇ ਆਪ ਜੀ ਨੇ ਕਿਹਾ ਕਿ ਸਰੀਰਾਂ ਦੇ ਮਿਲਾਪ ਥੋੜ੍ਹ-ਚਿਰੇ ਹੁੰਦੇ ਹਨ, ਪਰ ਗੁਰ ਉਪਦੇਸ਼ ਸਦੀਵੀ ਹੁੰਦਾ ਹੈ। ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰ ਉਪਦੇਸ਼ ਨੂੰ ਅਪਨਾਉਣ ਅਤੇ ਕਮਾਉਣ ਦੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਵਾਂ ਵਾਰਿਸ (ਗੁਰੂ) ਬਾਬੇ ਬਕਾਲੇ ਵਿਚ ਰਹਿੰਦਾ ਹੈ। ਅਖੀਰ 30 ਮਾਰਚ 1664 ਈ (ਸੰਮਤ 1721) ਨੂੰ ਗੁਰੂ ਜੀ ਜਮਨਾ ਦੇ ਕੰਢੇ ਜੋਤੀ ਜੋਤ ਸਮਾ ਗਏ।

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**

# ਜਦੋਂ ਮੈਂ ਲੈਬ ਤੋਂ ਵੱਡਾ ਡਿਸਕਾਊਂਟ ਲਿਆ

ਮੇਜਰ ਸਿੰਘ ਨਾਭਾ
(ਪਟਿਆਲਾ)



ਕਿਸੇ ਵੀ ਬਿਮਾਰੀ ਦਾ ਇਲਾਜ ਕਰਾਉਣਾ ਆਮ ਲੋਕਾਂ ਲਈ ਸੌਖਾ ਨਹੀਂ ਕਿਉਂ ਕਿ ਟੈਸਟ, ਦਵਾਈਆਂ, ਇੰਜੈਕਸ਼ਨ, ਥਰੇਪੀਆਂ ਆਦਿ ਬਹੁਤ ਮਹਿੰਗੀਆਂ ਹਨ। ਪੰਜਾਬ ਸਰਕਾਰ ਨੇ ਸਾਰਿਆਂ ਲਈ ਦਸ ਲੱਖ ਤੱਕ ਦਾ ਇਲਾਜ਼ ਫਰੀ ਕਰਨ ਦਾ ਐਲਾਨ ਕੀਤਾ ਹੈ ਜੋ ਵਧੀਆ ਗੱਲ ਹੈ। ਇਸ ਨਾਲ ਬਹੁਤ ਸਾਰੇ ਲੋੜਵੰਦਾਂ ਨੂੰ ਜਰੂਰ ਰਾਹਤ ਮਿਲੇਗੀ। ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ਇਥੇ ਥਰੇਪੀ ਲਈ ਦਵਾਈ ਅਤੇ ਪੈਟ ਡਾਟਾ ਸਕੇਨ ਲਈ ਲੰਬੀ ਵੇਟਿੰਗ ਚਲ ਰਹੀ ਹੈ। ਇਲਾਜ਼ ਲਈ ਤੁਰੰਤ ਥਰੇਪੀ ਲਈ ਸਤੰਬਰ 24 ਵਿਚ ਮੈਂ ਜਰਮਨ ਤੋਂ ਇੱਕ ਦਿੱਲੀ ਦੀ ਕੰਪਨੀ ਰਾਹੀਂ ਦੋ ਲੱਖ ਅਠਾਈ ਹਜ਼ਾਰ ਸੱਤ ਸੌ ਚੁਰਾਸੀ ਰੁਪਏ ਦੀ ਦਵਾਈ ਮੰਗਵਾਈ। ਇਸ ਤੋਂ ਬਾਅਦ ਨਵੰਬਰ ਵਿੱਚ ਪੀ.ਜੀ.ਆਈ. ਵਲੋਂ ਵੀਹ ਹਜ਼ਾਰ ਦੀ ਉਹੋ ਦਵਾਈ ਉਪਲੱਬਧ ਹੋਣ ਕਾਰਨ ਥਰੈਪੀ ਹੋ ਗਈ। ਅਗਲੀ ਥਰੈਪੀ ਲਈ ਜੂਨ 25 ਤੱਕ ਦਵਾਈ ਨਾ ਆਉਣ ਕਾਰਨ ਗੈਪ ਪੈਣ ਕਾਰਨ ਡਾਕਟਰ ਨੇ ਦੁਬਾਰਾ ਪੈਟ ਡਾਟਾ ਸਕੇਨ ਕਰਾ ਕੇ ਅਗਲੇ ਟਰੀਟਮੈਂਟ ਨੂੰ ਕਰਨ ਲਈ ਕਿਹਾ। ਇਸ ਟੈਸਟ ਲਈ ਵੀ ਪੀ.ਜੀ.ਆਈ. ਵਿੱਚ ਲੰਬੀ ਉਡੀਕ ਕਰਨੀ ਪੈਣੀ ਸੀ, ਇਸ ਲਈ ਮੈਨੂੰ ਬਾਹਰੋਂ ਪ੍ਰਾਈਵੇਟ ਲੈਬ ਤੋਂ ਇਹ ਸਕੈਨ ਕਰਾਉਣਾ ਪਿਆ। ਮੈਂ ਪਹਿਲਾਂ ਵੀ ਇੱਕ ਵਾਰ ਇਥੋਂ ਜਨਵਰੀ 25 'ਚ ਸਕੇਨ ਕਰਾਇਆ ਸੀ। ਹੁਣ ਛੇ ਮਹੀਨੇ ਬਾਅਦ ਮੈਂ ਉਸੇ ਲੈਬ ਤੋਂ ਫਿਰ ਸਕੈਨ ਦੀ ਤਾਰੀਖ ਲੈ ਲਈ ਅਤੇ ਉਨ੍ਹਾਂ ਰੇਟ ਡਿਸਕਾਊਂਟ ਕਰਕੇ ਵੀਹ ਹਜ਼ਾਰ ਦੱਸਿਆਂ। ਮੈਂ ਜਦੋਂ ਪਿਛਲੇ ਵਾਰ ਦੇ ਰੇਟ ਅਠਾਰਾਂ ਹਜ਼ਾਰ ਬਾਰੇ ਗੱਲ ਕੀਤੀ ਤਾਂ ਅਟੈਂਡੈਂਟ ਨੇ ਪੁੱਛ ਕੇ ਰੇਟ ਦੱਸਣ ਦੀ ਗੱਲ ਕਹੀ। ਥੋੜੀ ਦੇਰ ਬਾਅਦ ਅਠਾਰਾਂ ਹਜ਼ਾਰ ਵਿਚ ਹੀ ਕਰਨ ਦਾ ਮੈਸ਼ੇਜ਼ ਆ ਗਿਆਂ। ਮੈਂ ਨਿਸਚਿਤ ਦਿਨ ਲੈਬ ਤੇ ਗਿਆਂ ਤਾਂ ਕਾਊਂਟਰ ਤੇ ਬੈਠੇ ਅਟੈਂਡੈਂਟ ਨੇ ਫਾਰਮ ਭਰ ਕੇ 27500 ਰੁ: ਭਰਨ ਲਈ ਕਿਹਾ। ਮੈਂ ਉਸ ਨੂੰ ਜਦੋਂ ਮੈਸ਼ੇਜ਼ ਦਿਖਾਇਆ ਤਾਂ ਉਹ ਅੰਦਰ ਜਾ ਕੇ ਗੱਲ ਕਰ ਵਾਪਿਸ ਆ ਅਠ੍ਹਾਰਾਂ ਹਜ਼ਾਰ ਭਰਾਉਣ ਲਈ ਸਹਿਮਤ ਹੋ ਗਿਆ। ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਆਮ ਲੋਕ ਤਾਂ ਮੰਗੇ ਪੈਸੇ ਭਰਾ ਹੀ ਦਿੰਦੇ ਹੋਣਗੇ, ਜੇ ਮੈਨੂੰ ਵੀ ਪਤਾ ਨਾ ਹੁੰਦਾ ਤਾਂ ਮੈਂ ਵੀ ਪੂਰ ਹੀ ਭਰਵਾ ਦੇਣੇ ਸੀ। ਇਸ ਤਰ੍ਹਾਂ 9500 ਸੌ ਦਾ ਡਿਸਕਾਊਂਟ ਦੇਣਾ ਆਮ ਲੋਕਾਂ ਲਈ ਜਾਣਕਾਰੀ ਨਾ ਹੋਣਾ ਲੁੱਟ ਦਾ ਕਾਰਨ ਹੋ ਸਕਦਾ ਹੈ। ਵੈਸੇ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ਼ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਟੈਸਟਾਂ ਦੇ ਰੇਟ ਵਿਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ। ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਮਿਲਣ ਕਰਕੇ ਇਨ੍ਹਾਂ



ਲੋਕਾਂ ਦੇ ਦਿਨਾਂ ਵਿਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ, ਜ਼ਿੰਦਗੀ ਦੇ ਅਖੀਰੀ ਸਮੇਂ ਵਿਚ ਇਨ੍ਹਾਂ ਦੀ ਜ਼ਮੀਰ ਜਰੂਰ ਫਿਟਲਾਨ੍ਹਤਾਂ ਦੇਵੇਗੀ ਜਦੋਂ ਇਹ ਸਾਰਾ ਪੈਸਾ ਛੱਡ ਕੇ ਇਨ੍ਹਾਂ ਨੂੰ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ। ਇਸ ਤਰ੍ਹਾਂ ਮਰੀਜ਼ਾਂ ਨਾਲ ਐਨਾ ਧੋਖਾ ਕਰਨਾ ਡਾਕਟਰੀ ਪੇਸ਼ੇ ਨਾਲ ਖਿਲਵਾੜ ਹੀ ਹੈ। ਭਾਈ ਕਨ੍ਹਈਆ ਦੀ ਸੋਚ ਨੂੰ ਕਿਉਂ ਨਹੀਂ ਇਹ ਲੋਕ ਵਿਚਾਰਦੇ। ਜਦੋਂ ਕਿ ਆਮ ਲੋਕਾਂ ਦੀ ਮਹੀਨੇ ਦੀ ਏਨੀ ਕਮਾਈ ਵੀ ਨਹੀਂ ਹੁੰਦੀ ਹੁਣ ਦੱਸੋ ਕਿ ਇਹੋ ਜਿਹੀਆਂ ਬਿਮਾਰੀਆਂ ਦਾ ਇਲਾਜ਼ ਕਿਵੇਂ ਕਰਵਾਇਆ ਜਾਵੇ।

ਕੇਂਦਰ ਸਰਕਾਰ ਨੇ ਕਈ ਵੱਡੇ-ਵੱਡੇ ਫੈਸਲੇ ਲਏ ਹਨ ਪਰ ਲੈਬ ਟੈਸਟਾਂ ਦੇ ਰੇਟ ਸਰਕਾਰੀ ਰੇਟਾਂ ਤੋਂ ਕਈ ਗੁਣਾਂ ਵੱਧ ਹੋਣਾ ਜਨਤਾ ਦੀ ਲੁੱਟ ਕਰਨ ਨੂੰ ਖੁੱਲ੍ਹ ਦੇ ਰਹੀ ਹੈ। ਸਰਕਾਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ ਜਦੋਂ ਕਿ ਅਸਲ ਕੀਮਤ ਬਹੁਤ ਘੱਟ ਹੁੰਦੀ ਹੈ। ਭੋਲੇ ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ। ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਅਤੇ ਟੈਸਟਾਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ ਅਤੇ ਕਿਵੇਂ ਵੱਧ ਤੋਂ ਵੱਧ ਡਿਸਕਾਊਂਟ ਲਵੇ ਕਿਉਂ ਕਿ ਡਿਸਕਾਊਂਟ ਦੁਕਾਨ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਸਾਰੇ ਵਰਤਾਰੇ ਬਾਰੇ ਜਾਗਰੂਕ ਹੋਣ ਦੀ ਲੋੜ ਹੈ। ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨਾ ਹੈ ਇਹ ਤਹਿ ਕਰਨ ਲਈ ਦਿਸ਼ਾ ਨਿਰਦੇਸ਼ ਦੇਣੇ ਚਾਹੀਦੇ ਹਨ ਜੇ ਕੋਈ ਕੰਪਨੀ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸਦੀ ਮਾਨਤਾ/ਲਾਇਸੰਸ ਕੈਂਸ਼ਲ ਕਰ ਦੇਣਾ ਚਾਹੀਦਾ ਹੈ।


ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ, ਟੈਸਟਾਂ ਅਤੇ ਹੋਰ ਡਾਕਟਰੀ ਸ਼ਾਜੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ।

# ਸੁਖਦੇਵ ਸਿੰਘ ਸ਼ਾਂਤ ਦੀ ਪੁਸਤਕ 'ਗਿਆਰਾਂ ਭੱਟ ਸਾਹਿਬਾਨ' ਮਨੁੱਖ ਤੋਂ ਸਿੱਖ ਬਣਨ ਲਈ ਮਾਰਗ ਦਰਸ਼ਕ

ਉਜਾਗਰ ਸਿੰਘ



ਸੁਖਦੇਵ ਸਿੰਘ ਸ਼ਾਂਤ ਸਿੱਖ ਵਿਚਾਰਧਾਰਾ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਪ੍ਰਤੀਬੱਧਤਾ ਨਾਲ ਪੁਸਤਕਾਂ ਲਿਖਕੇ ਮਨੁੱਖਤਾ ਨੂੰ ਜਾਗਰੂਕ ਕਰਨ ਵਿੱਚ ਵਿਲੱਖਣ ਯੋਗਦਾਨ ਪਾ ਰਿਹਾ ਹੈ। ਹੁਣ ਤੱਕ ਉਸ ਦੀਆਂ ਤੇਰਾਂ ਧਾਰਮਿਕ ਰੰਗ ਵਿੱਚ ਰੰਗੀਆਂ ਹੋਈਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਆਮ ਤੌਰ 'ਤੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀ ਬਾਣੀ ਬਾਰੇ ਹੀ ਬਹੁਤਾ ਸਾਹਿਤ ਲਿਖਿਆ ਗਿਆ ਹੈ, ਪ੍ਰੰਤੂ ਸੁਖਦੇਵ ਸਿੰਘ ਸ਼ਾਂਤ ਦੀ ਖ਼ੂਬੀ ਹੈ ਕਿ ਉਸਨੇ ਗੁਰੂ ਸਾਹਿਬ ਦੀ ਬਾਣੀ ਤੋਂ ਇਲਾਵਾ ਪਹਿਲਾਂ ਭਗਤਾਂ ਅਤੇ ਹੁਣ ਭੱਟ ਸਾਹਿਬਾਨ ਦੀ ਬਾਣੀ ਬਾਰੇ ਲਿਖਿਆ ਹੈ। ਇਸ ਲਈ ਉਹ ਵਧਾਈ ਦਾ ਪਾਤਰ ਹੈ। 'ਗਿਆਰਾਂ ਭੱਟ ਸਾਹਿਬਾਨ' ਉਸਦੀ ਚੌਧਵੀਂ ਪੁਸਤਕ ਹੈ। ਇਸ ਤੋਂ ਇਲਾਵਾ ਉਸਦੇ ਚਾਰ ਗੁਰਮਤਿ ਨਾਲ ਸੰਬੰਧਤ ਟ੍ਰੈਕਟ ਵੀ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਪੁਸਤਕ ਨੂੰ ਉਸਨੇ ਚਾਰ ਅਧਿਆਇ ਵਿੱਚ ਵੰਡਿਆ ਹੈ। ਲੇਖਕ ਨੇ 'ਗਿਆਰਾਂ ਭੱਟ ਸਾਹਿਬਾਨ' ਦੇ ਸਵੱਈਏ ਅਰਥਾਤ ਭੱਟ-ਕਾਵਿ ਨੂੰ ਬਾਣੀ ਦਾ ਹੀ ਦਰਜਾ ਦਿੱਤਾ ਹੈ, ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਸਵੱਈਏ ਸ੍ਰੀ ਗੁਰੂ ਗ੍ਰੰਥ ਵਿੱਚ ਸ਼ਾਮਲ ਕਰਕੇ ਬਾਣੀ ਦਾ ਦਰਜਾ ਦੇ ਦਿੱਤਾ ਹੈ, ਭਾਵੇਂ ਇਹ ਸਵੱਈਏ ਗੁਰੂ ਸਾਹਿਬਾਨ ਦੀ ਉਸਤਤ ਵਿੱਚ ਹੀ ਕਹੇ ਗਏ ਹਨ। ਮੁਖ ਤੌਰ 'ਤੇ ਸਵੱਈਏ ਛੰਦ ਦੀ ਵਰਤੋਂ ਕੀਤੀ ਗਈ ਹੈ, ਪ੍ਰੰਤੂ ਰਡ, ਝੋਲਨਾ ਅਤੇ ਸੋਰਠਾ ਛੰਦ ਵੀ ਵਰਤੇ ਗਏ ਹਨ। ਸਵੱਈਆਂ ਦੀ ਸਾਹਿਤਕ ਅਮੀਰੀ ਕਾਵਿ-ਅਲੰਕਾਰ, ਕਾਵਿ-ਰਸ, ਕਾਵਿ-ਰੂਪ, ਕਾਵਿ-ਛੰਦ ਅਤੇ ਅਖਾਣਾ-ਮੁਹਾਵਰਿਆਂ ਦੀ ਵਰਤੋਂ ਤੋਂ ਪਤਾ ਲੱਗਦੀ ਹੈ। ਪਹਿਲੇ ਅਧਿਆਇ 'ਭੱਟ ਸਾਹਿਬਾਨ ਦੀ ਗਿਣਤੀ, ਉਨ੍ਹਾਂ ਦੇ ਮੁਖੀ ਅਤੇ ਸਵੱਈਏ ਉਚਾਰਨ ਦੇ ਸਮੇਂ-ਸਥਾਨ ਬਾਰੇ' ਵਿੱਚ ਸੁਖਦੇਵ ਸਿੰਘ ਸ਼ਾਂਤ ਨੇ ਉਦਾਹਰਣਾ ਦੇ ਵੱਖ-ਵੱਖ ਵਿਦਵਾਨਾ ਦੀ ਜਾਣਕਾਰੀ ਦਾ ਅਧਿਐਨ ਕਰਨ ਤੋਂ ਬਾਅਦ ਇਹ ਸਾਬਤ ਕੀਤਾ ਹੈ ਕਿ ਭੱਟ ਸਾਹਿਬਾਨ ਦੀ ਗਿਣਤੀ ਗਿਆਰਾਂ ਹੀ ਹੈ, ਭਾਵੇਂ ਕਈ ਵਿਦਵਾਨਾ ਨੇ ਇਹ ਗਿਣਤੀ ਵੱਖਰੀ-ਵੱਖਰੀ ਦਿੱਤੀ ਹੈ, ਕਿਉਂਕਿ ਕਈ ਥਾਵਾਂ ਤੇ ਇੱਕੋ ਨਾਮ ਨੂੰ ਵੱਖ-ਵੱਖ ਤਰ੍ਹਾਂ ਲਿਖਿਆ ਗਿਆ ਹੈ, ਜਿਵੇਂ ਕਲਸਹਾਰ, ਕਲ੍ਹ ਅਤੇ ਟੱਲ ਲਿਖਿਆ ਹੈ। ਸਵੱਈਏ ਦੀ ਕੁਲ ਗਿਣਤੀ ਵੀ 123 ਦੱਸੀ ਹੈ। ਵੱਖ-ਵੱਖ ਭੱਟ ਸਾਹਿਬਾਨ ਨੇ ਵੱਖ-ਵੱਖ ਸਮੇਂ ਵੱਖ-ਵੱਖ ਗੁਰੂ ਸਾਹਿਬਾਨ ਦੀ ਪ੍ਰਸ਼ੰਸਾ ਵਿੱਚ ਸਵੱਈਏ ਲਿਖੇ ਤੇ ਲਿਖਤੀ ਰੂਪ ਵਿੱਚ ਸੰਭਾਲੇ। ਇਨ੍ਹਾਂ ਨੇ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਗੁਰੂ ਸਾਹਿਬਾਨ ਦੀ ਸਿਫ਼ਤ ਸਲਾਹ ਵਿੱਚ ਪਹਿਲਾਂ ਹੀ ਲਿਖੇ ਹੋਏ ਸਨ। ਪੰਜਵੇਂ ਗੁਰੂ ਸਾਹਿਬ ਨੂੰ ਗੋਇੰਦਵਾਲ ਸਾਹਿਬ ਵਿਖੇ ਹਾਜ਼ਰ ਹੋ ਕੇ ਪੜ੍ਹੇ, ਗਾਏ ਅਤੇ ਸੁਣਾਏ। ਭੱਟ ਕਲਸਹਾਰ ਜੀ, ਭੱਟ ਮਥੁਰਾ ਜੀ ਅਤੇ ਭੱਟ ਹਰਿਬੰਸ ਜੀ ਨੇ ਪੰਜਵੇਂ ਗੁਰੂ ਜੀ ਦੀ ਉਸਤਤ ਵਿੱਚ 21 ਸਵੱਈਆਂ ਦੀ ਰਚਨਾ ਕੀਤੀ ਸੀ। ਭੱਟ ਕਲਸਹਾਰ ਜੀ ਨੂੰ ਮੁਖ ਭੱਟ ਜੀ ਵਜੋਂ ਮੰਨਿਆਂ ਗਿਆ ਹੈ, ਕਿਉਂਕਿ ਉਸਨੇ ਸਭ ਤੋਂ ਵੱਧ 54 ਸ਼ਬਦ ਲਿਖੇ ਹਨ, ਪ੍ਰੰਤੂ ਸਭ ਤੋਂ ਪਹਿਲਾ ਭੱਟ ਭਿਖਾ ਜੀ ਸਨ। ਦੂਜਾ ਅਧਿਆਇ 'ਗਿਆਰਾਂ ਭੱਟ ਸਾਹਿਬਾਨ ਦੇ ਜੀਵਨ ਸੰਬੰਧੀ' ਹੈ। ਭੱਟ ਗੌੜ ਬ੍ਰਾਹਮਣ ਆਪਣੇ ਜਜਮਾਨਾ ਦੀਆਂ ਬੰਸਾਵਲੀਆਂ ਵਹੀਆਂ ਵਿੱਚ ਦਰਜ ਕਰਦੇ ਸਨ। ਬਹੁਤੇ ਸੁਲਤਾਨਪੁਰ ਲੋਧੀ ਆ ਕੇ ਵਸ ਗਏ। ਭੱਟ ਭਿਖਾ ਜੀ ਸੱਚ ਦੀ ਭਾਲ ਵਿੱਚ ਐਧਰ ਓਧਰ ਭੱਟਕਦੇ ਸ੍ਰੀ ਗੁਰੂ ਅਮਰ ਦਾਸ ਜੀ ਕੋਲ ਪਹੁੰਚ ਗਏ। ਉਥੇ ਰਹਿਕੇ ਉਸਨੇ ਗੁਰੂ ਜੀ ਦੀ ਸਿਫ਼ਤ ਵਿੱਚ ਸਵੱਈਏ ਲਿਖੇ।




ਪਹਿਲੇ 10 ਭੱਟ ਸਾਹਿਬਾਨ ਭੱਟ ਭਿਖਾ ਜੀ ਦੇ ਸੰਬੰਧੀ ਹੀ ਸਨ। ਭੱਟ ਨਲ੍ਹਾ ਦਾ ਸਿੱਧਾ ਸੰਬੰਧ ਨਹੀਂ ਸੀ। ਭੱਟ ਭਿਖਾ ਜੀ ਦੇ ਤਿੰਨ ਸਪੁੱਤਰ ਭੱਟ ਮਥੁਰਾ ਜੀ, ਭੱਟ ਜਾਲਪ ਜੀ ਤੇ ਭੱਟ ਕੀਰਤ ਜੀ ਸਨ, ਭੱਟ ਮਥੁਰਾ ਜੀ ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਦਰਸ਼ਨਾ ਲਈ ਆਏ ਤੇ 20-25 ਸਾਲ ਦੀ ਉਮਰ ਵਿੱਚ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤ ਵਿੱਚ ਸੱਤ-ਸੱਤ ਸਵੱਈਏ ਉਚਾਰੇ। ਭੱਟ ਜਾਲਪ ਜੀ ਨੇ ਵੀ ਗੋਇੰਦਵਾਲ ਸਾਹਿਬ ਰਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫ਼ਤ ਵਿੱਚ ਪੰਜ ਸਵੱਈਏ ਉਚਾਰੇ। ਭੱਟ ਕੀਰਤ ਜੀ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਚਾਰ-ਚਾਰ ਸਵੱਈਏ ਉਚਾਰੇ ਸਨ। ਇਸ ਲਈ ਇਨ੍ਹਾਂ ਦਾ ਸਮਾਂ ਗੁਰੂ ਸਾਹਿਬਾਨ ਵਾਲਾ ਹੀ ਹੈ। ਭੱਟ ਭਿਖਾ ਜੀ ਦੇ ਭਤੀਜੇ ਭੱਟ ਸਲ੍ਹ ਜੀ ਤੇ ਭੱਟ ਭਲ੍ਹ ਜੀ ਭੱਟ ਸੋਖਾ ਜੀ ਦੇ ਸਪੁੱਤਰ ਸਨ। ਭੱਟ ਸਲ੍ਹ ਜੀ ਨੇ ਸ੍ਰੀ ਗੁਰੂ ਅਮਰਦਾਸ ਸੰਬੰਧੀ ਇੱਕ ਸਵੱਈਆ ਅਤੇ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਦੋ ਸਵੱਈਏ ਉਚਾਰੇ ਸਨ। ਭੱਟ ਭਲ੍ਹ ਜੀ ਨੇ ਇੱਕ ਸਵੱਈਆ ਸ੍ਰੀ ਗੁਰੂ ਅਮਰਦਾਸ ਜੀ ਸੰਬੰਧੀ ਉਚਾਰਿਆ। ਭੱਟ ਬਲ੍ਹ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿੱਚ ਪੰਜ ਸਵੱਈਏ ਉਚਾਰੇ। ਇਸੇ ਤਰ੍ਹਾਂ ਭੱਟ ਹਰਿਬੰਸ ਜੀ ਨੇ ਪੰਜਵੇਂ ਗੁਰੂ ਜੀ ਦੀ ਉਸਤਤ ਵਿੱਚ ਦੋ ਸਵੱਈਏ ਉਚਾਰੇ ਸਨ। ਭੱਟ ਕਲਸਹਾਰ ਜੀ ਨੇ ਪਹਿਲੇ ਗੁਰੂ ਤੋਂ ਲੈ ਕੇ ਪੰਜਵੇਂ ਗੁਰੂ ਸਾਹਿਬ ਤੱਕ 54, ਸਾਰੇ ਭੱਟ ਸਾਹਿਬਾਨ ਤੋਂ ਜ਼ਿਆਦਾ ਸਵੱਈਏ ਲਿਖੇ ਸਨ। ਭੱਟ ਗਯੰਦ ਜੀ ਨੇ ਚੌਥੇ ਗੁਰੂ ਦੀ ਉਸਤਤ ਵਿੱਚ ਤੇਰ੍ਹਾਂ ਸਵੱਈਏ ਉਚਾਰੇ ਸਨ। ਭੱਟ ਨਲ੍ਹ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿੱਚ 16 ਸਵੱਈਏ ਲਿਖੇ ਤੇ ਉਚਾਰੇ ਸਨ।

ਤੀਜਾ ਅਧਿਆਇ 'ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ਾ-ਵਸਤੂ' ਹੈ, ਪੰਜ ਗੁਰੂ ਸਾਹਿਬਾਨ ਦੀ ਸਿਫ਼ਤ ਦੀ ਅੰਤਰੀਵੀ ਭਾਵਨਾ ਵਿੱਚ ਇੱਕ ਗੁਰੂ-ਜੋਤਿ ਸਤਿਗੁਰ ਭਾਵ ਇੱਕ ਵਾਹਿਗੁਰੂ ਦੀ ਜੋਤਿ ਦੀ ਸਿਫ਼ਤ ਹੀ ਹੈ। ਪੰਜ ਗੁਰੂ-ਵਿਅਕਤੀਆਂ ਦੇ ਰੂਪ ਵਿੱਚ ਇੱਕ ਹੀ ਗੁਰੂ-ਜੋਤਿ ਭਾਵ ਅਕਾਲ ਪੁਰਖ ਦੀ ਜੋਤਿ ਦੀ ਵਡਿਆਈ ਇਨ੍ਹਾਂ ਇੱਕ ਸੌ ਤੇਈ ਸਵੱਈਆਂ ਦਾ ਮੂਲ ਕੇਂਦਰੀ ਵਿਸ਼ਾ ਹੈ। ਇਸ ਮੂਲ ਵਿਸ਼ੇ ਦੇ ਅੰਤਰਗਤ ਹੀ ਕੁਝ ਗੁਰਮਤਿ ਸਿਧਾਂਤਾਂ ਸੰਬੰਧੀ ਵੀ ਸਾਨੂੰ ਅਨਮੋਲ ਦਿਸ਼ਾ-ਨਿਰਦੇਸ਼ ਪ੍ਰਾਪਤ ਹੁੰਦੇ ਹਨ। ਕੁੱਲ ਮਿਲਾਕੇ ਇਨ੍ਹਾਂ ਸਵੱਈਆਂ ਦੇ ਵਿਸ਼ਾ-ਵਸਤੂ ਨੂੰ ਵਿਚਾਰਨ ਲਈ ਅਸੀਂ ਅੱਠ ਨੁਕਤਿਆਂ, ਜਿਨ੍ਹਾਂ ਵਿੱਚ ਇੱਕ ਅਕਾਲ ਪੁਰਖ ਵਿੱਚ ਵਿਸ਼ਵਾਸ਼, ਗੁਰੂ ਸਾਹਿਬਾਨ ਗੁਰ-ਪਰਮੇਸ਼ਰ ਵਜੋਂ, ਨਾਮ ਅਤੇ ਨਾਮ-ਸਿਮਰਨ, ਨਾਮ-ਸਿਮਰਨ ਸੰਬੰਧੀ ਮਿਥਿਹਾਸਿਕ ਅਤੇ ਇਤਿਹਾਸਕ ਹਵਾਲੇ, ਅਵਤਾਰੀ ਮਹਾਂਪੁਰਸ਼ਾਂ ਦੀਆਂ ਉਦਾਹਰਣਾ ਰਾਹੀਂ ਗੁਰੂ ਸਾਹਿਬਾਨ ਦੀ ਉਸਤਤ, ਰਾਜ-ਯੋਗ/ਸਹਜ ਯੋਗ ਵਾਲੇ ਗੁਰਮਤਿ-ਮਾਰਗ ਦੀ ਸਿਫ਼ਤ, ਨੈਤਿਕਤਾ/ਸਦਾਚਾਰ ਦੇ ਪੱਖ ਤੋਂ ਗੁਰੂ ਸਾਹਿਬਾਨ ਦੇ ਜੀਵਨ ਦੀ ਉਸਤਤ ਅਤੇ ਸਿੱਖ ਰਹਿਤ ਮਰਯਾਦਾ ਨਾਲ ਸੰਬੰਧਤ ਕੁਝ ਸੰਕੇਤ ਵਿਸ਼ਾ-ਵਸਤੂ ਤੋਂ ਅਗਵਾਈ ਲੈ ਸਕਦੇ ਹਾਂ।

ਚੌਥਾ ਅਧਿਆਇ 'ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਸਾਹਿਤਕ ਪੱਖ' ਹੈ। ਭੱਟ ਸਾਹਿਬਾਨ ਆਪਣੇ ਆਪ ਨੂੰ ਕਵੀਆਣਿ, ਕਵਿ ਜਨ ਅਤੇ ਕਬਿ ਆਖਦੇ ਹਨ। ਉਨ੍ਹਾਂ ਨੇ ਆਪਣੀ ਬਾਣੀ ਉਚਾਰਨ ਲਈ ਪ੍ਰਸਿੱਧ ਛੰਦ ਸਵੱਈਏ ਦੀ ਵਰਤੋਂ ਕੀਤੀ ਹੈ। ਇਸ ਛੰਦ ਦੇ ਰੂਪ ਨੂੰ ਨਿਭਾਉਣ ਵਿੱਚ ਤਾਂ ਉਨ੍ਹਾਂ ਨੇ ਨਿਪੁੰਨਤਾ ਵਿਖਾਈ ਹੀ ਹੈ, ਇਸਦੇ ਨਾਲ ਹੀ ਗਿਆਰਾਂ ਭੱਟ ਸਾਹਿਬਾਨ ਨੇ ਬਾਣੀ ਨੂੰ ਅਲੰਕਾਰਾਂ, ਅਖਾਣਾ ਅਤੇ ਮੁਹਾਵਰਿਆਂ ਨਾਲ ਵੀ ਸ਼ਿੰਗਾਰਿਆ ਹੈ। ਸ਼ਬਦਾਵਲੀ ਦਾ ਰੰਗ ਵੀ ਨਿਵੇਕਲਾ ਹੈ। ਸਾਹਿਤਕ ਪੱਖ ਅਰਥਾਤ ਕਾਵਿ-ਕਲਾ ਦੇ ਪੱਖ ਤੋਂ ਭੱਟ ਸਾਹਿਬਾਨ ਵੱਲੋਂ ਉਚਾਰੇ ਗਏ ਸਵੱਈਏ ਇੱਕ ਅਨਮੋਲ ਖ਼ਜਾਨਾ ਹਨ, ਜਿਸ ਵਿੱਚ ਅਨੇਕ ਪ੍ਰਕਾਰ ਦੇ ਸਾਹਿਤਕ ਹੀਰੇ-ਮੋਤੀ ਭਰੇ ਪਏ ਹਨ। ਅਲੰਕਾਰਾਂ ਵਿੱਚ, ਸ਼ਬਦ ਅਲੰਕਾਰਾਂ ਵਿੱਚ, ਛੇਕ ਅਨੁਪ੍ਰਾਸ ਅਲੰਕਾਰ, ਸ਼ਰੁਤੀ ਅਨੁਪ੍ਰਾਸ ਅਲੰਕਾਰ, ਯਮਕ ਅਲੰਕਾਰ ਅਤੇ ਵੀਪਾਸਾ ਅਲੰਕਾਰ ਵਰਤੇ ਹਨ। ਅਰਥ ਅਲੰਕਾਰਾਂ ਵਿੱਚ ਦੀਪਕ ਅਲੰਕਾਰ, ਦੇਹਲੀ ਅਲੰਕਾਰ, ਅਰਥਾਵ੍ਰਿਤੀ ਅਲੰਕਾਰ, ਕਾਰਕ ਦੀਪਕ ਅਲੰਕਾਰ, ਮੁਦ੍ਰਾ ਅਲੰਕਾਰ, ਸਾਰ ਅਲੰਕਾਰ, ਅਨਨਯ ਅਲੰਕਾਰ, ਹੇਤੂ ਅਲੰਕਾਰ, ਵਕ੍ਰੋਕਤੀ/ਕਾਕੋਕਤੀ ਅਲੰਕਾਰ, ਯਥਾਸੰਖਯ ਅਲੰਕਾਰ, ਮੀਲਿਤ ਅਲੰਕਾਰ, ਉਪਮਾ ਅਲੰਕਾਰ, ਏਕਾਵਲੀ ਅਲੰਕਾਰ, ਸੁਸਿੱਧ ਅਲੰਕਾਰ, ਤਦਗੁਣ ਅਲੰਕਾਰ, ਪ੍ਰਮਾਣ ਅਲੰਕਾਰ ਅਤੇ ਮਾਨਵੀਕਰਨ ਅਲੰਕਾਰ ਹਨ।

ਭੱਟ ਸਾਹਿਬਾਨ ਦੀ ਬਾਣੀ ਵਿੱਚੋਂ ਕੁਝ ਮੁਹਾਵਰੇ ਉਲਟੀ ਗੰਗਾ ਵਹਾਉਣਾ, ਸਿਰ 'ਤੇ ਹੱਥ ਧਰਨਾ, ਸਿਰ ਨਿਵਾਉਣਾ ਆਦਿ ਹਨ। ਇਸੇ ਤਰ੍ਹਾਂ ਬਾਣੀ ਦੀ ਸ਼ਬਦਾਵਲੀ ਅਰਬੀ, ਫ਼ਾਰਸੀ, ਸੰਸਕ੍ਰਿਤਿ ਭਾਸ਼ਾਵਾਂ ਵਰਤੀਆਂ ਹਨ। ਕਾਵਿ ਰਸ-ਵਿੱਚ, ਸ਼ਾਂਤ-ਰਸ, ਬੀਰ-ਰਸ ਤੇ ਕਰੁਣਾ-ਰਸ। ਕਾਵਿ-ਛੰਦ ਵਿੱਚ ਰਡ, ਝੋਲਨਾ, ਸੋਰਠਾ, ਛੱਪਯ ਛੰਦ, ਰੋਲਾ ਛੰਦ, ਪੰਚਾਨਨ ਛੰਦ ਅਤੇ ਘਨਾਛਰੀ ਛੰਦ ਵਰਤੇ ਹਨ। ਸੁਖਦੇਵ ਸਿੰਘ ਸ਼ਾਂਤ ਇਸ ਵਡਮੁੱਲੀ ਪੁਸਤਕ ਦੀ ਰਚਨਾ ਕਰਨ ਲਈ ਵਧਾਈ ਦਾ ਪਾਤਰ ਹੈ। ਉਸ ਕੋਲੋਂ ਭਵਿਖ ਵਿੱਚ ਸਿੱਖ ਸੋਚ ਸੰਬੰਧੀ ਹੋਰ ਖੋਜੀ ਪੁਸਤਕਾਂ ਦੀ ਆਸ ਕੀਤੀ ਜਾ ਸਕਦੀ ਹੈ। 198 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।


ਸੰਪਰਕ: ਸੁਖਦੇਵ ਸਿੰਘ ਸ਼ਾਂਤ:
ਮੋਬਾਈਲ-94178 13072
ujagarsingh48@yahoo.com

ਵਿਅੰਗ

ਰਮੇਸ਼ ਬੱਗਾ ਚੋਹਲਾ
ਫੋਨ: 09463132719



# ਜਦੋਂ ਟੈਲੀਵੀਜ਼ਨ ਚੁੱਪ ਹੋ ਗਿਆ



ਅੱਜ ਸਾਡੇ ਘਰ ਦਾ ਮਕੈਨੀਕਲ ਜੀਵ (ਟੈਲੀਵੀਜ਼ਨ) ਬੋਲਦਾ ਬੋਲਦਾ ਚੁੱਪ ਕਰ ਗਿਆ। ਚੁੱਪ ਹੀ ਨਹੀਂ ਸਗੋਂ ਉਸ ਦਾ ਚੇਹਰਾ (ਸਕਰੀਨ) ਵੀ ਧੁੰਦਲਾ ਹੋ ਗਿਆ। ਭਾਵ ਫੋਟੋ ਵੀ ਆਉਣੀ ਹਟ ਗਈ। ਉਸ ਦੀ ਇਸ ਅਵਸਥਾ ਤੋਂ ਲੱਗਾ ਜਿਵੇਂ ਘਰ ਦਾ ਕੋਈ ਮੁੱਖ ਮੈਂਬਰ ਹੀ ਰੁੱਸ ਗਿਆ ਹੋਵੇ। ਦਿਨ ਦੇ ਸਮੇਂ ਭਾਵੇਂ ਅਸੀਂ ਉਸ ਨੂੰ ਬਹੁਤਾ ਨਹੀਂ ਬੁਲਾਉਂਦੇ ਸਾਂ ਪਰ ਸ਼ਾਮ ਤੋਂ ਲੈ ਕੇ ਲੱਗਪਗ ਅੱਧੀ ਰਾਤ ਤੱਕ ਉਸ ਦਾ ਹੀ ਬੋਲਬਾਲਾ ਰਹਿੰਦਾ ਹੈ। ਇਸ ਸਮੇਂ ਦੌਰਾਨ ਉਹ ਸਾਡਾ ਖ਼ੂਬ ਮਨੋਰੰਜਨ ਕਰਦਾ ਹੈ।

ਮੇਰੇ ਕੋਲੋਂ ਟੀ.ਵੀ ਦਾ ਦੁੱਖ ਭਾਵ ਚੁੱਪ ਸਹਿਣ ਨਾ ਹੋਈ ਉਸ ਦੀ ਚੁੱਪ ਨੂੰ ਤੋੜਨ ਅਤੇ ਆਪਣੇ ਪਰਿਵਾਰ ਨਾਲ ਜੋੜਨ ਹਿੱਤ ਮੈਂ ਇਸ ਦੇ ਡਾਕਟਰ ਉਰਫ਼ ਮਕੈਨਿਕ ਨੂੰ ਫੋਨ ਘੁੰਮਾ ਦਿੱਤਾ। ਜਦੋਂ ਉਸ ਨੇ ਫ਼ੋਨ ਉਠਾਇਆਂ ਤਾਂ ਮੈਂ ਉਸ ਨੂੰ ਆਪਣੇ ਟੀ.ਵੀ ਦਾ ਦਰਦ ਬਿਆਨ ਕੀਤਾ। ਸੁਣਦਿਆਂ ਸਾਰ ਉਸ ਨੇ ਕਿਹਾ-

'ਛੱਡੋ ਜੀ ਹੁਣ ਟੀ.ਵੀ ਦਾ ਕਿਹੜਾ ਜ਼ਮਾਨਾ ਹੈ, ਹੁਣ ਤਾਂ ਮਾੜੇ ਤੋਂ ਮਾੜੇ ਅਤੇ ਲਿਤਾੜੇ ਤੋਂ ਲਿਤਾੜੇ ਬੰਦੇ ਦੇ ਘਰ ਵੀ ਐਲ.ਸੀ.ਡੀ ਦੀਆਂ ਆਵਾਜ਼ਾਂ ਆਉਂਦੀਆਂ ਹਨ ਟੀ.ਵੀ ਤਾਂ ਹੁਣ ਬੀਤੇ ਦੀ ਬਾਤ ਬਣ ਕੇ ਰਹਿ ਗਿਆ ਹੈ ਇਸ ਲਈ ਮੈਂ ਹੁਣ ਇਸ ਬਾਤ ਦਾ ਕੋਈ ਹੁੰਗਾਰਾ ਨਹੀਂ ਭਰਦਾ।"

ਉਸ ਦੀ ਇਸ ਭਾਖਿਆ ਉਰਫ਼ ਵਿਆਖਿਆ ਸੁਣ ਕੇ ਮੈਨੂੰ ਜ਼ੋਰ ਦਾ ਝਟਕਾ ਧੀਰੇ ਸੇ ਲੱਗਾ। ਇੰਜ ਮਹਿਸੂਸ ਹੋਇਆ ਜਿਵੇਂ ਉਹ ਮੇਰੇ ਅੱਧੇ ਅੰਗ (ਅਰਧਾਂਗਨੀ) ਦਾ ਹੀ ਕੋਈ ਅੰਗ ਹੋਵੇ ਕਿਉਂਕਿ ਸ਼੍ਰੀਮਤੀ ਵੀ ਅਕਸਰ ਕਹਿੰਦੀ ਹੈ ਕਿ "ਸਾਰੇ ਸੰਸਾਰ ਨੇ ਐਲ.ਸੀ.ਡੀਆਂ ਲਗਵਾ ਲਈ ਪਰ ਤੁਸੀਂ ਇਸ ਟੀ.ਵੀ ਦਾ ਖਹਿੜਾ ਨਹੀਂ ਛੱਡਿਆ।"

ਉਸ ਦੇ ਇਸ ਮੇਹਣੇ ਦਾ ਜਵਾਬ ਇਹ ਕਹਿ ਦੇਣਾ ਪੈਂਦਾ ਦਾ ਹੈ ਕਿ 'ਖਹਿੜਾ ਤਾਂ ਮਰਦੇ ਦਮ ਤੱਕ ਅਸੀਂ ਤੇਰਾ ਵੀ ਨਹੀਂ ਛੱਡਣਾ ਕਿਉਂਕਿ ਤੁਸੀਂ ਦੋਵੇਂ ਹੀ ਮੇਰੇ ਸਹੁਰਿਆਂ ਦੀ ਦੇਣ ਹੋ ਇਸ ਲਈ ਉਨ੍ਹਾਂ ਦੀ ਕਿਸੇ ਵੀ ਨਿਸ਼ਾਨੀ ਨੂੰ ਗੱਲੋਂ ਨਹੀਂ ਲਾਹਿਆ ਜਾ ਸਕਦਾ।

ਟੀ.ਵੀ ਮਕੈਨਿਕ ਪੁਰਾਣਾ ਜਾਣਕਾਰ ਸੀ,ਉਸ ਨੇ ਇਹ ਕਹਿ ਕੇ ਠੀਕ ਕਰਨ ਦੀ ਹਾਮੀ ਭਰ ਦਿੱਤੀ ਕਿ ਇਸ ਵਾਰ ਤਾਂ ਕਰ ਦੇਵਾਂਗਾ ਪਰ ਅਗਲੀ ਵਾਰ ਨਾ ਲੈ ਕੇ ਆਣਾ। ਅਗਲੀ ਵਾਰ ਭਲਾ ਕਿਸ ਨੇ ਦੇਖੀ ਹੈ,ਇਹ ਸੋਚ ਕਿ ਅਸੀਂ ਆਪਣਾ ਮਨੋਰੰਜਕ ਸਾਥੀ ਉਸ ਦੇ ਹਵਾਲੇ ਕਰ ਦਿੱਤਾ। ਮਕੈਨਿਕ ਟੀ.ਵੀ ਦੀ ਚੀਰ-ਫਾੜ ਕਰਨ ਲੱਗ ਪਿਆ ਅਤੇ ਅਸੀਂ ਆਪਣੇ ਜੀਵਨ ਦੇ ਪਿਛਲਖ਼ਰੀ (ਅਤੀਤ ਵੱਲ) ਹੋ ਤੁਰੇ।

ਉਹ ਵੀ ਕੋਈ ਸਮਾਂ ਹੋਇਆ ਕਰਦਾ ਸੀ ਜਦੋਂ ਮਨੋਰੰਜਨ ਦੇ ਸਾਧਨ ਨਾ ਮਾਤਰ ਹੀ ਹੋਇਆ ਕਰਦੇ ਸਨ। ਪਿੰਡ ਵਿਚ ਜਦੋਂ ਕੋਈ ਖ਼ੁਸ਼ੀ-ਖ਼ੁਸ਼ਹਾਲੀ ਦਾ ਸਮਾਗਮ ਹੋਣ ਤਾਂ ਤਿੰਨ ਦਿਨ ਪਹਿਲਾਂ ਲਾਊਡ ਸਪੀਕਰ ਬੋਲਣ ਲੱਗ ਜਾਂਦਾ ਸੀ ਅਤੇ ਦੋ-ਤਿੰਨ ਦਿਨ ਬਾਅਦ ਚੁੱਪ ਹੁੰਦਾ ਸੀ। ਇਸ ਨਾਲ ਤਕਰੀਬਨ ਅੱਧੇ ਪਿੰਡ ਦਾ ਮਨੋਰੰਜਨ ਮੁਫ਼ਤ ਹੀ ਹੋ ਜਾਂਦਾ ਸੀ।

ਰੇਡਿਉ ਦੀ ਆਮਦ ਨਾਲ ਮਨੋਰੰਜਨ ਨਿੱਜੀ ਘੇਰੇ ਵਿਚ ਆ ਗਿਆ ਪਰ ਇਹ ਕੁਝ ਚੌਣਵੇਂ ਘਰਾਂ ਦੀ ਪਹੁੰਚ ਵਿਚ ਸੀ ਦੁਪਹਿਰ ਦੇ ਢਾਈ ਵਾਲੇ ਗਾਣੇ ਅਤੇ ਦਿਹਾਤੀ ਪ੍ਰੋਗਰਾਮ ਤੋਂ ਇਲਾਵਾ ਕੁੱਝ ਹੋਰ ਪ੍ਰੋਗਰਾਮ ਪੇਂਡੂ-ਭਾਈਚਾਰੇ ਦੇ ਮਨਪਸੰਦ ਪ੍ਰੋਗਰਾਮ ਹੋਇਆ ਕਰਦੇ ਸਨ।

ਫਿਰ ਸਮਾਂ ਆਇਆ ਕਾਲੇ-ਚਿੱਟੇ ਟੈਲੀਵੀਯਨ ਦਾ। ਇਸ ਵਿਚ ਬੋਲਣ ਵਾਲੇ ਦੇ ਬੋਲਾਂ ਦੇ ਨਾਲ-ਨਾਲ ਉਸ ਦਾ ਸ਼ਕਲ-ਸੂਰਤ ਵੀ ਨਜ਼ਰ ਪੈਂਦੀ ਸੀ। ਮਨੋਰੰਜਨ ਦੀ ਦੁਨੀਆਂ ਵਿਚ ਇਹ ਰੇਡਿਉ ਤੋਂ ਅਗਲੇਰਾ ਕਦਮ ਸੀ। ਜਿਸ ਨੂੰ ਲੈ ਕੇ ਕਿਹਾ ਜਾਂਦਾ ਸੀ-

'ਮੈਨੂੰ ਟੈਲੀਵੀਯਨ ਲੈ ਦੇ ਵੇ ਤਸਵੀਰਾਂ ਬੋਲਦੀਆਂ' ਟੇਪ ਰਿਕਾਰਡਰਜ਼ ਦੇ ਆਗਮਨ ਨਾਲ ਕੈਸੱਟ-ਕਲਚਰ ਦੀ ਆਰੰਭਤਾ ਹੋਈ ਅਤੇ ਮਨਮਰਜ਼ੀ ਦਾ ਗਾਉਣ-ਪਾਣੀ ਲੋਕਾਂ ਦੀਆਂ ਬੈਠਕਾਂ, ਬੱਸਾਂ, ਟਰੱਕਾਂ, ਟ੍ਰੈਕਟਰਾਂ ਅਤੇ ਮੋਟਰਾਂ-ਬੰਬੀਆਂ ਦਾ ਸ਼ਿੰਗਾਰ ਬਣਨ ਲੱਗਾ। ਇਸ ਨਾਲ ਡਰਾਇਵਰਾਂ-ਕੰਡਕਟਰਾਂ ਦਾ ਸਫ਼ਰ ਸੁਖ਼ਾਲਾ ਹੋਣ ਦੇ ਨਾਲ-ਨਾਲ ਕਾਮੇ ਵਰਗ ਦਾ ਥਕੇਵਾਂ ਵੀ ਲਹਿਣ ਲੱਗਾ।

ਵੀ.ਸੀ.ਆਰ ਦੇ ਆਉਣ ਨਾਲ ਫ਼ਿਲਮੀ ਦੁਨੀਆਂ ਸਿਨੇਮਾ-ਘਰ ਤੋਂ ਬਾਹਰ ਹੋ ਕੇ ਲੋਕਾਂ ਦੇ ਵੇਹੜਿਆਂ ਤੱਕ ਪਹੁੰਚ ਗਈ।ਆਪਣੀਆਂ ਮਨਪਸੰਦ ਫਿਲਮਾਂ ਨੂੰ ਦੇਖਣ ਲਈ ਲੋਕ ਜਗਰਾਤੇ ਕੱਟਣ ਲੱਗੇ।

ਡਿਸ਼ ਅਤੇ ਕੇਬਲ ਟੀ. ਵੀ ਨੇ ਦਰਸ਼ਕਾਂ/ਸ੍ਰੋਤਿਆਂ ਨੂੰ 24 ਘੰਟਿਆਂ ਦੇ ਮਨੋਰੰਜਨ ਨਾਲ ਜੋੜ ਦਿੱਤਾ।ਹੁਣ ਉਹ ਜਿਹੋ ਜਿਹਾ ਵੀ ਚਾਹੁਣ ਜਦੋਂ ਵੀ ਚਾਹੁਣ ਮਨੋਰੰਜਨ ਕਰ ਸਕਦੇ ਹਨ।

ਮੋਬਾਇਲ ਯੁੱਗ ਦੀ ਸ਼ੁਰੂਆਤ ਨੇ ਜਿਥੇ ਦੁਨੀਆਂ ਨੂੰ ਇੱਕ ਮੁੱਠੀ ਵਿਚ ਕਰ ਦਿੱਤਾ ਉਥੇ ਮਨੁੱਖੀ-ਮਨੋਰੰਜਨ ਨੂੰ ਵੀ ਭਰਪੂਰਤਾ ਬਖ਼ਸ਼ ਦਿੱਤੀ। ਦੁੱਖ-ਸੁੱਖ ਦੇ ਬਚਨ-ਬਿਲਾਸਾਂ ਤੋਂ ਇਲਾਵਾ ਮੋਬਾਇਲ ਫ਼ੋਨ ਮਾਨਵੀ ਜੀਵਨ ਦੇ ਕਈ ਪੱਖਾਂ ਨੂੰ ਪੂਰਦਾ ਆ ਰਿਹਾ ਹੈ। ਜਿਨ੍ਹਾਂ ਵਿਚ ਕਈ ਧਨਾਤਮਿਕ ਅਤੇ ਕਈ ਰਿਣਾਤਮਿਕ ਹੁੰਦੇ ਹਨ।

ਅਜੋਕੇ ਸਮੇਂ ਵਿਚ ਮਾਨਵੀ-ਜੀਵਨ ਦਾ ਮਨੋਰੰਜਕ ਪੱਖ ਬਹੁਤ ਅਮੀਰ ਹੈ। ਇਸ ਨੂੰ ਅਮੀਰ ਬਣਾਉਣ ਵਿਚ ਮੋਬਾਇਲ ਦੀ ਵਡੇਰੀ ਅਤੇ ਜ਼ਿਕਰ ਯੋਗ ਭੂਮਿਕਾ ਹੈ। ਅੱਜਕੱਲ੍ਹ ਇਹ ਹਰੇਕ ਵਿਅਕਤੀ ਦੀ ਜੇਬ੍ਹ ਭਾਰ ਉਰਫ਼ ਸ਼ਿੰਗਾਰ ਹੈ। ਵੇਹਲੇ ਵਕਤ ਨੂੰ ਲੇਖੇ ਲਾਉਣ ਵਿਚ ਇਸ ਦਾ ਸਾਇਦ ਕੋਈ ਸਾਨੀ ਵੀ ਨਹੀਂ ਹੋ ਸਕਦਾ। ਪਰ ਯਾਦ ਰਹੇ ਕਿ ਫੁੱਲਾਂ ਦੇ ਨਾਲ-ਨਾਲ ਕੰਢੇ ਵੀ ਹੋਇਆ ਕਰਦੇ ਹਨ ਅਤੇ ਹੈ ਵੀ।

'ਲਓ ਜੀ! ਲੈ ਜੋ।' ਮਕੈਨਿਕ ਦੀ ਇਸ ਆਵਾਜ਼ ਨੇ ਮੈਨੂੰ ਅਤੀਤ ਦੇ ਸਮੁੰਦਰ 'ਚੋਂ ਬਾਹਰ ਕੱਢ ਲਿਆ ਅਤੇ ਮੈਂ ਆਪਣੇ ਤਿੰਨ ਦਹਾਕੇ ਪੁਰਾਣੇ ਸਾਥੀ (ਟੀ.ਵੀ) ਨੂੰ ਨਾਲ ਲੈ ਕੇ ਆਪਣੇ ਘਰ ਵਾਪਸ ਆ ਗਿਆ।

ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuri@yahoo.com

# ਮਜ਼ੀਠੀਆ ਬਨਾਮ ਮਾਸੜ ਜੀ ਦਾ ਮਾਰਿਆ ਮਿਹਣਾ ?



ਸਿਰਲੇਖ ਵਾਲੀ ਵਾਰਤਾ ਜਾਨਣ ਤੋਂ ਪਹਿਲਾਂ ਦੋਸਤੋ ਪਹਿਲਾਂ ਮੇਰੀ ਇਕ ਹੱਡ-ਬੀਤੀ ਸੁਣ ਲਉ ! ਗੋਰਾਇਆਂ ਲਾਗਲੇ ਗੁਰਦੁਆਰਾ ਸੰਗ ਢੇਸੀਆਂ ਵਿਖੇ ਚੜ੍ਹਦੇ ਸੰਨ 1996 ਵਿਚ ਸ਼੍ਰੋਮਣੀ ਕਮੇਟੀ ਦੀਆਂ ਹੋਣ ਵਾਲੀਆਂ ਚੋਣਾ ਵਾਸਤੇ ਸੰਭਾਵੀ ਉਮੀਦਵਾਰ ਚੁਣਨ ਲਈ ਉੱਥੇ ਦੋ ਜਿਲ੍ਹਿਆਂ ਦੇ ਉਮੀਦਵਾਰ ਇੰਟਰਵਿਊ ਲਈ ਸੱਦੇ ਹੋਏ ਸਨ। ਇੰਟਰਵਿਊ ਲੈਣ ਵਾਲੇ ਪੈਨਲ ਵਿਚ ਸਰਦਾਰ ਬਾਦਲ ਤੋਂ ਇਲਾਵਾ ਢੀਂਡਸਾ ਜੀ, ਭੂੰਦੜ ਜੀ, ਕੈਪਟਨ ਕੰਵਲਜੀਤ ਸਿੰਘ ਅਤੇ ਟੌਹੜਾ ਸਾਹਿਬ ਜਿਹੇ ਵੱਡੇ ਅਕਾਲੀ ਆਗੂ ਸ਼ਾਮਲ ਸਨ।

ਮੇਰੀ ਵਾਰੀ ਆਈ ਤਾਂ ਟੌਹੜਾ ਸਾਹਬ ਨੇ ਮੈਥੋਂ ਧਾਰਮਿਕ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਕੁੱਝ ਸਵਾਲ ਪੁੱਛੇ। ਫਿਰ ਲਾਗੇ ਬੈਠੇ ਸਵਰਗੀ ਬਾਦਲ ਨੇ ਮੈਨੂੰ ਪੁੱਛਿਆ ਕਿ ਕਾਕਾ ਜੀ ਜੇਲ੍ਹ ਕਿੰਨੀਂ ਕੱਟੀ ਐ ਤੁਸੀਂ ? ਮੈਂ ਸੱਚ ਦੱਸ ਦਿੱਤਾ ਕਿ ਜੀ ਮੈਂ ਕਦੇ ਜੇਲ੍ਹ 'ਚ ਨਹੀਂ ਗਿਆ ਪਰ ਮੇਰਾ ਛੋਟਾ ਭਰਾ 'ਧਰਮ ਯੁੱਧ' ਮੋਰਚੇ ਵਿਚ ਜ਼ਰੂਰ ਗਿਆ ਸੀ। ਹੈਰਾਨੀ ਅਤੇ ਨਾਂਹ-ਵਾਚੀ ਜਿਹੀਆਂ ਨਜ਼ਰਾਂ ਮੇਰੇ ਵੱਲ ਸੁਟਦਿਆਂ ਬਾਦਲ ਸਾਹਬ ਕਹਿੰਦੇ-'ਅੱਛਾ! ਤੁਸੀਂ ਜੇਲ੍ਹ ਗਏ ਈ ਨਹੀਂ ਕਦੇ!!'

ਇਸ ਤੋਂ ਪਹਿਲਾਂ ਕਿ ਮੈਂ ਕੁੱਝ ਬੋਲਦਾ, ਟੌਹੜਾ ਸਾਹਬ ਮਜ਼ਾਕੀਆ ਲਹਿਜੇ ਜਚ ਬਾਦਲ ਜੀ ਨੂੰ ਕਹਿੰਦੇ-

'ਪ੍ਰਧਾਨ ਜੀ ਮੁੰਡਾ ਸਿਆਣਾ ਲਗਦੈ.... ਆਪਾਂ ਇਹਨੂੰ ਟਿਕਟ ਲਈ 'ਵਿਚਾਰ' ਲਈਏ ! ਜੇਲ੍ਹ ਦਾ ਕੀ ਐ...ਇਹਦੇ ਕੋਲ਼ੋਂ ਕੋਈ 'ਇਲਤ' ਕਰਵਾ ਦਿਆਂ ਗੇ... ਜੇਲ੍ਹ ਵੀ ਚਲਾ ਜਾਵੇ ਗਾ !'


ਆਪਣੀ ਇਹ ਗੱਲ ਹੁਣ ਚੇਤੇ ਆਉਣ ਦਾ ਤਾਜ਼ਾ ਸਬੱਬ ਇਹ ਬਣਿਆਂ-

ਕਿਸੇ ਦੋਸਤ ਨੇ ਮੈਨੂੰ ਵੱਡੇ ਬਾਦਲ ਦੀ ਇਕ ਪੁਰਾਣੀ 'ਰੀਲ੍ਹ' ਭੇਜੀ ਹੈ, ਜਿਸ ਵਿਚ ਉਹ ਪੰਜ ਵਾਰੀ ਮੁੱਖ ਮੰਤਰੀ ਬਣਨ ਪਿੱਛੇ ਆਪਣੀ ਸਤਾਰਾਂ ਸਾਲ ਜੇਲ੍ਹ ਕੱਟਣ ਦੀ 'ਕੁਰਬਾਨੀ' ਦੱਸਦਿਆਂ ਕਹਿੰਦੇ ਨੇ ਕਿ ਦਲ ਦੇ ਕਈ ਅਜੋਕੇ ਲੀਡਰਾਂ ਨੂੰ ਤਾਂ 'ਪੱਕੀਆਂ ਪਕਾਈਆਂ' ਹੀ ਮਿਲ੍ਹ ਗਈਆਂ ਹੋਈਆਂ ਨੇ-ਥਾਲ਼ੀ 'ਚ ਪ੍ਰੋਸ ਕੇ ! ਫਿਰ ਉਹ ਹੱਸਦਿਆਂ ਆਪਣੇ ਲਾਗੇ ਹੀ ਖੜ੍ਹੇ ਬਿਕਰਮ ਸਿੰਘ ਮਜ਼ੀਠੀਏ ਵੱਲ੍ਹ ਇਸ਼ਾਰਾ ਕਰਕੇ ਕਹਿੰਦੇ-

'ਇਹਨੂੰ ਪੁੱਛੋ ਜੇਲ੍ਹ 'ਚ ਗਿਆ ਕਦੀ ?'

ਸੋ ਜਿਵੇਂ ਸਵਰਗੀ ਬਾਦਲ ਨੇ ਉਦੋਂ ਜਲੰਧਰ ਵਿਚ ਹੋਏ ਐੱਨ.ਆਰ ਆਈ ਸੰਮੇਲਨ ਵਿਚ ਬਿਕ੍ਰਮ ਸਿੰਘ ਮਜੀਠੀਏ ਨੂੰ ਕਦੇ ਵੀ ਜੇਲ੍ਹ ਨਾ ਗਏ ਹੋਏ ਦਾ ਜਿਹੜਾ ਮਿਹਣਾ ਮਾਰਿਆ ਸੀ, ਜਾਪਦਾ ਹੈ ਕਿ ਹੁਣ ਮਿਸਟਰ ਮਜ਼ੀਠੀਆ ਆਪਣੇ ਮਾਸੜ ਜੀ ਦਾ ਮਾਰਿਆ ਉਹ ਮਿਹਣਾ ਧੋਣ ਵੱਲ੍ਹ ਵਧ ਰਹੇ ਨੇ !

# ਕੁਦਰਤ ਦਾ ਕੌਤਕ ਸੀ ਬਾਬਾ ਫੌਜਾ ਸਿੰਘ



8 ਮਾਰਚ 2025 ਨੂੰ ਬਾਬਾ ਫੌਜਾ ਸਿੰਘ ਦੇ ਬਿਆਸਪਿੰਡ ਵਾਲੇ ਘਰ ਪ੍ਰਿੰਸੀਪਲ ਸਰਵਣ ਸਿੰਘ ਆਪਣੀ ਨਵੀਂ ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ ਬਾਬਾ ਜੀ ਨੂੰ ਭੇਟ ਕਰਦਿਆਂ। ਉਦੋਂ ਕੀ ਪਤਾ ਸੀ ਕਿ ਇਸ ਘਰ ਦੇ ਕੋਲ ਹੀ 'ਮੈਰਾਥਨ ਦੇ ਮਹਾਂਰਥੀ ਨੇ ਕਾਰ ਹਾਦਸੇ ਦਾ ਸ਼ਿਕਾਰ ਹੋ ਜਾਣਾ ਹੈ !

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ



ਬਾਬਾ ਫੌਜਾ ਸਿੰਘ ਕੁਦਰਤ ਦਾ ਕ੍ਰਿਸ਼ਮਾ ਸੀ। ਉਹ ਮਾਤਾ ਗਿਆਨ ਕੌਰ ਦੀ ਕੁੱਖੋਂ ਤੇ ਰਹਿਮੋ ਦਾਈ ਦੇ ਹੱਥੋਂ ਜੰਮਿਆ ਤਾਂ ਉਹਦੇ ਬਚਣ ਦੀ ਆਸ ਨਹੀਂ ਸੀ। ਪਰ ਉਹ 114 ਸਾਲ 3 ਮਹੀਨੇ 14 ਦਿਨ ਜੀਵਿਆ। ਨਾ ਸਿਰਫ਼ ਜੀਵਿਆ ਬਲਕਿ ਗੁਰਾਂ ਦੀ ਦੱਸੀ ਜੀਵਨ ਜਾਚ, 'ਹਸੰਦਿਆਂ, ਖੇਲੰਦਿਆਂ, ਖਵੰਦਿਆਂ, ਪੈਨੰਦਿਆਂ ਨਾਲ ਮੈਰਾਥਨ ਦੌੜਾਂ ਦੌੜਨ ਦਾ ਕੌਤਕ ਵੀ ਵਰਤਾਅ ਗਿਆ। ਇਹ ਵੀ ਕੋਈ ਕੌਤਕ ਹੋਵੇਗਾ ਕਿ ਬਚਪਨ ਦੇ ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ ਹੋਇਆ ! ਇਥੋਂ ਤੱਕ ਕਿ ਰਿੜ੍ਹਨ ਤੇ ਖੜ੍ਹਨ ਵੀ ਬੜੀ ਦੇਰ ਨਾਲ ਲੱਗਾ। ਛੇਵਾਂ ਸਾਲ ਲੱਗਣ 'ਤੇ ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਘਰ ਦਿਆਂ ਨੇ ਪਿੰਡ 'ਚ ਕੜਾਹ ਵੰਡਿਆ।

ਉਹਦੀ ਮਾਂ ਖੇਤ ਰੋਟੀ ਲੈ ਕੇ ਜਾਂਦੀ ਤਾਂ ਉਹ ਵੀ ਨਾਲ ਜਾਣ ਦੀ ਜ਼ਿਦ ਕਰਦਾ। ਉਹ ਉਂਗਲ ਫੜ ਕੇ ਤੋਰਨ ਦਾ ਚਾਰਾ ਕਰਦੀ ਤਾਂ ਫੌਜੇ ਦੀਆਂ ਲੱਤਾਂ 'ਚ ਚੀਸਾਂ ਪੈਣ ਲੱਗਦੀਆਂ। ਮਾਂ ਉਹਦੀਆਂ ਲੱਤਾਂ 'ਤੇ ਪੱਟੀਆਂ ਬੰਨ੍ਹਦੀ ਰਹਿੰਦੀ। ਜਿਥੇ ਕਿਸੇ ਰੁੱਖ ਦੀ ਛਾਂ ਹੁੰਦੀ ਉਥੇ ਬਹਿ ਕੇ ਦਮ ਲੈਣ ਲੱਗਦੇ। ਪੰਦਰਾਂ ਸਾਲ ਦੀ ਉਮਰ ਤਕ ਉਹ ਲਗਾਤਾਰ ਇੱਕ ਮੀਲ ਵੀ ਨਾ ਤੁਰ ਸਕਿਆ। ਅਜਿਹੇ ਮੁੰਡੇ ਨੂੰ ਤਾਂ ਰਿਸ਼ਤਾ ਹੋਣਾ ਵੀ ਮੁਸ਼ਕਲ ਸੀ ਕਿਉਂਕਿ ਕੁੜੀਆਂ ਜੰਮਦੀਆਂ ਮਾਰ ਦਿੱਤੀਆਂ ਜਾਂਦੀਆਂ ਸਨ। ਕਿਸਾਨਾਂ ਦੇ ਮੁੰਡੇ ਲਵੀ ਉਮਰ 'ਚ ਵਿਆਹੇ ਜਾਂਦੇ ਤਾਂ ਵਿਆਹੇ ਜਾਂਦੇ ਨਹੀਂ ਛੜੇ ਰਹਿ ਜਾਂਦੇ।

ਉਹਦੇ ਪਿਤਾ ਦਾ ਨਾਂ ਮਿਹਰ ਸਿੰਘ ਸੀ। ਉਹ ਵਿਚਾਰਾ ਥੁੜਿਆ ਟੁੱਟਿਆ ਕਿਸਾਨ ਸੀ ਜਿਸ ਦਾ ਵੱਡਾ ਪਰਿਵਾਰ ਸੀ। ਕਰਜ਼ੇ ਲਾਹੁੰਦਾ, ਹਲ ਵਾਹੁੰਦਾ, ਪਾਣੀ ਲਾਉਂਦਾ, ਪੱਠੇ ਢੋਂਦਾ ਤੇ ਡੰਗਰ ਪਾਲਦਾ ਉਹ ਕੀਹਦਾ ਕੀਹਦਾ ਇਲਾਜ ਕਰਾਉਂਦਾ ? ਮਿਹਰ ਸਿੰਘ ਦੀ ਮਿਹਰ ਨਾਲੋਂ ਉਹਦੇ ਪੁੱਤਰ ਫੌਜੂ ਤੋਂ ਬਾਬਾ ਫੌਜਾ ਸਿੰਘ ਬਣੇ ਮੈਰਾਥਨ ਦੇ ਮਹਾਂਰਥੀ ਉਤੇ ਕੁਦਰਤ ਦੇ ਕਾਦਰ ਦੀ ਮਿਹਰ ਵਧੇਰੇ ਰਹੀ।

ਫੌਜਾ ਹਲ ਵਾਹੁਣ ਲੱਗਾ ਤਾਂ ਉਹਦਾ ਪੱਚੀ ਸਾਲ ਦੀ ਉਮਰ ਵਿਚ ਵਿਆਹ ਹੋਇਆ। ਬਰਾਤ ਗੱਡੇ ਉਤੇ ਚੜ੍ਹ ਕੇ ਪਿੰਡ ਕਾਲਘਟਾਂ ਗਈ। ਇਕ ਬਲਦ ਉਹਨਾਂ ਦੇ ਘਰ ਦਾ ਸੀ ਦੂਜਾ ਉਹਦੇ ਮਸੇਰ ਦਾ। ਵਿਆਂਦੜ ਹੋਣ ਕਰਕੇ ਹੀ ਉਸ ਨੂੰ ਚਾਬੀ ਦੇ ਲੱਠੇ ਵਾਲੇ ਨਵੇਂ ਕਪੜੇ ਜੁੜੇ ਸਨ। ਉਹ ਹਲ ਵਾਹੀ ਕਰ ਕੇ ਟੱਬਰ ਪਾਲਣ ਲੱਗਾ। ਕਦੇ ਫਸਲ ਚੰਗੀ ਹੋ ਜਾਂਦੀ ਕਦੇ ਮਾੜੀ, ਕਦੇ ਮੌਸਮ ਦੀ ਕਰੋਪੀ ਨਾਲ ਮਾਰੀ ਜਾਂਦੀ। ਉਹਦੇ ਘਰ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ ਜਿਨ੍ਹਾਂ ਨੂੰ ਉਹ ਪੜ੍ਹਾ ਲਿਖਾ ਤਾਂ ਨਾ ਸਕਿਆ ਪਰ ਇੱਕ ਪੁੱਤਰ ਤੇ ਧੀ ਨੂੰ ਇੰਗਲੈਂਡ ਤੇ ਕੈਨੇਡਾ ਵਿਆਹੁਣ ਵਿੱਚ ਕਾਮਯਾਬ ਹੋ ਗਿਆ।

ਬਚਪਨ ਵਿਚ ਨਾ ਉਹ ਖੇਡਣ ਜੋਗਾ ਸੀ ਤੇ ਨਾ ਪੜ੍ਹਨ ਜੋਗਾ। ਗਭਰੂ ਹੋ ਕੇ ਉਹ ਫੁੱਟਬਾਲ ਨੂੰ ਕਿੱਕਾਂ ਮਾਰਨ ਲੱਗ ਪਿਆ। 1947 ਦੇ ਰੌਲਿਆਂ ਗੌਲਿਆਂ ਵਿੱਚ ਫੁੱਟਬਾਲ ਦੀਆਂ ਕਿੱਕਾਂ ਵੀ ਭੁੱਲ ਗਈਆਂ। ਪੜ੍ਹਾਈ ਲਿਖਾਈ ਜਾਂ ਕਿਸੇ ਹੁਨਰ ਵੱਲੋਂ ਉਹ ਅਸਲੋਂ ਕੋਰਾ ਸੀ। ਸਿਰਫ਼ ਆਪਣੇ ਦਸਖ਼ਤ ਕਰਨੇ ਹੀ ਸਿੱਖਿਆ ਤੇ ਉਹ ਵੀ ਉਰਦੂ ਵਿਚ। ਇੰਗਲੈਂਡ 'ਚ ਬੁਢਾਪਾ ਪੈਨਸ਼ਨ ਲੈਣ ਵੇਲੇ ਵੀ ਉਹ ਉਰਦੂ ਵਿਚ ਹੀ ਦਸਖ਼ਤ ਕਰਦਾ ਸੀ। ਐਨਕ ਦੀ ਉਹਨੂੰ ਕਦੇ ਲੋੜ ਨਹੀਂ ਸੀ ਪਈ। ਦੰਦ ਜਾੜ੍ਹਾਂ ਡੰਗਸਾਰੂ ਸਨ। ਕੰਨਾਂ ਨੂੰ ਉੱਚਾ ਸੁਣਨ ਲੱਗਾ ਸੀ। ਬੁੱਲ੍ਹ ਪਤਲੇ, ਉਤਲੇ ਦੰਦ ਚੌੜੇ ਤੇ ਹੇਠਲੇ ਬਰੀਕ ਸਨ। ਦੰਦਾਂ ਵਿਚ ਵਿਰਲਾਂ ਪੈ ਗਈਆਂ ਸਨ। ਦਾੜ੍ਹੀ ਹੋਰ ਲੰਮੀ ਤੇ ਹੋਰ ਬੱਗੀ ਹੋ ਗਈ ਸੀ।

ਬਾਲਕ ਫੌਜੂ ਜੀਵਨ ਦੇ ਪਹਿਲੇ ਪੰਜ ਸਾਲ ਬੇਸ਼ਕ ਪੰਜ ਕਦਮ ਵੀ ਨਹੀਂ ਸੀ ਤੁਰ ਸਕਿਆ ਪਰ ਪਿੱਛੋਂ ਏਨਾ ਏਨਾ ਤੁਰਿਆ, ਏਨਾ ਦੌੜਿਆ ਕਿ ਉਮਰ ਦੇ 80ਵਿਆਂ ਤੋਂ ਲੈ ਕੇ 110ਵਿਆਂ ਤਾਂਈਂ ਦੌੜ ਦੌੜ ਧਰਤੀ ਘਸਾ ਦਿੱਤੀ ! ਉਹਦੀਆਂ ਲੰਮੀਆਂ ਦੌੜਾਂ ਤੇ ਨਿਰੰਤਰ ਤੋਰਾਂ ਦਾ ਕੋਈ ਅੰਤ ਨਾ ਰਿਹਾ। ਆਖ਼ਰ ਉਹਦਾ ਅੰਤ 14 ਜੁਲਾਈ 2025 ਨੂੰ ਉਹਦੇ ਘਰ ਕੋਲ ਹੀ ਸੜਕ ਹਾਦਸੇ 'ਚ ਹੋਇਆ।

1992 'ਚ ਪਤਨੀ ਗਿਆਨ ਕੌਰ ਗੁਜ਼ਰ ਗਈ। 1990 ਵਿਚ ਗਭਲਾ ਪੁੱਤਰ ਕੁਲਦੀਪ ਸਿੰਘ ਵੀ ਛੱਤ ਤੋਂ ਡਿੱਗ ਕੇ ਮੁੱਕ ਗਿਆ। ਉਨ੍ਹਾਂ ਦੇ ਵਿਜੋਗ ਵਿਚ ਉਹ ਕਮਲਾ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਪਿੰਡ ਵਾਲੇ ਸੋਚਦੇ, ਹੁਣ ਇਹ ਵੀ ਨੀ ਬਚਦਾ। ਉਹਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਵਲਾਇਤ ਵਿਚ ਸੀ। ਉਸ ਨੇ ਬਾਪ ਨੂੰ ਮੰਗਵਾਉਣ ਲਈ ਪਾਸਪੋਰਟ ਬਣਵਾਇਆ, ਅਟੇ ਸਟੇ ਜਨਮ ਤਾਰੀਖ 1 ਅਪ੍ਰੈਲ 1911 ਲਿਖੀ ਗਈ ਤੇ ਦਿਲ ਛੱਡੀ ਬੈਠੇ ਉਦਾਸੇ ਬਾਪ ਨੂੰ ਇੰਗਲੈਂਡ ਸੱਦ ਗਿਆ।

ਫੌਜਾ ਸਿੰਘ ਦਾ ਵਲਾਇਤ ਵਿਚ ਵੀ ਜੀਅ ਨਾ ਲੱਗਾ। ਉਹ ਮੁੜ ਪਿੰਡ ਪਰਤ ਆਇਆ। ਪਿੰਡ ਆ ਕੇ ਫਿਰ ਉਹੀ ਸ਼ੁਦਾਈਆਂ ਵਾਲਾ ਹਾਲ ਹੋਇਆ। ਦੁਬਾਰਾ ਇੰਗਲੈਂਡ ਗਿਆ ਤੇ ਫਿਰ ਪਿੰਡ ਨੂੰ ਪਰਤ ਪਿਆ। ਤਿੰਨ ਗੇੜੇ ਮਾਰ ਕੇ ਉਹ ਇੰਗਲੈਂਡ ਵਿਚ ਈ ਟਿਕ ਗਿਆ। ਇੰਗਲੈਂਡ 'ਚ ਟਿਕਾਇਆ ਬਠਿੰਡੇ ਵੱਲ ਦੇ ਇੰਗਲੈਂਡ ਪਹੁੰਚੇ ਦੌੜਾਕ ਹਰਮੰਦਰ ਸਿੰਘ ਨੇ। ਉਥੇ ਫਿਰ ਇਕ ਕੌਤਕ ਹੋਰ ਵਰਤਿਆ।

ਹਰਮੰਦਰ ਸਿੰਘ ਖ਼ੁਦ 10000 ਮੀਟਰ ਦੌੜ ਦਾ ਦੌੜਾਕ ਸੀ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਲਈ ਉਸ ਨੇ ਟਰਾਇਲ ਦਿੱਤੇ ਸਨ ਪਰ ਬਰਤਾਨੀਆ ਦੀ ਟੀਮ 'ਚ ਚੁਣੇ ਜਾਣੋ ਰਹਿ ਗਿਆ ਸੀ। ਫਿਰ ਉਹ ਵੈਟਰਨ ਦੌੜਾਕ ਵਜੋਂ ਮੈਰਾਥਨ ਦੌੜਾਂ ਲਾਉਣ ਲੱਗ ਪਿਆ। ਉਹ ਪਾਰਕ ਵਿੱਚ ਦੌੜਨ ਜਾਂਦਾ ਤਾਂ ਫੌਜਾ ਸਿੰਘ ਨੂੰ ਬੈਂਚ ਉਤੇ ਸਿਰ ਸੁੱਟੀ ਬੈਠਾ ਵੇਖਦਾ। ਇਕ ਦਿਨ ਉਸ ਨੇ ਨਿਮੋਝੂਣੇ ਬੈਠੇ ਫੌਜਾ ਸਿੰਘ ਨੂੰ ਕਿਹਾ ਕਿ ਜੇ ਤੂੰ ਮੇਰੇ ਨਾਲ ਦੌੜਨ ਲੱਗ ਪਵੇਂ ਤਾਂ ਤੇਰੀ ਉਦਾਸੀ ਦੂਰ ਹੋ ਜਾਵੇਗੀ।

ਬੁਢਾਪੇ 'ਚ ਪਹੁੰਚਾ ਫੌਜਾ ਸਿੰਘ, ਹਰਮੰਦਰ ਸਿੰਘ ਦੀ ਪ੍ਰੇਰਨਾ ਨਾਲ ਹੌਲੀ-ਹੌਲੀ ਦੌੜਨ ਲੱਗ ਪਿਆ ਤੇ ਦੌੜ ਕੇ ਨੇੜੇ ਦੇ ਗੁਰਦੁਆਰਿਆਂ ਵਿਚ ਜਾਣ ਲੱਗ ਪਿਆ। ਉਹ ਇਕ ਸ਼ਹਿਰ ਤੋਂ ਦੂਜੇ ਸ਼ਹਿਰ, ਇਕ ਪਾਰਕ ਤੋਂ ਦੂਜੇ ਪਾਰਕ ਤੇ ਇਕ ਗੁਰਦਵਾਰੇ ਤੋਂ ਦੂਜੇ ਗੁਰਦਵਾਰੇ ਤਕ ਦੌੜਨ ਲੱਗੇ। ਇੰਜ ਕੋਚ ਹਰਮੰਦਰ ਸਿੰਘ ਦਾ ਫੌਜਾ ਸਿੰਘ ਨੂੰ ਮੈਰਾਥਨਾਂ ਲੁਆਉਣ ਵਿਚ ਸਭ ਤੋਂ ਵੱਧ ਯੋਗਦਾਨ ਪਿਆ।

ਫੌਜਾ ਸਿੰਘ ਨੇ ਚੁਰਾਸੀ ਕੱਟ ਕੇ ਦੌੜਨਾ ਸ਼ੁਰੂ ਕੀਤਾ ਸੀ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਕਿਸੇ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਫੌਜਾ ਸਿੰਘ ਨੇ ਕੀਤਾ ਉਹ ਲਾਮਿਸਾਲ ਹੈ !

ਬਾਬਾ ਵਲਾਇਤ ਤੋਂ ਬਿਆਸ ਪਿੰਡ ਆਇਆ ਹੋਇਆ ਸੀ। ਆਉਣ ਸਾਰ ਕੋਵਿਡ ਦੀਆਂ ਬੰਧਸ਼ਾਂ ਲੱਗ ਗਈਆਂ। ਤੋਰਾ ਫੇਰਾ ਤੇ ਮਿਲਣਾ ਗਿਲਣਾ ਬੰਦ ਹੋ ਗਿਆ। ਉਤੋਂ ਗਰਮੀਆਂ ਆ ਗਈਆਂ। ਮੈਨੂੰ ਸਥਾਨਕ ਪੱਤਰਕਾਰ ਦਾ ਫੋਨ ਆਇਆ ਕਿ ਬਾਬਾ ਫੌਜਾ ਸਿੰਘ ਦਾ ਹਾਲ ਚਾਲ ਠੀਕ ਨਹੀਂ। ਤੁਰਤ ਆ ਕੇ ਮਿਲੋ। ਮੈਂ ਫੋਨ ਕੀਤਾ ਤਾਂ ਬਾਬਾ ਪੈਂਦੀ ਸੱਟੇ ਬੋਲਿਆ, "ਮੈਨੂੰ ਜਹਾਜ਼ ਚੜ੍ਹਾਓ, ਨਹੀਂ ਤਾਂ ਮੈਂ ਦਸ ਦਿਨ ਨੀ ਕੱਟਦਾ।"

ਮੈਂ 'ਫਲਾਈਂਗ ਵਿੰਗਜ਼ ਵਾਲੇ ਆਪਣੇ ਗੁਆਂਢੀ ਅਜੀਤ ਪਾਲ ਨੂੰ ਕਿਹਾ, ਕਰੋ ਕੋਈ ਇਲਾਜ, ਚੜ੍ਹਾਓ ਬਾਬੇ ਨੂੰ ਜਹਾਜ਼। ਉਹ ਕਹਿੰਦਾ, ਦਿੱਲੀਓਂ ਚੜ੍ਹਾ ਦਿੰਨੇ ਆਂ। ਪਰ ਮੋੜਵੀਂ ਟਿਕਟ ਅੰਮ੍ਰਿਤਸਰੋਂ ਚੜ੍ਹਨ ਦੀ ਸੀ। ਮੈਂ ਬਾਬੇ ਦੇ ਪੁੱਤਰ ਨੂੰ ਪੁਛਿਆ। ਦਿੱਲੀ ਤੋਂ ਚੜ੍ਹਾਉਣ ਲਈ ਨਾ ਪੁੱਤ ਮੰਨੇ ਨਾ ਪਿਓ। ਬਾਬਾ ਇਹੋ ਦੁਹਾਈ ਪਾਈ ਜਾਵੇ ਕਿ ਅੰਬਰਸਰੋਂ ਚੜ੍ਹਾਓ, ਨਹੀਂ ਤਾਂ ਮੈਂ ਚੱਲਿਆ। ਫੇਰ ਨਾ ਅਖਿਓ, ਪਹਿਲਾਂ ਨੀ ਦੱਸਿਆ।

ਫੇਰ ਕੌਤਕ ਵਰਤਿਆ। ਅਜੀਤ ਪਾਲ ਦਾ ਫੋਨ ਆਇਆ ਕਿ ਅੰਮ੍ਰਿਤਸਰੋਂ ਲੰਡਨ ਜਾਣ ਵਾਲੀ ਫਲਾਈਟ ਖੁੱਲ੍ਹ ਗਈ। ਬਾਬੇ ਦਾ ਪਹਿਲੀ ਫਲਾਈਟ ਵਿਚ ਹੀ ਜਾਣ ਦਾ ਪ੍ਰਬੰਧ ਹੋ ਗਿਆ। ਸਭ ਨੇ ਸ਼ੁਕਰ ਮਨਾਇਆ। ਹਰਵਿੰਦਰ ਸਿੰਘ ਬਾਪ ਨੂੰ ਜਹਾਜ਼ ਚੜ੍ਹਾਅ ਆਇਆ ਤੇ ਫੋਨ ਕੀਤਾ, ਜੀਅ ਬਾਪੂ ਦਾ ਓਥੇ ਵੀ ਨੀ ਲੱਗਣਾ। ਉਹੀ ਗੱਲ ਹੋਈ। ਇੰਗਲੈਂਡ 'ਚ ਕੋਵਿਡ ਦੀਆਂ ਪਾਬੰਦੀਆਂ ਪੰਜਾਬ ਤੋਂ ਵੀ ਵੱਧ ਸਨ। ਵਲਾਇਤ ਦੀ ਜੇਲ੍ਹ ਤੋਂ ਅੱਕਿਆ ਉਹ ਮੁੜ ਬਿਆਸ ਪਿੰਡ ਆ ਪੁੱਜਾ ਜਿਥੇ ਉਸ ਨੇ ਅੰਤਲੇ ਸਾਹ ਲੈਣੇ ਸਨ।

ਬਾਬਾ ਫੌਜਾ ਸਿੰਘ ਨਾਲ ਮੇਰੀਆਂ ਅਨੇਕ ਮੁਲਾਕਾਤਾਂ ਹੋਈਆਂ। ਕਦੇ ਲੰਡਨ ਲਾਗੇ ਈਰਥ ਵੂਲਿਚ, ਕਦੇ ਟੋਰਾਂਟੋ, ਬਰੈਂਪਟਨ, ਸਰੀ, ਵੈਨਕੂਵਰ ਤੇ ਕਦੇ ਪਟਿਆਲੇ। ਕਦੇ ਸਾਡੇ ਪਿੰਡ ਚਕਰ ਜਿਥੇ ਉਸ ਨੂੰ ਕਿਸਤੀ 'ਚ ਝੀਲ ਦੀ ਸੈਰ ਕਰਾਈ ਤੇ ਨੌਂ ਮਾਡਰਨ ਸੱਥਾਂ 'ਚ ਬਜ਼ੁਰਗਾਂ ਨਾਲ ਮਿਲਵਾਇਆ। ਬਿਆਸ ਪਿੰਡ ਮੁੜ ਕੇ ਉਹ ਆਪਣੇ ਯਾਰਾਂ ਬੇਲੀਆਂ ਨੂੰ 'ਚਾਨਣ ਮੁਨਾਰਾ ਬਣੇ 'ਚਕਰ ਦੀਆਂ ਗੱਲਾਂ ਸੁਣਾਉਂਦਾ ਰਿਹਾ।

ਬਾਕੀ ਹਿਸਾ ਸਫ਼ਾ 65 ਤੇ ਪੜ੍ਹੋ